TAJ INSURANCE SERVICES

*Local or Long Haul Trucking (48 States) *Personal or Commercial Lines *Standard or Non Satandard Market *Auto and Home package Available

To beat your rates, Visit or Call

Gurdawar S. Mann Or Pal Rai

37485 Fremont Blvd, #D, Fremont, CA 94536

Ph:(510)739-1700, Fax (510)740-3451

Note:Also Income Tax filing Available



Gurdawar S. Mann

Lic#0F34231



Hardeep S.Rai Attorney-at-Law

ਇੰਮੀਗਰੇਸ਼ਨ ਵਕੀਲ

➡ਨੌਂਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ

➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ

SAN FRANCISCO

TEL: 415.693.9131

FAX: 415.693.9135

rai@hsrai.com

www.hsrai.com

SAN JOSE

TEL: 408.280.1111

FAX: 408.280.1212



ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Kuldip Singh Dhariwal

Attorney At Law

Tel: (510) 744-1280

Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com



Eleventh Year in Publication

ਕੈਲੇਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 6, February 6, 2010 — 20451 N Plum Grove Rd. Palatine, IL 60074 — Ph:847-359-0746, Fax:847-705-9388


# ਪ੍ਰੋ. ਦਰਸ਼ਨ ਸਿੰਘ ਨੂੰ ਪੰਥ ’ਚੋਂ ਛੇਕਣ ਨਾਲ ਸਿੱਖ ਦੋਫਾੜ

**ਬਿੰਦਰ ਬਸਰਾ**

**ਜਲੰਧਰ:** ਪ੍ਰੋ. ਦਰਸ਼ਨ ਸਿੰਘ ਨੂੰ ਦਸਮ ਗ੍ਰੰਥ ਤੇ ਗੁਰੂ ਗੋਬਿੰਦ ਸਿੰਘ ਵਿਰੁਧ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਦੋਸ਼ ਵਿਚ ਸਪਸ਼ਟੀਕਰਨ ਨਾ ਦੇਣ ਕਾਰਨ ਸਿੱਖਾਂ ਦੇ ਸਰਬਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਪੰਥ ‘ਚੋਂ ਛੇਕੇ ਜਾਣ ਦੇ ਐਲਾਨ ਪਿਛੋਂ ਸਿੱਖ ਕੌਮ ਵਿਚ ਦੁਫੇੜ ਹੋਰ ਡੂੰਘੀ ਹੋ ਗਈ ਹੈ। ਇਸ ਫੈਸਲੇ ਦਾ ਜਿਥੇ ਸਿੱਖ ਸੰਗਤਾਂ ਵਲੋਂ ਸਵਾਗਤ ਕੀਤਾ ਜਾ ਰਿਹਾ ਹੈ ਉਥੇ ਸਿੰਘ ਸਾਹਿਬਾਨ ਦੇ ਇਸ ਫੈਸਲੇ ਨੂੰ ਰਾਜਨੀਤੀ ਤੋਂ ਪ੍ਰੇਰਿਤ ਮੰਨਣ ਵਾਲਿਆਂ ਵਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ।

ਪੰਥ ‘ਚੋਂ ਛੇਕੇ ਜਾਣ ਪਿਛੋਂ ਪ੍ਰੋ. ਦਰਸ਼ਨ ਸਿੰਘ ਨੇ ਆਪਣਾ ਪੱਖ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੰਬੋਧਨ ਹੁੰਦੇ ਹੋਏ ਪੱਤਰ ਲਿਖ ਕੇ ਦਿੰਦਿਆਂ ਆਪਣੇ ਆਪ ਨੂੰ ਗੁਰੂ ਘਰ ਦਾ ਕੂਕਰ ਦੱਸਿਆ ਹੈ। ਕੁਝ ਜਥੇਬੰਦੀਆਂ ਤੇ ਪਰਵਾਸੀ ਭਾਰਤੀਆਂ ਦੇ ਇਕ ਹਿੱਸੇ ਵਲੋਂ ਇਸ ਫੈਸਲੇ ਨੂੰ ਮੰਦਭਾਗਾ ਅਤੇ ਦੁਖਦਾਈ ਵਰਤਾਰਾ ਆਖਿਆ ਗਿਆ ਹੈ। ਇਥੇ ਜ਼ਿਕਰਯੋਗ ਹੈ ਕਿ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਚੋਂ ਛੇਕੇ ਜਾਣ ਦਾ ਦਸਮ ਗ੍ਰੰਥ ਦੇ ਨਾਲ ਕੋਈ ਵੀ ਸੰਬੰਧ ਨਹੀਂ ਹੈ। ਉਨ੍ਹਾਂ ਨੂੰ ਛੇਕੇ ਜਾਣ ਦਾ ਕਾਰਨ ਸ੍ਰੀ ਅਕਾਲ ਤਖਤ ਸਾਹਿਬ ‘ਤੇ ਸਪਸ਼ਟੀਕਰਨ ਰਵਾਇਤੀ ਢੰਗ ਨਾਲ ਨਾ ਦੇਣਾ ਹੈ।

ਯਾਦ ਰਹੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਨੇ ਬੀਤੀ 29 ਜਨਵਰੀ ਨੂੰ ਪ੍ਰੋ. ਦਰਸ਼ਨ ਸਿੰਘ ਨੂੰ ਸਿੱਖ ਪੰਥ ‘ਚੋਂ ਛੇਕ ਕੇ ਉਸ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਦੇ ਆਦੇਸ਼ ਦਿੱਤੇ ਹਨ। ਇਸਦੇ ਨਾਲ ਹੀ ਉਨ੍ਹਾਂ ਦੀ ਹਮਾਇਤ ਕਰਨ ਵਾਲਿਆਂ ਨੂੰ ਵੀ ਤਾੜਨਾ ਕੀਤੀ ਗਈ ਹੈ ਕਿ ਜੇਕਰ ਉਨ੍ਹਾਂ ਨੇ ਪ੍ਰੋ. ਦਰਸ਼ਨ ਸਿੰਘ ਨਾਲ ਕੋਈ ਸਾਂਝ ਰੱਖੀ ਤਾਂ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਤਨਖਾਹੀਏ ਹੋਣਗੇ। ਪ੍ਰੋ. ਦਰਸ਼ਨ ਸਿੰਘ ਦੇ ਮਾਮਲੇ ‘ਤੇ ਬੀਤੀ 30 ਜਨਵਰੀ ਨੂੰ

(ਬਾਕੀ ਸਫਾ 13 ’ਤੇ)



ਵੱਖ ਵੱਖ ਸਿੱਖ ਜਥੇਬੰਦੀਆਂ ਵਲੋਂ ਚੰਡੀਗੜ੍ਹ ’ਚ ਕੀਤੇ ਗਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਪ੍ਰੋ. ਦਰਸ਼ਨ ਸਿੰਘ

## ਸਿੱਖ ਜਥੇਬੰਦੀਆਂ ਵਲੋਂ ਅਕਾਲ ਤਖਤ ਦੇ ਹੁਕਮਨਾਮੇ ਨੂੰ ਸਿੱਧੀ ਚੁਣੌਤੀ

**ਚੰਡੀਗੜ੍ਹ:** ਇਥੇ ਇਕ ਦਰਜਨ ਤੋਂ ਵਧ ਸਿੱਖ ਸੰਗਠਨਾਂ ਵਲੋਂ ਅਕਾਲ ਤਖਤ ਵਲੋਂ ਤਨਖਾਹੀਆ ਕਰਾਰ ਦੇ ਕੇ ਪੰਥ ‘ਚੋਂ ਛੇਕੇ ਗਏ ਸਾਬਕਾ ਜਥੇਦਾਰ ਬਾਰੇ ਜਾਰੀ ਕੀਤੇ ਗਏ ਹੁਕਮਨਾਮੇ ਦਾ ਖੁੱਲ੍ਹੇ ਤੌਰ ‘ਤੇ ਉਲੰਘਣ ਕਰਦਿਆਂ ਉਨ੍ਹਾਂ ਨਾਲ ਰੋਟੀ ਦੀ ਸਾਂਝ ਕੀਤੀ ਤੇ ਭਰਵੇਂ ਇਕੱਠ ‘ਚ ਸਨਮਾਨ ਕਰਕੇ ਉਨ੍ਹਾਂ ਨਾਲ ਇਕਜੁਟਤਾ

(ਬਾਕੀ ਸਫਾ 6 ’ਤੇ)

## ਓਬਾਮਾ ਵਲੋਂ 38 ਖਰਬ ਡਾਲਰ ਦਾ ਬਜਟ ਪੇਸ਼

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਸਾਲ 2011 ਲਈ 1.27 ਟ੍ਰਿਲੀਅਨ (12.7 ਖਰਬ) ਘਾਟੇ ਵਾਲਾ 3.8 ਟ੍ਰਿਲੀਅਨ (38 ਖਰਬ) ਡਾਲਰ ਦਾ ਬਜਟ ਪੇਸ਼ ਕਰਦਿਆਂ ਕਾਂਗਰਸ ਨੂੰ ਮਾਲੀ ਮੰਦੇ ਤੋਂ ਬਾਹਰ ਆਉਣ ਅਤੇ ਨਵੀਆਂ ਜੌਬਾਂ ਪੈਦਾ ਕਰਨ ਲਈ ਇਕ ਵਡੇ ਖਰਚੇ ਨੂੰ ਫੌਰੀ ਪ੍ਰਵਾਨਗੀ ਦੇਣ ਲਈ ਆਖਿਆ ਹੈ। ਚਾਲੂ ਸਾਲ ਦੇ ਬਜਟ ਵਿਚ ਘਾਟਾ 1.56 ਟ੍ਰਿਲੀਅਨ ਡਾਲਰ ਰਹਿਣ ਦੀ ਸੰਭਾਵਨਾ ਹੈ ਜੋ ਕਿ ਅਮਰੀਕਾ ਦੇ ਇਤਿਹਾਸ ਵਿਚ ਸਭ ਤੋਂ ਵਡਾ ਬਜਟ ਘਾਟਾ ਹੋਵੇਗਾ। ਜਦੋਂ ਸ੍ਰੀ ਓਬਾਮਾ ਨੇ ਅਹੁਦਾ ਸੰਭਾਲਿਆ ਸੀ ਤਾਂ ਉਸ ਸਾਲ ਘਾਟਾ 1.3 ਟ੍ਰਿਲੀਅਨ ਡਾਲਰ ਸੀ।

ਆਰਥਕ ਮਾਹਰਾਂ ਅਨੁਸਾਰ ਜੇ ਕਾਂਗਰਸ ਓਬਾਮਾ ਦੀ ਚੋਣ ਵਰ੍ਹੇ ਦੀ ਯੋਜਨਾ ਅਨੁਸਾਰ ਚਲਦੀ ਹੈ ਤਾਂ ਵੀ ਦੇਸ਼ ਵਿਚ ਇਸ ਸਾਲ ਦੇ ਅਖੀਰ ਤਕ ਬੇਰੁਜ਼ਗਾਰੀ ਦੀ ਦਰ 9.8 ਫੀਸਦੀ ਤੇ ਪਹੁੰਚ ਚੁਕੀ ਹੋਵੇਗੀ। ਅਗਲੇ ਸਾਲ ਦੇ ਖਰਚ ਅਨੁਮਾਨ ਵਿਚ ਵਰਕਰਾਂ ਤੇ ਬਿਜਨਸਾਂ ਲਈ ਹੋਰ ਟੈਕਸ ਕਟੌਤੀਆਂ ਦੀ ਤਜਵੀਜ਼ ਰਖੀ ਗਈ ਹੈ ਜਦੋਂਕਿ ਆਰਥਕ ਸੰਕਟ ਦਾ ਸਾਹਮਣਾ ਕਰ ਰਹੀਆਂ ਸਟੇਟ ਸਰਕਾਰਾਂ ਅਤੇ ਬੇਰੁਜ਼ਗਾਰਾਂ ਨੂੰ ਹੋਰ ਮਦਦ ਦੇਣ ਦੀ ਤਜਵੀਜ਼ ਹੈ। ਜੌਬਾਂ ਬਾਰੇ ਉਪਰਾਲੇ ਵਿਚੋਂ ਪਿਛਲੇ ਸਾਲ ਦੇ ਹੁਲਾਰਾ ਬਿਲ ਦੀ ਝਲਕ ਮਿਲਦੀ ਹੈ ਪਰ ਇਸ ਵਾਰ ਇਸਦਾ ਆਕਾਰ ਪਹਿਲਾਂ ਨਾਲੋਂ ਤੀਜਾ ਹਿੱਸਾ ਹੈ। ਰਾਸ਼ਟਰਪਤੀ ਨੇ ਮੰਦੇ ਤੋਂ ਰਾਹਤ ਅਤੇ ਜੌਬਾਂ ਲਈ ਹੁਲਾਰਾ ਦੇਣ ਵਾਸਤੇ ਕਰੀਬ 300 ਅਰਬ ਡਾਲਰ ਦੀ ਮੰਗ ਕੀਤੀ ਹੈ।



ਬਜਟ ਵਿਚੋਂ ਫੈਡਰਲ ਸਰਕਾਰ ਦੀ ਬੜੀ ਕਮਜੋਰ ਆਰਥਕਤਾ ਦੀ ਝਲਕ ਮਿਲਦੀ ਹੈ ਜਿਸਨੂੰ ਕਿ ਆਪਣੇ ਅਗਲੇ ਸਾਲ ਦੇ ਬਜਟ ਦਾ ਇਕ ਤਿਹਾਈ ਹਿੱਸਾ ਉਧਾਰ ਦੇ ਪੈਸੇ ਤੋਂ ਆਵੇਗਾ। ਰਾਸ਼ਟਰਪਤੀ ਓਬਾਮਾ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਹੈ ਕਿ ਬੇਰੁਜਗਾਰੀ ਇਸ ਸਾਲ ਦੀਆਂ ਮੱਧਕਾਲੀ ਚੋਣਾਂ ਵਿਚ ਡੈਮੋਕਰੇਟਾਂ ਲਈ ਵਡੀ ਮੁਸ਼ਕਿਲ ਖੜੀ ਕਰ ਸਕਦੀ ਹੈ ਅਤੇ ਇਸ ਨਾਲ 2012 ਵਿਚ ਉਸਦੀ ਆਪਣੀ ਮੁੜ ਚੋਣ ਲਈ ਵੀ ਮੁਸ਼ਕਿਲਾਂ ਪੈਦਾ ਹੋ ਸਕਦੀਆਂ ਹਨ।

ਰਾਸ਼ਟਰਪਤੀ ਦੀ ਬਜਟ ਯੋਜਨਾ ਵਿਚ ਬਜਟ ਘਾਟੇ ਨੂੰ ਅਗਲੇ ਸਾਲ 300 ਅਰਬ ਡਾਲਰ ਘਟਾਉਣ ਦਾ ਟੀਚਾ

(ਬਾਕੀ ਸਫਾ 20 ’ਤੇ)


Delo

Mobil Delvac

GILL EXPRESS

WASH, TIRE & REPAIR



CALIFORNIA LOCATIONS

BAKERSFIELD @ HWY 58 & 184

FRESNO @ HWY 99, 5TH WHEEL TRUCK STOP

MADERA @ HWY 99, EXIT 18½ NEXT TO

RIPON @ HWY 99, EXIT JACK TONE @ JIMCO

WESTLEY @ HWY 5, JOE'S TRAVEL PLAZA

ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ

ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ

Call Gill 661-301-8978



ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja SWEETS & INDIAN CUISINE

LUNCH BUFFET - DINNER - TAKE OUT - CATERING - BANQUETS

TOLL FREE 1-866-FOR RAJA

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।

ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।

Wholesale and Retail

Raja Indian Cuisine & Bar

Ph: 510-264-9300

1275 W Winton Ave
Hayward, CA 94545

Ph: 510-489-9100
Fax:510-489-9111

31853 Alvrado Blvd
Union City, CA 94587

ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।

Call Makhan Bains or Ravinder Singh for your next party

Or visit us: www.rajasweets.com



Law Offices Of Manpreet S. Gahra

*ਇਮੀਗਰੇਸ਼ਨ ਸੇਵਾਵਾਂ

*ਫੈਮਿਲੀ ਲਾਅ

*ਬਿਜਨਸ ਲਾਅ



Manpreet S.Gahra
Attorney At Law

Berkeley Office

2161 Shattuck Ave. #304, Berkeley

Ph. 510-841-4582

Fax: 510-217-6847

Sacramento Office

Call For Appointments

Ph. 916-924-1617

Email:manpreet@gahralaw.com

# ਗੁਰਦੁਆਰਾ ਫਰੀਮਾਂਟ ਦੀ ਚੋਣ ਲਈ ਪੰਥਕ ਸਲੇਟ ਨੇ ਉਮੀਦਵਾਰ ਐਲਾਨੇ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਪੰਜ ਮੈਂਬਰੀ ਸੁਪਰੀਮ ਕੌਂਸਲ ਦੀ 14 ਮਾਰਚ 2010 ਨੂੰ ਹੋ ਰਹੀ ਚੋਣ ਵਾਸਤੇ ਪੰਥਕ ਸਲੇਟ ਵਲੋਂ ਪਹਿਲਕਦਮੀ ਕਰਦਿਆਂ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਮਾਰਚ 2008 ਦੀਆਂ ਚੋਣਾਂ ਵਿਚ ਖੇਰੂੰ ਖੇਰੂੰ ਹੋ ਕੇ ਹਾਰਨ ਤੋਂ ਪਿਛੋਂ ਸਬਕ ਸਿੱਖਦਿਆਂ ਗੁਰਮੀਤ ਸਿੰਘ ਖਾਲਸਾ, ਰਾਮ ਸਿੰਘ ਅਤੇ ਸੀ ਐਸ ਓ ਧੜੇ ਨੇ ਇਸ ਵਾਰ ਇਕਮੁੱਠ ਹੋ ਕੇ ਇਕ ਸਲੇਟ ਅਤੇ ਇਕ ਲੀਡਰ ਦੀ ਅਗਵਾਈ ਵਿਚ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ।



ਭਾਈ ਰਾਮ ਸਿੰਘ, ਭਾਈ ਗੁਰਚਰਨ ਸਿੰਘ ਮਾਨ ਅਤੇ ਗੁਰਮੀਤ ਸਿੰਘ ਖਾਲਸਾ ਨੇ ਇਕਮੁੱਠ ਹੁੰਦਿਆਂ ਭਾਈ ਗੁਰਮੀਤ ਸਿੰਘ ਦੀ ਅਗਵਾਈ ਹੇਠ ਜਿਹੜੀ ਪੰਥਕ ਸਲੇਟ ਬਣਾਈ ਹੈ ਉਸ ਵਿਚ ਖੁਦ ਭਾਈ ਗੁਰਮੀਤ ਸਿੰਘ, ਭਾਈ ਗੁਰਚਰਨ ਸਿੰਘ ਮਾਨ, ਭਾਈ ਗੁਰਮੇਲ ਸਿੰਘ ਬਾਠ, ਭਾਈ ਤਰਸੇਮ ਸਿੰਘ ਅਤੇ ਭਾਈ ਤਾਰਾ ਸਿੰਘ ਗਿੱਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਭਾਈ ਰਾਮ ਸਿੰਘ, ਭਾਈ ਤਾਰਾ ਸਿੰਘ ਗਿੱਲ ਅਤੇ ਭਾਈ ਗੁਰਚਰਨ ਸਿੰਘ ਮਾਨ ਪਹਿਲਾਂ ਵੀ ਸੁਪਰੀਮ ਕੌਂਸਲ ਮੈਂਬਰ ਰਹਿ ਚੁੱਕੇ ਹਨ। ਇਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਫਰੀਮਾਂਟ ਦਾ ਪ੍ਰਬੰਧ ਸੰਗਤ ਵਲੋਂ ਸਿੱਧੇ ਤੌਰ 'ਤੇ ਚੁਣੀ ਗਈ ਪੰਜ ਮੈਂਬਰੀ ਸੁਪਰੀਮ ਕੌਂਸਲ ਚਲਾਉਂਦੀ ਹੈ ਜੋ ਅੱਗੋਂ ਰੋਜ਼ਮੱਰਾ ਪ੍ਰਬੰਧ ਲਈ ਸੰਗਤ ਵਿਚੋਂ ਪ੍ਰਬੰਧਕੀ ਕਮੇਟੀ ਦੀ ਚੋਣ ਕਰਦੀ ਹੈ।

ਤਿੰਨਾਂ ਹੀ ਧੜਿਆਂ ਦੀ ਇਕ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਭਾਈ ਗੁਰਮੀਤ ਸਿੰਘ ਖਾਲਸਾ ਨੇ ਕਿਹਾ ਕਿ ਗੁਰੂ ਘਰਾਂ ਦੇ ਚੰਗੇਰੇ ਪ੍ਰਬੰਧ ਰਾਹੀਂ ਸਿੱਖ ਕੌਮ ਨੂੰ ਸਹੀ ਸੇਧ ਦਿੱਤੀ ਜਾ ਸਕਦੀ ਹੈ। ਆ ਰਹੀਆਂ ਚੋਣਾਂ ਵਿਚ ਵੱਡੇ ਪੱਧਰ ਉਤੇ ਘਪਲੇਬਾਜ਼ੀ ਦਾ ਅੰਦੇਸ਼ਾ ਜਾਹਰ ਕਰਦਿਆਂ ਭਾਈ ਖਾਲਸਾ ਨੇ ਆਖਿਆ ਕਿ ਗੁਰੂ ਘਰ ਦੇ ਮੌਜੂਦਾ ਪ੍ਰਬੰਧਕਾਂ ਨੇ ਸਭ ਕਾਇਦੇ ਕਾਨੂੰਨ ਛਿੱਕੇ ਟੰਗਦਿਆਂ ਵੱਡੀ ਗਿਣਤੀ ਵਿਚ ਜਾਅਲੀ ਵੋਟਾਂ ਬਣਾ ਧਰੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸਾਡੇ ਪਾਸ ਇਸ ਗੱਲ ਦੇ ਪੱਕੇ ਸਬੂਤ ਹਨ ਕਿ ਵੋਟਾਂ ਗੁਰੂ ਘਰ ਆ ਕੇ ਬਣਵਾਏ ਜਾਣ ਦੀ ਥਾਂ 'ਤੇ ਸਵਾਰਥੀ ਹਿਤਾਂ ਵਲੋਂ ਘਰ ਘਰ ਜਾ ਕੇ ਬਣਾਈਆਂ ਗਈਆਂ ਹਨ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਆਖਿਆ ਕਿ ਪੰਥਕ ਸਲੇਟ ਦੀ ਅਗਵਾਈ ਭਾਈ ਗੁਰਮੀਤ ਸਿੰਘ ਖਾਲਸਾ ਕਰਨਗੇ ਅਤੇ ਸਾਨੂੰ ਸਭ ਨੂੰ ਇਕਮੁੱਠ ਹੋ ਕੇ ਉਨ੍ਹਾਂ ਦੀ ਅਗਵਾਈ ਹੇਠ ਕੰਮ ਕਰਨਾ ਚਾਹੀਦਾ ਹੈ।

ਇਸ ਮੀਟਿੰਗ ਵਿਚ ਇਹ ਐਲਾਨ ਵੀ ਕੀਤਾ ਗਿਆ ਕਿ ਚੋਣ ਸਰਗਰਮੀਆਂ ਨੂੰ ਤੇਜ਼ ਕਰਨ ਲਈ ਵਿਸ਼ੇਸ਼ ਕਮੇਟੀਆਂ ਦਾ ਗਠਨ ਕੀਤਾ ਜਾਏਗਾ। ਇਸ ਮੀਟਿੰਗ ਵਿਚ ਆਉਂਦੀ ਛੇ ਫਰਵਰੀ ਨੂੰ ਯੂਨੀਅਨ ਸਿਟੀ ਦੇ ਕਰਾਊਨ ਪਲਾਜ਼ਾ ਵਿਚ ਬਾਅਦ ਦੁਪਹਿਰ ਤਿੰਨ ਤੋਂ ਛੇ ਵਜੇ ਤੱਕ ਇਕ ਵੱਡੀ ਮੀਟਿੰਗ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ। ਇਸ ਮੀਟਿੰਗ ਵਿਚ ਆ ਰਹੀਆਂ ਚੋਣਾਂ ਬਾਰੇ ਆਪਣੇ ਹਮਾਇਤੀ ਵੋਟਰਾਂ ਦੀ ਰਾਏ ਵੀ ਲਈ ਜਾਏਗੀ।

ਮੀਟਿੰਗ ਵਿਚ ਪੰਥਕ ਸਲੇਟ ਦੇ ਪੰਜਾਂ ਉਮੀਦਵਾਰਾਂ ਤੋਂ ਇਲਾਵਾ ਪ੍ਰੀਤਮ ਸਿੰਘ ਜੋਗਾਨੰਗਲ, ਹਰਮਿੰਦਰ ਸਿੰਘ, ਅਮਰਦੀਪ ਸਿੰਘ, ਬਲਜੀਤ ਸਿੰਘ, ਬੀਬੀ ਸਰਬਜੀਤ ਕੌਰ ਚੀਮਾ, ਪ੍ਰੋ. ਪ੍ਰੀਤਮ ਸਿੰਘ, ਐਸ ਪੀ ਸਿੰਘ, ਸਾਬਕਾ ਸੁਪਰੀਮ ਕੌਂਸਲ ਮੈਂਬਰ ਕੁਲਜੀਤ ਸਿੰਘ, ਲਖਬੀਰ ਸਿੰਘ ਪਟਵਾਰੀ, ਜਸਵਿੰਦਰ ਸਿੰਘ ਗਿੱਲ, ਰਾਣਾ ਕਾਹਲੋਂ, ਮਹਿੰਗਾ ਸਿੰਘ ਸਰਪੰਚ, ਅਵਤਾਰ ਸਿੰਘ ਤਾਰੀ, ਸੁਖਵੰਤ ਸਿੰਘ ਢਿੱਲੋਂ, ਦਰਸ਼ਨ ਸਿੰਘ ਆਦਿ ਸ਼ਾਮਲ ਸਨ।

## ਬੇਕਰਜ਼ਫੀਲਡ ਵਿਚ ਸਾਲਾਨਾ ਮੇਲਾ 2 ਮਈ ਨੂੰ

**ਬੇਕਰਜ਼ਫੀਲਡ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਵਲੋਂ ਆਉਂਦੀ ਦੋ ਮਈ ਐਤਵਾਰ ਨੂੰ ਕਰਵਾਏ ਜਾ ਰਹੇ ਇਸ ਦੇ ਛੇਵੇਂ ਸਾਲਾਨਾ ਮੇਲੇ ਵਿਚ ਲੋਕ ਕਲਾਕਾਰ ਗੁਰਪ੍ਰੀਤ ਘੁੱਗੀ, ਨਛੱਤਰ ਗਿੱਲ, ਸੁਦੇਸ਼ ਕੁਮਾਰੀ, ਰੁਪਿੰਦਰ ਹਾਂਡਾ ਅਤੇ ਗੁਰਪ੍ਰੀਤ ਭੁੱਲਰ ਸਰੋਤਿਆਂ ਦਾ ਮਨੋਰੰਜਨ ਕਰਨਗੇ। ਮੇਲਾ ਸਥਾਨਕ ਕਨਵੈਨਸ਼ਨ ਸੈਂਟਰ ਵਿਚ ਬਾਅਦ ਦੁਪਹਿਰ ਇਕ ਵਜੇ ਤੋਂ ਰਾਤ ਨੌਂ ਵਜੇ ਤੱਕ ਚੱਲੇਗਾ।

ਪੰਜਾਬ ਤੋਂ ਆਏ ਕਲਾਕਾਰਾਂ ਦੇ ਪ੍ਰੋਗਰਾਮ ਤੋਂ ਇਲਾਵਾ ਬੱਚਿਆਂ ਅਤੇ ਨੌਜਵਾਨਾਂ ਦੇ ਗਿੱਧੇ ਤੇ ਭੰਗੜੇ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਇਸ ਵਾਰ ਖਾਣ-ਪੀਣ ਦੇ ਸਟਾਲ ਨੂੰ ਛੱਡ ਕੇ ਬਾਕੀ ਸਾਰੇ ਸਟਾਲ ਮੁਫਤ ਲਾਏ ਜਾਣਗੇ ਅਤੇ ਇਸ ਸਾਲ ਸਟਾਲ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ ਉਤੇ ਦਿੱਤੇ ਜਾਣਗੇ। ਸਟਾਲਾਂ ਅਤੇ ਮੇਲੇ ਸਬੰਧੀ ਹੋਰ ਜਾਣਕਾਰੀ ਲੈਣ ਲਈ ਮਨਦੀਪ ਮਾਨ ਨਾਲ ਫੋਨ 661-889-1927 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Fast Cargo Inc.
2330 Enterprise Park Dr., Indianapolis, IN 46218
Phone # 317-472-6420
ਟਰੱਕਿੰਗ ਕੰਪਨੀ ਲਈ ਓਨਰ ਅਪਰੇਟਰਾਂ ਦੀ ਲੋੜ ਹੈ
ਸਾਡੇ ਪਾਸ ਹੇਠ ਲਿਖੇ ਰੂਟ ਹਨ
CA to IN, OH, PA, NJ, MD,
VA, TN & Back to CA
CA to OR & WA Back to CA
ਅਤੇ WA to OH and Back to WA






ਡਿਸਪੈਚ ਸੱਤੇ ਦਿਨ 24 ਘੰਟੇ
ਫਿਊਲ ਅਡਵਾਂਸ
*ਰੈਂਟ ਉਤੇ ਟਰੇਲਰ ਵੀ ਦਿੰਦੇ ਹਾਂ *ਵੈਸਟ ਕੋਸਟ ਤੋਂ ਈਸਟ ਕੋਸਟ ਰੂਟ 'ਤੇ ਟਰਾਲੇ ਹੁੱਕ ਐਂਡ ਡਰਾਪ ਉਪਲਬਧ ਹਨ
ਸਹੀ ਪੇਪਰ ਮਿਲਣ 'ਤੇ ਪੈਸੇ ਤੁਰਤ
ਪ੍ਰੋਡਿਊਸ ਤੇ ਡਰਾਈ ਦਾ ਕੰਮ ਕਰਦੇ ਹਾਂ







# ਤੇ ਕੀ ਬਣੂੰ ਉਨ੍ਹਾਂ 'ਜ਼ਾਅਲੀ' ਵੋਟਾਂ ਦਾ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਆਉਂਦੀ 14 ਮਾਰਚ ਨੂੰ ਹੋ ਰਹੀਆਂ ਚੋਣਾਂ ਲਈ ਜਿਥੇ ਸਰਗਰਮੀ ਲਗਾਤਾਰ ਜ਼ੋਰ ਫੜਦੀ ਜਾ ਰਹੀ ਹੈ ਉਥੇ ਨਾਲ ਹੀ ਪ੍ਰਬੰਧਕਾਂ ਵਲੋਂ ਪਿਛਲੇ ਸਮੇਂ ਵਿਚ ਕਾਇਦੇ ਕਾਨੂੰਨ ਛਿੱਕੇ ਟੰਗ ਕੇ ਬਣਾਈਆਂ ਗਈਆਂ ਵੋਟਾਂ ਦੇ ਮਾਮਲੇ ਨੂੰ ਲੈ ਕੇ ਚੋਣਾਂ ਬਾਰੇ ਕੁਝ ਅੰਦੇਸ਼ੇ ਵੀ ਪ੍ਰਗਟਾਏ ਜਾ ਰਹੇ ਹਨ ਕਿ ਕੀ ਇਹ ਚੋਣਾਂ ਸਿਰੇ ਲੱਗ ਵੀ ਸਕਣਗੀਆਂ? ਵਜ੍ਹਾ ਇਹ ਹੈ ਕਿ ਜੇ ਕਾਇਦੇ ਕਾਨੂੰਨ ਦੀ ਉਲੰਘਣਾ ਕਰਕੇ ਬਣਾਈਆਂ

**ਗੁਰਦੁਆਰਾ ਫਰੀਮਾਂਟ ਚੋਣਾਂ**

ਗਈਆਂ ਵੋਟਾਂ ਭੁਗਤ ਲੈਣ ਦਿੱਤੀਆਂ ਜਾਂਦੀਆਂ ਹਨ ਤਾਂ ਨਿਸ਼ਚਿਤ ਤੌਰ 'ਤੇ ਮੌਜੂਦਾ ਪ੍ਰਬੰਧਕਾਂ ਦਾ ਹੱਥ ਉਤੇ ਰਹਿੰਦਾ ਹੈ ਅਤੇ ਜੇ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਅਦਾਲਤ ਵੱਲ ਜਾਣ ਦਾ ਰਾਹ ਖੁਲ੍ਹਦਾ ਹੈ।

ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਨਾ ਸਿਰਫ ਉਤਰੀ ਅਮਰੀਕਾ ਦੇ ਹੀ ਪੰਥਕ ਹਲਕਿਆਂ ਵਿਚ ਬੜੀ ਦਿਲਚਸਪੀ ਨਾਲ ਵਾਚੀਆਂ ਜਾਂਦੀਆਂ ਸਗੋਂ ਦੇਸ-ਵਿਦੇਸ਼ ਵਿਚ ਹੋਰਨਾਂ ਥਾਂਵਾਂ 'ਤੇ ਵੀ। ਇਸ ਗੁਰੂ ਘਰ ਵਲੋਂ ਲਏ ਗਏ ਫੈਸਲੇ ਹਮੇਸ਼ਾ ਦੂਰ-ਪ੍ਰਭਾਵੀ ਰਹੇ ਹਨ। ਇਸ ਗੁਰੂ ਘਰ ਦੀ ਇਹ ਵੀ ਵਿਸ਼ੇਸ਼ਤਾ ਰਹੀ ਹੈ ਕਿ ਇਥੇ ਕਦੇ ਕੋਈ ਨਾਮੀ ਰਵਾਇਤੀ ਅਕਾਲੀ ਜਾਂ ਕਾਂਗਰਸੀ ਆਗੂ ਜਲਦੀ ਕੀਤੇ ਤਸ਼ਰੀਫ ਨਹੀਂ ਲਿਆ ਪਾਉਂਦਾ। ਖਾੜਕੂ ਰੁਝਾਨ ਵੀ ਇਸ ਗੁਰੂ ਘਰ 'ਤੇ ਭਾਰੂ ਰਿਹਾ ਹੈ।

ਜੇ ਪਿਛਲੇ ਕੋਈ ਬਾਰ੍ਹਾਂ ਕੁ ਸਾਲਾਂ ਦਾ ਇਤਿਹਾਸ ਦੇਖਿਆ ਜਾਵੇ ਤਾਂ ਇਸ ਗੁਰੂ ਘਰ ਦੇ ਪ੍ਰਬੰਧ ਨੂੰ ਲੈ ਕੇ ਵੱਖ ਵੱਖ ਗਰੁਪਾਂ ਦੀ ਆਪਸੀ ਖਿੱਚੋਤਾਣ ਜਾਨੀ ਦੁਸ਼ਮਣੀਆਂ ਤੱਕ ਪਹੁੰਚ ਜਾਂਦੀ ਰਹੀ ਹੈ। ਅਦਾਲਤੀ ਲੜਾਈ ਪੱਖੋਂ ਵੀ ਇਹ ਗੁਰੂ ਘਰ ਵਿਸ਼ੇਸ਼ ਰਿਹਾ ਹੈ। ਪਹਿਲਾਂ 1996 ਅਤੇ ਫਿਰ 2002 ਤੋਂ 2005 ਤੱਕ ਅਦਾਲਤੀ ਝਗੜਿਆਂ ਦਾ ਇਹ ਗੁਰਦੁਆਰਾ ਘਰ ਰਿਹਾ ਹੈ। ਮਾਰਚ 2008 ਦੀਆਂ ਚੋਣਾਂ ਬੜੀ ਮੁਸ਼ਕਲ ਨਾਲ ਅਦਾਲਤ ਦੇ ਦਰਵਾਜ਼ੇ ਤੋਂ ਪਿਛੇ ਮੁੜੀਆਂ।

ਇਹ ਵੀ ਗੱਲ ਜ਼ਿਕਰਯੋਗ ਹੈ ਕਿ ਸਿੱਖ ਯੂਥ ਆਫ ਅਮੈਰਿਕਾ ਦੇ ਜਸਜੀਤ ਸਿੰਘ ਚੇਲਾ ਧੜੇ ਨੇ ਗੁਰੂ ਘਰ 'ਤੇ 1996 ਵਿਚ ਕਾਬਜ਼ ਹੋਣ ਤੋਂ ਬਾਅਦ ਸੰਨ 2004 ਤੱਕ ਕਬਜ਼ਾ ਜਮਾਈ ਰੱਖਿਆ ਅਤੇ ਇਸ ਬਿਨਾ 'ਤੇ ਚੋਣਾਂ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਕਿ ਸਿੱਖੀ ਵਿਚ ਚੋਣਾਂ ਦਾ ਵਿਧਾਨ ਹੀ ਨਹੀਂ ਹੈ। ਆਪਣੇ ਕਬਜ਼ੇ ਨੂੰ ਜਾਇਜ਼ ਠਹਿਰਾਉਣ ਲਈ ਇਸ ਧੜੇ ਨੇ ਅਦਾਲਤ ਵਿਚ ਇਹ ਵੀ ਕਹਿ ਦਿੱਤਾ ਕਿ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਪੰਜ ਪਿਆਰੇ ਉਮਰ ਭਰ ਲਈ ਸਨ ਇਸ ਲਈ ਗੁਰਦੁਆਰਾ ਫਰੀਮਾਂਟ ਦੀ ਪੰਜ ਪਿਆਰਾ ਕੌਂਸਲ ਵੀ ਉਮਰ ਭਰ ਲਈ ਹੈ। ਜ਼ਿਕਰਯੋਗ ਹੈ ਕਿ ਫਰੀਮਾਂਟ ਗੁਰੂ ਘਰ ਦਾ ਪ੍ਰਬੰਧ ਚਲਾਉਂਦੀ ਸੁਪਰੀਮ ਕੌਂਸਲ ਨੂੰ ਪੰਜ ਪਿਆਰਾ ਕੌਂਸਲ ਕਿਹਾ ਜਾਂਦਾ ਹੈ। ਲੰਮੀ ਕਾਨੂੰਨੀ ਲੜਾਈ ਪਿਛੋਂ 2005 ਵਿਚ ਅਦਾਲਤ ਦੇ ਹੁਕਮਾਂ 'ਤੇ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਭਾਈ ਗੁਰਮੀਤ ਸਿੰਘ ਖਾਲਸਾ ਗਰੁਪ ਚੇਲਾ ਗਰੁਪ ਨੂੰ ਹਰਾਉਣ ਵਿਚ ਕਾਮਯਾਬ ਰਿਹਾ।

ਸਾਲ 2005 ਅਤੇ 2006 ਦੀਆਂ ਚੋਣਾਂ ਸੁੱਖੀ ਸਾਂਦੀ ਨੇਪਰੇ ਚੜ੍ਹੀਆਂ। ਅਸਿਧੇ ਤੌਰ 'ਤੇ ਲੜੀਆਂ ਇਨ੍ਹਾਂ ਦੋਹਾਂ ਚੋਣਾਂ ਵਿਚ ਚੇਲਾ ਗਰੁਪ ਨੂੰ ਹਾਰ ਹੋਈ ਪਰ 2008 ਦੀਆਂ ਚੋਣਾਂ ਵਿਚ ਖਾਲਸਾ ਧੜੇ ਦੇ ਇਕ ਤੋਂ ਤਿੰਨ ਹੋ ਜਾਣ ਕਰਕੇ ਚੇਲਾ ਗਰੁਪ ਦੀ ਵਾਪਸੀ ਲਈ ਰਾਹ ਪੱਧਰਾ ਹੋ ਗਿਆ।

ਭਾਈ ਰਾਮ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਗੁਰਚਰਨ ਸਿੰਘ ਮਾਨ ਧੜਿਆਂ ਦਾ ਕਹਿਣਾ ਹੈ ਕਿ ਪਿਛਲੇ ਸਾਰੇ ਸਾਲ ਦੌਰਾਨ ਚੇਲਾ ਧੜੇ ਨੇ ਸੰਗਤ ਨੂੰ ਹਨੇਰੇ ਵਿਚ ਰੱਖ ਕੇ ਕਦੀ ਇਕ ਤੇ ਕਦੀ ਦੂਜਾ ਹਰਬਾ ਵਰਤ ਕੇ ਵੋਟਾਂ ਬਣਾਈਆਂ। ਵੋਟਾਂ ਅਪਡੇਟ ਕਰਨ ਦੇ ਬਹਾਨੇ ਹੇਠ ਆਪਣੇ ਹੱਕ ਵਿਚ ਨਾ ਭੁਗਤਣ ਵਾਲੀਆਂ ਵੋਟਾਂ ਰੱਦ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਜਿਸ ਨੂੰ




ਵਿਰੋਧੀ ਧਿਰ ਨੇ ਕਾਮਯਾਬ ਨਾ ਹੋਣ ਦਿੱਤਾ। ਵਿਰੋਧੀ ਧਿਰ ਦੇ ਜ਼ੋਰ ਦੇਣ ਉਤੇ ਵੋਟਾਂ ਬਣਾਉਣ ਲਈ ਇਕ ਸਾਂਝੀ ਮੈਂਬਰਸ਼ਿਪ ਕਮੇਟੀ ਬਣਾਈ ਗਈ ਪਰ ਕੀਤੀ ਆਪਣੀ ਮਨਮਰਜ਼ੀ ਗਈ ਜਿਸ ਵਿਰੁਧ ਅਖੀਰ ਵਿਰੋਧੀ ਧਿਰ ਦੇ ਮੈਂਬਰ ਐਸ ਪੀ ਸਿੰਘ ਦੀ ਅਗਵਾਈ ਹੇਠ ਵਾਕਆਊਟ ਕਰ ਗਏ। ਪ੍ਰਬੰਧਕਾਂ ਨੇ ਮੈਂਬਰਸ਼ਿਪ ਕਮੇਟੀ ਦਾ ਇੰਚਾਰਜ ਵੀ ਉਸ ਸ਼ਖਸ ਨੂੰ ਬਣਾਇਆ ਹੈ ਜਿਸ ਉਪਰ 2008 ਦੀਆਂ ਚੋਣਾਂ ਵੇਲੇ ਵੋਟਾਂ ਦੇ ਸਟਿਕਰ ਚੋਰੀ ਕਰਨ ਦੇ ਦੋਸ਼ ਲੱਗੇ ਸਨ।

ਸੰਨ 2005, 2006 ਅਤੇ 2008 ਦੀਆਂ ਚੋਣਾਂ ਸਮੇਂ ਆਮ ਸੰਗਤ ਦੀ ਜਾਣਕਾਰੀ ਲਈ ਵੋਟਾਂ ਬਣਾਉਣ ਜਾਂ ਨਵੀਂ ਮੈਂਬਰਸ਼ਿਪ ਲਈ ਬਾਕਾਇਦਾ ਅਖਬਾਰਾਂ ਵਿਚ ਇਸ਼ਤਿਹਾਰ ਦਿੱਤੇ ਗਏ ਪਰ ਇਸ ਵਾਰ ਇਸ ਪਿਰਤ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਬੇਸ਼ਕ ਗੁਰੂ ਘਰ ਦੇ ਬਾਈਲਾਅਜ਼ ਵਿਚ ਮੈਂਬਰਸ਼ਿਪ ਭਰਤੀ ਕਰਨ ਬਾਰੇ ਕੋਈ ਸਪਸ਼ਟ ਨਿਰਦੇਸ਼ ਨਹੀਂ ਹਨ ਫਿਰ ਵੀ ਇਹ ਪਿਰਤ ਰਹੀ ਹੈ ਕਿ ਜੋ ਵੀ ਸਿੱਖ ਗੁਰੂ ਘਰ ਦਾ ਮੈਂਬਰ ਬਣਨਾ ਚਾਹੁੰਦਾ ਹੈ ਗੁਰੂ ਘਰ ਆ ਕੇ ਫਾਰਮ ਭਰੇ ਅਤੇ ਘੱਟੋ ਘੱਟ ਦੋ ਵਿਅਕਤੀ ਇਸ ਦੀ ਤਸਦੀਕ ਕਰਨ ਪਰ ਇਸ ਵਾਰ ਇਹ ਪਿਰਤ ਤੋੜ ਦਿੱਤੀ ਗਈ। ਪ੍ਰਬੰਧਕਾਂ ਵਲੋਂ ਆਪਣੇ ਹੱਕ ਵਿਚ ਭੁਗਤਣ ਦੇ ਭਰੋਸੇ ਵਾਲੀਆਂ ਵੋਟਾਂ ਘਰੋ ਘਰੀ ਜਾ ਕੇ ਬਣਾਈਆਂ ਗਈਆਂ। ਸੈਨ ਹੋਜ਼ੇ ਗੁਰੂ ਘਰ ਦਾ ਇਕ ਸਾਬਕਾ ਸੈਕਟਰੀ ਇਸ ਮੰਤਵ ਲਈ ਲੋਕਾਂ ਦੇ ਘਰੀਂ ਚੱਕਰ ਮਾਰਦਾ ਵੇਖਿਆ ਗਿਆ। ਚੇਲਾ ਗਰੁਪ ਦੀ ਪੂਰੀ ਮਸ਼ੀਨਰੀ ਇਸ ਪਿਰਤ ਨੂੰ ਤੋੜਦੀ ਵੇਖੀ ਗਈ। ਵਿਰੋਧੀਆਂ ਦਾ ਕਹਿਣਾ ਹੈ ਕਿ ਪਿਰਤਾਂ ਤੋੜਨਾ ਚੇਲਾ ਗਰੁਪ ਦਾ ਪੁਰਾਣਾ ਸੁਭਾਅ ਹੈ। ਵਿਰੋਧੀਆਂ ਦਾ ਅੰਦੇਸ਼ਾ ਹੈ ਕਿ ਕੋਈ ਸਾਢੇ 18 ਸੌ ਵੋਟਾਂ ਅਜਿਹੀਆਂ ਬਣਾਈਆਂ ਗਈਆਂ ਹਨ ਜਿਨ੍ਹਾਂ 'ਚੋਂ ਬਹੁਤੀਆਂ ਪਿਰਤਾਂ ਤੋੜ ਕੇ ਬਣਾਈਆਂ ਗਈਆਂ ਹਨ ਤੇ ਪਿਰਤਾਂ ਤੋੜ ਕੇ ਹੀ ਪੈਣਗੀਆਂ। ਭਾਵੇਂ ਵੋਟਾਂ ਤਕਨੀਕੀ ਤੌਰ 'ਤੇ ਜਾਅਲੀ ਨਹੀਂ ਹਨ ਪਰ ਕਾਇਦਾ ਤੋੜ ਕੇ ਬਣਾਏ ਜਾਣ ਕਰਕੇ ਫਰੀਮਾਂਟ ਗੁਰੂ ਘਰ ਦੀ ਸਿਆਸਤ ਵਿਚ ਇਨ੍ਹਾਂ ਨੂੰ ਹੁਣ ਜ਼ਾਅਲੀ ਵੋਟਾਂ ਕਰਕੇ ਹੀ ਜਾਣਿਆ ਜਾਣ ਲੱਗਾ ਹੈ।

ਅੱਜ ਵਿਰੋਧੀ ਗਰੁਪ ਆਪਣੇ ਹੱਥਾਂ 'ਤੇ ਦੰਦੀਆਂ ਵੱਢਦੇ ਨਜ਼ਰ ਆ ਰਹੇ ਹਨ ਕਿ ਸਾਡੇ ਵਿਚ ਇਹ ਚੰਦਰੀ ਫੁੱਟ ਕਿਉਂ ਪੈ ਗਈ ਵਰਨਾ ਪਿਰਤਾਂ ਤੋੜਨ ਵਾਲੇ ਲੋਕ ਕਦੇ ਵਾਪਸ ਪ੍ਰਬੰਧ ਵਿਚ ਨਾ ਆਉਂਦੇ। ਅੱਜ ਇਨ੍ਹਾਂ ਨੂੰ 2002 ਤੋਂ 2005 ਤੱਕ ਅਦਾਲਤਾਂ ਵਿਚ ਹੋਈ ਖੱਜਲ-ਖੁਆਰੀ ਚੇਤੇ ਆਉਂਦੀ ਹੈ। ਪੰਥਕ ਸਲੇਟ ਦੀ ਅੱਜ ਵੱਡੀ ਸਿਰਦਰਦੀ ਇਹ ਹੈ ਕਿ ਗਲਤ ਤਰੀਕੇ ਨਾਲ ਬਣਾਈਆਂ ਵੋਟਾਂ ਦਾ ਕੀ ਕੀਤਾ ਜਾਏ। ਇਨ੍ਹਾਂ ਦੀ ਛਾਣਬੀਣ ਲਈ ਪ੍ਰਬੰਧਕ ਮੰਨਣ ਨਹੀਂ ਲੱਗੇ। ਅਦਾਲਤ ਦਾ ਰਾਹ ਲੰਮਾ ਅਤੇ ਖਰਚੀਲਾ ਹੋ ਸਕਦਾ ਹੈ। ਆਉਣ ਵਾਲੇ ਦਿਨਾਂ ਵਿਚ ਅਜਿਹੀਆਂ ਵੋਟਾਂ ਬਾਰੇ ਕਈ ਸਨਸਨੀਖੇਜ਼ ਪ੍ਰਗਟਾਵੇ ਹੋਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਫਿਰ ਵੀ ਇਹ ਸਵਾਲ ਸਾਹਮਣੇ ਖੜ੍ਹਾ ਹੈ...ਕੀ ਬਣੂੰ ਉਨ੍ਹਾਂ ਜਾਅਲੀ ਵੋਟਾਂ ਦਾ?

# ਰਵਿਦਾਸੀਆਂ ਵਲੋਂ ਵੱਖਰੇ ਧਰਮ, ਵੱਖਰੇ ਗ੍ਰੰਥ ਅਤੇ ਨਿਸ਼ਾਨ ਦਾ ਐਲਾਨ

**ਜਲੰਧਰ:** ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਦੇ ਜਨਮ ਅਸਥਾਨ ਕਾਂਸ਼ੀ ਵਿਖੇ 30 ਜਨਵਰੀ ਇਕੱਤਰ ਹੋਈ ਸੰਗਤ ਵਿਚ ਰਵਿਦਾਸੀਆਂ ਵਲੋਂ ਆਪਣੇ ਵੱਖਰੇ ਧਰਮ, ਵੱਖਰੇ ਗ੍ਰੰਥ, ਵੱਖਰੇ ਨਿਸ਼ਾਨ, ਕੌਮ ਦੇ ਮਹਾਨ ਪਾਵਨ ਤੀਰਥ ਅਤੇ ਮੁੱਖ ਨਾਅਰੇ ਦਾ ਐਲਾਨ ਕਰ ਦਿੱਤਾ ਗਿਆ ਹੈ।

ਉੱਤਰ ਪ੍ਰਦੇਸ਼ ਦੇ ਬਨਾਰਸ ਜ਼ਿਲ੍ਹੇ ਵਿਚ ਕਾਂਸ਼ੀ ਵਿਖੇ ਇਕੱਤਰ ਹੋਈਆਂ ਸੰਗਤਾਂ ਦੇ ਸਨਮੁੱਖ ਇਹ ਐਲਾਨ ਕੀਤਾ ਗਿਆ ਕਿ ਰਵਿਦਾਸੀਆਂ ਵਿਚ ਹੁਣ ਕੋਈ ਆਦਿਧਰਮੀ ਜਾਂ ਹੋਰ ਨਾਂਅ ਨਾਲ ਨਹੀਂ ਪੁਕਾਰਿਆ ਜਾਏਗਾ ਸਗੋਂ ਸਮੁੱਚੀ ਕੌਮ ਨੂੰ ਰਵਿਦਾਸੀ ਕੌਮ ਸੱਦਿਆ, ਪੜ੍ਹਿਆ ਅਤੇ ਲਿਖਿਆ ਜਾਏਗਾ।

ਰਵਿਦਾਸੀਆ ਕੌਮ ਨੇ ਆਪਣਾ ਵੱਖਰਾ ਧਰਮ ਗ੍ਰੰਥ ਤਿਆਰ ਕੀਤਾ ਹੈ ਜਿਸ ਵਿਚ ਕੇਵਲ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਹੀ ਸ਼ਾਮਿਲ ਕੀਤੀ ਗਈ ਹੈ। ਇਸ ਗ੍ਰੰਥ ਨੂੰ 'ਅੰਮ੍ਰਿਤ ਬਾਣੀ ਗੁਰੂ ਰਵਿਦਾਸ' ਨਾਂਅ ਦਿੱਤਾ ਗਿਆ ਹੈ। ਰਵਿਦਾਸੀਆ ਕੌਮ ਦੇ ਇਸ ਗ੍ਰੰਥ ਨੂੰ ਸੰਗਤਾਂ ਦੀ ਇਕੱਤਰਤਾ ਵਿਚ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਅਤੇ ਟਰੱਸਟ ਦੇ ਚੇਅਰਮੈਨ ਸੰਤ ਨਿਰੰਜਨ ਦਾਸ ਨੇ ਜਾਰੀ ਕੀਤਾ। ਇਹ ਆਦੇਸ਼ ਕੀਤਾ ਗਿਆ ਹੈ ਕਿ ਰਵਿਦਾਸੀਆ ਕੌਮ ਨਾਲ ਸੰਬੰਧਿਤ ਗੁਰਦੁਆਰਿਆਂ ਅਤੇ ਮੰਦਿਰਾਂ ਵਿਚ 'ਅੰਮ੍ਰਿਤ ਬਾਣੀ ਗੁਰੂ ਰਵਿਦਾਸ' ਗ੍ਰੰਥ ਦਾ ਪ੍ਰਕਾਸ਼ ਕੀਤਾ ਜਾਏ। ਰਵਿਦਾਸੀਆ ਕੌਮ ਨੇ ਆਪਣੇ ਵੱਖਰੇ ਨਿਸ਼ਾਨ ਬਾਰੇ ਵੀ ਫੈਸਲਾ ਕਰ ਲਿਆ ਹੈ ਜੋ 'ਹਰਿ' ਹੋਵੇਗਾ ਅਤੇ ਇਹ ਇਨ੍ਹਾਂ ਗੁਰਦੁਆਰਿਆਂ ਅਤੇ ਮੰਦਿਰਾਂ 'ਤੇ ਲੱਗਣ ਵਾਲੇ ਨਿਸ਼ਾਨ ਸਾਹਿਬਾਂ 'ਤੇ ਅੰਕਿਤ ਹੋਵੇਗਾ।

ਇਸ ਮੌਕੇ ਇਹ ਵੀ ਐਲਾਨ ਕੀਤਾ ਗਿਆ ਕਿ ਰਵਿਦਾਸੀਆ ਕੌਮ ਦਾ ਮੁੱਖ ਨਾਅਰਾ ਹੁ 'ਜੈ ਗੁਰੂਦੇਵ' ਹੋਵੇਗਾ ਅਤੇ ਇਹੀ ਆਪਸ ਵਿਚ ਇਕ ਦੂਜੇ ਨੂੰ ਬੁਲਾਉਣ ਲਈ ਵਰਤਿਆ ਜਾਏਗਾ।ਇਹ ਵੀ ਐਲਾਨ ਕੀਤਾ ਗਿਆ ਕਿ ਰਵਿਦਾਸੀਆ ਕੌਮ ਦਾ ਪਵਿੱਤਰ ਅਤੇ ਮਹਾਨ ਤੀਰਥ ਅਸਥਾਨ ਸੀਰ ਗੋਵਰਧਨਪੁਰ, ਕਾਂਸ਼ੀ, ਬਨਾਰਸ ਵਿਖੇ ਸਥਿਤ ਸ੍ਰੀ ਗੁਰੂ ਰਵਿਦਾਸ ਮੰਦਿਰ ਹੋਵੇਗਾ। ਇਸ ਮੰਦਿਰ ਦਾ ਸ਼ੁੱਭ ਆਰੰਭ ਕਰਦਿਆਂ ਇਸਨੂੰ ਸੋਨੇ ਨਾਲ ਮੜ੍ਹਨ ਦੇ ਕੰਮ ਦੀ ਸ਼ੁਰੂਆਤ ਵੀ ਕਰ ਦਿਤੀ ਗਈ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮੌਕੇ ਡੇਰਾ ਸੱਚਖੰਡ ਬੱਲਾਂ ਤੋਂ ਸੰਤ ਸੁਰਿੰਦਰ ਦਾਸ ਬਾਵਾ, ਸੰਤ ਸੁਰਿੰਦਰ ਦਾਸ ਕਠਾਰ ਵਾਲੇ, ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲੇ ਅਤੇ ਅੰਮ੍ਰਿਤਸਰ ਸਥਿਤ ਵਾਲਮੀਕਿ ਆਸ਼ਰਮ ਦੇ ਸਵਾਮੀ ਪੂਰਨ ਨਾਥ ਸਮੇਤ ਸੰਤ ਸਮਾਜ ਦੇ ਬਹੁਤ ਸਾਰੇ ਪ੍ਰਤੀਨਿਧ, ਹੋਰ ਧਾਰਮਿਕ ਆਗੂ ਅਤੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਪੁੱਜੀਆਂ ਸੰਗਤਾਂ ਹਾਜ਼ਰ ਸਨ।

## ਡੇਰੇ ਨੂੰ ਫੈਸਲਾ ਕਰਨ ਦਾ ਕੋਈ ਹੱਕ ਨਹੀਂ-ਮੱਕੜ

ਕਾਂਸ਼ੀ ਵਿਖੇ ਵੱਖਰੇ ਰਵਿਦਾਸੀਆ ਧਰਮ ਦੀ ਸਥਾਪਨਾ ਦੇ ਐਲਾਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸਮੁੱਚਾ ਰਵਿਦਾਸੀਆ ਭਾਈਚਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਥਾ ਰੱਖਦਾ ਹੈ ਅਤੇ ਕਿਸੇ ਵੀ ਇਕ ਡੇਰੇ ਵੱਲੋਂ ਸਮੁੱਚੇ ਸਮਾਜ ਲਈ ਇਸ ਤਰ੍ਹਾਂ ਦੇ ਫੈਸਲੇ ਨਹੀਂ ਕੀਤੇ ਜਾ ਸਕਦੇ। ਉਨ੍ਹਾਂ ਕਿਹਾ ਕਿ ਰਵਿਦਾਸੀਆ ਭਾਈਚਾਰਾ ਸ਼ੁਰੂ ਤੋਂ ਹੀ ਸਿੱਖ ਭਾਈਚਾਰੇ ਦਾ ਅਹਿਮ ਅੰਗ ਰਿਹਾ ਹੈ ਅਤੇ ਰਹੇਗਾ।

ਇਸ ਐਲਾਨ ਬਾਰੇ ਸ੍ਰੀ ਮੱਕੜ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਨਿਰਮਲੇ ਸੰਪਰਦਾ ਅਤੇ ਰਵਿਦਾਸੀਆ ਭਾਈਚਾਰੇ ਨਾਲ ਸਬੰਧਤ ਮਹਾਂਪੁਰਖਾਂ ਨਾਲ ਇਸ ਸਬੰਧੀ ਮੀਟਿੰਗ ਕਰਨਗੇ। ਉਨ੍ਹਾਂ ਕਿਹਾ ਕਿ ਕਿਸੇ ਵੀ ਗੁਰਦੁਆਰੇ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਹੀਂ ਹਟਾਉਣ ਦਿੱਤਾ ਜਾਵੇਗਾ ਅਤੇ ਪੂਰਨ ਮਰਿਆਦਾ ਕਾਇਮ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਦੀ ਸਾਜ਼ਿਸ਼ ਤਹਿਤ ਇਹ ਸਭ ਕੁਝ ਵਾਪਰਿਆ ਹੈ।

# ਵੱਖਰਾ ਧਰਮ ਐਲਾਨਣ 'ਤੇ ਪੰਥਕ ਧਿਰਾਂ ਚਿੰਤਤ ਹੋਈਆਂ

**ਅੰਮ੍ਰਿਤਸਰ:** ਰਵਿਦਾਸ ਸਮੁਦਾਏ ਦੇ ਪੈਰੋਕਾਰਾਂ ਵਲੋਂ ਸਿੱਖ ਧਰਮ ਨਾਲ ਤੋੜ ਵਿਛੋੜਾ ਕਰਦਿਆਂ ਵੱਖਰੇ ਧਰਮ ਵੱਖਰੇ ਗ੍ਰੰਥ ਅਤੇ ਵੱਖਰੇ ਨਿਸ਼ਾਨ ਦਾ ਐਲਾਨ ਕਰਕੇ ਪੰਥਕ ਸਫ਼ਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਚੇਤੇ ਰਹੇ ਕਿ ਰਵਿਦਾਸ ਭਾਈਚਾਰੇ ਵਲੋਂ ਅੰਮ੍ਰਿਤ ਬਾਣੀ ਗੁਰੂ ਰਵਿਦਾਸ ਗੰਥ ਨੂੰ ਹੋਂਦ 'ਚ ਲਿਆ ਕੇ ਸਿੱਧੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਤੋਂ ਇਨਕਾਰ ਕਰਨ ਦੇ ਸੰਕੇਤ ਦੇ ਦਿੱਤੇ ਹਨ।

ਇਸ ਸੰਵੇਦਨਸ਼ੀਲ ਮੁੱਦੇ 'ਤੇ ਗੱਲਬਾਤ ਕਰਦਿਆਂ ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਗਿਆਨੀ ਤਿਰਲੋਚਨ ਸਿੰਘ ਨੇ ਕਿਹਾ ਕਿ ਇਸ ਘਟਨਾ ਨੇ ਸਮੁੱਚੇ ਸਿੱਖ ਪੰਥ ਨੂੰ ਹਿਲਾ ਕੇ ਰੱਖ ਦਿੱਤਾ। ਸੀਨੀਅਰ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਭਗਤ ਰਵਿਦਾਸ ਦੀ ਬਾਣੀ ਜੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਨੂੰ ਸ੍ਰੀ ਦਰਬਾਰ ਸਾਹਿਬ ਬੜੇ ਆਦਰ ਨਾਲ ਪੜ੍ਹਿਆ ਜਾ ਰਿਹਾ ਹੈ। ਉਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਨਤਾ ਪਿਛਲੇ 400 ਸਾਲਾਂ ਤੋਂ ਚੱਲੀ ਆ ਰਹੀ ਹੈ। ਉਨ੍ਹਾਂ ਨੇ ਇਸ ਸਾਰੇ ਘਟਨਾਕ੍ਰਮ ਪਿੱਛੇ ਵੋਟ ਰਾਜਨੀਤੀ ਨੂੰ ਜ਼ਿੰਮੇਵਾਰ ਦੱਸਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਤੱਤਕਾਲੀ ਸਕੱਤਰ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਪੰਥ ਦੇ ਪਿਆਰ ਦੀ ਕਮੀ ਸਦਕਾ ਹੀ ਰਵਿਦਾਸੀਆਂ ਸਿੱਖਾਂ ਨੇ ਇਹ ਰਾਹ ਚੁਣਿਆ ਹੋਵੇਗਾ। ਇਸ ਐਲਾਨਨਾਮੇ ਨੂੰ ਸਿੱਖ ਪੰਥ ਲਈ ਮੰਦਭਾਗਾ ਕਰਾਰ ਦਿੰਦਿਆਂ ਸ੍ਰੀ ਕਲਕੱਤਾ ਨੇ ਕਿਹਾ ਕਿ ਇਸ ਪਾਟੋਧਾੜ ਦੇ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਹਨ।

**ਸ਼੍ਰੋਮਣੀ ਕਮੇਟੀ ਦੀਆਂ ਗਲਤ ਨੀਤੀਆਂ ਕਾਰਨ ਰਵਿਦਾਸੀਆਂ ਨੇ ਵੱਖਰੇ ਗ੍ਰੰਥ ਦਾ ਫੈਸਲਾ ਲਿਆ-ਸਰਨਾ**

**ਸਾਹਪੁਰ ਕੰਢੀ :** ਰਵਿਦਾਸ ਭਾਈਚਾਰਾ ਸਿੱਖ ਪੰਥ ਦਾ ਅਨਿੱਖੜਵਾਂ ਅੰਗ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਰੇਕ ਧਰਮ ਦੇ ਭਗਤਾਂ ਨੂੰ ਯੋਗ ਸਥਾਨ ਦਿੱਤਾ ਗਿਆ ਹੈ, ਜਿਸ ਕਰਕੇ ਸਾਰੀ ਦੁਨੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਝੁਕਾਉਂਦੀ ਹੈ। ਰਵਿਦਾਸ ਭਾਈਚਾਰੇ ਵਲੋਂ ਜੋ ਵੱਖਰੇ ਧਰਮ, ਗ੍ਰੰਥ ਅਤੇ ਨਿਸ਼ਾਨ ਦਾ ਐਲਾਨ ਕੀਤਾ ਗਿਆ ਹੈ, ਬਹੁਤ ਮੰਦਭਾਗਾ ਹੈ। ਇਹ ਵਿਚਾਰ ਅਖੰਡ ਕੀਰਤਨੀ ਜਥੇ ਦੇ ਮੁੱਖ ਸੇਵਾਦਾਰ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਭਾਈ ਬਲਦੇਵ ਸਿੰਘ ਨੇ ਆਪਣੇ ਸ਼ਾਹਪੁਰ ਕੰਡੀ ਦੌਰੇ ਦੌਰਾਨ ਐਡਵੋਕੇਟ ਭਾਈ ਗੁਰਿੰਦਰ ਸਿੰਘ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ, ਭਗਤ ਸੈਣ, ਭਗਤ ਨਾਮਦੇਵ, ਭਗਤ ਕਬੀਰ ਆਦਿ ਭਗਤਾਂ ਦੀ ਬਾਣੀ ਦਰਜ ਹੈ, ਹਰੇਕ ਭਗਤ ਨੂੰ ਮੱਥਾ ਟੇਕਿਆ ਜਾਂਦਾ ਹੈ ਅਤੇ ਬਿਨਾਂ ਭੇਦ-ਭਾਵ ਦੇ ਮਾਣ ਸਤਿਕਾਰ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਲਿਤ ਨਾਂ ਦਾ ਕੋਈ ਸ਼ਬਦ ਦਰਜ ਨਹੀਂ ਹੈ। ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਹਰੇਕ ਭਾਈਚਾਰੇ ਦੇ ਨੁਮਾਇੰਦਿਆਂ ਦੀ ਇਕੱਤਰਤਾ ਬੁਲਾ ਕੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ, ਤਾਂ ਜੋ ਪੰਥ ਨੂੰ ਸਹੀ ਸੇਧ ਦਿੱਤੀ ਜਾ ਸਕੇ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਯੂਥ ਵਿੰਗ ਦੇ ਕੌਮੀ ਜਨਰਲ ਸਕੱਤਰ ਭਾਈ ਸੰਦੀਪ ਸਿੰਘ ਕੈਨੇਡੀਅਨ ਨੇ ਕਿਹਾ ਹੈ ਕਿ ਸਿੱਖ ਧਰਮ ਵਿਚ ਜਾਤ-ਪਾਤ ਲਈ ਕੋਈ ਥਾਂ ਨਹੀਂ ਅਤੇ ਇੱਥੇ ਸਭ ਲਈ ਬਰਾਬਰ ਅਧਿਕਾਰ ਹਨ। ਦਲਿਤ ਭਾਈਚਾਰਾ ਹਮੇਸ਼ਾ ਸਿੱਖ ਕੌਮ ਦਾ ਇਕ ਅਹਿਮ ਹਿੱਸਾ ਰਿਹਾ ਹੈ ਤੇ ਰਹੇਗਾ, ਪਰ ਵੱਖਰੇ ਪੰਥ ਦਾ ਐਲਾਨ ਕਰਨ ਵਾਲੇ ਲੋਕ ਕਦੇ ਸਿੱਖ ਪੰਥ ਦਾ ਹਿੱਸਾ ਰਹੇ ਹੀ ਨਹੀਂ।

ਇਨ੍ਹਾਂ ਲੋਕਾਂ ਵਲੋਂ ਕੀਤੀ ਗਈ ਇਹ ਕਾਰਵਾਈ ਦਲਿਤ ਸਮਾਜ ਦੀਆਂ ਜੜ੍ਹਾਂ ਵਿਚ ਤੇਲ ਦੇਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਦੀ ਉਹ ਬਾਣੀ ਮੂਲ ਰੂਪ ਵਿਚ ਸਹੀ ਹੈ, ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਸੰਭਾਲ ਲਈ ਗਈ ਸੀ।

ਇਸ ਤੋਂ ਬਿਨਾਂ ਉਨ੍ਹਾਂ ਦੇ ਨਾਂਅ ਹੇਠ ਬਾਕੀ ਮਿਲਦੀ ਬਾਣੀ ਬ੍ਰਾਹਮਣਵਾਦ ਦੀ ਮਿਲਾਵਟ ਤੋਂ ਬਚ ਗਈ ਹੋਵੇਗੀ, ਇਸ ਬਾਰੇ ਕੋਈ ਦਾਅਵਾ ਨਹੀਂ ਕੀਤਾ ਜਾ ਸਕਦਾ।

## ਸਮਾਜ ਬਚਾਓ ਮੋਰਚੇ ਵਲੋਂ ਵੀ ਵਿਰੋਧ ਪ੍ਰਗਟ

**ਜਲੰਧਰ:** ਭਗਤ ਰਵਿਦਾਸ ਦੇ 633ਵੇਂ ਪ੍ਰਕਾਸ਼ ਪੁਰਬ ਮੌਕੇ ਕਾਂਸ਼ੀ ਵਿਖੇ ਇਕੱਤਰ ਹੋਈ ਸੰਗਤ ਵਲੋਂ ਵੱਖਰੇ ਰਵਿਦਾਸੀਆ ਧਰਮ ਦੇ ਐਲਾਨ ਨੂੰ ਸਮਾਜ ਬਚਾਓ ਮੋਰਚਾ ਨੇ ਰੱਦ ਕਰ ਦਿੱਤਾ ਹੈ। ਮੋਰਚਾ ਦੇ ਆਗੂਆਂ ਨੇ ਇਥੇ ਕਿਹਾ ਕਿ ਇਸ ਐਲਾਨ ਤੋਂ ਪਹਿਲਾਂ ਭਾਈਚਾਰੇ ਨਾਲ ਸਬੰਧਤ ਹੋਰ ਸੰਤਾਂ ਮਹਾਂਪੁਰਖਾਂ ਤੇ ਬੁੱਧੀਜੀਵੀਆਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਇਸ ਪ੍ਰਤੀਕਰਮ ਤੋਂ ਬਾਅਦ ਅੰਬੇਦਕਰ ਸੈਨਾ ਦੇ ਕਾਰਕੁੰਨਾਂ ਨੇ ਇਕੱਠੇ ਹੋ ਕੇ ਸਮਾਜ ਬਚਾਓ ਮੋਰਚਾ ਖਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ, ਜਿਸ 'ਤੇ ਸਥਿਤੀ ਤਣਾਅਪੂਰਨ ਹੋ ਗਈ ਅਤੇ ਮੋਰਚਾ ਦੇ ਕਨਵੀਨਰ ਗਿਆਨ ਚੰਦ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪ੍ਰੈੱਸ ਕਾਨਫਰੰਸ ਵਾਲੀ ਥਾਂ ਤੋਂ ਪੁਲੀਸ ਦੀ ਸੁਰਖਿਆ ਹੇਠ ਜਾਣਾ ਪਿਆ। ਇਸ ਦੌਰਾਨ ਬਨਾਰਸ ਤੋਂ ਚੱਲੀ ਬੇਗਮਪੁਰਾ ਐਕਸਪ੍ਰੈੱਸ ਇਥੇ ਪਹੁੰਚੀ, ਜਿਸ ਵਿਚ ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ ਬਾਬਾ ਨਿਰੰਜਣ ਦਾਸ ਅਤੇ ਬਾਬਾ ਸੁਰਿੰਦਰ ਦਾਸ ਬਾਵਾ ਵੀ ਬਿਰਾਜਮਾਨ ਸਨ ਪਰ ਉਨ੍ਹਾਂ ਇਸ ਮੌਕੇ ਪੱਤਰਕਾਰਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ। ਸ੍ਰੀ ਗਿਆਨ ਚੰਦ ਨੇ ਕਿਹਾ ਕਿ ਡੇਰਾ ਬੱਲਾਂ ਟਰੱਸਟ ਦੀ ਅਗਵਾਈ ਹੇਠ ਭਗਤ ਰਵਿਦਾਸ ਦੇ 633ਵੇਂ ਪ੍ਰਕਾਸ਼ ਉਤਸਵ ਮੌਕੇ ਸਮੁੱਚੇ ਰਵਿਦਾਸੀਆ ਭਾਈਚਾਰੇ ਵਾਸਤੇ ਹੁਕਮਨਾਮੇ ਦੀ ਤਰਜ਼ 'ਤੇ ਜਾਰੀ ਕੀਤੇ ਇਨ੍ਹਾਂ ਆਦੇਸ਼ਾਂ ਨੂੰ ਮੋਰਚਾ ਮੁੱਢੋਂ ਰੱਦ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਇਕ ਡੇਰੇ ਦਾ ਫੈਸਲਾ ਹੋ ਸਕਦਾ ਹੈ ਪਰ ਸਮੁੱਚੇ ਭਾਈਚਾਰੇ ਦਾ ਨਹੀਂ। ਇਹ ਨਿਯਮ ਡੇਰੇ ਦੇ ਸ਼ਰਧਾਲੂਆਂ ਉਪਰ ਲਾਗੂ ਹੋ ਸਕਦੇ ਹਨ, ਦੂਸਰੇ ਲੋਕਾਂ 'ਤੇ ਨਹੀਂ।

# ਖੁਦਕੁਸ਼ੀਆਂ ਤੋਂ ਪੀੜਤ ਕਿਸਾਨ ਪਰਿਵਾਰ ਆਫਤ-ਪੀੜਤ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਖੁਦਕੁਸ਼ੀਆਂ ਤੋਂ ਪੀੜਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਆਫਤਾਂ ਤੋਂ ਪ੍ਰਭਾਵਿਤ ਲੋਕਾਂ ਵਾਲੀ ਸ਼੍ਰੇਣੀ ਵਿਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੱਧਰ 'ਤੇ ਲਏ ਗਏ ਇਸ ਫੈਸਲੇ ਤੋਂ ਬਾਅਦ ਸਰਕਾਰ ਨੇ ਮਾਲ ਤੇ ਮੁੜ-ਵਸੇਬਾ ਵਿਭਾਗ ਨੂੰ ਇਸ ਸਬੰਧ ਵਿਚ ਸਰਕਾਰੀ ਨੀਤੀ ਦਾ ਖਰੜਾ ਤਿਆਰ ਕਰਨ ਦੇ ਹੁਕਮ ਦਿੱਤੇ ਗਏ ਹਨ। ਮਾਲ ਵਿਭਾਗ ਦੇ ਸੂਤਰਾਂ ਮੁਤਾਬਕ ਸਰਕਾਰ ਨੇ ਅਜਿਹੇ ਕਿਸਾਨ ਪਰਿਵਾਰਾਂ ਲਈ ਅਤਿਵਾਦ ਤੋਂ ਪੀੜਤ ਜਾਂ '84 ਦੇ ਦੰਗਾ ਪੀੜਤਾਂ ਵਰਗੀ ਹੀ ਇਕ ਵੱਖਰੀ ਸ਼੍ਰੇਣੀ ਬਣਾਉਣ ਦਾ ਫੈਸਲਾ ਕੀਤਾ ਹੈ। ਮਾਲ ਵਿਭਾਗ ਵਲੋਂ ਇਸ ਨੀਤੀ ਦੇ ਖਰੜੇ ਨੂੰ ਤਿੰਨ ਹਫਤਿਆਂ ਤਕ ਸਰਕਾਰ ਨੂੰ ਸੌਂਪ ਦਿੱਤੇ ਜਾਣ ਦੀ ਸੰਭਾਵਨਾ ਹੈ। ਜੇਕਰ ਸਰਕਾਰ ਦੀ ਇਹ ਨੀਤੀ ਪ੍ਰਵਾਨ ਚੜ੍ਹ ਜਾਂਦੀ ਹੈ ਤਾਂ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਵਾਰਸਾਂ ਨੂੰ ਮਾਲੀ ਮਦਦ ਤੋਂ ਇਲਾਵਾ ਹੋਰ ਕਈ ਖੇਤਰਾਂ ਵਿਚ ਰਾਖਵਾਂਕਰਨ ਦੀਆਂ ਸਹੂਲਤਾਂ ਮਿਲ ਸਕਦੀਆਂ ਹਨ। ਕਰਜ਼ੇ ਕਾਰਨ ਖੁਦਕੁਸ਼ੀਆਂ ਕਰ ਚੁੱਕੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ 2 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਫੈਸਲਾ ਤਾਂ ਕੀਤਾ ਹੋਇਆ ਹੈ, ਪਰ ਸਰਕਾਰ ਵਲੋਂ ਇਸ ਸਬੰਧ ਵਿਚ ਕੋਈ ਠੋਸ ਨੀਤੀ ਨਹੀਂ ਬਣਾਈ ਗਈ।

ਸਰਕਾਰ ਵਲੋਂ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਰਾਹੀਂ 1 ਜਨਵਰੀ 2009 ਤੋਂ ਬਾਅਦ ਇਸ ਤਰ੍ਹਾਂ ਦੀ ਘਟਨਾ 'ਤੇ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਹੁਣ ਤਕ ਦੋ ਦਰਜਨ ਦੇ ਕਰੀਬ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਗਿਆ ਹੈ। ਮਾਲ ਤੇ ਮੁੜ ਵਸੇਬਾ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੋਈ ਨੀਤੀ ਨਾ ਹੋਣ ਕਾਰਨ ਅਜਿਹੇ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਵਿਚ ਦਿੱਕਤ ਆ ਰਹੀ ਹੈ। ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਖੁਦਕੁਸ਼ੀਆਂ ਤੋਂ ਪ੍ਰਭਾਵਿਤ ਕਿਸਾਨ ਜਾਂ ਮਜ਼ਦੂਰ ਪਰਿਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਲਈ ਪੱਕੀ ਨੀਤੀ ਬਣਾਈ ਜਾਵੇ। ਇਨ੍ਹਾਂ ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਮੁੱਖ ਮੰਤਰੀ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਰਗੇ ਮੁੱਦੇ ਪ੍ਰਤੀ ਗੰਭੀਰ ਹਨ ਤੇ ਉਨ੍ਹਾਂ ਨੀਤੀ ਦਾ ਖਰੜਾ ਜਲਦੀ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੂੰ ਇਹ ਵੀ ਉਮੀਹ ਹੈ ਕਿ ਰਾਜ ਪੱਧਰ 'ਤੇ ਨੀਤੀ ਬਣਨ ਤੋਂ ਬਾਅਦ ਕੇਂਦਰ ਸਰਕਾਰ ਵੀ ਅਜਿਹੇ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਕਰਨ ਲਈ ਕੋਈ ਕਦਮ ਚੁੱਕ ਸਕਦੀ ਹੈ। ਸਰਕਾਰ ਦੀ ਮੌਜੂਦਾ ਨੀਤੀ ਮੁਤਾਬਕ ਅਤਿਵਾਦ ਅਤੇ '84 ਦੇ ਦੰਗਾ ਪੀੜਤਾਂ ਨੂੰ ਸਰਕਾਰੀ ਨੌਕਰੀਆਂ, ਪਲਾਟਾਂ ਦੀ ਅਲਾਟਮੈਂਟ ਅਤੇ ਹੋਰ ਕਈ ਥਾਈਂ ਰਾਖਵਾਂਕਰਨ ਦੀ ਸਹੂਲਤ ਦਿੱਤੀ ਗਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਵਲੋਂ ਕੀਤੇ ਸਰਵੇਖਣ ਮੁਤਾਬਕ ਪੰਜਾਬ ਦੇ ਦੋ ਜ਼ਿਲਿਆਂ ਸੰਗਰੂਰ ਅਤੇ ਬਠਿੰਡਾ ਵਿਚ ਪਿਛਲੇ 8 ਸਾਲਾਂ ਦੌਰਾਨ 2890 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਪੰਜਾਬ ਸਰਕਾਰ ਵਲੋਂ ਬਾਕੀ ਰਹਿੰਦੇ 18 ਜ਼ਿਲਿਆਂ ਵਿਚ ਕਿਸਾਨਾਂ ਵੱਲੋਂ ਕੀਤੀਆਂ ਖੁਦਕੁਸ਼ੀਆਂ ਦਾ ਸਰਵੇਖਣ ਤਿੰਨਾਂ ਯੂਨੀਵਰਸਿਟੀਆਂ ਪੀ.ਏ.ਯੂ., ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮਾਹਿਰਾਂ ਤੋਂ ਕਰਾਉਣ ਦਾ ਫੈਸਲਾ ਕੀਤਾ ਗਿਆ ਸੀ ਪਰ ਫੰਡ ਦੀ ਘਾਟ ਕਾਰਨ ਅਮਲ ਸਿਰੇ ਨਾ ਲਗਾ।

## ਕਿਸਾਨ ਵਲੋਂ ਖੁਦਕੁਸ਼ੀ

**ਫਿਰੋਜ਼ਪੁਰ:** ਆੜ੍ਹਤੀਏ ਦੇ ਕਰਜ਼ੇ ਤੋਂ ਤੰਗ ਆਏ ਇਕ ਕਿਸਾਨ ਨੇ ਲੰਘੀ 27 ਜਨਵਰੀ ਨੂੰ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਪੁਲਿਸ ਨੇ ਮ੍ਰਿਤਕ ਬਲਵਿੰਦਰ ਸਿੰਘ, ਪੁੱਤਰ ਗੋਪਾਲ ਸਿੰਘ, ਵਾਸੀ ਪਿੰਡ ਘੁੱਦੂਵਾਲਾ, ਥਾਣਾ ਮੱਖੂ ਦੇ ਪੁੱਤਰ ਬਿੱਕਰ ਸਿੰਘ ਦੇ ਬਿਆਨਾਂ 'ਤੇ ਥਾਣਾ ਮੱਖੂ ਵਿਖੇ ਧਾਰਾ 306/34 ਆਈਪੀਸੀ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

ਥਾਣਾ ਮੁਖੀ ਅਨੁਸਾਰ ਇਸ ਸਭ ਤੋਂ ਦੁਖੀ ਕਿਸਾਨ ਬਲਵਿੰਦਰ ਸਿੰਘ ਬੀਤੀ ਰਾਤ ਜਦੋਂ ਸ਼ਹਿਰੋਂ ਵਾਪਸ ਆਇਆ ਤਾਂ ਉਸ ਨੇ ਕੋਈ ਜ਼ਹਿਰੀਲੀ ਦਵਾਈ ਪੀਤੀ ਹੋਈ ਸੀ। ਉਸ ਦੀ ਮਾੜੀ ਹਾਲਤ ਨੂੰ ਦੇਖਦਿਆਂ ਉਸ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ।

# ਸਿੱਧੂ ਮਾਮਲੇ 'ਚ ਅੰਮ੍ਰਿਤਸਰ ਦਾ ਡੀ.ਸੀ. ਦੋਸ਼ ਮੁਕਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕਾਹਨ ਸਿੰਘ ਪੰਨੂ ਨੂੰ ਭਾਜਪਾ ਦੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਵਲੋਂ ਲਗਾਏ ਗਏ ਦੋਸ਼ਾਂ ਦੇ ਮਾਮਲੇ ਵਿਚ ਕਲੀਨ ਚਿੱਟ ਦੇ ਦਿੱਤੀ ਹੈ। ਵਿੱਤ ਕਮਿਸ਼ਨਰ (ਵਿਕਾਸ) ਨਵਰੀਤ ਸਿੰਘ ਕੰਗ ਵਲੋਂ ਮੁੱਖ ਸਕੱਤਰ ਸੁਬੋਧ ਅਗਰਵਾਲ ਨੂੰ ਸੌਂਪੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਅੰਮ੍ਰਿਤਸਰ ਫੇਰੀ ਦੌਰਾਨ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੂੰ ਸੱਦਾ ਪੱਤਰ ਭੇਜੇ ਜਾਣ ਦੇ ਮਾਮਲੇ ਵਿਚ ਕਿਸੇ ਕਿਸਮ ਦੀ ਅਣਗਹਿਲੀ ਨਹੀਂ ਵਰਤੀ ਗਈ।

ਸੂਤਰਾਂ ਮੁਤਾਬਕ ਜਾਂਚ ਰਿਪੋਰਟ ਵਿਚ ਸਕੱਤਰੇਤ ਵਲੋਂ ਸੱਦਾ ਭੇਜੇ ਜਾਣ ਦੀ ਵਿਧੀ ਵਿਚ ਨੁਕਸ ਕੱਢਿਆ ਗਿਆ ਹੈ। ਇਸ ਸੀਨੀਅਰ ਆਈ.ਏ.ਐਸ. ਅਧਿਕਾਰੀ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਸਕੱਤਰੇਤ ਵਲੋਂ ਉਕਤ ਸੰਸਦ ਮੈਂਬਰ ਨੂੰ ਸਮਾਗਮ ਲਈ ਜਿਸ ਤਰ੍ਹਾਂ ਸੱਦਾ ਪੱਤਰ ਭੇਜਿਆ ਗਿਆ ਉਹ ਤਰੀਕਾ ਵੀ ਠੀਕ ਨਹੀਂ ਸੀ ਲੋਕ ਨੁਮਾਇੰਦੇ ਨੂੰ ਅਹਿਮ ਸਮਾਗਮ ਵਿਚ ਸ਼ਿਰਕਤ ਕਰਨ ਲਈ ਸੱਦਣ ਲਈ ਉਚਿਤ ਵਿਧੀ ਅਪਨਾਉਣੀ ਚਾਹੀਦੀ ਹੈ।

ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਵਲੋਂ ਡਿਪਟੀ ਕਮਿਸ਼ਨਰ ਕਾਹਨ ਸਿੰਘ ਪੰਨੂ 'ਤੇ ਸੱਦਾ ਪੱਤਰ ਨਾ ਭੇਜੇ ਜਾਣ ਅਤੇ ਹੋਰ ਕਈ ਤਰ੍ਹਾਂ ਦੇ ਦੋਸ਼ ਲਗਾਏ ਗਏ ਸਨ। ਇਸਤੋਂ ਬਾਅਦ ਮੁੱਖ ਸਕੱਤਰ ਐਸ.ਸੀ. ਅਗਰਵਾਲ ਵਲੋਂ ਵਿੱਤ ਕਮਿਸ਼ਨਰ (ਵਿਕਾਸ) ਐਨ.ਐਸ.ਕੰਗ ਨੂੰ ਸੱਦਾ ਪੱਤਰ ਭੇਜੇ ਜਾਣ ਦੇ ਮਾਮਲੇ ਵਿਚ ਜਾਂਚ ਦੇ ਆਦੇਸ਼ ਦਿੱਤੇ ਸਨ। ਜਾਂਚ ਅਧਿਕਾਰੀ ਵਲੋਂ ਪੜਤਾਲ ਦੌਰਾਨ ਦੇਖਿਆ ਗਿਆ ਕਿ ਖਡੂਰ ਸਾਹਿਬ ਦੇ ਸੰਸਦ ਮੈਂਬਰ ਰਤਨ ਸਿੰਘ ਅਜਨਾਲਾ ਅਤੇ ਅੰਮ੍ਰਿਤਸਰ ਦੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੂੰ ਮੁੱਖ ਸਕੱਤਰ ਦਫਤਰ ਵਲੋਂ ਸਿੱਧੇ ਤੌਰ 'ਤੇ ਸੱਦਾ ਪੱਤਰ ਭੇਜੇ ਗਏ ਸਨ ਜਦੋਂਕਿ ਇਸ ਇਲਾਕੇ ਦੇ ਵਿਧਾਇਕਾਂ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ ਸੱਦਾ ਪੱਤਰ ਭੇਜੇ ਗਏ। ਜਾਂਚ ਅਧਿਕਾਰੀ ਵਲੋਂ ਸਾਰੇ ਸਰਕਾਰੀ ਰਿਕਾਰਡ ਦੀ ਘੋਖ ਕੀਤੀ ਗਈ ਅਤੇ ਕਈ ਵਿਅਕਤੀਆਂ ਦੇ ਬਿਆਨ ਵੀ ਲਏ ਗਏ। ਸੂਤਰਾਂ ਦਾ ਇਹ ਦੱਸਣਾ ਹੈ ਕਿ ਅੰਮ੍ਰਿਤਸਰ ਜ਼ਿਲੇ ਨਾਲ ਸਬੰਧਤ ਵਿਧਾਇਕਾਂ ਅਤੇ ਸੰਸਦ ਮੈਂਬਰ ਸ੍ਰੀ ਅਜਨਾਲਾ ਨੇ ਸੱਦਾ ਪੱਤਰ ਮਿਲਣ ਦੀ ਗੱਲ ਕਬੂਲ ਕੀਤੀ ਜਦੋਂਕਿ ਸ੍ਰੀ ਸਿੱਧੂ ਨੇ ਸੱਦਾ ਪੱਤਰ ਨਾ ਭੇਜੇ ਜਾਣ ਦੇ ਦੋਸ਼ ਲਗਾਏ ਸਨ। ਸ੍ਰੀ ਕੰਗ ਨੇ ਬੀਤੀ 31 ਜਨਵਰੀ ਨੂੰ ਗੱਲਬਾਤ ਦੌਰਾਨ ਰਿਪੋਰਟ ਦਿੱਤੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਦਾ ਇਸ ਮਾਮਲੇ ਵਿਚ ਕੋਈ ਦੋਸ਼ ਸਾਹਮਣੇ ਨਹੀਂ ਆਇਆ। ਵਿੱਤ ਕਮਿਸ਼ਨਰ (ਵਿਕਾਸ) ਵਲੋਂ ਆਪਣੀ ਰਿਪੋਰਟ ਵਿਚ ਡਿਪਟੀ ਕਮਿਸ਼ਨਰ ਨੂੰ ਕਲੀਨ ਚਿੱਟ ਦੇਣ ਨਾਲ ਵੱਡੀ ਰਾਹਤ ਮਿਲ ਗਈ ਹੈ ਕਿਉਂਕਿ ਨਵਜੋਤ ਸਿੰਘ ਸਿੱਧੂ ਨੇ ਆਪਣੀ ਇਸ ਸ਼ਿਕਾਇਤ ਵਿਚ ਦੋਸ਼ ਲਾਇਆ ਹੈ ਕਿ ਡਿਪਟੀ ਕਮਿਸ਼ਨਰ ਨੇ ਲੋਕ ਪ੍ਰਤੀਨਿਧ ਦੀ ਤੌਹੀਨ ਕੀਤੀ ਹੈ।

ਪਾਰਲੀਮੈਂਟ ਵਿਚ ਇਹ ਮਾਮਲਾ ਅਜੇ ਬਕਾਇਆ ਪਿਆ ਹੈ। ਜ਼ਿਕਰਯੋਗ ਹੈ ਕਿ ਨਵਜੋਤ ਸਿੱਧੂ ਨੇ ਡਿਪਟੀ ਕਮਿਸ਼ਨਰ 'ਤੇ ਸੱਦਾ ਨਾ ਭੇਜੇ ਜਾਣ ਅਤੇ ਉਨ੍ਹਾਂ ਨੂੰ ਕੈਨੇਡੀਅਨ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਦਰਬਾਰ ਸਾਹਿਬ ਵਿਚ ਫੇਰੀ ਦੌਰਾਨ ਉਨ੍ਹਾਂ ਤੋਂ 200 ਫੁੱਟ ਦੂਰ ਰਹਿਣ ਲਈ ਕਹੇ ਜਾਣ ਦੇ ਦੋਸ਼ ਲਾਏ ਸਨ। ਸ੍ਰੀ ਪੰਨੂ ਨੇ ਕਿਹਾ ਕਿ ਸੱਦਾ ਪੱਤਰ ਸਰਕਾਰ ਦੇ ਪੱਧਰ 'ਤੇ ਹੀ ਭੇਜੇ ਗਏ ਸਨ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਕਿਹੋ ਜਿਹਾ ਹੋਵੇ ਪੰਜਾਬ ਦਾ ਬਣ ਰਿਹਾ ਵਿਰਾਸਤੀ ਪਿੰਡ?**

-ਕਿਤੇ ਸੁਖਬੀਰ ਬਾਦਲ ਨੂੰ ਨਾ ਪੁੱਛ ਲਿਓ, ਉਹਨੇ ਕਹਿਣਾ ਕੈਲੀਫੋਰਨੀਆ ਦੇ ਪਿੰਡਾਂ ਵਰਗਾ।

***ਆਮ ਆਦਮੀ ਨੂੰ ਪ੍ਰਭਾਵਿਤ ਕੀਤੇ ਬਿਨਾ ਪੰਜਾਬ ਸਰਕਾਰ 4000 ਕਰੋੜ ਰੁਪਏ ਦੀ ਵਾਧੂ ਆਮਦਨ ਪੈਦਾ ਕਰੇਗੀ**

-ਕਿਵੇਂ? ਕੋਈ ਨੇਤਾ ਆਪਣਾ ਸਵਿਸ ਬੈਂਕ ਦਾ ਖਾਤਾ ਦਾਨ ਕਰਨ ਲੱਗਿਐ?

***ਉਲੰਪਿਕ ਜੇਤੂ ਅਭਿਨਵ ਬਿੰਦਰਾ ਨੂੰ ਕੀਤਾ ਦੋ ਵਿਸ਼ਵ ਕੱਪਾਂ ਤੋਂ ਬਾਹਰ**

-ਸੋਨ ਤਮਗਾ ਜਿੱਤ ਕੇ ਬਾਕੀ ਦੇ ਖਿਡਾਰੀਆਂ ਨੂੰ ਸ਼ਰਮਸਾਰ ਕਰਨ ਦੀ ਸਜ਼ਾ ਹੋਊ।

***ਆਰ. ਐਸ. ਐਸ. ਵਲੋਂ ਸਿੱਖਾਂ ਦੀ ਵੱਖਰੀ ਪਛਾਣ 'ਤੇ ਇਤਰਾਜ਼**

-ਨਾਨਕਸ਼ਾਹੀ ਕੈਲੰਡਰ ਨੂੰ ਸੋਧਾਂ ਲਾਉਣ ਵਾਲਿਆਂ ਨਾਲ ਸੰਪਰਕ ਕਰੋ। ਉਹ ਤੁਹਾਡਾ ਇਹ ਇਤਰਾਜ਼ ਵੀ ਦੂਰ ਕਰਵਾ ਦੇਣਗੇ।

***ਸੁਖਬੀਰ ਵਲੋਂ ਪਰਵਾਸੀਆਂ ਨੂੰ ਨਿਵੇਸ਼ ਕਰਨ ਦਾ ਸੱਦਾ**

-ਹਵਾਈ ਟਿਕਟ ਜੋਗੇ ਪੈਸੇ ਜੋੜ ਲਈਏ, ਫਿਰ ਕਰਾਂਗੇ ਨਿਵੇਸ਼ ਆ ਕੇ ਸੁਖਬੀਰ ਜੀ!

***ਸਿਆਸਤ ਵਿਚ ਸਿਆਣੇ ਤੇ ਬੁੱਧੀਮਾਨ ਲੋਕ ਨਹੀਂ ਆ ਰਹੇ-ਡਾ. ਮਨਮੋਹਨ ਸਿੰਘ**

-ਸੰਗਦੇ ਐ ਜੀ, ਬਈ ਜੇ ਪਾਰਲੀਮੈਂਟ ਵਿਚ ਪਹੁੰਚ ਵੀ ਗਏ ਤਾਂ ਕਬਜ਼ਾ ਜਮਾਈ ਬੈਠੇ ਕਾਤਲਾਂ, ਡਾਕੂਆਂ, ਬਲਾਤਕਾਰੀਆਂ ਤੇ ਲੱਠਮਾਰਾਂ ਬਰਾਬਰ ਬੈਠਾਂਗੇ ਕਿਵੇਂ!

***ਨਿਲਾਮ ਹੋ ਗਿਆ ਜਲੰਧਰ ਦਾ ਸਰਕਟ ਹਾਊਸ**

-ਝੁੱਲ ਗਈ ਵਿਕਾਸ ਦੀ ਹਨੇਰੀ!


WELLS FARGO | HOME MORTGAGE

**Your goals deserve our attention**

**Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit**

- Priority Buyer ® preapproval
- Low down payment options for qualified borrowers
- Purchases and refinances



*Contact **Jag Jiwan Bhangu** to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**

EQUAL HOUSING LENDER

1. Available on qualified purchase transactions. Other terms and conditions apply. See a homemortgage consultant for details.Wells Fargo Home Mortgage is a division of Wells Fargo Bank, N.A.



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers




Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

REALTY WORLD Millennium

**Gurbans Gill 209-815-1869**

# ਰਾਜ ਸਭਾ ਮੈਂਬਰ ਬਣਨ ਲਈ ਸਿਆਸੀ ਦਾਅ ਪੇਚ ਸ਼ੁਰੂ

**ਚੰਡੀਗੜ੍ਹ:** ਪੰਜਾਬ ਦੀਆਂ ਅਪ੍ਰੈਲ ਤੇ ਜੁਲਾਈ ਮਹੀਨੇ ਵਿਚ ਰਾਜ ਸਭਾ ਦੀਆਂ ਸੱਤ ਸੀਟਾਂ ਖ਼ਾਲੀ ਹੋ ਰਹੀਆਂ ਹਨ। ਇਨ੍ਹਾਂ ਸੀਟਾਂ ਵਿਚੋਂ ਅਕਾਲੀ-ਭਾਜਪਾ ਗਠਜੋੜ ਨੂੰ ਚਾਰ ਅਤੇ ਕਾਂਗਰਸ ਨੂੰ ਤਿੰਨ ਸੀਟਾਂ ਮਿਲਣਾ ਤੈਅ ਹੈ। ਮਿਲੀ ਜਾਣਕਾਰੀ ਅਨੁਸਾਰ 9 ਅਪ੍ਰੈਲ ਨੂੰ ਕੇਂਦਰੀ ਖੇਡ ਮੰਤਰੀ ਮਨੋਹਰ ਸਿੰਘ ਗਿੱਲ, ਸਾਬਕਾ ਕੇਂਦਰੀ ਰਾਜ ਮੰਤਰੀ ਅਸ਼ਵਨੀ ਕੁਮਾਰ ਤੇ ਧਰਮਪਾਲ ਸਭਰਵਾਲ ਦੀ ਰਾਜ ਸਭਾ ਮੈਂਬਰੀ ਖ਼ਤਮ ਹੋ ਰਹੀ ਹੈ ਜਦਕਿ ਅਕਾਲੀ ਦਲ ਦੇ ਨਰੇਸ਼ ਗੁਜਰਾਲ ਪੁੱਤਰ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੇ ਵਰਿੰਦਰ ਸਿੰਘ ਬਾਜਵਾ ਵੀ ਇਸੇ ਦਿਨ ਹੀ ਰਾਜ ਸਭਾ ਮੈਂਬਰੀ ਤੋਂ ਵਿਹਲੇ ਹੋ ਰਹੇ ਹਨ। ਨਿਯਮਾਂ ਅਨੁਸਾਰ ਇਨ੍ਹਾਂ ਪੰਜ ਸੀਟਾਂ 'ਚੋਂ ਤਿੰਨ ਅਕਾਲੀ-ਭਾਜਪਾ ਦੇ ਖਾਤੇ 'ਚ ਆ ਗਈਆਂ ਹਨ ਜਿਸ ਕਰ ਕੇ ਅਕਾਲੀ-ਭਾਜਪਾ 'ਚ ਰਾਜ ਸਭਾ ਮੈਂਬਰ ਬਣਨ ਦੀ ਦੌੜ ਸ਼ੁਰੂ ਹੋ ਗਈ ਹੈ।






ਅਕਾਲੀ ਦਲ ਵਿਚ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ, ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਤੇ ਨਰੇਸ਼ ਗੁਜਰਾਲ ਮੁੱਖ ਦਾਅਵੇਦਾਰ ਹਨ ਜਿਨ੍ਹਾਂ ਦੇ ਨਾਮ ਕੱਟਣੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲਈ ਵੀ ਔਖੇ ਹਨ। ਸ.ਢੀਂਡਸਾ ਸੰਗਰੂਰ ਅਤੇ ਸ. ਅਟਵਾਲ ਫ਼ਤਿਹਗੜ੍ਹ ਸਾਹਿਬ ਲੋਕ ਸਭਾ ਸੀਟ ਹਾਰ ਗਏ ਸਨ। ਇਸ ਦੌਰਾਨ ਸ. ਬਾਦਲ ਦੇ ਕੁੜਮ ਸਤਿਆਜੀਤ ਸਿੰਘ ਮਜੀਠੀਆ ਦੇ ਵੀ ਚਰਚੇ ਹਨ। ਸ. ਮਜੀਠੀਆ, ਹਰਸਿਮਰਤ ਕੌਰ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਦੇ ਪਿਤਾ ਹਨ। ਇਹ ਵੀ ਹੋ ਸਕਦਾ ਹੈ ਕਿ ਲੋਕ ਸਭਾ 'ਚ ਪੁੱਤਰੀ ਤੇ ਰਾਜ ਸਭਾ ਵਿਚ ਪਿਉ ਪੰਜਾਬ ਦੇ ਮਾਮਲਿਆਂ ਨੂੰ ਲੈ ਕੇ ਗਰਜਣ। ਸ. ਅਟਵਾਲ ਦਲਿਤ ਲੀਡਰ ਹਨ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਹਨ ਅਤੇ ਇਸ ਵੇਲੇ ਇਸ ਕੱਦ ਦੇ ਮੁਕਾਬਲੇ ਅਕਾਲੀ ਦਲ 'ਚ ਹੋਰ ਕੋਈ ਦਲਿਤ ਆਗੂ ਨਹੀਂ ਹੈ ਜਦਕਿ ਬਾਦਲ ਪਰਵਾਰ ਦੇ ਗੁਜਰਾਲ ਪਰਵਾਰ ਨਾਲ ਬਹੁਤ ਗੂੜ੍ਹੇ ਸਬੰਧ ਹੋ ਗਏ ਹਨ ਅਤੇ ਸ੍ਰੀ ਗੁਜਰਾਲ ਨੇ ਦਿੱਲੀ ਬੈਠਿਆਂ ਅਕਾਲੀ ਦਲ ਨੂੰ ਕਈ ਨਾਜ਼ੁਕ ਤੇ ਅਹਿਮ ਮਸਲਿਆਂ ਤੋਂ ਰਾਹਤ ਪਹੁੰਚਾਈ ਹੈ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਲਈ ਸੀਨੀਅਰ ਆਗੂ ਬਲਰਾਮਜੀ ਦਾਸ ਟੰਡਨ ਤੋਂ ਇਲਾਵਾ ਚੰਡੀਗੜ੍ਹ ਤੋਂ ਸਾਬਕਾ ਲੋਕ ਸਭਾ ਮੈਂਬਰ ਸੱਤਪਾਲ ਜੈਨ ਵੀ ਪੂਰਾ ਜ਼ੋਰ ਲਗਾ ਰਹੇ ਹਨ। ਟੰਡਨ ਪਰਿਵਾਰ ਨਾਲ ਭਾਜਪਾ ਨੇ ਸਾਲ 2007 ਦੀ ਐਸੰਬਲੀ ਦੌਰਾਨ ਹੋਰ ਕੋਈ ਸਿਆਸੀ ਰੁਤਬਾ ਦੇਣ ਦਾ ਵਾਅਦਾ ਕੀਤਾ ਸੀ ਕਿਉਂਕਿ ਉਸ ਸਮੇਂ ਵਿਧਾਨ ਸਭਾ ਸੀਟ ਰਾਜਪੁਰਾ ਤੋਂ ਸ੍ਰੀ ਟੰਡਨ ਨੂੰ ਛੱਡ ਕੇ ਕਾਂਗਰਸ 'ਚੋਂ ਆਏ ਰਾਜ ਕੁਮਾਰ ਖੁਰਾਣਾ ਨੂੰ ਦਿਤੀ ਗਈ। ਸ੍ਰੀ ਟੰਡਨ ਆਪਣੇ ਪੁੱਤਰ ਸੰਜੇ ਟੰਡਨ ਲਈ ਟਿਕਟ ਦੀ ਮੰਗ ਕਰਦੇ ਸਨ ਜਿਨ੍ਹਾਂ ਨੂੰ ਹੁਣ ਭਾਜਪਾ ਨੇ ਚੰਡੀਗੜ੍ਹ ਭਾਜਪਾ ਦਾ ਪ੍ਰਧਾਨ ਬਣਾ ਦਿਤਾ ਹੈ। ਇਸ ਕਰ ਕੇ ਟੰਡਨ ਪਰਵਾਰ ਦੇ ਮੌਕੇ ਘੱਟ ਗਏ ਹਨ ਪਰ ਦਾਅ ਲੱਗ ਵੀ ਸਕਦਾ ਹੈ। ਵੈਸੇ ਇਸ ਵੇਲੇ ਵੀ ਫ਼ੈਸਲਾ ਆਰ.ਐਸ.ਐਸ. ਨੇ ਕਰਨਾ ਹੈ ਅਤੇ ਫਿਰ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਨਾਂ 'ਤੇ ਮੋਹਰ ਲਗਾ ਦੇਣੀ ਹੈ। ਭਾਜਪਾ ਨੂੰ ਇਕ ਸੀਟ ਮਿਲਣੀ ਹੈ ਜੋ ਅਪ੍ਰੈਲ ਜਾਂ ਫਿਰ ਜੁਲਾਈ ਮਹੀਨੇ ਵਿਚ ਖ਼ਾਲੀ ਹੋਣ ਵਾਲੀਆਂ ਸੀਟਾਂ ਵਿਚੋਂ ਇਕ ਸੀਟ ਮਿਲਣੀ ਤੈਅ ਹੈ। ਦੂਜੇ ਪਾਸੇ ਕਾਂਗਰਸ ਦੇ ਹਿੱਸੇ 'ਚ ਤਿੰਨ ਸੀਟਾਂ ਆ ਰਹੀਆਂ ਹਨ। 10 ਜੁਲਾਈ ਨੂੰ ਅਕਾਲੀ ਮੈਂਬਰ ਰਾਜ ਮੋਹਿੰਦਰ ਸਿੰਘ ਮਜੀਠਾ ਤੇ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅੰਬਿਕਾ ਸੋਨੀ ਦੀ ਮੈਂਬਰੀ ਖ਼ਤਮ ਹੋ ਰਹੀ ਹੈ। ਇਸ ਕਰ ਕੇ ਦੋ ਸੀਟਾਂ 'ਤੇ ਕੇਂਦਰੀ ਮੰਤਰੀ ਸ. ਗਿੱਲ ਤੇ ਸ੍ਰੀਮਤੀ ਸੋਨੀ ਮੁੜ ਕਾਬਜ਼ ਹੋ ਸਕਦੇ ਹਨ ਅਤੇ ਤੀਜੀ ਸੀਟ ਲਈ ਹਾਲੇ ਸਾਬਕਾ ਲੋਕ ਸਭਾ ਮੈਂਬਰ ਰਾਣਾ ਗੁਰਜੀਤ ਸਿੰਘ ਹੀ ਉਭਰ ਕੇ ਸਾਹਮਣੇ ਬਾਹਰ ਆਏ ਹਨ। ਸ੍ਰੀ ਧਰਮਪਾਲ ਸਭਰਵਾਲ ਦਲਿਤ ਆਗੂ ਸਨ ਜਿਸ ਕਰ ਕੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਦਾ ਵੀ ਨੰਬਰ ਲੱਗ ਸਕਦਾ ਹੈ। ਵੈਸੇ ਕਾਂਗਰਸ ਹਾਈ ਕਮਾਂਡ ਲਈ ਵੀ ਬਹੁਤ ਔਖੀ ਘੜੀ ਹੈ ਕਿਉਂਕਿ ਸੀਟਾਂ ਤਿੰਨ ਹਨ ਅਤੇ ਉਮੀਦਵਾਰ ਹੌਲੀ-ਹੌਲੀ ਬਾਹਰ ਨਿਕਲਣੇ ਸ਼ੁਰੂ ਹੋ ਗਏ ਹਨ। ਦੂਜੇ ਪਾਸੇ ਅਕਾਲੀ ਦਲ 'ਚ ਇਸ ਤਰ੍ਹਾਂ ਦਾ ਕੋਈ ਸਿਆਸੀ ਪੰਗਾ ਨਹੀਂ ਹੈ। ਫ਼ੈਸਲਾ ਬਾਦਲ ਪਰਵਾਰ ਨੇ ਕਰਨਾ ਹੈ ਜੋ ਸਾਰਿਆਂ ਦੇ ਸਿਰ ਮੱਥੇ ਹੁੰਦਾ ਹੈ।

## ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਦੀ ਚੋਣ ਹੋਈ ਮੁਲਤਵੀ

**ਚੰਡੀਗੜ੍ਹ :** ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਨਵੇਂ ਪ੍ਰਧਾਨ ਲਈ ਲੰਘੀ 31 ਜਨਵਰੀ ਨੂੰ ਹੋਣ ਵਾਲੀ ਚੋਣ ਮੁਲਤਵੀ ਹੋ ਗਈ ਸੀ। ਮਿਲੀ ਜਾਣਕਾਰੀ ਅਨੁਸਾਰ ਚੋਣ ਮੁਲਤਵੀ ਹੋਣ ਦਾ ਮੁੱਖ ਕਾਰਨ ਪਾਰਟੀ ਪ੍ਰਧਾਨ ਲਈ ਅੱਗੇ ਆ ਰਹੇ ਨਾਵਾਂ ਤੇ ਪਾਰਟੀ ਦਾ ਇੱਕਮੱਤ ਨਾ ਹੋਣਾ ਹੈ। ਦੱਸਿਆ ਜਾ ਰਿਹਾ ਹੈ ਕਿ ਨਵੇਂ ਪਾਰਟੀ ਪ੍ਰਧਾਨ ਲਈ ਚਾਰ ਮੁੱਖ ਸੀਨੀਅਰ ਭਾਜਪਾ ਲੀਡਰਾਂ ਦੇ ਨਾਂ ਅੱਗੇ ਆ ਰਹੇ ਹਨ। ਪੰਜਾਬ ਭਾਜਪਾ ਦੇ ਜਨਰਲ ਸਕੱਤਰ ਕਮਲ ਸ਼ਰਮਾ, ਅਸ਼ਵਨੀ ਸ਼ਰਮਾ ਤੋਂ ਇਲਾਵਾ ਪੰਜਾਬ ਭਾਜਪਾ ਦੇ ਸਕੱਤਰ ਸੁਭਾਸ਼ ਭਠੇਜਾ ਤੇ ਸਾਬਕਾ ਸਾਂਸਦ ਅਵਿਨਾਸ਼ ਰਾਏ ਖੰਨਾ ਦੇ ਨਾਂ ਪ੍ਰਧਾਨਗੀ ਲਈ ਸਾਹਮਣੇ ਆ ਰਹੇ ਹਨ, ਪਰ ਭਾਜਪਾ ਹਾਈ ਕਮਾਂਡ ਚਾਹੁੰਦੀ ਹੈ ਕਿ ਇਨ੍ਹਾਂ 'ਚੋਂ ਕਿਸੇ ਇੱਕ ਅਜਿਹੇ ਵਿਅਕਤੀ ਨੂੰ ਪ੍ਰਧਾਨ ਬਣਾਇਆ ਜਾਵੇ, ਜਿਸ ਸਬੰਧੀ ਸਾਰਿਆਂ ਦੀ ਇੱਕ ਰਾਏ ਹੋਵੇ ਤੇ ਜੋ ਅਕਾਲੀ ਦਲ ਨਾਲ ਵੀ ਮਿੱਠੇ ਸਬੰਧ ਕਾਇਮ ਰੱਖਣ ਦੇ ਸਮਰੱਥ ਹੋਵੇ। ਸੂਤਰਾਂ ਅਨੁਸਾਰ ਇਸ ਸਬੰਧੀ ਗੱਲਬਾਤ ਕਰਨ ਲਈ ਹਾਈਕਮਾਂਡ ਵਲੋਂ ਮਨੋਰੰਜਨ ਕਾਲੀਆ ਤੇ ਪ੍ਰੋ. ਰਜਿੰਦਰ ਭੰਡਾਰੀ ਸਮੇਤ ਕੁਝ ਸੀਨੀਅਰ ਭਾਜਪਾ ਲੀਡਰਾਂ ਨੂੰ ਦਿੱਲੀ ਸੱਦਿਆ ਗਿਆ ਸੀ, ਪਰ ਕਿਸੇ ਇੱਕ ਵਿਅਕਤੀ ਦੇ ਨਾਂ 'ਤੇ ਸਹਿਮਤੀ ਨਾ ਬਣਨ ਕਾਰਨ ਇਹ ਚੋਣ ਮੁਲਤਵੀ ਕਰ ਦਿੱਤੀ ਗਈ।




## ਕੈਪਟਨ / ਭੱਠਲ ਦਰਮਿਆਨ ਤੂੰ-ਤੂੰ ਮੈਂ ਮੈਂ ਵੀ ਤੇ ਸੁਲਾਹ ਵੀ


**ਲਹਿਰਾਗਾਗਾ :** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਨੂੰ ਵਿਹਲੇ ਫਿਰ ਰਹੇ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਲੀ ਵਿਚ 'ਐਡਜਸਟ' ਕਰਨਾ ਚਾਹੀਦਾ ਹੈ ਕਿਉਂਕਿ ਉਹ 'ਫਾਈਵ ਸਟਾਰ ਕਲਚਰ' ਦੇ ਪੁਰਾਣੇ ਸ਼ੌਕੀਨ ਹਨ। ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਬਣਾ ਦੇਣਾ ਚਾਹੀਦਾ ਹੈ।ਬੀਤੀ 31 ਜਨਵਰੀ ਨੂੰ ਇਥੇ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਭੱਠਲ ਨੇ ਕੈਪਟਨ ਅਮਰਿੰਦਰ ਸਿੰਘ ਵਲੋਂ ਉਨ੍ਹਾਂ ਨੂੰ ਰਾਜ ਸਭਾ 'ਚ ਭੇਜਣ ਸਬੰਧੀ ਦਿੱਤੇ ਬਿਆਨ 'ਤੇ ਤਿੱਖਾ ਪ੍ਰਤੀਕਰਮ ਦਿਖਾਉਂਦਿਆਂ ਕਿਹਾ ਕਿ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਉਨ੍ਹਾਂ ਨੂੰ ਬਾਕਾਇਦਾ ਜ਼ਿੰਮੇਵਾਰੀ ਦਿੱਤੀ ਹੈ ਪਰ ਕੈਪਟਨ ਅਮਰਿੰਦਰ ਸਿੰਘ ਵਿਹਲੇ ਫਿਰ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ 'ਚ ਪਾਰਟੀ ਪ੍ਰਧਾਨ ਦੇ ਅਹੁਦੇ ਲਈ ਬੇਸ਼ੱਕ ਉਹ ਦਾਅਵੇਦਾਰ ਨਹੀਂ ਹਨ ਪਰ ਜੇ ਚੋਣਾਂ ਹੁੰਦੀਆਂ ਹਨ ਤਾਂ ਉਹ ਹਰ ਮੁਕਾਬਲੇ ਲਈ ਪੂਰੀ ਤਰ੍ਹਾਂ ਤਿਆਰ ਹਨ। ਕੈਪਟਨ ਅਮਰਿੰਦਰ ਸਿੰਘ ਨੂੰ ਸਲਾਹ ਦਿੰਦਿਆਂ ਬੀਬੀ ਭੱਠਲ ਨੇ ਕਿਹਾ ਕਿ ਉਹ ਕਦੇ ਆਪਣੇ ਤੋਂ ਉੱਚਾ ਉਠ ਕੇ ਸੋਚਣ। ਸਾਨੂੰ ਕਿੰਗ ਬਣਨ ਦੀ ਥਾਂ ਕਿੰਗ ਮੇਕਰ ਬਣਨ ਦੀ ਸੋਚ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਹੁਦੇ ਦੀ ਗਰਜ ਨਾਲ ਕੰਮ ਦੀ ਥਾਂ ਕਾਂਗਰਸ ਦਾ ਸਾਧਾਰਨ ਮੈਂਬਰ ਬਣ ਕੇ ਦਿਖਾਉਣਾ ਹੀ ਵੱਡੀ ਗੱਲ ਹੈ।

ਯਾਦ ਰਹੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਬੀਬੀ ਭੱਠਲ ਉਨ੍ਹਾਂ ਨਾਲੋਂ ਸੀਨੀਅਰ ਆਗੂ ਹੈ ਉਸ ਨੂੰ ਰਾਜ ਸਭਾ ਵਿਚ ਭੇਜਿਆ ਜਾਣਾ ਚਾਹੀਦਾ ਹੈ। ਇਸ ਦੌਰਾਨ ਬੀਬੀ ਰਾਜਿੰਦਰ ਕੌਰ ਭੱਠਲ ਕੈਪਟਨ ਅਮਰਿੰਦਰ ਸਿੰਘ ਦੀ ਮਾਤਾ ਨੂੰ ਵੀ ਮਿਲ ਆਈ ਹੈ ਅਤੇ ਰਾਜਨੀਤਿ ਹਲਕੇ ਇਸ ਨੂੰ ਦਿਲਚਸਪੀ ਨਾਲ ਵੇਖ ਰਹੇ ਹਨ।

East to West Realty
A Real Estate & Investment Agency
ਦਿਆਨਤਦਾਰ ਅਤੇ ਭਰੋਸੇਮੰਦ ਰੀਅਲ ਐਸਟੇਟ ਸੇਵਾਵਾਂ ਲਈ ਕਾਲ ਕਰੋ
(916) 501-3974
(916) 729-5453
Email:nandsbrar@gmail.com
Hiring New Realtors

Nand S. Brar
Broker/Owner
DRE Lic No: 01816328


Wanted
Used Restaurant & Equipment
A sandwich shop is looking for used restaurant & equipment (Chairs & Tables etc.) in good shape. Please call
209-495-3905 or 916-216-4200
ਪੁਰਾਣਾ ਰੈਸਟੋਰੈਂਟ ਫਰਨੀਚਰ ਚਾਹੀਦਾ ਹੈ
ਸੈਂਟਰਲ ਕੈਲੀਫੋਰਨੀਆ ਵਿਚ ਇਕ ਸੈਂਡਵਿਚ ਸ਼ਾਪ ਲਈ ਪੁਰਾਣਾ ਰੈਸਟੋਰੈਂਟ ਫਰਨੀਚਰ (ਕੁਰਸੀਆਂ, ਮੇਜ ਵਗੈਰਾ) ਅਤੇ ਹੋਰ ਸਾਜ਼ੋ-ਸਾਮਾਨ ਜੋ ਅੱਛੀ ਹਾਲਤ ਵਿਚ ਹੋਵੇ, ਚਾਹੀਦਾ ਹੈ।
ਸੰਪਰਕ ਕਰੋ
209-495-3905 ਜਾਂ 916-216-4200

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???

ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ

✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿੰਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ
ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com
We Work in All 50 States

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਜਥੇਬੰਦੀਆਂ ਵਲੋਂ ਅਕਾਲ ਤਖਤ ਦੇ ਹੁਕਮਨਾਮੇ ਨੂੰ ਚੁਣੌਤੀ

*(ਸਫਾ ਇਕ ਦੀ ਬਾਕੀ)*

ਪ੍ਰਗਟਾਈ ਗਈ।

2 ਫਰਵਰੀ ਨੂੰ ਹੋਏ ਇਸ ਪ੍ਰੋਗਰਾਮ ਦੌਰਾਨ ਜਾਰੀ ਕੀਤੇ ਗਏ ਮਤੇ 'ਚ ਅਕਾਲ ਤਖਤ ਵਲੋਂ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਨਾਮਨਜ਼ੂਰ ਕਰਨ ਦਾ ਐਲਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪ੍ਰੋ. ਦਰਸ਼ਨ ਸਿੰਘ ਵਲੋਂ ਦਸਮ ਗ੍ਰੰਥ ਦੇ ਅਧਾਰ 'ਤੇ ਗੁਰੂ ਗੋਬਿੰਦ ਸਿੰਘ ਬਾਰੇ ਨਿਰਾਦਰ ਭਰੀਆਂ ਟਿਪਣੀਆਂ ਕਰਨ ਦੇ ਦੋਸ਼ਾਂ 'ਚ ਉਨ੍ਹਾਂ ਨੂੰ ਅਕਾਲ ਤਖਤ ਵਲੋਂ ਪਿਛਲੇ ਦਿਨੀਂ ਪੰਥ 'ਚੋਂ ਛੇਕਦਿਆਂ ਜਥੇਦਾਰਾਂ ਵਲੋਂ ਉਨ੍ਹਾਂ ਦੇ ਸਮਾਜਿਕ ਬਾਈਕਾਟ ਦਾ ਸੱਦਾ ਦਿੰਦਿਆਂ ਸਿੱਖਾਂ ਨੂੰ ਉਨ੍ਹਾਂ ਨਾਲ ਰੋਟੀ ਬੇਟੀ ਦੀ ਸਾਂਝ ਵੀ ਨਾ ਕਰਨ ਲਈ ਕਿਹਾ ਗਿਆ ਸੀ। ਪਰ ਇਥੇ ਪ੍ਰੋ. ਦਰਸ਼ਨ ਸਿੰਘ ਨੂੰ ਬੁਲਾ ਕੇ ਕੁਝ ਸਿੱਖ ਸੰਗਠਨਾਂ ਵਲੋਂ ਜਿਸ ਤਰ੍ਹਾਂ ਅਕਾਲ ਤਖਤ ਦੇ ਹੁਕਮਨਾਮੇ ਦਾ ਖੁੱਲ੍ਹੇਆਮ ਉਲੰਘਣ ਕਰਕੇ ਜਥੇਦਾਰਾਂ ਦੇ ਆਦੇਸ਼ਾਂ ਦੀਆਂ ਧੱਜੀਆਂ ਉਡਾਈਆਂ ਗਈਆਂ ਇਸ ਤਰ੍ਹਾਂ ਸ਼ਾਇਦ ਅਕਾਲ ਤਖਤ ਦੇ ਇਤਿਹਾਸ 'ਚ ਪਹਿਲਾਂ ਕਦੇ ਨਾ ਹੋਇਆ ਹੋਵੇ। ਪਹਿਲੀ ਵਾਰ ਸਿੱਖ ਸੰਗਠਨਾਂ, ਜਿਨ੍ਹਾਂ 'ਚ ਕਈ ਉਘੇ ਸਿੱਖ ਵਿਦਵਾਨ, ਐਡਵੋਕੇਟ ਤੇ ਵੱਖ-ਵੱਖ ਸਿੱਖ ਲਹਿਰਾਂ ਨਾਲ ਜੁੜੇ ਪੁਰਾਣੇ ਨੇਤਾ ਸ਼ਾਮਲ ਸਨ, ਨੇ ਅਕਾਲ ਤਖਤ ਦੇ ਹੁਕਮਨਾਮੇ ਨੂੰ ਸਿੱਧੀ ਚੁਣੌਤੀ ਦਿੱਤੀ ਹੈ।

ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਨ ਵਾਲੇ ਬੁਲਾਰਿਆਂ ਨੇ ਇਸ ਨੂੰ ਇਕ ਨਵੇਂ ਸਿੱਖ ਇਨਕਲਾਬ ਦੀ ਸ਼ੁਰੂਆਤ ਦੱਸਿਆ ਹੈ। ਭਾਵੇਂ ਅਕਾਲ ਤਖਤ ਦੇ ਹੁਕਮਨਾਮੇ ਦੇ ਉਲੰਘਣ ਕਾਰਨ ਅਕਾਲੀ ਦਲ ਸਮਰਥਕ ਸਿੱਖ ਸੰਗਠਨਾਂ ਵਲੋਂ ਪ੍ਰੋ. ਦਰਸ਼ਨ ਸਿੰਘ ਦੇ ਪ੍ਰੋਗਰਾਮ ਦਾ ਵਿਰੋਧ ਕੀਤੇ ਜਾਣ ਦੀ ਸੰਭਾਵਨਾ ਦੇ ਮੱਦੇਨਜ਼ਰ ਚੰਡੀਗੜ੍ਹ ਪੁਲਿਸ ਨੇ ਪਹਿਲਾਂ ਹੀ ਪ੍ਰੋਗਰਾਮ ਵਾਲੇ ਸਥਾਨ ਨੂੰ ਘੇਰੇ 'ਚ ਲੈ ਕੇ ਸਖਤ ਪ੍ਰਬੰਧ ਕੀਤੇ ਸਨ ਪਰ ਕੋਈ ਵੀ ਸੰਗਠਨ ਇਸ ਦੇ ਵਿਰੋਧ 'ਚ ਸਾਹਮਣੇ ਨਹੀਂ ਆਇਆ।

ਜ਼ਿਕਰਯੋਗ ਹੈ ਕਿ ਪ੍ਰੋ. ਦਰਸ਼ਨ ਸਿੰਘ ਨੂੰ ਅਕਾਲ ਤਖਤ 'ਤੋਂ ਛੇਕੇ ਹੋਣ ਦੇ ਬਾਵਜੂਦ ਪ੍ਰੋਗਰਾਮ ਦੌਰਾਨ ਸੈਂਕੜੇ ਸਿੱਖ ਉਨ੍ਹਾਂ ਨਾਲ ਫੋਟੋਆਂ ਖਿਚਵਾਉਣ ਤੇ ਆਪਣਾ ਸਮਰਥਨ ਜੁਟਾਉਣ ਲਈ ਉਨ੍ਹਾਂ ਦੇ ਮੂੰਹ 'ਚ ਰੋਟੀ ਦੀਆਂ ਬੁਰਕੀਆਂ ਤਕ ਪਾਉਣ 'ਚ ਲੱਗੇ ਰਹੇ। ਇਸ ਸਮਾਗਮ 'ਚ ਸ਼ਾਮਲ ਵੱਖ-ਵੱਖ ਸਿੱਖ ਸੰਗਠਨਾਂ ਦੇ ਪ੍ਰਤੀਨਿਧਾਂ 'ਚ ਉੱਘੇ ਸਿੱਖ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ, ਮਨੁੱਖੀ ਅਧਿਕਾਰ ਕਮਿਸ਼ਨ ਦੇ ਜਸਟਿਸ ਅਜੀਤ ਸਿੰਘ ਬੈਂਸ, ਗੁਰਤੇਜ ਸਿੰਘ ਸਾਬਕਾ ਆਈ.ਏ.ਐਸ., ਨਵਕਿਰਨ ਸਿੰਘ ਐਡਵੋਕੇਟ, ਦਲ ਖਾਲਸਾ ਦੇ ਪ੍ਰਧਾਨ ਸਤਨਾਮ ਸਿੰਘ ਪਾਉਂਟਾ ਸਾਹਿਬ, ਖਾਲਸਾ ਪੰਚਾਇਤ ਤੇ ਰਜਿੰਦਰ ਸਿੰਘ, ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਦੇ ਆਗੂ ਦੀਦਾਰ ਸਿੰਘ ਨਲਵੀ, ਬੀਬੀ ਸੁਖਜੀਤ ਕੌਰ, ਅਮਰ ਸਿੰਘ ਚਾਹਲ ਐਡਵੋਕੇਟ, ਦਲਬੀਰ ਸਿੰਘ, ਆਲ ਇੰਡੀਆ ਅਕਾਲੀ ਦਲ ਦੇ ਜਸਵੰਤ ਸਿੰਘ ਮਾਨ, ਜਸਵਿੰਦਰ ਸਿੰਘ ਦੁਬਈ, ਸਿੱਖ ਵਿਦਵਾਨ ਡਾ. ਗੁਰਦਰਸ਼ਨ ਸਿੰਘ ਢਿੱਲੋਂ, ਕਰਨਲ ਗੁਰਦੀਪ ਸਿੰਘ, ਪ੍ਰੋ. ਕੁਲਬੀਰ ਸਿੰਘ, ਡਾ. ਪੀ. ਐਸ. ਗਿੱਲ, ਪ੍ਰੋ. ਜਸਵਿੰਦਰ ਕੌਰ, ਹਰਵੰਤ ਸਿੰਘ ਤੇਗ, ਡਾ. ਜਸਵਿੰਦਰ ਸਿੰਘ ਖੁਣਖੁਣ ਕਲਾਂ ਦੇ ਨਾਂ ਜ਼ਿਕਰਯੋਗ ਹਨ। ਸਿੱਖ ਸਮਾਜ, ਗੁਰਮਤਿ ਮਿਸ਼ਨਰੀ ਟਰੱਸਟ, ਤੱਤ ਗੁਰਮਤਿ ਪਰਿਵਾਰ, ਭਾਈ ਲਾਲੋ ਫਾਉਂਡੇਸ਼ਨ, ਜਾਂਬਾਜ ਫੋਰਸ, ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ, ਮਾਤਾ ਸਾਹਿਬ ਕੌਰ ਗੁਰਮਤਿ ਕਾਲਜ ਤੋਂ ਇਲਾਵਾ ਚੰਡੀਗੜ੍ਹ, ਮੋਹਾਲੀ ਤੇ ਆਸ-ਪਾਸ ਦੇ ਖੇਤਰਾਂ ਦੀਆਂ ਕਈ ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨ ਤੇ ਹੋਰ ਅਹੁਦੇਦਾਰ ਵੀ ਸ਼ਾਮਲ ਸਨ।

ਪ੍ਰੋ. ਗੁਰਤੇਜ ਸਿੰਘ ਨੇ ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਿੱਖ ਕੌਮ 1984 ਤੋਂ ਪ੍ਰੋ. ਦਰਸ਼ਨ ਸਿੰਘ ਦੀ ਕਰਜ਼ਦਾਰ ਹੈ ਕਿਉਂਕਿ ਉਹ ਉਸ ਸਮੇਂ ਸਿੱਖਾਂ ਖਿਲਾਫ ਗਲਤ ਪ੍ਰਾਪੇਗੰਡੇ ਦੇ ਖਿਲਾਫ ਡਟ ਗਏ ਸਨ। ਉਨ੍ਹਾਂ ਕਿਹਾ ਕਿ ਜਦੋਂ ਸਾਰੇ ਸਿੱਖ ਦਹਿਸ਼ਤ 'ਚ ਸਨ ਤਾਂ ਉਸ ਸਮੇਂ ਪ੍ਰੋ. ਦਰਸ਼ਨ ਸਿੰਘ ਨੇ ਹੀ ਧਰਮ ਦਾ ਪ੍ਰਚਾਰ ਜਾਰੀ ਰੱਖਿਆ। ਉਨ੍ਹਾਂ ਮੌਜੂਦਾ ਜਥੇਦਾਰਾਂ ਨੂੰ ਸਿੱਖ ਦੇ ਰੂਪ 'ਚ ਰਹਿ ਰਹੇ ਕਾਫਰ ਦੱਸਿਆ। ਉਨ੍ਹਾਂ ਕਿਹਾ ਕਿ ਸਿੱਖਾਂ ਦੀਆਂ ਮਹਾਨ ਸੰਸਥਾਵਾਂ 'ਚ ਉਨ੍ਹਾਂ ਦਾ ਕਬਜ਼ਾ ਖਤਮ ਕੀਤਾ ਜਾਣਾ ਜ਼ਰੂਰੀ ਹੈ।

ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਕਿਹਾ ਕਿ ਸਾਡੀ ਲੜਾਈ ਅਕਾਲ ਤਖਤ ਨਾਲ ਨਹੀਂ ਬਲਕਿ ਮੌਜੂਦਾ ਜਥੇਦਾਰਾਂ ਤੇ ਇਨ੍ਹਾਂ ਪਿੱਛੇ ਛੁਪੀਆਂ ਸਿਆਸੀ ਫੋਰਸਾਂ ਨਾਲ ਹੈ, ਜੋ ਸਿੱਖੀ ਦੀ ਪਛਾਣ ਖਤਮ ਕਰਨ ਦੇ ਯਤਨ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬਚਿੱਤਰ ਨਾਟਕ ਐਸੀ ਕਿਤਾਬ ਹੈ, ਜਿਸ ਨੂੰ ਦਸਮ ਗ੍ਰੰਥ ਦੇ ਨਾਂ ਹੇਠ ਸਿੱਖਾਂ ਉੱਪਰ ਠੋਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਲਿਆ ਕੇ ਸ਼ਬਦ ਗੁਰੂ ਨੂੰ ਸਿੱਧਾ ਚੈਲਿੰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਤਖਤਾਂ ਦੇ ਤਿੰਨ ਮੌਜੂਦਾ ਜਥੇਦਾਰ ਵੀ ਅਜਿਹੇ ਹੀ ਵਿਵਾਦਾਂ 'ਚ ਫਸੇ ਹੋਏ ਹਨ ਤੇ ਉਹੀ ਇਕ ਸਾਬਕਾ ਜਥੇਦਾਰ ਨੂੰ ਅਜਿਹੇ ਵਿਵਾਦ 'ਚ ਪੰਥ 'ਚੋਂ ਛੇਕ ਰਹੇ ਹਨ।

ਸ. ਦਲਬੀਰ ਸਿੰਘ ਨੇ ਕਿਹਾ ਕਿ ਅਪ੍ਰੇਸ਼ਨ ਬਲੂ ਸਟਾਰ ਵੇਲੇ ਸਿੱਖ ਬਹੁਤ ਦਹਿਸ਼ਤ ਤੇ ਵੱਡੇ ਸੰਕਟ 'ਚ ਸਨ। ਜਦੋਂ ਉਨ੍ਹਾਂ ਦੀ ਕੋਈ ਬਾਂਹ ਫੜਨ ਵਾਲਾ ਵੀ ਨਹੀਂ ਸੀ ਤਾਂ ਉਸ ਸਮੇਂ ਦਿੱਲੀ ਪਹੁੰਚ ਕੇ ਪ੍ਰੋ. ਦਰਸ਼ਨ ਸਿੰਘ ਨੇ ਉਨ੍ਹਾਂ ਦਾ ਹੌਂਸਲਾ ਵਧਾਇਆ। ਜਸਵੰਤ ਸਿੰਘ ਮਾਨ ਤੇ ਹਰਿਆਣਾ ਦੇ ਆਗੂ ਸ. ਨਲਵੀ ਨੇ ਪ੍ਰੋ. ਦਰਸ਼ਨ ਸਿੰਘ ਦਾ ਪੂਰਾ ਸਮਰਥਨ ਕਰਨ ਦਾ ਐਲਾਨ ਕਰਦਿਆਂ ਇਹ ਦਾਅਵਾ ਵੀ ਕੀਤਾ ਕਿ ਸਾਡੇ ਰਾਜ ਦੇ ਸਿੱਖ ਆਉਂਦੀਆਂ ਐਸ.ਜੀ.ਪੀ.ਸੀ. ਚੋਣਾਂ 'ਚ ਉਥੋਂ ਬਾਦਲ ਦਾ ਪੂਰੀ ਤਰ੍ਹਾਂ ਸਫਾਇਆ ਕਰ ਦੇਣਗੇ।

ਜਸਟਿਸ ਬੈਂਸ ਨੇ ਕਿਹਾ ਕਿ ਸਿੱਖ ਧਰਮ 'ਚੋਂ ਪੁਜਾਰੀਵਾਦ ਖਤਮ ਕਰਨ ਦੀ ਲੋੜ ਹੈ। ਦਲ ਖਾਲਸਾ ਦੇ ਸਤਨਾਮ ਸਿੰਘ ਨੇ ਕਿਹਾ ਕਿ ਇਕ ਨਵੇਂ ਖਾਲਸਾ ਇਨਕਲਾਬ ਦੀ ਨੀਂਹ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਸਾਡੇ ਮੌਜੂਦਾ ਜਥੇਦਾਰ ਬਚਿੱਤਰ ਨਾਟਕ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਦੱਸ ਕੇ ਖੁਦ ਗੁਰੂ ਸਾਹਿਬਾਨ ਦਾ ਨਿਰਾਦਰ ਕਰ ਰਹੇ ਹਨ ਤੇ ਬਾਦਲ ਪਰਿਵਾਰ ਦੀ ਕਠਪੁਤਲੀ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਜਥੇਦਾਰਾਂ ਵਲੋਂ ਪ੍ਰੋ. ਦਰਸ਼ਨ ਸਿੰਘ ਨਾਲ ਰੋਟੀ ਬੇਟੀ ਦੀ ਸਾਂਝ ਖਤਮ ਕਰਨ ਦੇ ਜਾਰੀ ਕੀਤੇ ਗਏ ਹੁਕਮਨਾਮੇ ਦਾ ਹੁਣ ਸਿੱਖਾਂ 'ਤੇ ਕੋਈ ਅਸਰ ਨਹੀਂ ਤੇ ਅੱਜ ਦਾ ਇਕੱਠ ਦਰਸਾਉਂਦਾ ਹੈ ਕਿ ਉਨ੍ਹਾਂ ਦੀ ਸਾਂਝ ਸਿੱਖਾਂ ਨਾਲ ਪਹਿਲਾਂ ਤੋਂ ਵੀ ਗਹਿਰੀ ਹੋਏਗੀ। ਡਾ. ਸੁਖਜੀਤ ਕੌਰ ਤੇ ਐਡਵੋਕੇਟ ਨਵਕਿਰਨ ਸਿੰਘ ਨੇ ਕਿਹਾ ਕਿ ਸਾਨੂੰ ਸਿੱਖ ਧਰਮ 'ਚ ਪੈਦਾ ਹੋ ਰਹੀਆਂ ਕੁਰੀਤੀਆਂ ਬਾਰੇ ਜਾਗਰੂਕ ਹੋਣ ਦੀ ਲੋੜ ਹੈ।

ਅਖੀਰ 'ਚ ਪ੍ਰੋ. ਦਰਸ਼ਨ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕੋਈ ਵਿਵਾਦਗ੍ਰਸਤ ਗੱਲ ਕਰਨ ਦੀ ਥਾਂ ਸਿਰਫ ਸੰਖੇਪ 'ਚ ਹੀ ਗੱਲ ਕੀਤੀ। ਉਨ੍ਹਾਂ ਕਿਹਾ ਕਿ 1984 'ਚ ਉਨ੍ਹਾਂ ਨੇ ਪੰਥ ਲਈ ਜੋ ਫਰਜ਼ ਨਿਭਾਇਆ ਉਹ ਕੋਈ ਅਹਿਸਾਨ ਨਹੀਂ। ਉਨ੍ਹਾਂ ਕਿਹਾ ਕਿ ਪੰਥ ਨੂੰ ਇਸ ਸਮੇਂ ਜਾਗਰੂਕ ਹੋਣ ਦੀ ਲੋੜ ਹੈ ਤੇ ਪਹਿਰੇਦਾਰਾਂ 'ਤੇ ਭਰੋਸਾ ਕਰਨ ਦੀ ਥਾਂ ਖੁਦ ਸੁਚੇਤ ਚਿਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦਾ ਮਹਾਨ ਵਿਰਸਾ ਹੈ ਪਰ ਉਸ ਦੀ ਥਾਂ ਕੋਈ ਹੋਰ ਹੀ ਵਿਰਸਾ ਲਿਆਂਦਾ ਜਾ ਰਿਹਾ ਹੈ ਜਿਸ ਦੀ ਪਹਿਚਾਣ ਕਰਨੀ ਚਾਹੀਦੀ ਹੈ। ਨਹੀਂ ਤਾਂ ਪਿਛੋਂ ਪਛਤਾਵੇ ਦੇ ਸਿਵਾਏ ਪੱਲੇ ਕੁਝ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਆਖਰੀ ਸਵਾਸਾਂ ਤਕ ਗੁਰੂ ਗ੍ਰੰਥ ਤੇ ਪੰਥ ਦਾ ਪਾਤਰ ਬਣਿਆ ਰਹਾਂਗਾ।

ਹੁਕਮਨਾਮਿਆਂ ਨੂੰ ਚੁਣੌਤੀ ਦੇਣ ਦੇ ਸੰਬੰਧ 'ਚ ਉਨ੍ਹਾਂ ਆਪਣੀ ਸੰਖੇਪ ਟਿੱਪਣੀ 'ਚ ਕਿਹਾ ਕਿ ਪਹਿਲਾਂ ਸਿੱਖ ਸਭ ਕੁਝ ਸ਼ਰਧਾ 'ਚ ਅੰਧ ਵਿਸ਼ਵਾਸੀ ਤਰੀਕੇ ਨਾਲ ਪ੍ਰਵਾਨ ਕਰ ਲੈਂਦੇ ਹਨ ਪਰ ਹੁਣ ਹੁਕਮਨਾਮਿਆਂ ਦੀ ਪੜਚੋਲ ਸ਼ੁਰੂ ਹੋਈ ਹੈ। ਪੜਚੋਲ 'ਚ ਹੀ ਚੰਗੀਆਂ ਗੱਲਾਂ ਨਿਕਲਦੀਆਂ ਹਨ। ਅਕਾਲ ਤਖਤ 'ਤੇ ਮੁੜ ਅਪੀਲ ਦੇ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਪੰਥ 'ਚੋਂ ਛੇਕ ਕੇ ਉਨ੍ਹਾਂ ਲਈ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਤਾਂ ਸਿੱਖ ਪੰਥ ਨੂੰ ਹੀ ਸੁਪਰੀਮ ਕੋਰਟ ਮੰਨ ਕੇ ਚਲ ਰਹੇ ਹਨ ਤੇ ਇਸਦਾ ਫੈਸਲਾ ਪੰਥ ਹੀ ਕਰੇਗਾ।

# ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਕਰਤਾਰ ਸਿੰਘ ਦੁੱਗਲ ਨੂੰ

**ਚੰਡੀਗੜ੍ਹ:** ਰਾਜ ਭਾਸ਼ਾ ਸਲਾਹਕਾਰ ਬੋਰਡ ਦੀ ਇੱਥੇ 30 ਜਨਵਰੀ ਨੂੰ ਹੋਈ ਮੀਟਿੰਗ ਦੌਰਾਨ ਡਾ. ਕਰਤਾਰ ਸਿੰਘ ਦੁੱਗਲ ਨੂੰ ਸਰਵੋਤਮ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਲਈ ਚੁਣਿਆ ਗਿਆ, ਜਦਕਿ ਸ਼੍ਰੋਮਣੀ ਪੰਜਾਬੀ ਪੱਤਰਕਾਰ ਪੁਰਸਕਾਰ ਲਈ ਐਚ ਐਸ ਬਾਵਾ (ਅਜੀਤ) ਦੀ ਚੋਣ ਕੀਤੀ ਗਈ। ਸਲਾਹਕਾਰ ਬੋਰਡ ਦੀ ਇਸ ਉਚੇਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਦੇ ਸਿੱਖਿਆ ਅਤੇ ਭਾਸ਼ਾ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਮੈਂਬਰਾਂ ਨੂੰ ਬਹੁਤ ਹੀ ਸੁਖਾਵਾਂ ਮਾਹੌਲ ਕਾਇਮ ਰੱਖਣ ਤੇ ਉਸਾਰੂ ਸੁਝਾਅ ਦੇਣ ਲਈ ਧੰਨਵਾਦ ਕਰਦਿਆਂ ਇਸ ਗੱਲ ਦੀ ਵੀ ਪ੍ਰਸ਼ੰਸਾ ਕੀਤੀ ਕਿ ਪੁਰਸਕਾਰਾਂ ਦੀ ਚੋਣ ਕਰਨ ਦੌਰਾਨ ਸਮੂਹ ਮੈਂਬਰਾਂ ਨੇ ਇਕਸੁਰਤਾ ਤੇ ਸਰਵਸੰਮਤ ਰਾਏ ਦਾ ਇਜ਼ਹਾਰ ਕੀਤਾ। ਇਸ ਮੌਕੇ ਪਿਛਲੇ ਸਮੇਂ ਦੌਰਾਨ ਵਿਛੜ ਚੁੱਕੇ 32 ਸਾਹਿਤਕਾਰਾਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ ਗਈ। ਬੋਰਡ ਮੈਂਬਰਾਂ ਦੇ ਸੁਝਾਵਾਂ ਨੂੰ ਹੋਰ ਅੱਗੇ ਤੋਰਦਿਆਂ ਡਾ. ਉਪਿੰਦਰਜੀਤ ਕੌਰ ਨੇ ਕਿਹਾ ਕਿ ਚੰਡੀਗੜ੍ਹ ਅਤੇ ਹੋਰਨਾਂ ਪੰਜਾਬੀ ਵਸੋਂ ਵਾਲੇ ਲਾਗਲੇ ਰਾਜਾਂ ਵਿਚ ਮਾਂ-ਬੋਲੀ ਨੂੰ ਬਣਦਾ ਮਾਣ-ਸਤਿਕਾਰ ਤੇ ਰੁਤਬਾ ਨਾ ਮਿਲਣ 'ਤੇ ਉਹ ਵੀ ਸ਼ਿੱਦਤ ਨਾਲ ਪੀੜਾ ਮਹਿਸੂਸ ਕਰਦੇ ਹਨ, ਇਸ ਲਈ ਉਹ ਸਮੁੱਚੇ ਬੋਰਡ ਮੈਂਬਰਾਂ ਦੀ ਅਗਵਾਈ ਕਰਦੇ ਹੋਏ ਰਾਜਪਾਲ ਪੰਜਾਬ ਨੂੰ ਯੂਟੀ ਚੰਡੀਗੜ੍ਹ ਵਿਚ ਮਾਂ-ਬੋਲੀ ਨੂੰ ਬਣਦਾ ਰੁਤਬਾ ਦਿਵਾਉਣ ਲਈ ਵਫਦ ਦੇ ਰੂਪ ਵਿਚ ਮਿਲਣਗੇ।

ਇਸ ਤੋਂ ਇਲਾਵਾ ਹਰਿਆਣਾ ਸਮੇਤ ਦਿੱਲੀ, ਰਾਜਸਥਾਨ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਉਤਰਾਂਚਲ ਅਤੇ ਉਤਰ ਪ੍ਰਦੇਸ਼ ਆਦਿ ਰਾਜਾਂ ਵਿਚ ਪੰਜਾਬੀ ਨੂੰ ਬਣਦਾ ਰੁਤਬਾ ਦਿਵਾਉਣ ਅਤੇ ਦਿੱਲੀ ਸਥਿਤ ਕੇਂਦਰੀ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚ ਪੰਜਾਬੀ ਮਾਹਰਾਂ ਦੀਆਂ ਅਸਾਮੀਆਂ ਦੀ ਰਚਨਾ ਕਰਵਾਉਣ ਲਈ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਬੋਰਡ ਮੈਂਬਰਾਂ ਦਾ ਵਫਦ ਦਿੱਲੀ ਵਿਖੇ ਦੇਸ਼ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮਿਲ ਕੇ ਮੰਗ ਪੱਤਰ ਸੌਂਪੇਗਾ। ਸਲਾਹਕਾਰ ਬੋਰਡ ਵਲੋਂ ਚੁਣੇ ਗਏ ਸ਼੍ਰੋਮਣੀ ਪੁਰਸਕਾਰਾਂ ਵਿਚ ਸ਼੍ਰੋਮਣੀ ਪੰਜਾਬੀ ਪੁਰਸਕਾਰ ਲਈ ਪਿਆਰਾ ਸਿੰਘ ਭੋਗਲ, ਸ਼੍ਰੋਮਣੀ ਹਿੰਦੀ ਪੁਰਸਕਾਰ ਲਈ ਰਵਿੰਦਰ ਕਾਲੀਆ, ਸ਼੍ਰੋਮਣੀ ਉਰਦੂ ਸਾਹਿਤ ਪੁਰਸਕਾਰ ਲਈ ਰਜਿੰਦਰ ਨਾਥ ਰਹਿਬਰ, ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਪੁਰਸਕਾਰ ਲਈ ਪ੍ਰੋਫੈਸਰ ਜਗਦੀਸ਼ ਪ੍ਰਸ਼ਾਦ ਸੈਮਵਾਲ, ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ ਲਈ ਜਸਵੰਤ ਦੀਦ, ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ/ਆਲੋਚਕ ਪੁਰਸਕਾਰ ਲਈ ਰਜਿੰਦਰ ਸਿੰਘ ਭਸੀਨ, ਸ਼੍ਰੋਮਣੀ ਪੰਜਾਬੀ ਸਾਹਿਤਕਾਰ(ਵਿਦੇਸ਼ੀ) ਪੁਰਸਕਾਰ ਲਈ ਦਰਸ਼ਨ ਗਿੱਲ, ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬੋਂ ਬਾਹਰ) ਪੁਰਸਕਾਰ ਲਈ ਮੋਹਨ ਕਾਹਲੋਂ, ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ ਲਈ ਮਹਿੰਦਰ ਸਿੰਘ ਮਾਨੂੰਪੁਰੀ, ਸ਼੍ਰੋਮਣੀ ਪੰਜਾਬੀ ਪੱਤਰਕਾਰ ਪੁਰਸਕਾਰ ਲਈ ਐਚ ਐਸ ਬਾਵਾ, ਸ਼੍ਰੋਮਣੀ ਰਾਗੀ/ਢਾਡੀ ਪੁਰਸਕਾਰ ਲਈ ਈਦੂ ਸ਼ਰੀਫ, ਸ਼੍ਰੋਮਣੀ ਪੰਜਾਬੀ ਗਾਇਕ ਪੁਰਸਕਾਰ ਲਈ ਪਰਮਜੀਤ ਸਿੰਘ ਸਿੱਧੂ (ਪੰਮੀ ਬਾਈ) ਅਤੇ ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਫਿਲਮ ਨਿਰਮਾਤਾ/ਨਿਰਦੇਸ਼ਕ/ਲੇਖਕ ਪੁਰਸਕਾਰ ਲਈ ਉਮ ਪੁਰੀ ਦੀ ਚੋਣ ਕੀਤੀ ਗਈ ਹੈ।



ਭਾਸ਼ਾ ਸਲਾਹਕਾਰ ਬੋਰਡ ਨੇ ਇਸ ਵਾਰ ਦੋ ਨਵੇਂ ਐਵਾਰਡ ਸਥਾਪਿਤ ਕਰਦਿਆਂ ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰੀ ਲਈ ਰਘਬੀਰ ਸਿੰਘ ਸਿਰਜਣਾ ਦੀ ਚੋਣ ਕੀਤੀ ਗਈ, ਉਥੇ ਹੀ ਅਗਲੇ ਸਾਲ ਤੋਂ ਇੱਕ ਨਵਾਂ ਸ਼੍ਰੋਮਣੀ ਪੰਜਾਬੀ ਪ੍ਰਵਾਸੀ ਪੱਤਰਕਾਰ ਪੁਰਸਕਾਰ ਦੇਣ ਦਾ ਵੀ ਫੈਸਲਾ ਕੀਤਾ ਹੈ।

ਸਲਾਹਕਾਰ ਬੋਰਡ ਵੱਲੋਂ ਇਸ ਵਾਰ ਸਰਵਸੰਮਤੀ ਨਾਲ ਦੋ ਸ਼ਖ਼ਸੀਅਤਾਂ ਨੂੰ ਉਨ੍ਹਾਂ ਦੀ ਉਚੇਰੀ ਕਾਰਗੁਜ਼ਾਰੀ ਸਦਕਾ ਵਿਸ਼ੇਸ਼ ਪੁਰਸਕਾਰਾਂ ਲਈ ਵੀ ਚੁਣਿਆ ਗਿਆ। ਧਾਰਮਿਕ ਸਾਹਿਤਕ ਲੇਖਣੀ ਲਈ ਰੂਪ ਸਿੰਘ (ਸ਼੍ਰੋਮਣੀ ਕਮੇਟੀ ਅਤੇ ਰਾਗਾਂ ਤੇ ਅਧਾਰਤ ਫੋਟੋਗ੍ਰਾਫੀ ਤੋਂ ਇਲਾਵਾ ਆਰਟਿਸਟਿਕ ਫੋਟੋਗ੍ਰਾਫੀ ਦੇ ਕਾਰਜਾਂ ਲਈ ਤੇਜ ਪ੍ਰਤਾਪ ਸਿੰਘ ਸੰਧੂ (ਲੁਧਿਆਣਾ) ਨੂੰ ਚੁਣਿਆ ਗਿਆ ਹੈ ਤੇ ਇਸ ਲਈ ਇਨ੍ਹਾਂ ਨੂੰ ਦੋ-ਦੋ ਲੱਖ ਰੁਪਏ ਨਾਲ ਪੁਰਸਕ੍ਰਿਤ ਕੀਤਾ ਜਾਵੇਗਾ।

## ਪੰਜਾਬੀ ਗਲਪਕਾਰ ਸਲੀਮ ਖ਼ਾਨ ਗਿੰਮੀ ਦੀ ਮੌਤ

**ਪਟਿਆਲਾ:** ਲਹਿੰਦੇ ਪੰਜਾਬ ਦੇ ਪ੍ਰਸਿੱਧ ਪੰਜਾਬੀ ਲਿਖਾਰੀ ਸਲੀਮ ਖ਼ਾਨ ਗਿੰਮੀ ਨਹੀਂ ਰਹੇ। ਸ਼੍ਰੋਮਣੀ ਪੰਜਾਬੀ ਲਿਖਾਰੀ ਅਤੇ ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਦੇ ਪ੍ਰਧਾਨ ਡਾਕਟਰ ਦਰਸ਼ਨ ਸਿੰਘ 'ਆਸ਼ਟ' ਅਨੁਸਾਰ ਗਿੰਮੀ ਪਿਛਲੇ ਅਰਸੇ ਤੋਂ ਸ਼ੂਗਰ ਦੀ ਬੀਮਾਰੀ ਤੋਂ ਪੀੜਤ ਚਲੇ ਆ ਰਹੇ ਸਨ। ਉਨ੍ਹਾਂ ਦਾ ਇੰਤਕਾਲ ਲਾਹੌਰ ਨੇੜੇ ਸ਼ਾਹਦਰਾ ਵਿਖੇ ਜਹਾਂਗੀਰ ਦੇ ਮਕਬਰੇ ਦੇ ਇਲਾਕੇ ਵਿਚ ਹੋਇਆ।

ਸਲੀਮ ਖ਼ਾਨ ਗਿੰਮੀ ਦਾ ਜਨਮ 29 ਜੂਨ 1932 ਨੂੰ ਗੁਰਦਾਸਪੁਰ ਦੇ ਪਿੰਡ ਝਬਕਰਾ ਵਿਖੇ ਪਿਤਾ ਜਨਾਬ ਕਰੀਮ ਦਾਦ ਖਾਂ ਦੇ ਘਰ ਹੋਇਆ ਸੀ। ਗਿੰਮੀ ਨੇ ਪੰਜਾਬੀ ਸਾਹਿਤ ਨੂੰ 'ਲਹੂ ਦੀ ਖ਼ੁਸ਼ਬੋ' (ਕਹਾਣੀ ਸੰਗ੍ਰਹਿ), 'ਰੱਤ ਤੇ ਰੇਤਾ' (ਨਾਵਲ), 'ਦੇਸ਼ ਪ੍ਰਦੇਸ਼' (ਸਫਰਨਾਮਾ) ਅਤੇ 'ਚੰਨ ਅਰਸ਼ੋਂ ਚੜ੍ਹਿਆ' ਵਰਗੀਆਂ ਚਰਚਿਤ ਪੁਸਤਕਾਂ ਦਿੱਤੀਆਂ। ਉਨ੍ਹਾਂ ਦੇ ਇਕ ਹੋਰ ਨਾਵਲ 'ਸਾਂਝ' (1969) ਨੂੰ ਬਹੁਤ ਮਕਬੂਲੀਅਤ ਮਿਲੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਮੇਜਰ ਦੀਆਂ ਟਿਪਣੀਆਂ ਤੋਂ ਪ੍ਰੇਸ਼ਾਨ ਸਿੱਖ ਫ਼ੌਜੀ

**ਨਵੀਂ ਦਿੱਲੀ:** ਦੇਸ਼ ਖ਼ਾਤਰ ਜਾਨਾਂ ਕੁਰਬਾਨ ਕਰਨ ਵਾਲੇ ਸਿੱਖ ਫ਼ੌਜੀਆਂ ਨੂੰ ਅਪਣੇ ਸੀਨੀਅਰ ਅਧਿਕਾਰੀਆਂ ਹੱਥੋਂ ਜ਼ਲੀਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਤਾਇਨਾਤ 9-ਪੰਜਾਬ ਰੈਜੀਮੈਂਟ 'ਖਾਸਾ' ਦੇ ਜਵਾਨਾਂ ਦੀ ਮਨੋਦਸ਼ਾ ਬਿਆਨ ਕਰਨਾ ਸੌਖਾ ਨਹੀਂ। ਸਿੱਖ ਜਵਾਨ ਐਤਵਾਰ ਵਾਲੇ ਦਿਨ ਜਦੋਂ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਮੇਜਰ ਅਭਿਸ਼ੇਕ ਕੋਲੋਂ 'ਆਊਟ-ਪਾਸ' ਮੰਗਦੇ ਹਨ ਤਾਂ ਅੱਗੋਂ ਮੇਜਰ ਅਭਿਸ਼ੇਕ ਢੁਚਰ ਡਾਹੁੰਦਾ ਹੋਇਆ ਫ਼ੌਜੀਆਂ ਨੂੰ "ਵਹਾਂ ਕੜਾਹ ਖਾਨੇ ਜਾਉਗੇ?" ਆਖ ਕੇ ਸਿੱਖ ਧਰਮ ਪ੍ਰਤੀ ਬੇਲੋੜੀ ਤੇ ਦਿਲ-ਦੁਖਾਊ ਟਿਪਣੀਆਂ ਕਰਦਾ ਹੈ। ਮਾਮਲਾ ਉਦੋਂ ਹੋਰ ਵੀ ਗੰਭੀਰ ਹੋ ਜਾਂਦਾ ਹੈ ਜਦ ਰੋਜ਼ਾਨਾ ਸ਼ਾਮ ਨੂੰ ਆਫ਼ੀਸਰ ਮੈੱਸ ਵਿਚ ਸ਼ਰਾਬ ਦਾ ਪੈੱਗ ਬਨਾਉਣ ਮਗਰੋਂ ਇਹੀ ਮੇਜਰ "ਬੋਲੇ ਸੋ ਨਿਹਾਲ" ਦੇ ਜੈਕਾਰੇ ਲਾਉਂਦੇ ਹੋਏ ਅਤੇ 'ਦੇਹ ਸ਼ਿਵਾ ਬਰ ਮੋਹਿ ਇਹੈ' ਆਖ ਕੇ ਸ਼ਰਾਬ ਦਾ ਗਲਾਸ ਗਲੇ ਹੇਠੋਂ ਉਤਾਰਦਾ ਹੈ। ਸਿੱਖ ਜਵਾਨਾਂ ਦਾ ਜੂਨੀਅਰ ਰੈਂਕ ਹੋਣ ਕਾਰਨ ਉਹ ਅਪਣੇ ਉੱਚ ਅਧਿਕਾਰੀ ਨੂੰ ਕੁਝ ਕਹਿ ਤਾਂ ਨਹੀਂ ਸਕਦੇ ਪਰ ਮਨ ਹੀ ਮਨ ਅਪਣੇ ਧਰਮ ਪ੍ਰਤੀ ਅਪਮਾਨਜਨਕ ਟਿਪਣੀਆਂ ਸੁਣ ਕੇ ਬਹੁਤ ਦੁਖੀ ਹਨ। ਸਿੱਖ ਫ਼ੌਜੀਆਂ ਨੇ ਇਕ ਚਿੱਠੀ ਲਿੱਖ ਕੇ ਇਸ ਸਾਰੇ ਵਰਤਾਰੇ ਵਿਰੁਧ ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਮੁਹੰਮਦ ਸਫ਼ੀ ਕੁਰੈਸ਼ੀ ਨੂੰ ਜਾਣੂ ਕਰਾਉਂਦਿਆਂ ਮੇਜਰ ਅਭਿਸ਼ੇਕ ਵਿਰੁਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸ. ਐਚ.ਐਸ. ਹੰਸਪਾਲ ਨੇ ਵੀ ਮੇਜਰ ਵਿਰੁਧ ਕਾਰਵਾਈ ਦੀ ਮੰਗ ਕੀਤੀ ਹੈ।

## ਮਾਸੂਮ ਧੀਆਂ ਦੀ ਜਾਨ ਲੈਣ ਵਾਲੀ ਮਾਂ ਵਲੋਂ ਖ਼ੁਦਕੁਸ਼ੀ

**ਹਾਜੀਪੁਰ :** ਸੰਧਿਆ ਦੇਵੀ ਪਤਨੀ ਰਾਜ ਕੁਮਾਰ ਨੇ ਆਪਣੀਆਂ ਦੋ ਮਾਸੂਮ ਧੀਆਂ ਨੂੰ ਗਲ ਘੁੱਟ ਕੇ ਮਾਰ ਦਿੱਤਾ ਅਤੇ ਬਾਅਦ 'ਚ ਖ਼ੁਦ ਸਲਫਾਸ ਦੀਆਂ ਗੋਲੀਆਂ ਖਾ ਲਈਆਂ। ਇਸ ਸਬੰਧੀ ਪਾਵਰ ਕਾਲੋਨੀ 'ਚ ਰਹਿੰਦੇ ਲੋਕਾਂ ਨੇ ਦੱਸਿਆ ਕਿ ਜਦ ਅਸੀਂ ਘਰ 'ਚ ਚੀਕ ਚਿਹਾੜਾ ਸੁਣਿਆ ਤਾਂ ਇਨ੍ਹਾਂ ਦੇ ਘਰ 'ਚ ਲੜਕੀ ਕਨਿਕਾ 4 ਸਾਲ ਅਤੇ ਲੜਕੀ ਮਾਨਿਅਤਾ 3 ਸਾਲ ਦੀ ਬੇਹੋਸ਼ੀ ਦੀ ਹਾਲਤ 'ਚ ਪਈਆਂ ਸਨ ਅਤੇ ਸੰਧਿਆ ਦੇਵੀ ਦਵਾਈ ਖਾਣ ਤੋਂ ਬਾਅਦ ਤੜਫ ਰਹੀ ਸੀ। ਇਨ੍ਹਾਂ ਨੂੰ ਸਰਕਾਰੀ ਹਸਪਤਾਲ 'ਚ ਪਹੁੰਚਾਇਆ ਜਿੱਥੇ ਡਾਕਟਰ ਨੇ ਇਨ੍ਹਾਂ ਲੜਕੀਆਂ ਨੂੰ ਮ੍ਰਿਤਕ ਘੋਸ਼ਿਤ ਕੀਤਾ ਅਤੇ ਸੰਧਿਆ ਦੇਵੀ ਨੂੰ ਮੁਕੇਰੀਆਂ ਦੇ ਹਸਪਤਾਲ 'ਚ ਤਬਦੀਲ ਕਰਵਾ ਦਿੱਤਾ ਜਿਸ ਦੀ ਬਾਅਦ ਵਿਚ ਮੌਤ ਹੋ ਗਈ।

## ਬਾਦਲਾਂ ਵਿਰੁਧ ਕੇਸ ਦੀ ਸੁਣਵਾਈ ਅਗੇ ਪਾਈ

**ਚੰਡੀਗੜ੍ਹ :** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਿਛਲੀ ਕਾਂਗਰਸ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਦਰਜ ਕੀਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਨਾਮਜ਼ਦ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਮਾਮਲੇ ਦੀ ਅਗਲੀ ਸੁਣਵਾਈ ਮੁਹਾਲੀ ਦੇ ਵਧੀਕ ਤੇ ਜ਼ਿਲ੍ਹਾ ਸੈਸ਼ਨ (ਸੀਨੀਅਰ ਡਵੀਜ਼ਨ) ਜੱਜ ਜਸਪਾਲ ਸਿੰਘ ਭਾਟੀਆ ਨੇ 13 ਫਰਵਰੀ ਤੱਕ ਅੱਗੇ ਪਾ ਦਿੱਤੀ ਹੈ। ਇਸ ਮਾਮਲੇ ਵਿਚ ਵਿਜੀਲੈਂਸ ਵਲੋਂ ਪੇਸ਼ ਕੀਤਾ ਇਕ ਸਰਕਾਰੀ ਗਵਾਹ ਆਪਣੇ ਪਹਿਲੇ ਬਿਆਨਾਂ ਤੋਂ ਮੁੱਕਰ ਗਿਆ।ਮਾਮਲੇ ਦੀ ਸੁਣਵਾਈ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਹਰਬੰਸ ਲਾਲ ਤੇ ਦਰਸ਼ਨ ਸਿੰਘ ਮੁਹਾਲੀ ਅਦਾਲਤ ਵਿਚ ਪੇਸ਼ ਨਹੀਂ ਹੋਏ। ਇਸ ਮਾਮਲੇ ਵਿਚ ਸੁਰਿੰਦਰ ਕੌਰ ਬਾਦਲ ਨੂੰ ਅਦਾਲਤ ਵਲੋਂ ਨਿੱਜੀ ਪੇਸ਼ੀ ਤੋਂ ਛੋਟ ਦਿੱਤੀ ਹੋਈ ਹੈ, ਜਦੋਂਕਿ ਵਿਜੀਲੈਂਸ ਵਲੋਂ ਇਸ ਮਾਮਲੇ ਵਿਚ ਨਾਮਜ਼ਦ ਦੂਸਰੇ ਮੁਲਜ਼ਮ ਜਿਨ੍ਹਾਂ ਵਿਚ ਬਾਦਲ ਦਾ ਨਜ਼ਦੀਕੀ ਰਿਸ਼ਤੇਦਾਰ ਨਿਰੋਤਮ ਸਿੰਘ ਢਿੱਲੋਂ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਓ.ਐਸ.ਡੀ. ਨਿਰਪਜੀਤ ਸਿੰਘ, ਜਗਨੰਦਨ ਸਿੰਘ, ਪਵਿੱਤਰ ਸਿੰਘ ਅਤੇ ਗੁਰਵਿੰਦਰ ਸਿੰਘ ਅਦਾਲਤ ਵਿਚ ਹਾਜ਼ਰ ਸਨ।

## ਅਕਾਲੀ ਦਲ (ਬ) ਤੇ ਬਸਪਾ ਵਿਚਕਾਰ ਜੋੜ-ਤੋੜ ਸ਼ੁਰੂ




**ਅੰਮ੍ਰਿਤਸਰ :** ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬਸਪਾ ਨਾਲ ਜੋੜ-ਤੋੜ ਦੀ ਸਿਆਸਤ ਸ਼ੁਰੂ ਕਰ ਦਿੱਤੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਭਵਿੱਖ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਹੁਣੇ ਤੋਂ ਹੀ ਰਣਨੀਤੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਸੱਤਾ ਤੋਂ ਲਾਂਭੇ ਰੱਖਣ ਲਈ ਬਾਦਲ ਦਲਿਤ ਵੋਟ ਨੂੰ ਕੈਸ਼ ਕਰਨ ਵਾਸਤੇ ਬਸਪਾ ਨਾਲ ਭਾਈਵਾਲੀ ਪਾਉਣ ਦੀਆਂ ਗੋਟੀਆਂ ਫਿੱਟ ਕਰਦੇ ਨਜ਼ਰ ਆ ਰਹੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੀ ਭਵਿੱਖੀ ਸਿਆਸਤ ਦੇ ਪ੍ਰੋਗਰਾਮਾਂ ਨੂੰ ਸਿਰੇ ਚਾੜਨ ਲਈ ਯੂਪੀ ਦੀ ਮੁੱਖ ਮੰਤਰੀ ਅਤੇ ਬਸਪਾ ਸੁਪਰੀਮੋ ਮਾਇਆਵਤੀ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅੰਦਰਖ਼ਾਤੇ ਲੰਮੀ ਚੌੜੀ ਗੱਲਬਾਤ ਹੋ ਚੁੱਕੀ ਹੈ। ਨਾਲ ਹੀ ਪੰਜਾਬ ਦੇ ਸਿਆਸੀ ਹਲਕਿਆਂ 'ਚ ਕਾਂਗਰਸ ਨੂੰ ਮਾਤ ਦੇਣ ਦੇ ਮੁੱਦੇ 'ਤੇ ਵੀ ਸਹਿਮਤੀ ਬਣ ਚੁੱਕੀ ਹੈ। ਭਾਵੇਂ ਕਿ ਦੋਹਾਂ ਧਿਰਾਂ ਵਲੋਂ ਰਾਜਸੀ ਪੱਧਰ 'ਤੇ ਖੇਡੀ ਜਾ ਰਹੀ ਖੇਡ ਅਨੁਸਾਰ ਸੀਟਾਂ ਦੇ ਲੈਣ-ਦੇਣ ਬਾਰੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ, ਪਰ ਅਨੁਮਾਨ ਹੈ ਕਿ ਬਾਦਲ ਦਲ ਵਲੋਂ ਬਸਪਾ ਨੂੰ 20 ਸੀਟਾਂ 'ਤੇ ਸਮਰਥਨ ਦੇਣ ਅਤੇ ਬਾਕੀ ਸੀਟਾਂ 'ਤੇ ਹਮਾਇਤ ਲੈਣ ਦੇ ਫੈਸਲੇ 'ਤੇ ਚਰਚਾ ਕੀਤੀ ਜਾ ਚੁੱਕੀ ਹੈ।ਰਾਜ ਸਭਾ ਮੈਂਬਰ ਅਤੇ ਬਸਪਾ ਦੇ ਸੂਬਾਈ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਇਸ ਮਾਮਲੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਗੁਰੇਜ਼ ਕਰ ਰਹੇ ਹਨ। ਦੱਸਣਾ ਬਣਦਾ ਹੈ ਕਿ ਦੋ ਦਰਜਨ ਤੋਂ ਵਧ ਸੀਟਾਂ ਉਪਰ ਜਿੱਤ ਪ੍ਰਾਪਤ ਕਰਕੇ ਪੰਜਾਬ ਦੀ ਅਕਾਲੀ ਸਰਕਾਰ ਵਿਚ ਸੱਤਾ ਹੰਢਾ ਰਹੇ ਭਾਜਪਾ ਵਾਲੇ ਸੁਖਬੀਰ ਦੀਆਂ ਆਪਹੁਦਰੀਆਂ ਤੋਂ ਪ੍ਰੇਸ਼ਾਨ ਹੋ ਕੇ ਬਸਪਾ ਦੀ ਭਾਈਵਾਲੀ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਨ। ਦਿਲਚਸਪ ਗੱਲ ਇਹ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਜਪਾ ਨਾਲ ਨਾਤਾ ਜੋੜੀ ਰੱਖਣ ਅਤੇ ਅਕਾਲੀ ਦਲ ਬਾਦਲ ਦੀ ਕੌਮੀ ਸਿਆਸਤ ਵਿਚ ਭਾਈਵਾਲੀ ਬਣਾਈ ਰੱਖਣ ਲਈ ਬਜ਼ਿੱਦ ਹਨ। ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਬਸਪਾ ਦਾ ਸਹਿਯੋਗ ਪ੍ਰਾਪਤ ਕਰਕੇ ਪੰਜਾਬ ਵਿਚ ਉਭਰ ਰਹੇ ਰਾਜਸੀ ਮੰਚ ਨੂੰ ਠੱਲ ਪਾਉਣਾ ਚਾਹੁੰਦੇ ਹਨ। ਸੂਤਰਾਂ ਅਨੁਸਾਰ ਬਸਪਾ ਨੂੰ ਲੈ ਕੇ ਦੋਹਾਂ ਬਾਦਲਾਂ ਵਿਚਕਾਰ ਅਜੇ ਇਕਸੁਰਤਾ ਦੀ ਘਾਟ ਹੈ। ਅਕਾਲੀ ਹਲਕੇ ਵਿਚ ਵਿਚਰਨ ਵਾਲੇ ਇੱਕ ਸੀਨੀਅਰ ਆਗੂ ਦਾ ਕਹਿਣਾ ਹੈ ਕਿ ਸੁਖਬੀਰ ਬਾਦਲ ਭਾਜਪਾ ਦੇ ਧੌਂਸ ਭਰੇ ਨਜ਼ਰੀਏ ਨੂੰ ਬਰਦਾਸ਼ਤ ਕਰਨ ਦੀ ਬਜਾਏ ਬਸਪਾ ਦੀਆਂ ਮੰਗਾਂ ਨਾਲ ਸਹਿਮਤ ਹੋਣ ਸਬੰਧੀ ਮਾਨਸਿਕ ਤੌਰ 'ਤੇ ਤਿਆਰ ਹੋ ਚੁੱਕੇ ਹਨ।

## ਹਰਿਆਣਾ 'ਚ ਪੰਜਾਬੀ ਦੂਜੀ ਭਾਸ਼ਾ ਬਣੀ

**ਚੰਡੀਗੜ੍ਹ :** ਬੀਤੀ28 ਜਨਵਰੀ ਨੂੰ ਹਰਿਆਣਾ ਸਰਕਾਰ ਨੇ ਪੰਜਾਬੀ ਨੂੰ ਹਰਿਆਣਾ 'ਚ ਦੂਜੀ ਭਾਸ਼ਾ ਦਾ ਦਰਜਾ ਦੇਣ ਸਬੰਧੀ ਅਧਿਸੂਚਨਾ ਜਾਰੀ ਕੀਤੀ ਹੈ। ਹੁਣ ਹਰਿਆਣਾ ਵਿਧਾਨ ਸਭਾ 'ਚ ਕੋਈ ਵੀ ਵਿਧਾਇਕ ਪੰਜਾਬੀ ਭਾਸ਼ਾ 'ਚ ਸੁਆਲ ਪੁੱਛ ਸਕੇਗਾ ਤੇ ਰਾਜ ਸਰਕਾਰ ਨੂੰ ਪੰਜਾਬੀ ਭਾਸ਼ਾ 'ਚ ਪੱਤਰ ਵੀ ਲਿਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਕਿਸੇ ਵੀ ਸਰਕਾਰੀ ਕੰਮ ਲਈ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਜਾ ਸਕੇਗੀ। ਇਹ ਜਾਣਕਾਰੀ ਇੱਥੇ ਪ੍ਰੈਸ ਕਲੱਬ ਵਿਖੇ ਇੱਕ ਪ੍ਰੈਸ ਮਿਲਣੀ ਦੌਰਾਨ ਪੱਤਰਕਾਰਾਂ ਦੇ ਸੁਆਲਾਂ ਦੇ ਜਵਾਬ ਦਿੰਦਿਆਂ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਦਿੱਤੀ।

ਵੱਖਰੀ ਐਸਜੀਪੀਸੀ ਸਬੰਧੀ ਸੁਆਲ ਦਾ ਜਵਾਬ ਦਿੰਦਿਆਂ ਸ੍ਰੀ ਹੁੱਡਾ ਨੇ ਕਿਹਾ ਕਿ ਇਸ ਸਬੰਧ 'ਚ ਗਠਿਤ ਚੱਠਾ ਕਮੇਟੀ ਨੇ ਵੱਖਰੀ ਕਮੇਟੀ ਲਈ ਪ੍ਰਵਾਨਗੀ ਦੇ ਦਿੱਤੀ ਹੈ ਤੇ ਕਮੇਟੀ ਦੀ ਰਿਪੋਰਟ ਦੇ ਕਾਨੂੰਨੀ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ। ਪੰਜਾਬ ਤੇ ਹਰਿਆਣਾ ਵਿਚਕਾਰ ਲਮਕਦੇ ਆ ਰਹੇ ਅੰਤਰਰਾਜੀ ਮੁੱਦਿਆਂ ਅਤੇ ਚੰਡੀਗੜ੍ਹ 'ਤੇ ਦੋਵੇਂ ਰਾਜਾਂ ਵਲੋਂ ਕੀਤੇ ਜਾ ਰਹੇ ਦਾਅਵਿਆਂ ਦੇ ਸਥਾਈ ਹੱਲ ਸਬੰਧੀ ਪੁੱਛੇ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਚੰਡੀਗੜ੍ਹ ਹਰਿਆਣਾ ਨੂੰ ਸੌਂਪ ਕੇ ਹੀ ਇਨ੍ਹਾਂ ਮਸਲਿਆਂ ਦਾ ਸਥਾਈ ਹੱਲ ਹੋ ਸਕਦਾ ਹੈ ਅਤੇ ਚੰਡੀਗੜ੍ਹ 'ਚ ਹਰਿਆਣਾ ਦੇ ਵੱਖਰੇ ਹਾਈਕੋਰਟ ਦੀ ਮੰਗ ਦੀ ਉਹ ਹੁਣ ਵੀ ਪੈਰਵੀ ਕਰਦੇ ਹਨ।

ਸ੍ਰੀ ਹੁੱਡਾ ਨੇ ਦੱਸਿਆ ਕਿ ਪੰਜਾਬ ਤੇ ਹਰਿਆਣਾ ਸਰਕਾਰਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਹੈ ਕਿ ਪੰਜਾਬ ਤੇ ਹਰਿਆਣਾ ਦੇ ਸ਼ਿਵਾਲਿਕ ਖੇਤਰਾਂ ਨੂੰ ਵੀ ਉਹੀ ਰਿਆਇਤਾਂ ਦਿੱਤੀਆਂ ਜਾਣ।

## ਮੁਕਤਸਰ ਦਾ ਨਾਂ ਹੁਣ ਸ੍ਰੀ ਮੁਕਤਸਰ ਸਾਹਿਬ

**ਚੰਡੀਗੜ੍ਹ :** ਕੇਂਦਰੀ ਗ੍ਰਹਿ ਮੰਤਰਾਲੇ ਨੇ ਇਤਿਹਾਸਕ ਸ਼ਹਿਰ ਮੁਕਤਸਰ ਦਾ ਨਾਂ ਬਦਲ ਕੇ 'ਸ੍ਰੀ ਮੁਕਤਸਰ ਸਾਹਿਬ' ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ। ਗ੍ਰਹਿ ਰਾਜ ਮੰਤਰੀ ਅਜੈ ਮਾਕਨ ਨੇ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੂੰ ਲਿਖੇ ਇਕ ਪੱਤਰ ਵਿਚ ਦੱਸਿਆ ਕਿ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਮੁਕਤਸਰ ਦਾ ਨਾਂ ਬਦਲਣ ਦਾ ਫੈਸਲਾ ਲਿਆ ਗਿਆ। ਜ਼ਿਕਰਯੋਗ ਹੈ ਕਿ ਪੰਜਾਬ ਦੇ ਕਾਂਗਰਸੀ ਨੇਤਾਵਾਂ ਦਾ ਇਕ ਵਫ਼ਦ ਇਸ ਮਹੀਨੇ ਦੇ ਸ਼ੁਰੂ ਵਿਚ ਸ੍ਰੀ ਮਾਕਨ ਨੂੰ ਮਿਲਿਆ ਸੀ ਅਤੇ ਮੰਗ ਕੀਤੀ ਸੀ ਕਿ ਮੁਕਤਸਰ ਦਾ ਨਾਂ ਬਦਲਿਆ ਜਾਵੇ। ਗ੍ਰਹਿ ਮੰਤਰਾਲੇ ਦੀ ਰਜ਼ਾਮੰਦੀ ਤੋਂ ਬਾਅਦ 'ਸ੍ਰੀ ਮੁਕਤਸਰ ਸਾਹਿਬ' ਨਾਂ ਦੀ ਤਾਈਦ ਪੰਜਾਬ ਸਰਕਾਰ ਵਲੋਂ ਕੀਤੀ ਜਾਵੇਗੀ ਅਤੇ ਫਿਰ ਇਹ ਨਾਂ ਸਰਕਾਰੀ ਰਿਕਾਰਡ ਵਿਚ ਸ਼ੁਮਾਰ ਹੋ ਜਾਵੇਗਾ।


ਵਧੀਆ ਭਾਅ 'ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।



ਜਗਰੂਪ ਸਿੰਘ ਤੱਖਰ
ਫੋਨ:209-485-1521

Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

Jagroop Singh Takhar
786 Empress Road,
Modesto, CA 95350
(209) 485-1521
jagroop209@aol.com
Health plans and insurance
California license No. 0D95393

Authorized Broker
blue of california
Blue Shield of California Life & Health Insurance Company

Vital Shield Plus 2900 Generic Rx

| Age Range | Individual | Individual & Spouse | Family |
|---|---|---|---|
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

An independent Licensee of the Blue Shield Association A36145(1/09)

Call me now to learn more about Blue Shield plans

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.

Real Estate & Loans Under One Roof
Call:Sam Chahal Tel: 916-612-5773
For Buying and Selling Residential, Commercial property and for Loans in Sacramento area
Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist
*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਦਰਸ਼ਨ ਸਿੰਘ ਰਾਗੀ ਨੂੰ ਪੰਥ 'ਚੋਂ ਛੇਕਿਆ, ਸਿੱਖ ਵਿਦਵਾਨਾਂ 'ਚ ਰੋਸ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਦੇ ਇਕ ਵਾਰ ਫਿਰ 29 ਜਨਵਰੀ ਨੂੰ ਤਨਖਾਹ ਲਵਾਉਣ ਲਈ ਪੇਸ਼ ਨਾ ਹੋਣ 'ਤੇ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਸਖ਼ਤ ਫੈਸਲਾ ਲੈਂਦਿਆਂ ਉਨ੍ਹਾਂ ਨੂੰ ਸਿੱਖ ਪੰਥ 'ਚੋਂ ਛੇਕਣ ਦਾ ਹੁਕਮਨਾਮਾ ਜਾਰੀ ਕਰ ਦਿੱਤਾ ਗਿਆ ਹੈ। ਸਿੰਘ ਸਾਹਿਬਾਨ ਨੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਪ੍ਰੋ. ਦਰਸ਼ਨ ਸਿੰਘ ਰਾਗੀ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਅਤੇ ਉਸ ਨੂੰ ਤੇ ਉਸਦੇ ਕਿਸੇ ਵੀ ਹਮਾਇਤੀ ਨੂੰ ਸਿੱਖ ਮੰਚ ਤੋਂ ਬੋਲਣ ਦੀ ਆਗਿਆ ਨਾ ਦਿੱਤੀ ਜਾਵੇ। ਅਜਿਹੀ ਭੁੱਲ ਕਰਨ ਵਾਲਾ ਵੀ ਤਨਖਾਹੀਆ ਹੋਵੇਗਾ।



ਦੱਸਣਯੋਗ ਹੈ ਕਿ ਪ੍ਰੋ. ਦਰਸ਼ਨ ਸਿੰਘ 'ਤੇ ਅਮਰੀਕਾ 'ਚ ਨਿਊਯਾਰਕ ਦੇ ਗੁਰਦੁਆਰਾ ਰੋਚੈਸਟਰ ਵਿਖੇ ਕੀਰਤਨ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਇਤਰਾਜ਼ਯੋਗ ਟਿੱਪਣੀਆਂ ਕਰਨ ਦਾ ਦੋਸ਼ ਲਾਇਆ ਗਿਆ ਸੀ। ਇਸ ਸਬੰਧ ਵਿਚ ਉਨ੍ਹਾਂ ਨੂੰ 5 ਦਸੰਬਰ, 2009 ਨੂੰ ਸ੍ਰੀ ਅਕਾਲ ਤਖ਼ਤ 'ਤੇ ਪੰਜ ਸਿੰਘ ਸਾਹਿਬਾਨ ਅੱਗੇ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ। ਉਸ ਮੌਕੇ ਪ੍ਰੋ. ਦਰਸ਼ਨ ਸਿੰਘ ਸ੍ਰੀ ਤਖ਼ਤ ਸਾਹਿਬ ਵਿਖੇ ਤਾਂ ਆਏ, ਪਰ ਸਕੱਤਰੇਤ 'ਚ ਪੰਜ ਸਿੰਘ ਸਾਹਿਬਾਨ ਦੀ ਚੱਲ ਰਹੀ ਇਕੱਤਰਤਾ ਵਿਚ ਸਪੱਸ਼ਟੀਕਰਨ ਦੇਣ ਲਈ ਨਹੀਂ ਗਏ। ਉਹ ਆਪਣੇ ਸਪੱਸ਼ਟੀਕਰਨ ਦੇ ਦਸਤਾਵੇਜ਼ਾਂ ਦੀ ਫਾਈਲ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਹਮਣੇ ਗੋਲਕ 'ਤੇ ਰੱਖ ਕੇ ਚਲੇ ਗਏ। ਉਨ੍ਹਾਂ ਦੀ ਇਸ ਕਾਰਵਾਈ ਨੂੰ ਪੰਜ ਸਿੰਘ ਸਾਹਿਬਾਨ ਨੇ ਨਿੱਜੀ ਹਉਮੈ, ਖੁਦਗਰਜ਼ੀ ਤੇ ਹੰਕਾਰ ਦਾ ਨਾਂ ਦਿੰਦਿਆਂ ਤਨਖਾਹੀਆ ਕਰਾਰ ਦੇ ਦਿੱਤਾ ਸੀ। ਉਨ੍ਹਾਂ ਨੂੰ 7 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਤਨਖਾਹ ਲਵਾਉਣ ਦੇ ਆਦੇਸ਼ ਦਿਤੇ ਗਏ ਸਨ ਅਤੇ ਇਸ ਨਾਲ ਹੀ ਤਨਖਾਹ ਲਵਾਉਣ ਤਕ ਕਿਸੇ ਵੀ ਸਿੱਖ ਮੰਚ ਤੋਂ ਬੋਲਣ ਅਤੇ ਕੀਰਤਨ ਕਰਨ 'ਤੇ ਰੋਕ ਲਾ ਦਿੱਤੀ ਸੀ। 7 ਜਨਵਰੀ ਨੂੰ ਵੀ ਉਹ ਤਨਖਾਹ ਲਵਾਉਣ ਲਈ ਹਾਜ਼ਰ ਨਹੀਂ ਹੋਏ। ਪੰਜ ਸਿੰਘ ਸਾਹਿਬਾਨ ਵਲੋਂ ਉਨ੍ਹਾਂ ਨੂੰ ਇਕ ਮੌਕਾ ਹੋਰ ਦਿੰਦਿਆਂ 29 ਜਨਵਰੀ ਤੱਕ ਤਨਖਾਹ ਲਵਾਉਣ ਦਾ ਸਮਾਂ ਦਿੱਤਾ ਗਿਆ ਸੀ। ਉਹ ਮੁੜ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਸਮੇਂ ਵੀ ਤਨਖਾਹ ਲਵਾਉਣ ਲਈ ਹਾਜ਼ਰ ਨਹੀਂ ਹੋਏ। ਇਸ ਸਬੰਧ ਵਿਚ ਪੰਜ ਸਿੰਘ ਸਾਹਬਿਾਨ ਦੀ ਲੰਮਾ ਸਮਾਂ ਚੱਲੀ ਇਕੱਤਰਤਾ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹੁਕਮਨਾਮਾ ਜਾਰੀ ਕਰਦਿਆਂ ਪ੍ਰੋ. ਦਰਸ਼ਨ ਸਿੰਘ ਨੂੰ ਗੁਰੂ ਨਿੰਦਕ ਅਤੇ ਗੁਰੂ ਪੰਥ ਤੋਂ ਆਕੀ ਹੋਣ ਕਰਕੇ ਸਿੱਖ ਪੰਥ ਵਿਚੋਂ ਛੇਕਣ ਦਾ ਐਲਾਨ ਕੀਤਾ ਹੈ। ਇਸ ਮੌਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤ੍ਰਿਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ ਹਾਜ਼ਰ ਸਨ। ਸਾਬਕਾ ਜਥੇਦਾਰ ਨੂੰ ਪੰਥ 'ਚੋਂ ਛੇਕਣ ਦਾ ਹੁਕਮਨਾਮਾ ਜਾਰੀ ਕਰਨ ਤੋਂ ਪਹਿਲਾਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਸਿੱਖ ਸੰਗਤਾਂ ਨੂੰ ਪ੍ਰੋ. ਦਰਸ਼ਨ ਸਿੰਘ 'ਤੇ ਲਾਏ ਗਏ ਦੋਸ਼ ਬਾਰੇ ਜਾਣਕਾਰੀ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਹੁਕਮਨਾਮਾ ਜਾਰੀ ਕਰਦਿਆਂ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਨੂੰ ਇਸ ਤੋਂ ਪਹਿਲਾਂ 8 ਜਨਵਰੀ, 2007 ਅਤੇ 6 ਜੂਨ, 2008 ਵਿਚ ਗੁੰਮਰਾਹਕੁੰਨ ਪ੍ਰਚਾਰ ਕਰਨ ਤੋਂ ਵਰਜਿਆ ਗਿਆ ਸੀ। ਪਰ ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਆਦੇਸ਼ ਤੇ ਸੰਦੇਸ਼ ਨੂੰ ਅਣਗੌਲਿਆਂ ਕਰ ਦਿੱਤਾ ਅਤੇ ਪੰਥ ਵਿਚ ਦੁਬਿਧਾ ਪੈਦਾ ਕਰਨ ਤੇ ਫੁੱਟ ਪਾਉਣ ਵਾਲੀਆਂ ਕਾਰਵਾਈਆਂ ਨੂੰ ਜਾਰੀ ਰੱਖਿਆ। ਉਨ੍ਹਾਂ ਕਿਹਾ ਕਿ ਸਾਬਕਾ ਜਥੇਦਾਰ ਨੇ ਸਿੰਘ ਸਾਹਿਬਾਨ ਪ੍ਰਤੀ ਮਾੜੀ ਸ਼ਬਦਾਵਲੀ ਵਰਤਦਿਆਂ ਉਨ੍ਹਾਂ ਦੀ ਮੱਸੇ ਰੰਗੜ ਨਾਲ ਤੁਲਨਾ ਕੀਤੀ। ਇਸ ਸਬੰਧ ਵਿਚ ਪੰਜ ਸਿੰਘ ਸਾਹਿਬਾਨ ਵਲੋਂ ਲੰਮੀ ਵਿਚਾਰ ਮਗਰੋਂ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕਣ ਦਾ ਫੈਸਲਾ ਕੀਤਾ ਗਿਆ ਹੈ। ਸਾਬਕਾ ਜਥੇਦਾਰ ਨੂੰ ਸਿੱਖ ਪੰਥ ਵਿਚ ਰਹਿਣ ਦਾ ਮਿਲਿਆ ਮਾਣ ਵਾਪਸ ਲੈ ਲਿਆ ਗਿਆ ਹੈ। ਇਸ ਲਈ ਹੁਣ ਸਾਬਕਾ ਜਥੇਦਾਰ ਨੂੰ ਸਿੱਖ ਹੋਣ ਦੇ ਹੱਕ-ਹਕੂਕ ਨਹੀਂ ਹੋਣਗੇ। ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਪ੍ਰੋ. ਦਰਸ਼ਨ ਸਿੰਘ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਅਤੇ ਉਨ੍ਹਾਂ ਨੂੰ ਕਿਸੇ ਵੀ ਸਿੱਖ ਮੰਚ ਤੋਂ ਬੋਲਣ ਦੀ ਆਗਿਆ ਨਾ ਦਿੱਤੀ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਬਕਾ ਜਥੇਦਾਰ ਦੇ ਹਮਾਇਤੀਆਂ ਨੂੰ ਵੀ ਕਿਸੇ ਕਿਸਮ ਦਾ ਸਹਿਯੋਗ ਨਾ ਦਿੱਤਾ ਜਾਵੇ। ਜੇਕਰ ਕੋਈ ਸਿੱਖ ਇਸ ਸਬੰਧ ਵਿਚ ਭੁੱਲ ਕਰਦਾ ਹੈ ਤਾਂ ਉਹ ਗੁਰੂ ਪੰਥ ਦਾ ਦੇਣਦਾਰ ਅਤੇ ਤਨਖਾਹੀਆ ਹੋਵੇਗਾ। ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਤਰਸੇਮ ਸਿੰਘ ਖਾਲਸਾ ਵਲੋਂ ਇਕ ਪੱਤਰ ਵੀ ਫੈਕਸ ਰਾਹੀਂ ਭੇਜਿਆ ਗਿਆ, ਜਿਸ ਵਿਚ ਉਨ੍ਹਾਂ ਸਾਬਕਾ ਜਥੇਦਾਰ ਦੇ ਇਥੇ ਤਨਖਾਹ ਲਵਾਉਣ ਲਈ ਨਾ ਆਉਣ ਦਾ ਕਾਰਨ ਬਿਆਨ ਕਰਦਿਆਂ ਦੱਸਿਆ ਸੀ ਕਿ ਉਹ ਵਿਆਹ ਕਾਰਜਾਂ ਦੇ ਰੁਝੇਵੇਂ ਵਿਚ ਹਨ। ਇਸ ਲਈ ਨਹੀਂ ਆ ਸਕਦੇ। ਇਸ ਪੱਤਰ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਕਿਸੇ ਤੀਜੇ ਵਿਅਕਤੀ ਵਲੋਂ ਭੇਜਿਆ ਹੋਇਆ ਪੱਤਰ ਦੱਸਦਿਆਂ ਰੱਦ ਕਰ ਦਿੱਤਾ ਗਿਆ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਜੇਕਰ ਇਹ ਪੱਤਰ ਖੁਦ ਸਾਬਕਾ ਜਥੇਦਾਰ ਵਲੋਂ ਭੇਜਿਆ ਗਿਆ ਹੁੰਦਾ ਤਾਂ ਪੰਜ ਸਿੰਘ ਸਾਹਿਬਾਨ ਵਲੋਂ ਇਸ ਮਾਮਲੇ ਨੂੰ ਅਗਾਂਹ ਪਾਇਆ ਜਾ ਸਕਦਾ ਹੈ।

## ਸਿੱਖ ਵਿਦਵਾਨ ਦਰਸ਼ਨ ਸਿੰਘ ਵਿਰੁਧ ਫੈਸਲੇ ਤੋਂ ਦੁਖੀ

**ਅੰਮ੍ਰਿਤਸਰ :** ਸਿੱਖ ਵਿਦਵਾਨਾਂ ਤੇ ਚਿੰਤਕਾਂ ਨੇ ਸਿੰਘ ਸਾਹਿਬਾਨ ਵਲੋਂ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕੇ ਜਾਣ ਦੀ ਕਾਰਵਾਈ ਨੂੰ ਕੌਮ ਲਈ ਮੰਦਭਾਗੀ ਤੇ ਪੰਥ ਵਿਚ ਦੁਫਾੜ ਪਾਉਣ ਵਾਲੀ ਕਰਾਰ ਦਿੱਤਾ ਗਿਆ ਹੈ। ਉੱਘੇ ਵਿਦਵਾਨ ਡਾ. ਬਲਵੰਤ ਸਿੰਘ ਢਿੱਲੋਂ ਨੇ ਕਿਹਾ ਕਿ ਕੌਮ ਲਈ ਇਹ ਬਦਕਿਸਮਤੀ ਵਾਲਾ ਫੈਸਲਾ ਹੈ, ਜਿਹੜਾ ਪੰਥ 'ਤੇ ਮਾੜਾ ਪ੍ਰਭਾਵ ਪਾਵੇਗਾ। ਇਹ ਗੱਲ ਵਿਚਾਰਨ ਵਾਲੀ ਸੀ ਕਿ ਜਿਹੜੇ ਗੁਰੂ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕਰਦੇ ਹਨ ਤੇ ਰਹਿਤ ਮਰਿਯਾਦਾ ਨੂੰ ਨਹੀਂ ਮੰਨਦੇ, ਕੀ ਉਨ੍ਹਾਂ ਵਲੋਂ ਲਏ ਗਏ ਅਜਿਹੇ ਫੈਸਲੇ ਪੰਥ ਪ੍ਰਵਾਨ ਕਰੇਗਾ। ਜਿਹੜੇ ਗੁਰੂ ਸਾਹਿਬ ਦੇ ਹੁਕਮਾਂ ਨੂੰ ਨਹੀਂ ਮੰਨਦੇ, ਉਨ੍ਹਾਂ ਨੂੰ ਪੰਥ ਵਿਚੋਂ ਕਿਉਂ ਨਹੀਂ ਛੇਕਿਆ ਜਾਂਦਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਇਹ ਮੁੱਦਾ ਭਾਰੂ ਰਹੇਗਾ। ਉੱਘੇ ਵਿਦਵਾਨ ਡਾ. ਗੁਰਸ਼ਰਨਜੀਤ ਸਿੰਘ ਨੇ ਕਿਹਾ ਕਿ ਇਸ ਮਾਮਲੇ 'ਤੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ ਗਿਆ। ਅਜਿਹੇ ਵਿਦਵਾਨ ਤੇ ਨਾਮਵਰ ਸ਼ਖਸੀਅਤ ਨੂੰ ਸਿਆਸਤ ਦੀ ਭੇਟ ਚੜ੍ਹਾ ਕੇ ਸੇਵਾਵਾਂ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਸਿੱਖ ਚਿੰਤਕ ਤੇ ਅਕਾਲ ਫੈਡਰੇਸ਼ਨ ਦੇ ਪ੍ਰਧਾਨ ਭਾਈ ਨਰਾਇਣ ਸਿੰਘ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਅਕਾਲ ਤਖ਼ਤ 'ਤੇ ਪੇਸ਼ ਹੋਣ, ਉਸਦਾ ਪੱਖ ਸੁਣਨ ਤੋਂ ਬਿਨਾਂ ਝੂਠੀ ਸ਼ਿਕਾਇਤ 'ਤੇ ਪੰਥ ਵਿਚੋਂ ਖਾਰਜ ਕਰਨਾ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਦਾ ਅਪਮਾਨ ਹੈ। ਸਿੰਘ ਸਾਹਿਬਾਨ ਨੇ ਇਹ ਫੈਸਲਾ ਲੈ ਕੇ ਆਪਣੇ ਰੁਤਬੇ ਦਾ ਮਖੌਲ ਉਡਾਇਆ ਹੈ।

ਦਲ ਖਾਲਸਾ ਜਥੇਬੰਦੀ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕਣਾ ਸਿੱਖ ਕੌਮ ਲਈ ਮੰਦਭਾਗਾ ਅਤੇ ਦੁਖਦਾਈ ਵਰਤਾਰਾ ਹੈ। ਜਥੇਦਾਰ ਸਾਹਿਬਾਨ ਦੇ ਫੈਸਲੇ ਪੰਥ ਨੂੰ ਜੋੜਨ ਦੀ ਥਾਂ ਤੋੜਨ ਵਾਲੇ ਹਨ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕਰਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਤੇ ਸਿੰਘ ਸਾਹਿਬਾਨ ਨੇ ਸੰਤ ਸਮਾਜ ਨੂੰ ਖੁਸ਼ ਕਰਨ ਲਈ ਪ੍ਰੋ. ਦਰਸ਼ਨ ਸਿੰਘ ਵਰਗੇ ਸੂਝਵਾਨ, ਵਿਦਵਾਨ ਤੇ ਪੰਥ ਪ੍ਰਸਤ ਗੁਰਸਿੱਖ ਨੂੰ ਪੰਥ ਵਿਚੋਂ ਛੇਕਿਆ ਹੈ। ਇਸਦੇ ਖਤਰਨਾਕ ਸਿੱਟੇ ਨਿਕਲਣਗੇ, ਜਿਸ ਦੇ ਲਈ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਜ਼ਿੰਮੇਵਾਰ ਹੋਵੇਗੀ। ਸ਼੍ਰੋਮਣੀ ਖਾਲਸਾ ਪੰਚਾਇਤ ਦੇ ਕਨਵੀਨਰ ਭਾਈ ਰਜਿੰਦਰ ਸਿੰਘ ਨੇ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕਣ ਵਾਲਾ ਇਹ ਦਿਨ ਇਤਿਹਾਸ ਦਾ ਕਾਲਾ ਦਿਨ ਹੈ। ਇਹ ਅਜਿਹਾ ਪਹਿਲਾ ਮੰਦਭਾਗਾ ਫੈਸਲਾ ਹੈ ਜਿਸ 'ਚ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਨੂੰ ਤਖ਼ਤਾਂ ਦੇ ਜਥੇਦਾਰਾਂ ਵਲੋਂ ਛੇਕਿਆ ਗਿਆ ਹੈ। ਗੁਰੂ ਗ੍ਰੰਥ ਤੇ ਗੁਰੂ ਪੰਥ ਦੀ ਗੱਲ ਕਰਨ ਵਾਲੇ ਨਾਲ ਮਾੜਾ ਵਤੀਰਾ ਕੀਤਾ ਗਿਆ ਹੈ।

ਸੰਤ ਸਿਪਾਹੀ ਰਸਾਲੇ ਦੇ ਸੰਪਾਦਕ ਐਡਵੋਕੇਟ ਗੁਰਚਰਨਜੀਤ ਸਿੰਘ ਲਾਂਬਾ ਨੇ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਨੂੰ ਛੇਕਣ ਵਾਲਾ ਫੈਸਲਾ ਪ੍ਰੰਪਰਾ ਅਨੁਸਾਰ ਹੋਇਆ ਹੈ। ਇਸਨੂੰ ਗੁਰੂ ਦਾ ਹੁਕਮ ਸਮਝ ਕੇ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ।

ਸਿੱਖ ਵਿਦਵਾਨ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਅਕਾਲ ਤਖਤ ਵਲੋਂ ਪ੍ਰੋ. ਦਰਸ਼ਨ ਸਿੰਘ ਵਿਰੁਧ ਜਾਰੀ ਕੀਤੇ ਔਰੰਗਜ਼ੇਬੀ ਫ਼ਤਵੇ ਨੂੰ ਕਮੀਨਗੀ ਤੇ ਨੀਚਤਾ ਗਰਦਾਨਦੇ ਹੋਏ ਕਿਹਾ ਹੈ ਕਿ ਦਸਮ ਗ੍ਰੰਥ, ਰਾਮ, ਕ੍ਰਿਸ਼ਨ, ਸ਼ਿਵ-ਪਾਰਬਤੀ ਦੇ ਪੁਜਾਰੀਆਂ ਨੂੰ ਕੋਈ ਹੱਕ ਨਹੀਂ ਕਿ ਉਹ ਗੁਰੂ ਗ੍ਰੰਥ ਸਾਹਿਬ ਦੇ ਉਪਾਸ਼ਕ ਕਿਸੇ ਸਿੱਖ ਨੂੰ ਛੇਕ ਸਕਣ। ਪ੍ਰੋ ਦਰਸ਼ਨ ਸਿੰਘ ਨੇ ਤਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਵਾਸਤੇ ਸੱਚ 'ਤੇ ਪਹਿਰਾ ਦਿਤਾ। ਉਨ੍ਹਾਂ ਨੇ ਤਾਂ 1984 ਵਿਚ ਵੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲੇ ਵਿਰੁਧ ਸਭ ਤੋਂ ਪਹਿਲਾਂ ਜ਼ੋਰਦਾਰ ਆਵਾਜ਼ ਉਠਾਈ ਸੀ ਤੇ ਇਸ ਵਾਸਤੇ ਜੇਲ੍ਹ ਵਿਚ ਤਸੀਹੇ ਵੀ ਝੱਲੇ ਸਨ।

ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਚੋਂ ਛੇਕਣ ਦੇ ਫ਼ੈਸਲੇ ਨੂੰ ਸਿੱਖ ਇਤਿਹਾਸ ਦਾ ਕਾਲਾ ਦਿਨ ਕਰਾਰ ਦਿੰਦਿਆਂ ਕਿਹਾ ਕਿ ਇਸ ਫ਼ੈਸਲੇ ਨਾਲ ਇਹ ਵੀ ਸਾਬਤ ਹੋ ਗਿਆ ਹੈ ਕਿ ਇਸ ਪਿੱਛੇ ਸਿੱਖ ਵਿਰੋਧੀ ਤਾਕਤਾਂ ਕੰਮ ਕਰ ਰਹੀਆਂ ਹਨ । ਉਨ੍ਹਾਂ ਕਿਹਾ ਕਿ ਇਸ ਮਸਲੇ ਨੂੰ ਹੱਲ ਕਰਨ ਲਈ ਗਿਆਨੀ ਗੁਰਬਚਨ ਸਿੰਘ ਨਾਲ ਦੋ ਵਾਰ ਗੱਲਬਾਤ ਕੀਤੀ ਗਈ ਪਰ ਉਹ ਅਪਣੇ ਵਚਨਾਂ 'ਤੇ ਪੂਰੇ ਨਹੀਂ ਉਤਰੇ। ਉਕਤ ਫ਼ੈਸਲੇ ਨਾਲ ਸਿੱਖਾਂ ਦੇ ਸਿਰਮੌਰ ਆਗੂ ਹੋਣ ਦਾ ਦਾਅਵਾ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਅਤੇ ਮੱਕੜ ਦੀ ਸਿੱਖੀ ਪ੍ਰਤੀ ਮਾੜੀ ਸੋਚ ਪੂਰੀ ਤਰ੍ਹਾਂ ਉਜਾਗਰ ਹੋ ਗਈ ਹੈ ਅਤੇ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਸੱਤਾ ਦੀ ਸਲਾਮੀ ਲਈ ਬਾਦਲ ਸਿੱਖ ਕੌਮ ਨੂੰ ਆਰ.ਐਸ.ਐਸ ਦੀ ਗੁਲਾਮੀ ਵਿਚ ਜਕੜ ਰਹੇ ਹਨ। ਇਸ ਪੰਥ ਵਿਰੋਧੀ ਫ਼ੈਸਲੇ ਨੂੰ ਸਮੁੱਚੀ ਕੌਮ ਵਲੋਂ ਪ੍ਰਵਾਨ ਨਹੀਂ ਕੀਤਾ ਜਾਵੇਗਾ । ਸ. ਸਰਨਾ ਨੇ ਹੈਰਾਨੀ ਜਤਾਈ ਕਿ ਉਪਰੋਕਤ ਫ਼ੈਸਲਾ ਕਰਨ ਵਾਲਿਆਂ 'ਚ ਦੋ ਅਜਿਹੇ ਜਥੇਦਾਰ ਵੀ ਸ਼ਾਮਲ ਹਨ ਜੋ ਪੰਥਕ ਰਹਿਤ ਮਰਿਆਦਾ ਨੂੰ ਨਹੀਂ ਮੰਨਦੇ। ਧਰਮ ਪ੍ਰਚਾਰ ਕਮੇਟੀ ਦਿੱਲੀ ਦੇ ਚੇਅਰਮੈਨ ਸ. ਤਰਸੇਮ ਸਿੰਘ ਨੇ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਨਾਲ ਮਾੜਾ ਸਲੂਕ ਕੀਤਾ ਗਿਆ ਹੈ। ਮਾਹਰਾਂ ਦੀ ਰਾਏ ਹੈ ਕਿ ਹੁਣ ਦਰਸ਼ਨ ਸਿੰਘ ਤੋਂ ਬਾਅਦ ਸ. ਸਰਨਾ ਨੂੰ ਸੱਦਾ ਆ ਸਕਦਾ ਹੈ।

## ਜਥੇਦਾਰ ਤਾਂ ਖੁਦ ਤਨਖਾਹੀਏ-ਦਰਸ਼ਨ ਸਿੰਘ

**ਅੰਮ੍ਰਿਤਸਰ:** ਪ੍ਰੋ. ਦਰਸ਼ਨ ਸਿੰਘ ਨੇ ਇੱਕ ਪੱਤਰ ਵਿਚ ਕਿਹਾ ਹੈ ਕਿ ਪੰਜਾਂ ਤਖ਼ਤਾਂ ਦੇ ਜਥੇਦਾਰ ਸਿੱਖ ਰਹਿਤ ਮਰਿਆਦਾ ਅਤੇ ਦਸਮ ਗ੍ਰੰਥ ਦੇ ਸੰਬੰਧੀ ਹੋਏ ਹੁਕਮਨਾਮਿਆਂ ਦੀ ਉਲੰਘਣਾ ਦੇ ਦੋਸ਼ੀ ਹੋਣ ਦੇ ਕਾਰਨ ਤਨਖਾਹੀਏ ਹਨ। ਇਕ ਤਨਖਾਹੀਆ ਕਿਸੇ ਦੂਸਰੇ ਨੂੰ ਤਨਖਾਹੀਆ ਕਰਾਰ ਨਹੀਂ ਦੇ ਸਕਦਾ। ਉਨ੍ਹਾਂ ਨੇ ਆਪਣੇ ਪੱਤਰ ਵਿਚ 'ਅਕਾਲ ਤਖਤ ਦੇ ਫੈਸਲਿਆਂ ਤੋਂ ਬੇਮੁੱਖ ਕੌਣ' ਤਹਿਤ ਦਸਮ ਗ੍ਰੰਥ, ਸਿੱਖ ਰਹਿਤ ਮਰਿਆਦਾ ਆਦਿ ਸੰਬੰਧੀ ਵੱਖ-ਵੱਖ ਪ੍ਰਸ਼ਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜਵਾਬ ਖਾਲਸਾ ਪੰਥ ਦੇ ਕਟਹਿਰੇ ਵਿਚ ਦੇਣਾ ਪਵੇਗਾ। ਬਿਨਾਂ ਕਿਸੇ ਨੂੰ ਸੰਬੋਧਨ ਕੀਤੇ ਲਿਖੇ ਇਸ ਪ੍ਰਸ਼ਨਾਵਲੀਨੁਮਾ ਪੱਤਰ ਵਿਚ ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰਾਂ ਸਮੇਤ ਬਾਕੀ ਜਥੇਦਾਰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਤੋਂ ਬੇਮੁੱਖ ਹੋਣ ਕਰਕੇ ਤਨਖਾਹੀਏ ਹਨ। ਉਨ੍ਹਾਂ ਦੇ ਸਿਆਸੀ ਅਕਾਵਾਂ ਸਮੇਤ ਸਾਰਿਆਂ ਦੇ ਚਿਹਰੇ ਪੰਥ ਨੇ ਪਛਾਣ ਲਏ ਹਨ।


ਪੰਥ ਨਾਲ ਵਾਰ-ਵਾਰ ਕੀਤੇ ਧੋਖਿਆਂ ਦਾ ਜਵਾਬ ਖਾਲਸਾ ਪੰਥ ਨੂੰ ਦੇਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਹੈ ਕਿ ਹਜ਼ੂਰ ਸਾਹਿਬ, ਪਟਨਾ ਸਾਹਿਬ ਅਤੇ ਸਾਧ ਡੇਰਿਆਂ ਵਿਚ ਹੋ ਰਹੀ ਮਨਮਤੀ ਮਰਿਆਦਾ ਦੇ ਸਮਾਗਮਾਂ ਵਿਚ ਸ਼ਾਮਲ ਹੋ ਕੇ ਉਨ੍ਹਾਂ ਨੇ ਸਿੱਖ ਰਹਿਤ ਮਰਿਆਦਾ ਦਾ ਘਾਣ ਕਰਨ ਤੋਂ ਇਲਾਵਾ ਨਾਨਕਸ਼ਾਹੀ ਕੈਲੰਡਰ ਨੂੰ ਸੋਧ ਕੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮਿਆਂ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਨੇ ਦਸਮ ਗ੍ਰੰਥ ਦੇ ਸੰਬੰਧ ਵਿਚ ਚਰਚਾ ਕਰਦਿਆਂ ਕਿਹਾ ਕਿ ਇਸ ਸੰਬੰਧੀ ਅਕਾਲ ਤਖ਼ਤ ਸਾਹਿਬ ਵਲੋਂ ਚਰਚਾ ਬੰਦ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਵਲੋਂ ਦਸਮ ਗ੍ਰੰਥ ਦੇ ਅਖੰਡ ਪਾਠ ਅਤੇ ਜਵੱਦੀ ਕਲਾਂ ਵਿਚ ਕੀਤੇ ਸੈਮੀਨਾਰਾਂ ਨੂੰ ਰੋਕਣ ਦੀ ਥਾਂ ਆਪ ਸਮਾਗਮ ਵਿਚ ਸ਼ਾਮਲ ਹੋ ਕੇ ਬਚਿੱਤਰ ਨਾਟਕ ਨੂੰ ਪ੍ਰਮਾਣਿਕਤਾ ਦਿੱਤੀ ਅਤੇ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ ਆਖਿਆ ਹੈ।ਉਨ੍ਹਾਂ ਨੇ ਕਿਸੇ ਦਾ ਨਾਂ ਲਏ ਬਿਨਾਂ ਇਹ ਵੀ ਕਿਹਾ ਕਿ 31 ਅਕਤੂਬਰ 2008 ਨੂੰ ਜਿਨ੍ਹਾਂ ਅਸਥਾਨਾਂ 'ਤੇ ਦਸਮ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ, 'ਤੇ ਮੱਥਾ ਟੇਕ ਕੇ ਹੁਕਮਨਾਮੇ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲਿਆਂ ਤੋਂ ਬੇਮੁੱਖ ਹੋਣਾ ਹੀ ਹੈ।

**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH M.A., M.Ed
Retd. Principal
Realtor & Financial Adviser
Lic#01776459 & O622467

ਬੇ-ਏਰੀਏ ਦੇ ਪੜ੍ਹੇ ਲਿਖਿਆਂ ਲਈ ਖੁਸ਼ਖਬਰੀ !
ਫਰੀ ਟਾਈਮ ਵਿਚ, ਫਰੀ ਸਿੱਖੋ ਕੰਮ
ਫਿਰ ਨਾ ਕਦੀ ਧੋਖਾ, ਨਾ ਕਦੀ ਗ਼ਮ।

Come For Free Learning
Go For Extra Earning

For Detail Cell
**Raj Singh**
**510-452-7370**

Notary Free

2PM to 7 PM (All Days) e-mail:singhrajpaul@yahoo.com

# ਜਥੇਦਾਰਾਂ ਦੇ ਪੁਤਲੇ ਸਾੜਨ ਦੀ ਨਵੀਂ ਪਿਰਤ ਪਈ

**ਚੰਡੀਗੜ੍ਹ:** ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਪੰਥ ਵਿਚੋਂ ਛੇਕਣ ਦੇ ਲਏ ਗਏ ਫੈਸਲੇ ਦੇ ਸਿੱਟੇ ਵਜੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੇ ਵੱਖ ਵੱਖ ਤਖਤਾਂ ਦੇ ਜਥੇਦਾਰਾਂ ਦੇ ਪੁਤਲੇ ਸਾੜਨ ਦੀ ਨਵੀਂ ਪਿਰਤ ਤੁਰ ਪਈ ਹੈ। ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕੇ ਜਾਣ ਦੇ ਫ਼ੈਸਲੇ ਵਿਰੁਧ ਅਜਿਹੇ ਪ੍ਰਤੀਕਰਮ ਸਾਹਮਣੇ ਆਉਣ ਲਗੇ ਹਨ। ਉਨ੍ਹਾਂ ਵਿਰੁਧ ਹੋਏ ਫ਼ੈਸਲੇ ਨੂੰ ਸਿਆਸੀ ਅਤੇ ਇਕਤਰਫ਼ਾ ਕਰਾਰ ਦਿੰਦਿਆਂ ਲੰਘੀ 31 ਜਨਵਰੀ ਨੂੰ ਪੰਜਾਬ, ਉੱਤਰ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਖੇ ਕਈ ਥਾਈਂ ਜਥੇਦਾਰਾਂ, ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਅਤੇ ਧੁੰਮਾ ਦੇ ਪੁਤਲੇ ਸਾੜੇ ਗਏ।



ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕਣ ਦੀ ਡਰਾਮੇਬਾਜ਼ੀ ਦੇ ਵਿਰੋਧ ਵਿਚ ਇਥੇ ਜਮਾਲਪੁਰ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਅਵਤਾਰ ਸਿੰਘ ਮੱਕੜ, ਗਿਆਨੀ ਇਕਬਾਲ ਸਿੰਘ ਅਤੇ ਗਿਆਨੀ ਗੁਰਬਚਨ ਸਿੰਘ ਦਾ ਪੁਤਲਾ ਫੂਕਿਆ ਗਿਆ। ਸ਼੍ਰੋਮਣੀ ਖ਼ਾਲਸਾ ਪੰਚਾਇਤ ਇੰਟਰਨੈਸ਼ਨਲ ਦੇ ਕਨਵੀਨਰ ਸ. ਗੁਰਦੇਵ ਸਿੰਘ ਬਟਾਲਵੀ ਨੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਧੱਕੇਸ਼ਾਹੀਆਂ ਨਾਲ ਖ਼ਾਲਸਾ ਪੰਥ ਹੋਰ ਨਿਖਰ ਕੇ ਲੋਕਾਂ ਵਿਚ ਵਿਚਰੇਗਾ ਤੇ ਸਾਨੂੰ ਇਸ ਗੱਲ ਦੀ ਖ਼ੁਸ਼ੀ ਤੇ ਮਾਣ ਮਹਿਸੂਸ ਹੋਏਗਾ ਕਿ ਅਸੀਂ ਅਖੌਤੀ 'ਜਥੇਦਾਰਾਂ' ਦੇ ਕਾਲਕਾ ਪੰਥ ਵਿਚੋਂ ਬਾਹਰ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਗ੍ਰੰਥ ਨੂੰ ਗੁਰੂ ਮੰਨਣ ਵਾਲੇ, ਅਖੌਤੀ 'ਜਥੇਦਾਰਾਂ' ਜੋ ਦਸਮ ਗ੍ਰੰਥ ਅਤੇ ਕਾਲਕਾ ਪੰਥ ਦੇ 'ਜਥੇਦਾਰ' ਹਨ, ਵਲੋਂ ਕੀਤੇ ਫ਼ੈਸਲਿਆਂ ਨੂੰ ਰੱਦ ਕਰਦੇ ਹਾਂ ਤੇ ਸਮੁੱਚੀ ਕੌਮ ਨੂੰ ਅਪੀਲ ਕਰਦੇ ਹਾਂ ਕਿ ਅਵਤਾਰ ਸਿੰਘ ਮੱਕੜ, ਇਕਬਾਲ ਸਿੰਘ (ਪਟਨੇ ਵਾਲਾ), ਗੁਰਬਚਨ ਸਿੰਘ ਲਾਲ ਤੇ ਗੁਰਚਰਨ ਸਿੰਘ ਲਾਂਬਾ ਦਾ ਸਮਾਜਕ ਤੇ ਧਾਰਮਕ ਬਾਈਕਾਟ ਕੀਤਾ ਜਾਏ ਤੇ ਆਉਣ ਵਾਲੀਆਂ ਗੁਰਦਵਾਰਾ ਚੋਣਾਂ ਵਿਚ ਇਨ੍ਹਾਂ ਦਸਮ ਗ੍ਰੰਥੀਆਂ ਨੂੰ ਪੂਰੀ ਤਰ੍ਹਾਂ ਨਾਲ ਮਾਂਜ ਦਿਤਾ ਜਾਵੇ। ਇਕੱਠ ਵਿਚ ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਦੁਰਗਾਪੁਰ, ਤੇਜਿੰਦਰ ਸਿੰਘ ਸ਼ੰਟੀ, ਧਨਵੰਤ ਸਿੰਘ, ਇਕਬਾਲ ਸਿੰਘ ਤੇ ਗੁਰੂ ਅਗੰਦ ਦੇਵ ਐਜੂਕੇਸ਼ਨ ਕੌਂਸਲ, ਬਾਬਾ ਬੁੱਢਾ ਜੀ ਸੇਵਾ ਸੁਸਾਇਟੀ, ਏਕ ਨੂਰ ਸੇਵਾ ਸੁਸਾਇਟੀ, ਚੜ੍ਹਦੀਕਲਾ ਸੇਵਾ ਸੁਸਾਇਟੀ, ਨੌਜਵਾਨ ਸਿੱਖ ਸੇਵਾ ਸੁਸਾਇਟੀ ਤੇ ਅਕਾਲ ਪੁਰਖ ਕੀ ਫ਼ੌਜ ਲੁਧਿਆਣਾ ਦੇ ਆਗੂਆਂ ਨੇ ਹਿੱਸਾ ਲਿਆ।

ਦਸਮ ਗ੍ਰੰਥੀ ਲਾਣੇ ਦੀ ਸ਼ਹਿ 'ਤੇ ਪ੍ਰੋ. ਦਰਸ਼ਨ ਸਿੰਘ ਨੂੰ ਛੇਕਣ ਦੇ ਵਿਰੋਧ ਵਿਚ ਚੋਹਲਾ ਸਾਹਿਬ 'ਚ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਮੱਕੜ ਅਤੇ ਧੁੰਮਾ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ। ਸਰਬਜੀਤ ਸਿੰਘ ਢੋਟੀਆਂ ਦੀ ਅਗਵਾਈ 'ਚ ਸਿੱਖਾਂ ਨੇ 'ਜਥੇਦਾਰਾਂ' ਨੂੰ ਵੰਗਾਰਦਿਆਂ ਕਿਹਾ, ''ਜੇ ਤੁਹਾਡਾ ਕੰਮ ਸੱਚ ਨੂੰ ਦਬਾਉਣਾ ਹੀ ਹੈ ਤਾਂ ਸਾਨੂੰ ਵੀ ਅਪਣੇ ਪੰਥ 'ਤੋਂ ਛੇਕ ਦਿਉ।'' ਜਥੇਬੰਦੀਆਂ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਪ੍ਰੋ. ਦਰਸ਼ਨ ਸਿੰਘ ਨੇ ਸੱਚ ਦੀ ਅਵਾਜ਼ ਬੁਲੰਦ ਕੀਤੀ ਹੈ ਅਤੇ ਆਰ.ਐਸ.ਐਸ ਦੇ ਹੱਥ-ਠੋਕੇ ਤਖ਼ਤਾਂ ਦੇ 'ਜਥੇਦਾਰਾਂ' ਨੇ ਬਾਦਲ, ਮੱਕੜ, ਧੁੰਮਾ ਅਤੇ ਸਿੱਖ ਵਿਰੋਧੀ ਤਾਕਤਾਂ ਨੂੰ ਖ਼ੁਸ਼ ਕਰਨ ਲਈ ਪ੍ਰੋ. ਦਰਸ਼ਨ ਸਿੰਘ ਨੂੰ ਛੇਕਿਆ ਹੈ। ਉਨ੍ਹਾਂ ਕਿਹਾ ਕਿ ਇਹ ਸਭ ਸਿਆਸੀ ਹਿਤਾਂ ਤੋਂ ਪ੍ਰੇਰਿਤ ਹੈ ਕਿਉਂਕਿ ਬਾਦਲਕੇ ਆਉਂਦੀਆਂ ਸ਼੍ਰੋਮਣੀ ਕਮੇਟੀ ਚੋਣਾਂ 'ਚ ਪ੍ਰੋ. ਦਰਸ਼ਨ ਸਿੰਘ ਦੀ ਅਵਾਜ਼ ਨੂੰ ਦਬਾਉਣਾ ਚਹੁੰਦੇ ਹਨ।

**ਕਾਨਪੁਰ:** ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕੇ ਜਾਣ ਦੇ ਫੈਸਲੇ ਦਾ ਵਿਰੋਧ ਕਰਦਿਆਂ ਅਕਾਲੀ ਜਥਾ, ਕਾਨਪੁਰ ਦੇ ਬੈਨਰ ਹੇਠ ਸਿੱਖਾਂ ਨੇ ਅਵਤਾਰ ਸਿੰਘ ਮੱਕੜ, ਗਿਆਨੀ ਗੁਰਬਚਨ ਸਿੰਘ ਅਤੇ ਇਕਬਾਲ ਸਿੰਘ ਦੇ ਪੁਤਲੇ ਸਾੜੇ। ਇਸ ਤੋਂ ਪਹਿਲਾਂ ਸ਼ਹਿਰ ਦੇ ਬਾਜ਼ਾਰਾਂ ਵਿਚ ਮਾਤਮੀ ਜਲੂਸ ਕੱਢਿਆ ਗਿਆ।

ਜਲੂਸ ਵਿਚ ਸ਼ਾਮਲ ਲੋਕ ਨਾਅਰੇ ਲਾ ਰਹੇ ਸਨ: 'ਨਾਨਕਸ਼ਾਹੀ ਕੈਲੰਡਰ ਦੇ ਕਾਤਿਲ', 'ਤਿਨ ਜਨਾਨੀਆਂ ਰਖਣ ਵਾਲਾ ਬਿਹਾਰੀ ਭੱਈਆ', 'ਟੱਲ ਖੜਕਾਉਣ ਵਾਲੇ ਬ੍ਰਾਹਮਣਵਾਦੀ ਪੁਜਾਰੀ' ਆਦਿ ਨਾਅਰੇ ਲਾ ਕੇ ਆਪਣਾ ਗੁੱਸਾ ਜ਼ਾਹਰ ਕਰ ਰਹੇ ਸਨ। ਅਕਾਲੀ ਜੱਥਾ, ਕਾਨਪੁਰ ਦੇ ਪ੍ਰਧਾਨ ਸ. ਹਰਚਰਣ ਸਿੰਘ ਭੱਠੇ ਵਾਲੇ, ਨੇ ਇਕ ਬਿਆਨ ਵਿਚ ਆਖਿਆ ਕਿ ਪ੍ਰੋ. ਦਰਸ਼ਨ ਸਿੰਘ ਨੂੰ ਛੇਕਣ ਦੇ ਪੁਜਾਰੀਆਂ ਦੇ ਇਸ ਡਰਾਮੇ ਨੂੰ ਅਸੀਂ ਸਿਰੇ ਤੋਂ ਖਾਰਿਜ ਕਰਦੇ ਹਾਂ। ਰਾਏਪੁਰ (ਛਤੀਸ਼ਗੜ੍ਹ) ਵਿਚ ਵੀ ਪ੍ਰੋ. ਦਰਸ਼ਨ ਸਿੰਘ ਨੂੰ ਛੇਕੇ ਜਾਣ ਦੇ ਰੋਸ ਵਜੋਂ ਰਾਏਪੁਰ ਵਿਖੇ ਸ਼ਹੀਦ ਭਾਈ ਤਾਰੂ ਸਿੰਘ ਸਟੱਡੀ ਸਰਕਲ ਰਾਏਪੁਰ ਅਤੇ ਸਿੱਖ ਸੰਗਤ ਨੇ 'ਜਥੇਦਾਰਾਂ' ਦੇ ਪੁਤਲੇ ਸਾੜੇ ਗਏ।

## ਯੂ.ਏ.ਈ. ਦੀ ਸੰਗਤ ਵਲੋਂ ਹੁਕਮਨਾਮਾ ਰੱਦ

**ਦੁਬਈ:** ਪ੍ਰੋ. ਦਰਸ਼ਨ ਸਿੰਘ ਨੂੰ ਛੇਕਣ ਦੇ ਫ਼ੈਸਲੇ ਦਾ ਦੇਸ਼-ਵਿਦੇਸ਼ ਦੇ ਸਿੱਖਾਂ ਵਲੋਂ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਵਿਰੁਧ ਕੀਤੇ ਹੁਕਮਨਾਮੇ ਨੂੰ ਨਾ ਮੰਨਣ ਦਾ ਐਲਾਨ ਕੀਤਾ ਜਾ ਰਿਹਾ ਹੈ। ਸੰਗਤ ਨੇ ਕਿਹਾ ਕਿ ਅਕਾਲ ਤਖ਼ਤ 'ਤੇ ਕਾਬਜ਼ ਕੁਝ ਲੋਕਾਂ ਨੇ ਇਸ ਨੂੰ ਗੁਰੂ ਦਾ ਤਖ਼ਤ ਨਾ ਮੰਨ ਕੇ ਅਪਣੀ ਨਿੱਜੀ ਅਦਾਲਤ ਬਣਾ ਲਿਆ ਹੈ।

ਯੂ.ਏ.ਈ. ਦੀ ਸੰਗਤ ਨੇ ਐਲਾਨ ਕੀਤਾ, ''ਅਸੀਂ ਸਾਰੇ ਅਪਣੇ ਨਾਮ ਜਥੇਦਾਰਾਂ ਨੂੰ ਭੇਜਣ ਲਈ ਤਿਆਰ ਹਾਂ, ਇਹ ਸਾਨੂੰ ਵੀ ਅਪਣੇ ਪੰਥ ਵਿਚੋਂ ਛੇਕ ਕੇ ਅਪਣੇ ਆਕਾਵਾਂ ਨੂੰ ਖ਼ੁਸ਼ ਕਰ ਲੈਣ।'' ਯੂ.ਏ.ਈ. ਦੀ ਸੰਗਤ ਨੇ ਪ੍ਰੋ. ਦਰਸ਼ਨ ਸਿੰਘ ਨੂੰ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਉਹ ਯੂ.ਏ.ਈ. ਵਿਚ ਆਉਣ ਅਤੇ ਕਥਾ ਵਿਚਾਰ ਰਾਹੀਂ ਸੰਗਤ ਨੂੰ ਗੁਰੂ ਸ਼ਬਦ ਨਾਲ ਜੋੜਨ। ਇਕੱਤਰਤਾ ਵਿਚ ਹੋਰਨਾਂ ਤੋਂ ਇਲਾਵਾ ਭਾਈ ਸੁਰਜੀਤ ਸਿੰਘ, ਭਾਈ ਰਘੁਬੀਰ ਸਿੰਘ, ਭਾਈ ਅੰਮ੍ਰਿਤਪਾਲ ਸਿੰਘ, ਰੁਪਿੰਦਰ ਸਿੰਘ, ਮਨਜੀਤ ਸਿੰਘ, ਭਾਈ ਰਤਨ ਸਿੰਘ, ਭਾਈ ਅਜੈਬ ਸਿੰਘ, ਭਾਈ ਸੁਰਿੰਦਰ ਸਿੰਘ, ਜਸਬੀਰ ਸਿੰਘ, ਪਿਆਰਾ ਸਿੰਘ, ਭਾਈ ਬਲਜਿੰਦਰ ਸਿੰਘ ਖ਼ਾਲਸਾ ਅਤੇ ਭਾਈ ਮਹਿੰਦਰ ਸਿੰਘ ਮੁੱਖ ਤੌਰ 'ਤੇ ਹਾਜ਼ਰ ਸਨ।

# ਪ੍ਰੋ. ਦਰਸ਼ਨ ਸਿੰਘ ਨੂੰ ਪੰਥ 'ਚੋਂ ਛੇਕੇ ਜਾਣ ਦੇ ਫੈਸਲੇ ਦੀ ਹਮਾਇਤ

**ਇੰਡੀਅਨਐਪੋਲਿਸ:** ਅਮੈਰਿਕਨ ਗੁਰਦੁਆਰਾ ਕੌਂਸਲ ਨੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕੇ ਜਾਣ ਦੇ ਅਕਾਲ ਤਖ਼ਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਆਖਿਆ ਹੈ ਕਿ ਇਸ ਫੈਸਲੇ ਨਾਲ ਅਕਾਲ ਤਖ਼ਤ ਸਾਹਿਬ ਦਾ ਮਾਣ-ਸਤਿਕਾਰ ਵਧੇਗਾ।

ਕੌਂਸਲ ਦੇ ਜਨਰਲ ਸਕੱਤਰ ਭਾਈ ਬਲਬੀਰ ਸਿੰਘ ਟੁੱਟ ਵਲੋਂ ਜਾਰੀ ਇਕ ਬਿਆਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਪ੍ਰੋ. ਦਰਸ਼ਨ ਸਿੰਘ ਨੇ ਗੁਰਦੁਆਰਾ ਰੋਚੈਸਟਰ ਵਿਚ ਕੀਰਤਨ ਕਰਦਿਆਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਬਾਰੇ ਗਲਤ ਤੇ ਜ਼ਹਿਰੀਲਾ ਪ੍ਰਚਾਰ ਕੀਤਾ ਸੀ ਜਿਸ ਦੇ ਸਬੂਤ ਡੀ ਵੀ ਡੀ ਦੇ ਰੂਪ ਵਿਚ ਮੌਜੂਦ ਹਨ। ਕੌਂਸਲ ਨੇ ਸ੍ਰੀ ਅਕਾਲ ਤਖ਼ਤ ਅਤੇ ਬਾਕੀ ਤਖ਼ਤਾਂ ਦੇ ਜਥੇਦਾਰਾਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਸਿੱਖ ਪਰੰਪਰਾ ਅਨੁਸਾਰ ਰਾਗੀ ਦਰਸ਼ਨ ਸਿੰਘ ਨੂੰ ਢੁਕਵੀਂ ਸਜ਼ਾ ਦੇ ਕੇ ਅਕਾਲ ਤਖ਼ਤ ਦੀ ਮਾਣ-ਮਰਿਆਦਾ ਨੂੰ ਬਰਕਰਾਰ ਰੱਖਿਆ ਹੈ। ਰਾਗੀ ਦਰਸ਼ਨ ਸਿੰਘ ਨੇ ਅਕਾਲ ਤਖ਼ਤ 'ਤੇ ਪੇਸ਼ ਨਾ ਹੋ ਕੇ ਆਪਣੇ ਆਪ ਨੂੰ ਖੁਦ ਹੀ ਪੰਥ ਵਿਰੋਧੀ ਬਣਾ ਲਿਆ ਸੀ। ਅਜਿਹੇ ਕਿਸੇ ਵੀ ਵਿਅਕਤੀ ਨੂੰ ਖਾਲਸਾ ਪੰਥ ਵਿਚ ਰਹਿਣ ਦਾ ਕੋਈ ਹੱਕ ਨਹੀਂ ਅਤੇ ਸਿੱਖ ਇਤਿਹਾਸ ਗਵਾਹ ਹੈ ਕਿ ਜੋ ਵੀ ਅੱਜ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਇਆ ਹੈ ਉਸ ਨੂੰ ਹਮੇਸ਼ਾ ਹਾਰ ਹੋਈ ਹੈ।

ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਕਿੰਤੂ-ਪ੍ਰੰਤੂ ਕਰਨ ਅਤੇ ਗਲਤ ਪ੍ਰਚਾਰ ਕਰਨ ਦਾ ਕਿਸੇ ਨੂੰ ਵੀ ਕੋਈ ਹੱਕ ਨਹੀਂ। ਗੁਰੂ ਸਾਹਿਬਾਨ ਬਾਰੇ ਨਿਰਾਦਰੀ ਭਰੇ ਸ਼ਬਦ ਵਰਤਣ ਵਾਲੇ ਕਿਸੇ ਵੀ ਸ਼ਖਸ ਨੂੰ ਸਿੱਖ ਸੰਗਤਾਂ ਕਦੇ ਵੀ ਮੁਆਫ ਨਹੀਂ ਕਰਨਗੀਆਂ। ਬਿਆਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਬਾਕੀ ਜਥੇਦਾਰ ਸਾਹਿਬਾਨ ਬਾਰੇ ਕੁਝ ਧਿਰਾਂ ਵਲੋਂ ਵਰਤੇ ਜਾ ਰਹੇ ਨਿਰਾਦਰੀ ਭਰੇ ਸ਼ਬਦਾਂ ਦਾ ਗੰਭੀਰ ਨੋਟਿਸ ਲੈਂਦਿਆਂ ਜਥੇਬੰਦੀ ਨੇ ਕਿਹਾ ਹੈ ਕਿ ਸਿੰਘ ਸਾਹਿਬਾਨ ਦਾ ਫੈਸਲਾ ਸਿੱਖੀ ਰਵਾਇਤਾਂ ਦੇ ਹਿਸਾਬ ਨਾਲ ਲਿਆ ਗਿਆ ਹੈ ਅਤੇ ਸਮੂਹ ਸੰਗਤਾਂ ਨੂੰ ਰਾਗੀ ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕੇ ਜਾਣ ਦੇ ਫੈਸਲੇ ਉਤੇ ਫੁੱਲ ਚੜ੍ਹਾਉਣ ਦੀ ਬੇਨਤੀ ਕੀਤੀ ਗਈ ਹੈ।

## ਪੰਜਾਬੀ ਨੌਜਵਾਨ ਦਾ ਫਿਲਪੀਨਜ਼ 'ਚ ਕਤਲ

**ਕਾਲਾ ਸੰਘਿਆਂ:** ਨੇੜਲੇ ਪਿੰਡ ਕਾਹਲਵਾਂ ਦੇ ਨੌਜਵਾਨ ਦਾ ਫਿਲਪੀਨਜ਼ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। 36 ਸਾਲਾ ਜਸਵਿੰਦਰ ਸਿੰਘ ਪੁੱਤਰ ਬਿੱਕਰ ਸਿੰਘ 'ਤੇ ਪਹਿਲਾਂ ਵੀ ਦੋ ਵਾਰ ਜਾਨਲੇਵਾ ਹਮਲਾ ਹੋ ਚੁੱਕਾ ਸੀ, ਪਰ ਉਦੋਂ ਉਹ ਇਸ ਮਾਰੂ ਹਮਲੇ ਤੋਂ ਬਚ ਗਿਆ ਸੀ। ਮ੍ਰਿਤਕ ਦੇ ਭਰਾ ਬਲਦੇਵ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਜਸਵਿੰਦਰ ਸਿੰਘ ਪਿਛਲੇ 10 ਸਾਲਾਂ ਤੋਂ ਮਨੀਲਾ ਨੇੜਲੇ ਸ਼ਹਿਰ ਜੂਸੇਨਾ ਵਿਚ ਰਹਿੰਦਾ ਸੀ। ਉਸ ਦਾ ਵਿਆਹ ਹੋਏ ਨੂੰ ਕਰੀਬ 12 ਸਾਲ ਹੋ ਗਏ ਸਨ। ਉਸ ਦੀ 11 ਸਾਲ ਦੀ ਧੀ ਉਸ ਕੋਲ ਰਹਿੰਦੀ ਸੀ, ਜਦੋਂ ਕਿ ਉਸ ਦੀ ਪਤਨੀ ਬਲਬੀਰ ਕੌਰ ਆਪਣੇ ਮਾਪਿਆਂ ਕੋਲ ਸੈਦੋਵਾਲ ਰਹਿੰਦੀ ਹੈ।

ਬਲਦੇਵ ਸਿੰਘ ਅਨੁਸਾਰ ਜਸਵਿੰਦਰ ਸਿੰਘ 'ਤੇ ਪਹਿਲਾਂ ਵੀ ਜਾਨਲੇਵਾ ਹਮਲੇ ਹੋਏ ਸਨ, ਪਰ ਉਸ ਸਮੇਂ ਉਸ ਦਾ ਬਚਾ ਹੋ ਗਿਆ ਸੀ। ਉਸ ਸਮੇਂ ਹਮਲਾ ਕਰਨ ਵਾਲੇ ਪਛਾਣੇ ਗਏ ਸਨ।


MRP TRAVEL
Lowest International and Domestic Fares
A.R.C FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm



CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

NCP College of Nursing
Educate | Grow | Succeed
100% NCLEX-PN Pass Rate! SSF Campus 5 Consecutive Quarters January 1008 - March 2009
Affordable Payment Plans! Up to 10 years Repayment Terms on Approved Credit
Start your career now! Find a job fast using our Job Placement Office.
Full Time
Part Time
Day & Evening
Start Your Nursing Career Today!



12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Peninsula Campus 257 Longford Drive #5 So. San Francisco, CA 94080 1.800.339.5145
East Bay Campus 21615 Hesperian Blvd, Ste A Hayward, CA 94541 1.800.611.4054
Choose which is right for you...
Your career is a call away. Call today!
www.ncpcollegeofnursing.com

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

### ਸੁਖਵਿੰਦਰ ਸਿੰਘ ਨੂੰ ਹੰਝੂਆਂ ਭਰੀ ਵਿਦਾਇਗੀ

# ਅਕਾਲ ਤਖ਼ਤ ਵਲੋਂ ਬਿੱਟੂ ਨੂੰ ਸਿੱਖ ਕੌਮ ਦਾ ਸ਼ਹੀਦ ਕਰਾਰ ਦਿੱਤਾ ਗਿਆ

**ਅੰਮ੍ਰਿਤਸਰ:** ਇੰਗਲੈਂਡ ਦੇ ਲੰਡਨ ਸਥਿਤ ਬਰਕਿੰਗ ਇਲਾਕੇ ਵਿਚ ਇਕ ਔਰਤ ਨੂੰ ਲੁਟੇਰਿਆਂ ਤੋਂ ਬਚਾਉਣ ਲਈ ਆਪਣੀ ਜਾਨ ਦੇਣ ਵਲੇ ਸਿੱਖ ਨੌਜਵਾਨ ਸੁਖਵਿੰਦਰ ਸਿੰਘ ਬਿੱਟੂ ਨੂੰ ਅਕਾਲ ਤਖ਼ਤ ਵਲੋਂ ਸਿੱਖ ਕੌਮ ਦਾ ਸ਼ਹੀਦ ਕਰਾਰ ਦਿੱਤਾ ਗਿਆ ਅਤੇ ਉਸਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿਚ ਕੀਤਾ ਗਿਆ।

ਇਥੇ ਦੱਸਣਯੋਗ ਹੈ 31 ਸਾਲਾ ਸੁਖਵਿੰਦਰ ਸਿੰਘ ਉਰਫ ਬਿੱਟੂ ਪਿਛਲੇ 10 ਸਾਲ ਤੋਂ ਲੰਡਨ ਵਿਖੇ ਰਹਿ ਰਿਹਾ ਸੀ। 9 ਜਨਵਰੀ ਨੂੰ ਕੁਝ ਲੁਟੇਰਿਆਂ ਨੇ ਬਰਕਿੰਗ ਦੇ ਬਾਜ਼ਾਰ ਵਿਚੋਂ ਲੰਘ ਰਹੀ ਔਰਤ ਕੋਲੋਂ ਉਸਦਾ ਪਰਸ ਖੋਹਣ ਲਈ ਉਸ'ਤੇ ਹਮਲਾ ਕੀਤਾ। ਸੁਖਵਿੰਦਰ ਸਿੰਘ ਨੇ ਇਕੱਲੇ ਹੀ ਇਨ੍ਹਾਂ ਲੁਟੇਰਿਆਂ ਤੋਂ ਔਰਤ ਨੂੰ ਬਚਾਉਣ ਦਾ ਯਤਨ ਕੀਤਾ। ਇਸ ਮੌਕੇ ਹੋਈ ਹੱਥੋਪਾਈ ਦੌਰਾਨ ਲੁਟੇਰਿਆਂ ਨੇ ਸੁਖਵਿੰਦਰ ਸਿੰਘ ਨੂੰ ਚਾਕੂ ਮਾਰ ਕੇ ਜ਼ਖਮੀ ਕਰ ਦਿੱਤਾ, ਜਿਸ ਦੇ ਸਿੱਟੇ ਵਜੋਂ ਉਸਦੀ ਮੌਤ ਹੋ ਗਈ। ਬਰਕਿੰਗ ਦੀ ਪੁਲੀਸ ਨੇ ਵੀ ਸੁਖਵਿੰਦਰ ਸਿੰਘ ਨੂੰ ਹੀਰੋ ਐਲਾਨਿਆ ਹੈ। ਸ਼੍ਰੋਮਣੀ ਕਮੇਟੀ ਵਲੋਂ ਵੀ ਸੁਖਵਿੰਦਰ ਸਿੰਘ ਦੇ ਪਰਿਵਾਰ ਨੂੰ ਪੰਜ ਲੱਖ ਰੁਪਏ ਦੀ ਮਾਇਕ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਸੀ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੁਧਿਆਣੇ ਜ਼ਿਲੇ ਦੇ ਸੁਖਵਿੰਦਰ ਸਿੰਘ ਨੇ ਲੁਟੇਰਿਆਂ ਕੋਲੋਂ ਬੀਬੀ ਨੂੰ ਬਚਾਉਣ ਲਈ ਦਿਖਾਈ ਬਹਾਦਰੀ ਲਈ ਅਕਾਲ ਤਖ਼ਤ ਵਲੋਂ ਉਸ ਨੂੰ ਸਿੱਖ ਕੌਮ ਦਾ ਸ਼ਹੀਦ ਕਰਾਰ ਦਿੱਤਾ ਜਾਂਦਾ ਹੈ। ਪੰਜ ਸਿੰਘ ਸਾਹਿਬਾਨ ਵਲੋਂ ਪੰਜਾਬ ਸਰਕਾਰ ਦੇ ਫੈਸਲੇ ਦੀ ਭਰਵੀਂ ਸ਼ਲਾਘਾ ਕੀਤੀ ਗਈ ਹੈ, ਜਿਸ ਤਹਿਤ ਪੰਜਾਬ ਸਰਕਾਰ ਵਲੋਂ ਗੁਰਮਤਿ ਸਾਹਿਤ ਦੀ ਸ਼੍ਰੇਣੀ 'ਚ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਪੰਜਾਬ ਸਰਕਾਰ ਵਲੋਂ ਇਸ ਸ਼੍ਰੇਣੀ ਵਿਚ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਰੂਪ ਸਿੰਘ, ਜੋ ਨਾਮਵਰ ਸਿੱਖ ਚਿੰਤਕ ਤੇ ਲੇਖਕ ਹਨ, ਨੂੰ ਇਸ ਸਨਮਾਨ ਨਾਲ ਨਿਵਾਜਣ ਦਾ ਐਲਾਨ ਕੀਤਾ ਹੈ।



ਇਸ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਭਾਰਤ ਸਰਕਾਰ ਵਲੋਂ ਤਿਆਰ ਕੀਤੀ ਗਈ ਕਾਲੀ ਸੂਚੀ ਨੂੰ ਖ਼ਤਮ ਕਰਵਾਉਣ ਲਈ ਲਿਖਤੀ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪੰਜ ਸਿੰਘ ਸਾਹਿਬਾਨ ਨੇ ਬੀਤੇ ਦਿਨ ਨਿਊਜ਼ੀਲੈਂਡ ਤੋਂ ਆਈ ਬੀਬੀ ਸੁਭਨੀਤ ਕੌਰ ਅਤੇ ਉਸਦੇ ਦੋ ਸਾਲਾ ਬੇਟੇ ਬਚਿੱਤਵੀਰ ਸਿੰਘ ਨੂੰ ਭਾਰਤ ਸਰਕਾਰ ਵਲੋਂ ਦਿੱਲੀ ਤੋਂ ਵਾਪਸ ਭੇਜਣ ਦੀ ਕਾਰਵਾਈ ਦੀ ਨਿੰਦਾ ਕੀਤੀ ਹੈ।

ਉਧਰ ਕੇਂਦਰ ਸਰਕਾਰ ਪੂਰਬੀ ਲੰਡਨ ਵਿਚ ਦੋ ਗੋਰੇ ਹਮਲਾਵਰਾਂ ਹੱਥੋਂ ਮਰਨ ਵਾਲੇ ਐਨ.ਆਰ.ਆਈ. ਸੁਖਵਿੰਦਰ ਸਿੰਘ ਨੂੰ ਸਨਮਾਨਣ ਅਤੇ ਉਸਦੀ ਵਿਧਵਾ ਨੂੰ ਮਾਲੀ ਮੁਆਵਜ਼ਾ ਦੇਣ ਬਾਰੇ ਸੋਚ ਰਹੀ ਹੈ। ਇਹ ਮਾਮਲਾ ਖੇਡਾਂ ਬਾਰੇ ਮੰਤਰੀ ਡਾ. ਮਨੋਹਰ ਸਿੰਘ ਗਿੱਲ ਦੀ ਪਹਿਲਕਦਮੀ 'ਤੇ ਉੱਚ ਸਰਕਾਰੀ ਹਲਕਿਆਂ ਵਲੋਂ ਵਿਚਾਰਿਆ ਗਿਆ।

31 ਸਾਲਾ ਸੁਖਵਿੰਦਰ ਸਿੰਘ ਦੀ ਦਲੇਰੀ ਨੂੰ ਪੂਰੇ ਬ੍ਰਿਟੇਨ ਵਿਚ ਸਰਾਹਿਆ ਜਾ ਰਿਹਾ ਹੈ। ਉਸ ਨੇ ਪੂਰਬੀ ਲੰਡਨ ਦੇ ਬਰਕਿੰਗ ਸਟੇਸ਼ਨ ਦੇ ਬਾਹਰ ਇਕ ਇਸਤਰੀ ਤੋਂ ਪਰਸ ਖੋਹ ਕੇ ਦੌੜਨ ਵਾਲੇ ਦੋ ਲੁਟੇਰਿਆਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਕਾਬੂ ਕਰਨ ਦਾ ਯਤਨ ਕੀਤਾ ਜਿਸ 'ਤੇ ਉਨ੍ਹਾਂ ਨੇ ਚਾਕੂ ਮਾਰਕੇ ਸੁਖਵਿੰਦਰ ਦੀ ਹੱਤਿਆ ਕਰ ਦਿੱਤੀ ਸੀ। ਲੰਡਨ ਮੋਟਰੋਪੋਲੀਟਨ ਪੁਲੀਸ ਨੇ ਸੁਖਵਿੰਦਰ ਦੀ ਦਲੇਰੀ ਦੀ ਦਾਦ ਦਿੰਦਿਆਂ ਉਸਨੂੰ 'ਹੀਰੋ' ਕਰਾਰ ਦਿੱਤਾ ਸੀ। ਸੁਖਵਿੰਦਰ ਸਿੰਘ ਦਾ ਚੰਦ ਦਿਨ ਪਹਿਲਾਂ ਕੁਹਾੜਾ (ਲੁਧਿਆਣਾ) ਨੇੜਲੇ ਉਸ ਦੇ ਪਿੰਡ ਵਿਚ ਸਸਕਾਰ ਕੀਤਾ ਗਿਆ ਸੀ ਜਿਥੇ ਉਸਦੀ ਪਤਨੀ ਸੰਦੀਪ ਤੇ ਪੁੱਤਰ ਰਹਿੰਦੇ ਹਨ।

ਪਤਾ ਲੱਗਾ ਹੈ ਕਿ ਸ੍ਰੀ ਗਿੱਲ ਨੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਵਾਇਲਾਰ ਰਵੀ ਨੂੰ ਇਕ ਪ੍ਰਸਤਾਵ ਭੇਜਿਆ ਜਿਸ ਵਿਚ ਸੁਝਾਅ ਦਿੱਤਾ ਗਿਆ ਕਿ ਸੁਖਵਿੰਦਰ ਸਿੰਘ ਦੀ ਦਲੇਰੀ ਨੂੰ ਪੁਰਸਕਾਰ ਨਾਲ ਸਨਮਾਨਤ ਤੋਂ ਇਲਾਵਾ ਉਸ ਦੀ ਵਿਧਵਾ ਦੀ ਵੀ ਮਾਲੀ ਮਦਦ ਕੀਤੀ ਜਾਵੇ। ਯਾਦ ਰਹੇ ਲੁਧਿਆਣਾ ਜਿਲ੍ਹੇ ਦੇ ਪਿੰਡ ਢੋਲਣਵਾਲ ਦੇ ਸਾਹਸੀ ਨੌਜਵਾਨ ਸੁਖਵਿੰਦਰ ਸਿੰਘ ਦੀ ਇੰਗਲੈਂਡ ਵਿਚ ਕੁਝ ਮਾੜੇ ਅਨਸਰਾਂ ਨੇ ਉਦੋਂ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ, ਜਦੋਂ ਉਸ ਨੇ ਇੱਕ ਔਰਤ ਨੂੰ ਗੁੰਡਿਆਂ ਦੇ ਚੁੰਗਲ ਵਿਚੋਂ ਛੁਡਵਾਇਆ। ਸੁਖਵਿੰਦਰ ਸਿੰਘ ਦੀ ਲਾਸ਼ ਬੰਦ ਬਕਸੇ ਰਾਹੀਂ 27 ਜਨਵਰੀ ਨੂੰ ਲੁਧਿਆਣਾ ਪਹੁੰਚੀ ਤੇ 28 ਜਨਵਰੀ ਨੂੰ ਉਸਦੇ ਜੱਦੀ ਪਿੰਡ ਢੋਲਣਵਾਲ ਵਿਖੇ ਲਿਆਂਦੀ ਗਈ। ਇਸ ਵੇਲੇ ਉਸ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਸਮੇਤ ਲੋਕਾਂ ਦੇ ਉਮਡੇ ਇਕੱਠ ਵਿਚ ਕੋਈ ਅੱਖ ਅਜਿਹੀ ਨਹੀਂ ਸੀ, ਜੋ ਨਮ ਨਾ ਹੋਈ ਹੋਵੇ। ਇਸ ਮੌਕੇ ਸਾਬਕਾ ਸਾਂਸਦ ਸ਼ਰਨਜੀਤ ਸਿੰਘ ਢਿੱਲੋਂ ਨੇ ਸਰਕਾਰ ਵਲੋਂ ਫੁੱਲ ਮਾਲਾ ਅਰਪਿਤ ਕੀਤੀ ਤੇ ਪ੍ਰਸ਼ਾਸਨ ਵਲੋਂ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵਿਕਾਸ ਗਰਗ ਤੇ ਐਸ ਐਸ ਪੀ ਨੇ ਸ਼ਰਧਾ ਦੇ ਫੁਲ ਭੇਟ ਕੀਤੇ। ਜਦ ਕਿ ਦੂਜੇ ਪਾਸੇ ਪਰਿਵਾਰ ਨੂੰ ਸਹਿਯੋਗ ਦੇਣ ਤੇ ਵਿਦੇਸ਼ ਵਿਚੋਂ ਮ੍ਰਿਤਕ ਦੀ ਲਾਸ਼ ਲਿਆਉਣ ਦਾ ਪ੍ਰਬੰਧ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕੀਤਾ। ਅੰਤਿਮ ਸਸਕਾਰ ਮੌਕੇ ਬਾਬਾ ਜਸਵੰਤ ਸਿੰਘ ਜਵੱਦੀ ਵਾਲੇ ਸਮੇਤ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ। ਦਿੱਲੀ ਦੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੇ ਹੈਡ ਗ੍ਰੰਥੀ ਪਿਆਰਾ ਸਿੰਘ ਨੇ ਅਗਿਨ ਭੇਟ ਤੋਂ ਪਹਿਲਾ ਅਰਦਾਸ ਕੀਤੀ ਤੇ ਆਖਿਰ ਵਿਚ ਮਰਹੂਮ ਦੇ ਨੌਂ ਸਾਲਾ ਬੇਟੇ ਨੇ ਚਿਤਾ ਨੂੰ ਅੱਗ ਦਿਖਾਈ। ਇਸ ਮੌਕੇ ਸਾਬਕਾ ਮੇਅਰ ਨਾਹਰ ਸਿੰਘ ਗਿੱਲ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਵਿਧਾਇਕ ਈਸ਼ਰ ਸਿੰਘ ਮੇਹਰਵਾਨ, ਸੰਤਾ ਸਿੰਘ ਉਮੈਦਪੁਰੀ, ਸਤਵੰਤ ਸਿੰਘ ਸਿੱਧੂ, ਲਖਵੀਰ ਸਿੰਘ ਲੱਖਾ, ਸ਼ਕਤੀ ਆਨੰਦ, ਗੁਰਪ੍ਰੀਤ ਬਲੀਏਵਾਲ, ਅਮਰੀਕ ਸਿੰਘ ਔਜਲਾ, ਜਸਵੀਰ ਸਿੰਘ ਜੀਓ, ਅਮਰਜੀਤ ਭੱਟੀਆ ਤੇ ਹੋਰ ਆਗੂ ਮੌਜੂਦ ਸਨ।

## ਰਣਜੋਧ ਸਿੰਘ ਦਾ ਜੱਦੀ ਪਿੰਡ 'ਚ ਸਸਕਾਰ

**ਨਾਭਾ :** ਪਿਛਲੇ ਮਹੀਨੇ ਆਸਟਰੇਲੀਆ 'ਚ ਮਾਰੇ ਗਏ ਪਿੰਡ ਅਲੌਹਰਾਂ ਕਲ੍ਹਾਂ ਦੇ ਨਿਵਾਸੀ ਰਣਜੋਧ ਸਿੰਘ (25) ਦੀ ਲਾਸ਼ 29 ਜਨਵਰੀ ਨੂੰ ਤਕਰੀਬਨ ਇੱਕ ਮਹੀਨੇ ਬਾਅਦ ਕੇਂਦਰੀ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਦੇ ਯਤਨਾਂ ਸਦਕਾ, ਜ਼ਿਲ੍ਹਾ ਤੇ ਤਹਿਸੀਲ ਪ੍ਰਸ਼ਾਸਨ ਦੀ ਦੇਖ-ਰੇਖ ਹੇਠ ਪਿੰਡ ਅਲੌਹਰਾਂ ਕਲ੍ਹਾਂ ਪਹੁੰਚੀ। ਲਾਸ਼ ਆਉਂਦਿਆਂ ਹੀ ਸਾਰੇ ਪਰਿਵਾਰ ਤੇ ਉਨ੍ਹਾਂ ਦੇ ਘਰ ਪਹੁੰਚੇ ਰਿਸ਼ਤੇਦਾਰਾਂ, ਪ੍ਰਸ਼ਾਸਨਿਕ ਅਧਿਕਾਰੀਆਂ ਤੇ ਆਂਢ-ਗੁਆਂਢ ਦੇ ਲੋਕਾਂ ਦੀਆਂ ਅੱਖਾਂ ਨਮ ਹੋ ਗਈਆਂ। ਪਰਿਵਾਰ ਨੂੰ ਮ੍ਰਿਤਕ ਰਣਜੋਧ ਦੀ ਲਾਸ਼ ਦਿਖਾਉਣ ਤੋਂ ਬਾਅਦ ਮ੍ਰਿਤਕ ਦੇਹ ਨੂੰ ਅਲੌਹਰਾਂ ਗੇਟ ਸ਼ਮਸ਼ਾਨਘਾਟ ਵਿਚ ਲਿਜਾਇਆ ਗਿਆ, ਜਿੱਥੇ ਕਰੀਬ 6 ਵਜੇ ਰਣਜੋਧ ਦੇ ਭਰਾ ਸਤਨਾਮ ਸਿੰਘ ਨੇ ਮ੍ਰਿਤਕ ਦੀ ਚਿਤਾ ਨੂੰ ਅਗਨੀ ਦਿਖਾਈ। ਇਸ ਮੌਕੇ ਡਿਪਟੀ ਕਮਿਸ਼ਨਰ ਪਟਿਆਲਾ ਦੀਪਇੰਦਰ ਸਿੰਘ ਗਰੇਵਾਲ, ਐਸ ਐਸ ਪੀ ਪਟਿਆਲਾ ਰਣਬੀਰ ਸਿੰਘ ਖੱਟੜਾ, ਐਸ ਪੀ ਬਖਸ਼ੀ, ਡੀ ਐਸ ਪੀ ਨਾਭਾ ਅਰਸ਼ਦੀਪ ਸਿੰਘ ਗਿੱਲ, ਐਡੀਸ਼ਨਲ ਐਸਡੀਐਮ ਗੁਰਮੀਤ ਸਿੰਘ, ਨਾਇਬ ਤਹਿਸੀਲਦਾਰ ਹਰਿੰਦਰ ਸ਼ਰਮਾ ਆਦਿ ਨੇ ਪ੍ਰਸ਼ਾਸਨ ਵਲੋਂ ਸ਼ਰਧਾਂਜਲੀ ਭੇਟ ਕੀਤੀ। ਮ੍ਰਿਤਕ ਦੇ ਪਿਤਾ ਗੁਰਮੇਲ ਸਿੰਘ ਅਤੇ ਮਾਤਾ ਜਸਪਾਲ ਕੌਰ ਦੀ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਸੀ। ਜ਼ਿਕਰਯੋਗ ਹੈ ਕਿ ਮ੍ਰਿਤਕ ਰਣਜੋਧ ਸਿੰਘ 27 ਦਸੰਬਰ ਨੂੰ ਆਸਟਰੇਲੀਆ ਦੇ ਗ੍ਰਿਫ਼ਤ 'ਚ ਲਾਪਤਾ ਹੋ ਗਿਆ ਸੀ ਅਤੇ ਕੁਝ ਦਿਨਾਂ ਬਾਅਦ ਉਸ ਦੀ ਸੜੀ ਹੋਈ ਲਾਸ਼ ਆਸਟਰੇਲੀਆ ਮਿਲੀ ਸੀ ਅਤੇ ਲਗਾਤਾਰ ਉਸੇ ਦਿਨ ਤੋਂ ਪਰਿਵਾਰਕ ਮੈਂਬਰਾਂ ਨੇ ਭਾਰਤ ਸਰਕਾਰ ਨੂੰ ਆਪਣੇ ਪੁੱਤਰ ਦੀ ਲਾਸ਼ ਜਲਦੀ ਮੰਗਾਉਂਣ ਲਈ ਮੰਗ ਕੀਤੀ ਸੀ, ਪ੍ਰੰਤੂ ਕੇਂਦਰੀ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਦੇ ਯਤਨਾਂ ਸਦਕਾ ਮ੍ਰਿਤਕ ਰਣਜੋਧ ਸਿੰਘ ਦੀ ਲਾਸ਼ ਇੱਕ ਮਹੀਨੇ ਬਾਅਦ ਭਾਰਤ ਲਿਆਂਦੀ ਗਈ। ਸਸਕਾਰ ਮੌਕੇ ਹੋਰਨਾਂ ਤੋਂ ਇਲਾਵਾ ਅਕਾਲੀ ਦਲ (ਸੁਤੰਤਰ) ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ, ਸਾਬਕਾ ਵਿਧਾਇਕ ਰਮੇਸ਼ ਸਿੰਗਲਾ, ਮੌਜੂਦ ਸਨ।

ਇਸ ਦੌਰਾਨ ਪਤਾ ਲਗਾ ਹੈ ਕਿ ਆਸਟਰੇਲੀਆ 'ਚ ਭਾਰਤੀ ਨੌਜਵਾਨ ਰਣਜੋਧ ਸਿੰਘ ਦੇ ਹੋਏ ਕਤਲ ਦੇ ਮਾਮਲੇ 'ਚ ਇੱਕ ਜੋੜੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਰਣਜੋਧ ਸਿੰਘ ਦੀ ਸੜੀ ਹੋਈ ਲਾਸ਼ ਬੀਤੇ ਸਾਲ ਦਸੰਬਰ 'ਚ ਨਿਊ ਸਾਊਥ ਵੇਲਜ਼ ਰਿਵਰੇਨਾ 'ਚ ਸੜਕ ਕਿਨਾਰੇ ਪਈ ਮਿਲੀ ਸੀ। ਸਥਾਨਕ ਪੁਲਿਸ ਨੇ ਦੱਸਿਆ ਕਿ 23 ਸਾਲਾ ਇੱਕ ਨੌਜਵਾਨ ਅਤੇ ਉਸ ਦੀ 20 ਸਾਲਾ ਪਤਨੀ ਨੂੰ ਸਿਡਨੀ ਦੇ ਸਿੰਸ ਸਾਊਚੀ 'ਚ ਸਥਿਤ ਦੋ ਵੱਖ-ਵੱਖ ਥਾਵਾਂ ਤੋਂ ਅੱਜ ਸਵੇਰੇ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਇਨ੍ਹਾਂ ਦੀ ਅਜੇ ਤੱਕ ਪਛਾਣ ਨਹੀਂ ਹੋਈ।ਦੱਸਣਯੋਗ ਹੈ ਕਿ ਰਣਜੋਧ ਸਿੰਘ ਆਪਣੀ ਮੌਤ ਤੋਂ ਕੁਝ ਦਿਨ ਪਹਿਲਾਂ ਗ੍ਰਿਫਿਥ 'ਚ ਭਾਰਤ ਦੇ ਹੀ ਇੱਕ ਹੋਰ ਵਿਅਕਤੀ ਨਾਲ ਰਹਿਣ ਲੱਗ ਪਿਆ ਸੀ। ਮੀਡੀਆ ਦੀਆਂ ਖ਼ਬਰਾਂ ਅਨੁਸਾਰ ਜਿਸ ਰਾਤ ਉਸ ਨੂੰ ਆਖਰੀ ਵਾਰ ਦੇਖਿਆ ਗਿਆ, ਉਸ ਦਿਨ ਉਹ ਈਗਲ ਬਾਇਜ਼ 'ਚ ਪਿਜਾ ਖਾਣ ਦੇ ਲਈ ਦੋਸਤਾਂ ਦੇ ਨਾਲ ਸ਼ਾਮਲ ਹੋਇਆ ਸੀ। ਪਿਜਾ ਖਾਣ ਤੋਂ ਬਾਅਦ ਸਾਰੇ ਦੋਸਤ ਨੇੜੇ ਹੀ ਇੱਕ ਫਲੈਟ 'ਚ ਪਾਰਟੀ 'ਚ ਸ਼ਾਮਲ ਹੋਣ ਲਈ ਚਲੇ ਗਏ ਸਨ ਤੇ ਉਥੇ ਕਿਸੇ ਗੱਲ ਨੂੰ ਲੈ ਕੇ ਤਕਰਾਰ ਵੀ ਹੋਇਆ, ਪਰ ਪੁਲਿਸ ਨੇ ਰਣਜੋਧ ਦੀ ਮੌਤ ਦਾ ਕਾਰਨ ਨਹੀਂ ਦੱਸਿਆ।

## ਹਮਲੇ ਕਰਨ ਵਾਲੇ ਬਹੁਤੇ ਹਮਲਾਵਰ ਛੋਟੀ ਉਮਰ ਦੇ

**ਮੈਲਬੌਰਨ :** ਆਸਟਰੇਲੀਆ ਸਰਕਾਰ ਨੇ ਪਿਛਲੇ ਸਾਲ ਭਾਰਤੀਆਂ 'ਤੇ ਹੋਏ ਹਮਲੇ ਦੇ ਸਬੰਧ ਵਿਚ ਇੱਕ ਦਸਤਾਵੇਜ਼ ਭਾਰਤ ਨੂੰ ਸੌਂਪਿਆ ਹੈ, ਜਿਸ ਤੋਂ ਪਤਾ ਚੱਲਦਾ ਹੈ ਕਿ ਕਰੀਬ ਅੱਧੇ ਹਮਲਾਵਰ 18 ਸਾਲ ਤੋਂ ਘੱਟ ਉਮਰ ਦੇ ਸਨ। ਇਸ ਦਸਤਾਵੇਜ਼ ਤੋਂ ਸਪਸ਼ਟ ਹੁੰਦਾ ਹੈ ਕਿ ਆਸਟਰੇਲੀਆ ਵਿਚ ਘੱਟ ਉਮਰ ਦੇ ਨਾਗਰਿਕਾਂ ਅੰਦਰ ਨਸਲਵਾਦ ਦੀ ਭਾਵਨਾ ਵਧਦੀ ਜਾ ਰਹੀ ਹੈ। ਵਿਕਟੋਰੀਆ ਪੁਲਿਸ ਦੁਆਰਾ ਤਿਆਰ ਕੀਤਾ ਗਿਆ ਇਹ ਦਸਤਾਵੇਜ਼ ਕੁਝ ਹਫ਼ਤੇ ਪਹਿਲਾਂ ਭਾਰਤ ਨੂੰ ਸੌਂਪ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਸਟੀਫ਼ਨ ਸਮਿੱਥ ਨੇ ਆਪਣੇ ਭਾਰਤੀ ਹਮਰੁਤਬਾ ਐਸਐਮ ਕ੍ਰਿਸ਼ਨਾ ਨਾਲ 11 ਜਨਵਰੀ ਨੂੰ ਫੋਨ 'ਤੇ ਗੱਲਬਾਤ ਕਰਦਿਆਂ ਭਾਰਤੀ ਵਿਦਿਆਰਥੀ ਨਿਤਿਨ ਗਰਗ ਦੀ ਯਾਰਵਿਲੇ 'ਚ ਹੋਈ ਹੱਤਿਆ ਸਬੰਧੀ ਸੋਗ ਜਤਾਇਆ ਸੀ।ਸਥਾਨਕ ਅਖ਼ਬਾਰ 'ਏਜ ਦੈਨਿਕ' ਦੀ ਰਿਪੋਰਟ ਮੁਤਾਬਕ ਦਸਤਾਵੇਜ਼ ਤੋਂ ਪਤਾ ਚੱਲਦਾ ਹੈ ਕਿ ਮਾਰਚ 2009 ਅਤੇ ਗਰਗ ਦੀ ਹੱਤਿਆ ਦੇ ਤਿੰਨ ਦਿਨ ਬਾਅਦ 5 ਜਨਵਰੀ ਦੇ ਦਰਮਿਆਨ ਗ੍ਰਿਫ਼ਤਾਰ ਕੀਤੇ ਗਏ ਕਰੀਬ ਅੱਧੇ ਆਸਟਰੇਲੀਆਈ ਵਿਅਕਤੀ 18 ਸਾਲ ਤੋਂ ਘੱਟ ਉਮਰ ਦੇ ਸਨ। ਇਸ ਦਸਤਾਵੇਜ਼ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਭਾਰਤੀ ਭਾਈਚਾਰੇ ਦੇ ਲੋਕਾਂ ਖਿਲਾਫ਼ ਬੇਹੱਦ ਸਨਸਨੀਖੇਜ਼ 18 ਮਾਮਲਿਆਂ ਵਿਚੋਂ ਹਮਲਿਆਂ ਦੇ ਦੋ ਮਾਮਲੇ ਪਿਛਲੇ ਸਾਲ ਮਈ ਅਤੇ ਜੂਨ ਮਹੀਨਿਆਂ ਵਿਚ ਸਾਹਮਣੇ ਆਏ ਅਤੇ ਇਨ੍ਹਾਂ ਨੂੰ ਹੁਣ ਤੱਕ ਨਹੀਂ ਸੁਲਝਾਇਆ ਗਿਆ। ਸੂਤਰਾਂ ਨੇ ਦੱਸਿਆ ਕਿ ਆਸਟਰੇਲੀਆਈ ਸਰਕਾਰ ਸ਼ੁਰੂਆਤ ਵਿਚ ਭਾਰਤੀਆਂ ਨੂੰ ਵਧੇਰੇ ਜਾਣਕਾਰੀ ਉਪਲਬਧ ਕਰਵਾਏ ਜਾਣ ਤੋਂ ਟਾਲਾ ਵੱਟ ਰਹੀ ਸੀ, ਕਿਉਂਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਹਮਲਿਆਂ ਨੂੰ ਨਸਲੀ ਨਹੀਂ ਮੰਨਿਆ ਜਾ ਰਿਹਾ ਸੀ ਤੇ ਪੁਲਿਸ ਮੁਤਾਬਕ ਇਹ ਅਪਰਾਧਿਕ ਮਾਮਲੇ ਸਨ। ਦਸਤਾਵੇਜ਼ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਭਾਰਤੀਆਂ ਦੇ ਰੂਪ 'ਚ ਦਰਸਾਏ ਗਏ ਲੋਕ ਮਾਰੀਸ਼ਿਸ ਅਤੇ ਫੀਜੀ ਜਿਹੇ ਦੇਸ਼ਾਂ ਦੇ ਵੀ ਹੋ ਸਕਦੇ ਹਨ।


ਦਸਤਾਵੇਜ਼ ਅਨੁਸਾਰ 18 ਮਾਮਲਿਆਂ ਵਿਚੋਂ ਦੋ ਵਿਅਕਤੀ ਟਰੇਨ ਦੇ ਹੇਠਾਂ ਆ ਕੇ ਕੁਚਲੇ ਗਏ, ਜਿਨ੍ਹਾਂ ਵਿਚੋਂ ਕਿਸੇ ਪ੍ਰਕਾਰ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਸੀ, ਜਦਕਿ 3 ਮਾਮਲੇ ਅਣਸੁਲਝੇ ਰਹੇ ਤੇ ਬਾਕੀ 13 ਮਾਮਲਿਆਂ ਵਿਚ 33 ਆਸਟਰੇਲੀਆਈ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।ਪਿਛਲੇ ਸਾਲ ਭਾਰਤੀਆਂ ਖਿਲਾਫ਼ ਕੀਤੇ ਗਏ ਹਮਲਿਆਂ ਵਿਚ ਸ਼ਾਮਲ 18 ਹਮਲਾਵਰਾਂ ਵਿਚੋਂ ਮਾਰਚ 'ਚ ਇੱਕ ਰੇਲਵੇ ਸਟੇਸ਼ਨ 'ਤੇ ਦੋ ਭਾਰਤੀਆਂ ਉਪਰ ਹਮਲਾ ਅਤੇ ਲੁੱਟਮਾਰ ਕਰਨ ਵਾਲੇ 4 ਨੌਜਵਾਨ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਮਈ 'ਚ ਇੱਕ ਟਰੇਨ ਵਿਚ ਭਾਰਤੀ ਵਿਦਿਆਰਥੀ ਸੌਰਵ ਸ਼ਰਮਾ 'ਤੇ ਹਮਲਾ ਕਰਨ ਦੇ ਮਾਮਲੇ ਵਿਚ 4 ਸਥਾਨਕ ਨਾਗਰਿਕ ਸ਼ਾਮਲ ਹਨ। ਦਸਤਾਵੇਜ਼ ਮੁਤਾਬਕ ਨਵੰਬਰ 'ਚ ਫੁੱਟਸਕਰੇਜ਼ 'ਚ ਦੋ ਆਸਟਰੇਲੀਆਈ ਨਾਗਰਿਕਾਂ ਨੇ ਇੱਕ ਭਾਰਤੀ ਵਿਅਕਤੀ ਤੋਂ ਪੈਸੇ ਦੀ ਮੰਗ ਕੀਤੀ ਤੇ ਮੰਗ ਮੁਤਾਬਕ ਪੈਸੇ ਨਾ ਦੇਣ ਕਾਰਨ ਉਸ 'ਤੇ ਚਾਕੂਆਂ ਨਾਲ ਹਮਲਾ ਕਰ ਦਿੱਤਾ। ਪੁਲਿਸ ਨੇ ਬੀਤੇ ਮੰਗਲਵਾਰ ਨੂੰ ਵੀ ਸੋਮਵਾਰ ਦੇ ਮਾਮਲੇ ਵਿਚ 19 ਤੇ 20 ਸਾਲਾ ਉਮਰ ਦੇ ਪੰਜ ਨੌਜਵਾਨਾਂ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਉਨ੍ਹਾਂ ਸ਼ੁਰੂਆਤ ਵਿਚ ਕਿਹਾ ਸੀ ਕਿ ਹਮਲਾਵਰ ਦੇਖਣ ਵਿਚ ਏਸ਼ੀਆਈ ਮੂਲ ਦੇ ਲੱਗਦੇ ਸਨ।






# ਸ਼ਿਵਰਾਜ ਪਾਟਿਲ ਦਰਬਾਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਪੰਜਾਬ ਦੇ ਰਾਜਪਾਲ ਅਤੇ ਕੇਂਦਰੀ ਸਾਸ਼ਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼ਿਵਰਾਜ ਪਾਟਿਲ ਅਹੁਦਾ ਸੰਭਾਲਣ ਉਪਰੰਤ ਲੰਘੀ 28 ਜਨਵਰੀ ਨੂੰ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਦੁਰਗਿਆਨਾ ਮੰਦਿਰ ਅੰਮ੍ਰਿਤਸਰ ਵਿਖੇ ਨਤਮਸਤਕ ਹੋਏ ਅਤੇ ਇਤਿਹਾਸਕ ਜਲ੍ਹਿਆਂ ਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।



ਸ੍ਰੀ ਪਾਟਿਲ ਦਾ ਦਰਬਾਰ ਸਾਹਿਬ ਵਿਖੇ ਪੁੱਜਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਐਸ ਜੀ ਪੀ ਸੀ ਦੇ ਹੋਰ ਅਹੁਦੇਦਾਰਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਸ੍ਰੀ ਪਾਟਿਲ ਨੇ ਦਰਬਾਰ ਸਾਹਿਬ ਦੀ ਪਰਕਰਮਾ ਕਰਨ ਉਪਰੰਤ ਰੂਹਾਨੀਅਤ ਦੇ ਇਸ ਕੇਂਦਰ ਵਿਖੇ ਮੱਥਾ ਟੇਕਿਆ। ਬਾਅਦ ਵਿਚ ਸ. ਮੱਕੜ ਨੇ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਰਾਜਪਾਲ ਪੰਜਾਬ ਨੂੰ ਸਿਰੋਪਾਓ, ਸ਼ਾਲ, ਦਰਬਾਰ ਸਾਹਿਬ ਦਾ ਮਾਡਲ ਅਤੇ ਧਾਰਮਿਕ ਪੁਸਤਕਾਂ ਦਾ ਸੈਟ ਦੇ ਕੇ ਸਨਮਾਨਤ ਕੀਤਾ।

ਇਸ ਮੌਕੇ ਪੰਜਾਬ ਦੇ ਵਿਕਾਸ ਬਾਰੇ ਉਨ੍ਹਾਂ ਵਲੋਂ ਉਲੀਕੀ ਯੋਜਨਾ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਸ੍ਰੀ ਪਾਟਿਲ ਨੇ ਕਿਹਾ ਕਿ ਪੰਜਾਬ ਦੇਸ਼ ਦਾ ਅਹਿਮ ਸੂਬਾ ਹੈ ਤੇ ਇਸ ਦੇ ਕਿਸਾਨ ਦੇਸ਼ ਦੇ ਅੰਨ ਭੰਡਾਰ ਵਿਚ ਸਭ ਨਾਲੋਂ ਵੱਡਾ ਹਿੱਸਾ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਵਿਚ ਭਾਰਤ ਹੀ ਨਹੀਂ ਬਲਕਿ ਪੂਰੇ ਏਸ਼ੀਆਈ ਲੋਕਾਂ ਦੀਆਂ ਅੰਨ ਸਬੰਧੀ ਲੋੜਾਂ ਨੂੰ ਪੂਰਾ ਕਰਨ ਦੀ ਹਿੰਮਤ ਅਤੇ ਸ਼ਕਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਰਾਜਪਾਲ ਵਜੋਂ ਉਹ ਪੰਜਾਬ ਅਤੇ ਪੰਜਾਬੀਆਂ ਦੀ ਬੇਹਤਰੀ ਲਈ ਹਰ ਸੰਭਵ ਯਤਨ ਕਰਨਗੇ। ਸ੍ਰੀ ਸ਼ਿਵ ਰਾਜ ਪਾਟਿਲ ਨੇ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿਖੇ ਸ਼ਹੀਦੀ ਲਾਟ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ ਅਤੇ ਯਾਤਰੂ ਪੁਸਤਕ ਵਿਚ ਆਪਣੇ ਜਜ਼ਬਾਤਾਂ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਲਿਖਿਆ ਕਿ "ਭਾਰਤ ਸ਼ਹੀਦਾਂ ਦੀਆਂ ਬੇਮਿਸਾਲ ਕੁਰਬਾਨੀਆਂ ਸਦਕਾ ਆਜ਼ਾਦ ਹੋਇਆ ਹੈ। ਜਲ੍ਹਿਆਂਵਾਲਾ ਬਾਗ ਉਹ ਪਵਿੱਤਰ ਅਸਥਾਨ ਹੈ, ਜਿੱਥੇ ਆ ਕੇ ਹਰ ਭਾਰਤੀ ਨੂੰ ਦੇਸ਼ ਲਈ ਆਪਾ ਵਾਰਨ ਦੀ ਪ੍ਰੇਰਨਾ ਮਿਲਦੀ ਹੈ। ਮੈਂ ਇੱਥੇ ਆ ਕੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਨੂੰ ਦਿਲੋਂ ਸ਼ਰਧਾਂਜਲੀ ਭੇਟ ਕਰਦਾ ਹਾਂ।"

# ਚੜ੍ਹਾਵੇ ਦਾ ਹਿਸਾਬ ਰੱਖਣ ਦਾ ਹੱਕ ਮਿਲਿਆ

**ਲਾਹੌਰ:** ਪਾਕਿਸਤਾਨ ਸਰਕਾਰ ਨੇ ਪਹਿਲੀ ਵਾਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਜੀ.ਪੀ.ਸੀ.) ਨੂੰ ਗੁਰਦੁਆਰਿਆਂ ਵਿਚਲੇ ਧਾਰਮਿਕ ਸਮਾਗਮਾਂ ਦੌਰਾਨ ਚੜ੍ਹਾਵੇ ਦਾ ਰਿਕਾਰਡ ਰੱਖਣ ਦਾ ਅਖਤਿਆਰ ਦੇ ਦਿੱਤਾ ਹੈ। ਇਹ ਗੱਲ ਮੁਲਕ ਦੇ ਔਕਾਫ ਬੋਰਡ ਦੇ ਚੇਅਰਮੈਨ ਸਈਦ ਆਸਿਫ ਹਾਸ਼ਮੀ ਨੇ ਕਹੀ ਹੈ। ਉਨ੍ਹਾਂ ਕਿਹਾ, "ਅਸੀਂ ਸਿੱਖ ਗੁਰਦੁਆਰਾ ਸੰਸਥਾ ਨੂੰ ਇਹ ਅਖਤਿਆਰ ਦੇ ਦਿੱਤੇ ਹਨ ਕਿ ਹੁਣ ਤੋਂ ਬਾਅਦ ਗੁਰਦੁਆਰਿਆਂ ਵਿਚ ਗੋਲਕ ਰੱਖ ਸਕਦੀ ਹੈ ਅਤੇ ਆਪਣੇ ਪੱਧਰ ਉਤੇ ਇਸ ਦਾ ਹਿਸਾਬ ਰੱਖ ਸਕਦੀ ਹੈ। ਸਰਕਾਰ ਇਸ ਮਾਮਲੇ ਵਿਚ ਦਖਲ ਨਹੀਂ ਦੇਵੇਗੀ।"

ਗੌਰਤਲਬ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਪੀ.ਜੀ.ਪੀ.ਸੀ. ਦੀਆਂ ਹੋਈਆਂ ਚੋਣਾਂ ਦੌਰਾਨ ਸਰਦਾਰ ਸ਼ਾਮ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ ਸੀ। ਇਹ ਚੋਣਾਂ ਤਿੰਨ ਸਾਲ ਦੇ ਵਕਫੇ ਪਿੱਛੋਂ ਹੋਈਆਂ ਸਨ। ਇਸ ਦੌਰਾਨ ਗੱਲ ਕਰਦਿਆਂ ਸ੍ਰੀ ਹਾਸ਼ਮੀ ਨੇ ਕਿਹਾ, "ਅਤੀਤ ਦੇ ਉਲਟ ਹੁਣ ਸਿੱਖ ਸੰਸਥਾ ਕੋਲ ਕਾਫੀ ਸ਼ਕਤੀਆਂ ਹੋਣਗੀਆਂ ਅਤੇ ਔਕਾਫ ਬੋਰਡ ਵਲੋਂ ਸਿੱਖ ਧਰਮ ਸਥਾਨਾਂ ਦੇ ਸੁਧਾਰ ਲਈ ਕੀਤੇ ਜਾਣ ਵਾਲੇ ਵਿਕਾਸ ਕੰਮਾਂ ਵਿਚ ਇਸ ਦੀ ਵੀ ਪੂਰੀ ਸੁਣੀ ਜਾਵੇਗੀ।" ਇਕ ਹੋਰ ਅਹਿਮ ਇੰਕਸ਼ਾਫ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਭਾਰਤ ਸਰਕਾਰ ਇਜਾਜ਼ਤ ਦੇਵੇ ਤਾਂ ਪਾਕਿਸਤਾਨ ਅੰਮ੍ਰਿਤਸਰ ਵਿਖੇ ਆਪਣਾ ਕੌਂਸਲਖਾਨਾ ਖੋਲ੍ਹਣ ਲਈ ਤਿਆਰ ਹੈ।

ਗੁਰੂ ਨਾਨਕ ਦੇਵ ਜੀ ਦੇ ਧਰਮ ਅਸਥਾਨ ਨਨਕਾਣਾ ਸਾਹਿਬ ਵਿਖੇ ਖੋਲ੍ਹੀ ਜਾਣ ਵਾਲੀ ਗੁਰੂ ਨਾਨਕ ਯੂਨੀਵਰਸਿਟੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਦਾ ਨੀਂਹ ਪੱਥਰ ਅਗਲੇ ਮਹੀਨੇ ਮੁਲਕ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਰੱਖਣਗੇ। ਉਨ੍ਹਾਂ ਕਿਹਾ, "ਇਹ ਯੂਨੀਵਰਸਿਟੀ 5 ਅਰਬ ਰੁਪਏ ਦੀ ਲਾਗਤ ਨਾਲ ਸਥਾਪਤ ਕੀਤੀ ਜਾਵੇਗੀ। ਇਸ ਦਾ ਕੈਂਪਸ 2500 ਏਕੜ ਰਕਬੇ ਉਤੇ ਹੋਵੇਗਾ।ਅਸੀਂ ਇਸ ਨੂੰ ਕੌਮਾਂਤਰੀ ਸਿੱਖਿਆ ਵਾਲਾ ਅਦਾਰਾ ਬਣਾਵਾਂਗੇ।"









# ਵਿਵਾਦਾਂ ’ਚ ਘਿਰਿਆ ਸੰਤ ਸਿੰਘ ਛੱਤਵਾਲ ਨੂੰ ਦਿੱਤਾ ਗਿਆ ਇਨਾਮ

**ਜਤਿੰਦਰ ਪੰਨੂ**

ਰਾਜਨੀਤੀ ਬੜੀ ਗੰਦੀ ਚੀਜ਼ ਬਣ ਚੁੱਕੀ ਹੈ ਸਾਡੇ ਜ਼ਮਾਨੇ ਵਿਚ। ਇਸ ਨੇ ਨਾ ਸਮਾਜੀ ਤਾਣੇ-ਬਾਣੇ ਨੂੰ ਤੋੜਨ ਵਿਚ ਕਸਰ ਛੱਡੀ ਹੈ, ਨਾ ਧਾਰਮਿਕ ਵਿਸ਼ਵਾਸਾਂ ਦਾ ਖੇਤਰ ਪਲੀਤ ਕਰਨ ਵਿਚ ਤੇ ਨਾ ‘ਸਨਮਾਨ’ ਵਰਗੇ ਸ਼ਬਦਾਂ ਨੂੰ ਅਪਮਾਨ ਦਾ ਪ੍ਰਤੀਕ ਬਣਾਉਣ ਤੋਂ ਹੀ ਝਿਜਕੀ ਹੈ। ਅਸੀਂ ਬੜੇ ਨਮੂਨੇ ਵੇਖੇ ਹਨ ਇਸ ਵਰਤਾਰੇ ਦੇ।

ਇੱਕ ਵਾਰੀ ਅੰਮ੍ਰਿਤਸਰ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਹੇਠ ਵੀ, ਤੇ ਉਨ੍ਹਾਂ ਦੇ ਆਪਣੇ ਹੱਥੀਂ ਵੀ, ਜਨਰਲ ਵੈਦਿਆ ਦੇ ਫਾਂਸੀ ਲੱਗ ਚੁੱਕੇ ਦੋਵਾਂ ਕਾਤਲਾਂ ਦੇ ਪਰਵਾਰਾਂ ਨੂੰ ‘ਸਿਰੋਪਾਓ’ ਦੇ ਕੇ ਸਨਮਾਨਤ ਕੀਤਾ ਗਿਆ ਸੀ। ਅਗਲੇ ਦਿਨ ਟੌਹੜਾ ਸਾਹਿਬ ਜਲੰਧਰ ਆ ਗਏ। ਪੱਤਰਕਾਰਾਂ ਨੂੰ ਮਿਲੇ ਤਾਂ ਕਿਸੇ ਨੇ ਸਵਾਲ ਕਰ ਦਿੱਤਾ ਕਿ ‘‘ਜਥੇਦਾਰ ਜੀ, ਭਾਰਤੀ ਜਨਤਾ ਪਾਰਟੀ ਤੁਹਾਡੀ ਸਹਿਯੋਗੀ ਪਾਰਟੀ ਹੋਣ ਦੇ ਬਾਵਜੂਦ ਇਹ ਕਹਿੰਦੀ ਹੈ ਕਿ ਸੁੱਖ-ਜਿੰਦੇ ਦੇ ਪਰਵਾਰਾਂ ਨੂੰ ਸਿਰੋਪੇ ਦੇ ਕੇ ਤੁਸੀਂ ਅੱਤਵਾਦ ਨੂੰ ਹੱਲਾਸ਼ੇਰੀ ਦੇ ਰਹੇ ਹੋ।’’ ਜਥੇਦਾਰ ਟੌਹੜਾ ਦਾ ਜਵਾਬ ਸਭ ਨੂੰ ਸੁੰਨ ਕਰ ਦੇਣ ਵਾਲਾ ਸੀ। ਕਹਿਣ ਲੱਗੇ, ‘‘ਢਾਈ ਗਜ਼ ਦੀ ਲੀਰ ਨਾਲ ਅੱਤਵਾਦ ਨਹੀਂ ਆ ਜਾਣ ਲੱਗਾ।’’ ਅਖ਼ਬਾਰਾਂ ਵਿਚ ਛਪਿਆ ਇਹ ਬਿਆਨ ਓਨਾ ਅੱਤਵਾਦ ਬਾਰੇ ਬਹਿਸ ਦਾ ਮੁੱਦਾ ਨਹੀਂ ਸੀ ਬਣਿਆ, ਜਿੰਨਾ ਇਸ ਗੱਲੋਂ ਬਣ ਗਿਆ ਸੀ ਕਿ ਜਥੇਦਾਰ ਟੌਹੜਾ ਦੀ ਨਜ਼ਰ ਵਿਚ ‘ਸਿਰੋਪਾਓ’ ਵੀ ਢਾਈ ਗਜ਼ ਦੀ ਲੀਰ’ ਤੋਂ ਵਧ ਅਰਥ ਨਹੀਂ ਰੱਖਦਾ। ਉਹ ਦਿਨ ਤੇ ਆਹ ਦਿਨ, ਕਈ ਸਨਮਾਨ ਏਸੇ ਤਰ੍ਹਾਂ ਦਿੱਤੇ ਜਾਂਦੇ ਤੇ ਅਸੀਂ ਫਿਰ ਉਨ੍ਹਾਂ ਦਾ ਜਲੂਸ ਨਿਕਲਦਾ ਵੇਖਦੇ ਆਏ ਹਾਂ, ਜਿਸਦੀ ਇੱਕ ਕੜੀ ਇਸ ਵਾਰੀ ਛੱਬੀ ਜਨਵਰੀ ਨੂੰ ਐਲਾਨੇ ਗਏ ਭਾਰਤ ਦੇ ‘ਪਦਮ’ ਸਨਮਾਨ ਸਮਝਣੇ ਚਾਹੀਦੇ ਹਨ। ਭਾਰਤ ਸਰਕਾਰ ਦੇ ਸਰਬ ਉੱਚ ਸਨਮਾਨ ਦਾ ਨਾਂਅ ‘ਭਾਰਤ ਰਤਨ’ ਹੈ। ਉਹ ਕਦੇ-ਕਦਾਈਂ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ। ਦੂਜਾ ਸਨਮਾਨ ‘ਪਦਮ ਵਿਭੂਸ਼ਣ’ ਹੁੰਦਾ ਹੈ। ਤੀਜਾ ਸਨਮਾਨ ‘ਪਦਮ ਭੂਸ਼ਣ’ ਤੇ ਚੌਥਾ ‘ਪਦਮ ਸ੍ਰੀ’ ਹੈ। ਇਹਨਾਂ ‘ਪਦਮ’ ਵਾਲੇ ਸਨਮਾਨਾਂ ਨੇ ਅੱਗੇ ਵੀ ਕਈ ਵਾਰੀ ਵਿਵਾਦ ਦਾ ਮੁੱਢ ਬੰਨ੍ਹਿਆ ਹੈ, ਤੇ ਹੁਣ ਫੇਰ ਉਹੋ ਕੁਝ ਕਰ ਦਿੱਤਾ ਹੈ।

ਪਿਛਲੇ ਸਮੇਂ ਵਿਚ ਇਕ ਵਾਰੀ ਇਸ ਸਨਮਾਨ ਬਾਰੇ ਵਿਵਾਦ ਵਾਜਪਾਈ ਸਰਕਾਰ ਵੇਲੇ ਛਿੜਿਆ ਸੀ। ਸਭ ਨੂੰ ਪਤਾ ਹੈ ਕਿ ਭੋਪਾਲ ਵਿਚ ਇਕ ਵਾਰੀ ਯੂਨੀਅਨ ਕਾਰਬਾਈਡ ਕੰਪਨੀ ਦੇ ਕਾਰਖਾਨੇ ਵਿਚੋਂ ਜ਼ਹਿਰੀਲੀ ਗੈਸ ਲੀਕ ਹੋ ਕੇ ਹਜ਼ਾਰਾਂ ਲੋਕ ਮੌਤ ਦੇ ਮੂੰਹ ਜਾ ਪਏ ਸਨ। ਕਈ ਲੋਕ ਜਿਉਂਦੇ ਵੀ ਮਰਿਆਂ ਵਰਗੇ ਹੋ ਗਏ ਤੇ ਕਈਆਂ ਦੇ ਘਰ ਜੰਮੀ ਅਗਲੀ ਪੀੜ੍ਹੀ ਉਸ ਗੈਸ ਦੇ ਅਸਰ ਹੇਠ ਨਕਾਰਾਪਣ ਲੈ ਕੇ ਪੈਦਾ ਹੋਈ ਹੈ। ਉਸ ਕੰਪਨੀ ਦਾ ਕਾਰੋਬਾਰ ਸਮੇਟ ਕੇ ਮਾਲਕ ਤਾਂ ਅਮਰੀਕਾ ਦੌੜ ਗਏ ਸਨ, ਜਿਹੜੇ ਬੰਦੇ ਉਸ ਪਿੱਛੋਂ ਏਥੇ ਰਹਿ ਕੇ ਉਸ ਕੰਪਨੀ ਦੇ ਹਿੱਤਾਂ ਦੀ ਰਾਖੀ ਕਰਨ ਲੱਗੇ ਹੋਏ ਸਨ, ਵਾਜਪਾਈ ਸਰਕਾਰ ਵੇਲੇ ਉਨ੍ਹਾਂ ਵਿਚੋਂ ਇਕ ਜਣੇ ਨੂੰ ‘ਪਦਮ’ ਐਵਾਰਡ ਦੇ ਦਿੱਤਾ ਗਿਆ ਸੀ, ਜਿਸ ਤੋਂ ਵਿਵਾਦ ਉਪਜਣਾ ਸੁਭਾਵਕ ਸੀ।

ਇਹੋ ਨਹੀਂ, ਵਾਜਪਾਈ ਸਰਕਾਰ ਵੇਲੇ ਹੱਡੀਆਂ ਦੇ ਜਿਸ ਡਾਕਟਰ ਨੇ ਪ੍ਰਧਾਨ ਮੰਤਰੀ ਵਾਜਪਾਈ ਦੇ ਗੋਡਿਆਂ ਦਾ ਇਲਾਜ ਕੀਤਾ, ਉਸ ਨੂੰ ਵੀ ‘ਪਦਮ’ ਐਵਾਰਡ ਦੇ ਦਿੱਤਾ ਗਿਆ। ਓਦੋਂ ਕੁਝ ਕਾਂਗਰਸੀਆਂ ਨੇ ਇਸ ਉੱਤੇ ਕਿੰਤੂ ਕੀਤਾ ਸੀ। ਹੁਣ ਉਸ ਡਾਕਟਰ ਨੂੰ ਉਹੋ ਐਵਾਰਡ ਦੇ ਦਿੱਤਾ ਗਿਆ, ਜਿਸ ਨੇ ਪਿਛਲੇ ਸਾਲ ਮੌਜੂਦਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦਾ ਦਿਲ ਦਾ ਅਪਰੇਸ਼ਨ ਕੀਤਾ ਸੀ। ਜੇ ਇਹ ਰੀਤ ਹੋਰ ਅੱਗੇ ਵਧੀ ਤਾਂ ਅਗਲੀ ਵਾਰੀ ਪ੍ਰਧਾਨ ਮੰਤਰੀ ਦਾ ਬਲੱਡ ਪ੍ਰੈਸ਼ਰ ਚੈੱਕ ਕਰਨ ਵਾਲਾ ਫਾਰਮਾਸਿਸਟ ਵੀ ‘ਪਦਮ ਸ੍ਰੀ’ ਦੀ ਆਸ ਰੱਖੇਗਾ।

ਜਿਹੜੇ ਐਵਾਰਡਾਂ ਨੇ ਇਸ ਵਾਰੀ ਵਿਵਾਦ ਵਿਚ ਥਾਂ ਬਣਾਈ ਹੈ, ਉਨ੍ਹਾਂ ਵਿਚ ਇਕ ਨਾਂਅ ਫਿਲਮ ਸਟਾਰ ਸੈਫ਼ ਅਲੀ ਖਾਨ ਦਾ ਵੀ ਹੈ। ਸੈਫ਼ ਅਲੀ ਖਾਨ ਖੁਦ ਕਹਿੰਦਾ ਹੈ ਕਿ ਉਹ ਅਜੇ ਇਸ ਰੁਤਬੇ ਦੇ ਸਨਮਾਨ ਦਾ ਹੱਕਦਾਰ ਨਹੀਂ ਸੀ, ਪਰ ਕਿਹਾ ਉਸ ਨੇ ਓਦੋਂ ਹੈ, ਜਦੋਂ ਉਸ ਦੇ ਨਾਂਅ ਉਤੇ ਚਰਚਾ ਛਿੜ ਗਈ। ਕਈ ਸਾਲ ਪਹਿਲਾਂ ਫ਼ਿਲਮ ਸਟਾਰ ਸਲਮਾਨ ਖਾਨ ਉਤੇ ਮਨਾਹੀ ਵਾਲੇ ਕਿਸੇ ਖੇਤਰ ਵਿਚ ਹਿਰਨੀਆਂ ਦਾ ਸ਼ਿਕਾਰ ਖੇਡਣ ਦਾ ਕੇਸ ਬਣਿਆ ਸੀ। ਉਸੇ ਕੇਸ ਵਿਚ ਸੈਫ਼ ਅਲੀ ਖਾਨ ਦਾ ਨਾਂਅ ਵੀ ਬੋਲਦਾ ਹੈ। ਮੁਕੱਦਮਾ ਹਾਲੇ ਚੱਲ ਰਿਹਾ ਹੈ। ਜਿਹੜਾ ਬੰਦਾ ਆਪਣੇ ਮੁਲਕ ਦੇ ਕਾਨੂੰਨ ਦੀ ਉਲੰਘਣਾ ਕਰਨ ਦਾ ਮੁਕੱਦਮਾ ਭੁਗਤ ਰਿਹਾ ਹੈ, ਉਸਨੂੰ ‘ਪਦਮ’ ਐਵਾਰਡ ਦੇਣ ਨਾਲ ਤਾਂ ਸਨਮਾਨ ਦਾ ਵੀ ਅਪਮਾਨ ਹੋ ਗਿਆ ਹੈ।





ਇਕ ਹੋਰ ਚਰਚਿਤ ਨਾਂਅ ਕਾਂਗਰਸੀ ਆਗੂ ਬਾਲਾ ਸਾਹਿਬ ਵਿਖੇ ਪਾਟਿਲ ਦਾ ਹੈ। ਮਹਾਰਾਸ਼ਟਰ ਦੇ ਇਸ ਬਜ਼ੁਰਗ ਨੂੰ ਵੀ ‘ਪਦਮ ਭੂਸ਼ਣ’ ਦਿੱਤਾ ਗਿਆ ਹੈ। ਵਿਵਾਦ ਦਾ ਕਾਰਨ ਇਹ ਕਿ ਉਹ ਇਕ ਕੋਆਪਰੇਟਿਵ ਅਦਾਰੇ ਦਾ ਸਰਵੋ-ਸਰਵਾ ਹੈ, ਜਿਸ ਉੱਤੇ ਮਹਾਰਾਸ਼ਟਰ ਸਰਕਾਰ ਦੇ ਪੰਦਰਾਂ ਸੌ ਕਰੋੜ ਰੁਪਏ ਮਾਰ ਲੈਣ ਦਾ ਦੋਸ਼ ਹੈ। ਮੁਕੱਦਮੇਬਾਜ਼ੀ ਓਥੇ ਵੀ ਚੱਲ ਰਹੀ ਹੈ । ਜੇ ਕੱਲ੍ਹ ਨੂੰ ਉਸ ਕੇਸ ਵਿਚ ਬਾਲਾ ਸਾਹਿਬ ਵਿਖੇ ਪਾਟਿਲ ਦੇ ਖ਼ਿਲਾਫ ਅਦਾਲਤ ਦਾ ਹੁਕਮ ਆ ਗਿਆ, ਫਿਰ ਹਰਿਆਣੇ ਦੇ ਪੁਲਸ ਅਫ਼ਸਰ ਰਾਠੌਰ ਵਾਂਗ ਉਸ ਦਾ ‘ਪਦਮ ਭੂਸ਼ਣ’ ਵਾਪਸ ਕਰਾਉਣ ਦੀ ਮੰਗ ਵੀ ਉੱਠ ਪਵੇਗੀ।

ਪਦਮ ਐਵਾਰਡ ਇਕ ਬੀਬੀ ਮੱਲਿਕਾ ਸਾਰਾਭਾਈ ਨੂੰ ਵੀ ਦਿੱਤਾ ਗਿਆ ਹੈ। ਉਹ ਬੀਬੀ ਇਸ ਐਵਾਰਡ ਦੀ ਸੱਚਮੁੱਚ ਹੱਕਦਾਰ ਹੈ, ਪਰ ਐਵਾਰਡ ਦੇਣ ਦਾ ਸਮਾਂ ਗਲਤ ਚੁਣਨ ਕਰ ਕੇ ਚਰਚਾ ਛਿੜਨ ਦੀ ਗੁੰਜਾਇਸ਼ ਬਣ ਗਈ। ਉਹ ਨਾਮਣੇ ਵਾਲੀ ਕਲਾਕਾਰ ਤੇ ਵੱਡੀ ਸਮਾਜ ਸੇਵੀ ਹੈ। ਗੁਜਰਾਤ ਦੇ ਦੰਗਿਆਂ ਪਿੱਛੋਂ ਉਸਨੇ ਦੰਗਾ ਪੀੜਤਾਂ ਦੇ ਕੇਸਾਂ ਦੀ ਪੈਰਵੀ ਕਰਨ ਤੋਂ ਲੈ ਕੇ ਉਨ੍ਹਾਂ ਦੇ ਮੁੜ ਵਸੇਬੇ ਤੱਕ ਅਸਲ ਵਿਚ ਜਿੰਨੀ ਸੇਵਾ ਕੀਤੀ, ਉਸ ਲਈ ਵੀ ਉਹ ਐਵਾਰਡ ਦੀ ਹੱਕਦਾਰ ਬਣਦੀ ਸੀ। ਫਿਰ ਵੀ ਇਹ ਐਵਾਰਡ ਉਸਨੂੰ ਓਦੋਂ ਹੀ ਦਿੱਤਾ ਗਿਆ, ਜਦੋਂ ਪਾਰਲੀਮੈਂਟ ਚੋਣਾਂ ਵਿਚ ਉਹ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੇ ਮੁਕਾਬਲੇ ਕਾਂਗਰਸ ਦੀ ਹਮਾਇਤ ਪ੍ਰਾਪਤ ਕਰ ਕੇ ਚੋਣ ਲੜੀ ਤੇ ਹਾਰ ਗਈ। ਜੇ ਪਹਿਲਾਂ ਇਹੋ ਐਵਾਰਡ ਦਿੱਤਾ ਗਿਆ ਹੁੰਦਾ ਤਾਂ ਗੱਲ ਹੋਰ ਹੋਣੀ ਸੀ, ਹੁਣ ਉਸ ਦੇ ਨਾਂਅ ਦੀ ਚਰਚਾ ਦੇ ਨਾਲ ਉਸਦੇ ਕਾਂਗਰਸੀ ਹਮਾਇਤ ਵਾਲੀ ਉਮੀਦਵਾਰ ਹੋਣ ਦੀ ਚਰਚਾ ਵੀ ਹੁੰਦੀ ਰਹੇਗੀ।

ਫਿਰ ਵੀ ਇਸ ਵਾਰੀ ਦਾ, ਤੇ ਸ਼ਾਇਦ ਹੁਣ ਤੱਕ ਦਾ, ਸਭ ਤੋਂ ਵੱਡਾ ਵਿਵਾਦ ਅਮਰੀਕਾ ਵੱਸਦੇ ਸੰਤ ਸਿੰਘ ਛਤਰਵਾਲ ਦੇ ਨਾਂਅ ਬਾਰੇ ਹੈ। ਉਸਦੇ ਨਾਂਅ ਦਾ ਸਭ ਤੋਂ ਪਹਿਲਾਂ ਵਿਰੋਧ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਲੀਡਰ ਗੋਪੀ ਨਾਥ ਮੁੰਡੇ ਵਲੋਂ ਕੀਤਾ ਗਿਆ ਸੀ ਤੇ ਕੀਤਾ ਵੀ ਉਸ ਨੇ ਐਲਾਨ ਹੋਣ ਤੋਂ ਪਹਿਲਾਂ ਸੀ। ਗੋਪੀ ਨਾਥ ਮੁੰਡੇ ਤੋਂ ਬਾਅਦ ਇਹ ਮੁੱਦਾ ਕਾਂਗਰਸ ਪਾਰਟੀ ਅੰਦਰ ਇਸ ਤਰ੍ਹਾਂ ਦਾ ਰੂਪ ਲੈ ਗਿਆ ਕਿ ਸਰਕਾਰ ਤੇ ਪਾਰਟੀ ਦੋਵਾਂ ਵਿਚਾਲੇ ਮੱਤਭੇਦ ਨਜ਼ਰ ਆਉਣ ਲੱਗੇ ਹਨ। ਨਾ ਤਾਂ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਹਾਲੇ ਤੱਕ ਇਸ ਬਾਰੇ ਬੋਲੀ ਹੈ, ਨਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਹੀ।

ਭਾਜਪਾ ਆਗੂ ਗੋਪੀ ਨਾਥ ਮੁੰਡੇ ਵਲੋਂ ਲਿਖੀ ਗਈ ਚਿੱਠੀ ਵਿਚ ਇਹ ਗੱਲ ਕਹੀ ਗਈ ਸੀ ਕਿ ਸੰਤ ਸਿੰਘ ਛਤਵਾਲ ਵਾਦ ਵਿਵਾਦ ਵਿਚ ਉਲਝਿਆ ਵਿਅਕਤੀ ਹੈ ਤੇ ਭਾਰਤ ਦੀ ਸਭ ਤੋਂ ਉੱਚੀ ਜਾਂਚ ਏਜੰਸੀ ਸੀ ਬੀ ਆਈ ਉਹਦੇ ਬਾਰੇ ਚਾਰਜਸ਼ੀਟ ਵੀ ਜਾਰੀ ਕਰ ਚੁੱਕੀ ਹੈ, ਇਸ ਲਈ ਉਸਨੂੰ ਕੋਈ ਐਵਾਰਡ ਨਾ ਦਿੱਤਾ ਜਾਵੇ। ਇਸ ਵਿਰੋਧ ਦੇ ਬਾਵਜੂਦ ਛਤਵਾਲ ਦੇ ਨਾਂਅ ਦਾ ਐਲਾਨ ਕਰ ਦਿੱਤਾ ਗਿਆ। ਅਗਲੇ ਦਿਨ ਬਾਕਾਇਦਾ ਪ੍ਰੈਸ ਕਾਨਫਰੰਸ ’ਚ ਉਸ ਦੇ ਐਵਾਰਡ ਬਾਰੇ ਕਾਂਗਰਸੀ ਬੁਲਾਰੇ ਸ਼ਕੀਲ ਅਹਿਮਦ ਨੂੰ ਇਕ ਸਵਾਲ ਦਾ ਸਾਹਮਣਾ ਕਰਨਾ ਪੈ ਗਿਆ।

ਸ਼ਕੀਲ ਅਹਿਮਦ ਨੇ ਇਹ ਕਹਿ ਕੇ ਪੱਲਾ ਛੁਡਾ ਲਿਆ ਕਿ ਐਵਾਰਡ ਦੇਣ ਦਾ ਫੈਸਲਾ ਭਾਰਤ ਸਰਕਾਰ ਨੇ ਕੀਤਾ ਹੈ, ਇਸ ਬਾਰੇ ਉਸਨੂੰ ਪੁੱਛਿਆ ਜਾਣਾ ਚਾਹੀਦਾ ਹੈ, ਕਾਂਗਰਸ ਪਾਰਟੀ ਦਾ ਇਹਦੇ ਨਾਲ ਕੋਈ ਸੰਬੰਧ ਨਹੀਂ। ਇਸ ਨਾਲ ਇਹ ਪ੍ਰਭਾਵ ਲਿਆ ਗਿਆ ਕਿ ਸਰਕਾਰ ਦੇ ਇਸ ਫ਼ੈਸਲੇ ਨਾਲ ਸਰਕਾਰ ਚਲਾ ਰਹੀ ਮੁੱਖ ਧਿਰ ਕਾਂਗਰਸ ਪਾਰਟੀ ਵੀ ਸਹਿਮਤ ਨਹੀਂ, ਤੇ ਇਸੇ ਲਈ ਇਸਨੂੰ ਕਾਂਗਰਸ ਵਲੋਂ ਠੀਕ ਨਹੀਂ ਠਹਿਰਾਇਆ ਜਾ ਰਿਹਾ।

ਵਿਵਾਦ ਦਾ ਮੁੱਢ ਪਹਿਲਾਂ ਹੀ ਬੱਝਾ ਪਿਆ ਸੀ, ਇਸ ਟਿਪਣੀ ਪਿੱਛੋਂ ਭਾਰਤ ਸਰਕਾਰ ਲਈ ਇਸ ਬਾਰੇ ਸਥਿਤੀ ਸਪੱਸ਼ਟ ਕਰਨਾ ਜ਼ਰੂਰੀ ਹੋ ਗਿਆ। ਸਰਕਾਰ ਦੇ ਬੁਲਾਰੇ ਨੇ ਇਹ ਸਪੱਸ਼ਟੀਕਰਨ ਦਿੱਤਾ ਕਿ ਛਤਵਾਲ ਦੇ ਖ਼ਿਲਾਫ ਕੇਸ ਖਾਰਜ ਹੋ ਚੁੱਕੇ ਹਨ, ਉਸ ਨੂੰ 1999 ਵਿਚ ਪੰਜਾਬ ਵਿਚ ਖਾਲਸਾ ਐਵਾਰਡ ਵੀ ਦਿੱਤਾ ਜਾ ਚੁੱਕਾ ਹੈ ਤੇ ਉਸਨੂੰ ‘ਰਾਜੀਵ ਗਾਂਧੀ ਐਵਾਰਡ’ ਵੀ ਮਿਲ ਚੁੱਕਾ ਹੈ, ਇਸ ਲਈ ਉਹਨੂੰ ਐਵਾਰਡ ਦੇਣਾ ਕਿਸੇ ਪੱਖੋਂ ਵੀ ਗਲਤ ਨਹੀਂ। ਇਸ ਨਾਲ ਨਵੀਂ ਚਰਚਾ ਛਿੜ ਗਈ। ਅਖ਼ਬਾਰਾਂ ਵਲੋਂ ਦੱਬੇ ਮੁਰਦੇ ਪੁੱਟੇ ਜਾਣੇ ਸ਼ੁਰੂ ਹੋ ਗਏ। ਸੰਤ ਸਿੰਘ ਛਤਵਾਲ ਦਾ ਅਮਰੀਕੀ ਸਮਾਜ ਵਿਚ ਕਦੋਂ ਦਾ ਤੇ ਕਿੰਨਾ ਕੁ ਥਾਂ ਹੈ, ਭਾਰਤੀ ਲੋਕ ਬਹੁਤਾ ਨਹੀਂ ਸਨ ਜਾਣਦੇ। ਉਸਦੇ ਖ਼ਿਲਾਫ਼ ਕੇਸ ਬਣੇ ਤਾਂ ਉਹ ਵੀ ਕੇਸਾਂ ਦੀ ਭੀੜ ਵਿਚ ਰੁਲ ਕੇ ਰਹਿ ਗਏ ਸਨ। ਪਹਿਲੀ ਵਾਰੀ ਛਤਵਾਲ ਦੇ ਨਾਂਅ ਦੀ ਵੱਡੀ ਚਰਚਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਅਮਰੀਕਾ ਦੌਰੇ ਸਮੇਂ ਹੋਈ। ਮੌਕੇ ਦੇ ਰਾਸ਼ਟਰਪਤੀ ਬਿੱਲ ਕਲਿੰਟਨ ਨੇ ਵਾਜਪਾਈ ਨੂੰ ਰਾਤ ਦਾ ਖਾਣਾ ਦਿੱਤਾ ਸੀ। ਉਸ ਖਾਣੇ ਦੀ ਰਿਪੋਰਟ ਇਕ ਬਰਤਾਨਵੀ ਅਖ਼ਬਾਰ ਨੇ ‘ਇੰਡੀਅਨਾਈਜ਼ੇਸ਼ਨ ਆਫ਼ ਅਮੈਰਿਕਨ ਪਾਲਿਟਿਕਸ’ (ਅਮਰੀਕੀ ਰਾਜਨੀਤੀ ਦਾ ਭਾਰਤੀਕਰਨ) ਦੇ ਸਿਰਲੇਖ ਹੇਠ ਛਾਪੀ, ਜਿਹੜੀ ਫਿਰ ਕਈ ਭਾਰਤੀ ਅਖ਼ਬਾਰਾਂ ਵਿਚ ਵੀ ਛਪ ਗਈ। ਕਿਹਾ ਇਹ ਗਿਆ ਸੀ ਕਿ ਆਉਣ ਵਾਲੇ ਵਿਦੇਸ਼ੀ ਮਹਿਮਾਨਾਂ ਲਈ ਅਮਰੀਕੀ ਰਾਸ਼ਟਰਪਤੀ ਜਦੋਂ ਖਾਣਾ ਪੇਸ਼ ਕਰਦੇ ਹਨ, ਉਸ ਮੌਕੇ ਸਮਾਜ ਦੀਆਂ ਨਾਮਣੇ ਵਾਲੀਆਂ ਸ਼ਖਸੀਅਤਾਂ ਨੂੰ ਬੁਲਾਇਆ ਜਾਂਦਾ ਹੈ, ਪਰ ਵਾਜਪਾਈ ਦੇ ਖਾਣੇ ਮੌਕੇ ਉਹ ਲੋਕ ਵੀ ਬੁਲਾਏ ਗਏ, ਜਿਨ੍ਹਾਂ ਨੇ ਬਿੱਲ ਕਲਿੰਟਨ ਦੀ ਪਤਨੀ ਹਿਲੇਰੀ ਦੀ ਸੈਨੇਟ ਦੀ ਚੋਣ ਲਈ ਮੋਟੇ ਚੰਦੇ ਦਿੱਤੇ ਸਨ। ਇਹਨਾਂ ਲੋਕਾਂ ਨੂੰ ਸੱਦੇ ਜਾਣਾ ਅਮਰੀਕੀ ਸੱਭਿਆਚਾਰ ਦੇ ਉਲਟ ਅਤੇ ਭਾਰਤੀ ਰਾਜਨੀਤੀ ਦਾ ਰੰਗ ਕਹਿ ਕੇ ਨਿੰਦਦੇ ਸਮੇਂ ਅਖ਼ਬਾਰਾਂ ਨੇ ਛਤਵਾਲ ਦੀ ਇਸ ਵਿਚ ਭੂਮਿਕਾ ਦਾ ਜ਼ਿਕਰ ਕੀਤਾ ਸੀ। ਛਤਵਾਲ ਵਲੋਂ ਇਸ ਪੱਖੋਂ ਕਦੇ ਕੋਈ ਸਫ਼ਾਈ ਆਈ ਨਹੀਂ ਵੇਖੀ ਗਈ। ਉਹ ਅੱਜ ਵੀ ਅਮਰੀਕੀ ਰਾਜ ਦਰਬਾਰ ਦਾ ਨੇੜੂ ਮੰਨਿਆ ਜਾਂਦਾ ਹੈ।

ਭਾਰਤ ਸਰਕਾਰ ਨੇ ਆਪਣੇ ਸਪੱਸ਼ਟੀਕਰਨ ਵਿਚ ਇਹ ਜ਼ਿਕਰ ਵੀ ਕੀਤਾ ਹੈ ਕਿ ਛਤਵਾਲ ਨੇ ਭਾਰਤ-ਅਮਰੀਕਾ ਸੰਬੰਧਾਂ ਨੂੰ ਮਜ਼ਬੂਤ ਕਰਨ ਵਿਚ ਕਾਫੀ ਵੱਡੀ ਭੂਮਿਕਾ ਨਿਭਾਈ ਹੈ। ਉਸ ਦੀ ਇਹ ਭੂਮਿਕਾ ਵੀ ਵਿਵਾਦ ਦਾ ਓਨਾ ਹੀ ਵੱਡਾ ਮੁੱਦਾ ਹੈ, ਜਿੰਨਾ ਵੱਡਾ ਮੁੱਦਾ ਭਾਰਤ ਅਮਰੀਕਾ ਰਿਸ਼ਤਿਆਂ ਦੇ ਮੌਜੂਦਾ ਮੋੜ ਨੂੰ ਸਮਝਿਆ ਜਾਂਦਾ ਹੈ। ਜਿਥੋਂ ਤੱਕ ਛਤਵਾਲ ਵਿਰੁਧ ਬਣੇ ਕੇਸਾਂ ਦਾ ਸੰਬੰਧ ਹੈ, ਉਹ ਚੌਦਾਂ ਸਾਲ ਪੁਰਾਣੇ ਹਨ ਤੇ ਉਨ੍ਹਾਂ ਦੇ ਅਧਾਰ ਉਤੇ 1997 ਵਿਚ ਸੰਤ ਸਿੰਘ ਛਤਵਾਲ ਤੇ ਉਸਦੀ ਪਤਨੀ ਤਿੰਨ ਦਿਨ ਸੀਖਾਂ ਪਿੱਛੇ ਵੀ ਰਹੇ ਸਨ। ਕੁੱਲ 89 ਲੱਖ 2 ਹਜ਼ਾਰ ਡਾਲਰ ਤੋਂ ਵੱਧ (ਭਾਰਤੀ ਸਿੱਕੇ ਵਿਚ ਓਦੋਂ ਦੇ ਹਿਸਾਬ ਨਾਲ ਅਠਾਈ ਕਰੋੜ ਰੁਪਏ ਤੋਂ ਵੱਧ) ਦੀ ਧੋਖਾਧੜੀ ਦਾ ਮਾਮਲਾ ਸੀ। ਮਿਲ ਰਹੀ ਜਾਣਕਾਰੀ ਮੁਤਾਬਕ ਚਾਰ ਚਾਰਜਸ਼ੀਟ ਦਾਇਰ ਹੋਈਆਂ ਸਨ, ਜਿਨ੍ਹਾਂ ‘ਚੋਂ ਇਕ ਵਾਪਸ ਲੈ ਲਈ ਗਈ, ਇੱਕ ਕੇਸ ਨੂੰ ਜੱਜ ਨੇ ਰੱਦ ਕਰ ਦਿੱਤਾ ਤੇ ਦੋ ਕੇਸ ਹਾਲੇ ਅਦਾਲਤੀ ਗੇੜ ਤੋਂ ਪੂਰੇ ਨਹੀਂ ਨਿਕਲੇ। ਜਿਹੜੀ ਇਕ ਚਾਰਜਸ਼ੀਟ ਜੱਜ ਨੇ ਰੱਦ ਕਰ ਦਿੱਤੀ, ਉਸਨੂੰ ਸੀ ਬੀ ਆਈ ਦੇ ਮੁਕੱਦਮੇਬਾਜ਼ੀ ਨਾਲ ਜੁੜੇ ਹੋਏ ਤਿੰਨੇ ਸੀਨੀਅਰ ਅਧਿਕਾਰੀਆਂ ਨੇ ਹਾਈ ਕੋਰਟ ਵਿਚ ਚੁਣੌਤੀ ਦੇਣ ਲਈ ਲਿਖਿਆ ਸੀ, ਪਰ ਮੌਕੇ ਦੇ ਸੀ ਬੀ ਆਈ ਮੁਖੀ ਨੇ ਹੁਣ ਵਾਲੇ ਮੁਖੀ ਦੀ ਸਿਫ਼ਾਰਸ਼ ਉਤੇ ਚੁਣੌਤੀ ਦੇਣ ਤੋਂ ਰੋਕ ਦਿੱਤਾ ਸੀ। ਹੋ ਸਕਦਾ ਹੈ ਕਿ ਓਦੋਂ ਵਾਲੇ ਮੁਖੀ ਨੇ ਮੁਖੀ ਬਣੇ ਰਹਿਣ ਲਈ ਅਜਿਹਾ ਕੀਤਾ ਹੋਵੇ ਤੇ ਦੂਜੇ ਨੇ ਭਵਿੱਖ ਵਿਚ ਉੱਚੀ ਕੁਰਸੀ ਉੱਤੇ ਅੱਖ ਟਿਕਾ ਕੇ ਕਿਸੇ ਦਾ ‘ਕਹਿਣਾ’ ਮੰਨ ਲਿਆ ਹੋਵੇ।


ਤੀਜੀ ਦਲੀਲ ਦਿੱਤੀ ਗਈ ਹੈ ਕਿ ਸੰਤ ਸਿੰਘ ਛਤਵਾਲ ਨੂੰ ਤਾਂ ‘ਰਾਜੀਵ ਗਾਂਧੀ ਐਵਾਰਡ’ ਵੀ ਮਿਲ ਚੁੱਕਾ ਹੈ। ਪ੍ਰਭਾਵ ਇਹ ਪੈਂਦਾ ਹੈ ਕਿ ‘ਰਾਜੀਵ ਗਾਂਧੀ ਐਵਾਰਡ’ ਵੀ ਕੋਈ ਨਾਮਣੇ ਵਾਲਾ ਸਰਕਾਰੀ ਐਵਾਰਡ ਹੋਵੇਗਾ। ਅਸਲ ਵਿਚ ਏਦਾਂ ਦੀ ਕੋਈ ਗੱਲ ਹੀ ਨਹੀਂ। ਰਾਜੀਵ ਗਾਂਧੀ ਦੇ ਨਾਂਅ ਉਤੇ ਇਹ ਐਵਾਰਡ ਮਹਾਰਾਸ਼ਟਰ ਦੇ ਇਕ ਕਾਂਗਰਸੀ ਆਗੂ ਨੇ ਇੱਕ ਟਰੱਸਟ ਬਣਾ ਕੇ ਸ਼ੁਰੂ ਕੀਤਾ ਸੀ। ਕੁਝ ਸਾਲ ਇਹ ਵਿਵਾਦ ਤੋਂ ਬਚਿਆ ਰਿਹਾ। ਫਿਰ ਜਦੋਂ ਸੰਤ ਸਿੰਘ ਛਤਵਾਲ ਨੂੰ ਇਹ ਐਵਾਰਡ ਦਿੱਤਾ ਗਿਆ ਤੇ ਇਸ ਦੀ ਨੁਕਤਾਚੀਨੀ ਹੋਈ ਤਾਂ ਰਾਜੀਵ ਗਾਂਧੀ ਦੀ ਧੀ ਪ੍ਰਿਅੰਕਾ ਨੇ ਚਿੱਠੀ ਲਿਖ ਕੇ ਕਹਿ ਦਿੱਤਾ ਸੀ ਕਿ ਉਸਦੇ ਪਿਤਾ ਦਾ ਨਾਂਅ ਵਰਤਣਾ ਬੰਦ ਕਰ ਦਿੱਤਾ ਜਾਵੇ। ਉਸ ਤੋਂ ਬਾਅਦ ‘ਰਾਜੀਵ ਗਾਂਧੀ ਐਵਾਰਡ’ ਬੰਦ ਕਰਨਾ ਪੈ ਗਿਆ ਸੀ। ਹੁਣ ਭਾਰਤ ਨੇ ‘ਰਾਜੀਵ ਗਾਂਧੀ ਐਵਾਰਡ’ ਦਾ ਹਵਾਲਾ ਦੇ ਕੇ ਆਪਣੇ ਵਲੋਂ ਛਤਵਾਲ ਨੂੰ ਦਿੱਤੇ ਐਵਾਰਡ ਨੂੰ ਜਾਇਜ਼ ਠਹਿਰਾਉਣ ਦੀ ਥਾਂ ਇਹ ਭੇਦ ਵੀ ਖੋਲ੍ਹ ਦਿੱਤਾ ਹੈ ਕਿ ਪਦਮ ਭੂਸ਼ਣ ਉਸ ਛਤਵਾਲ ਨੂੰ ਦਿੱਤਾ ਜਾ ਰਿਹਾ ਹੈ, ਜਿਹੜਾ ‘ਰਾਜੀਵ ਗਾਂਧੀ’ ਐਵਾਰਡ ਨੂੰ ਬੰਦ ਕਰਾਉਣ ਦਾ ਕਾਰਨ ਬਣਿਆ ਸੀ। ਇਸ ਪਿੱਛੋਂ ਭਾਰਤ ਸਰਕਾਰ ਨੂੰ ਇਹ ਵੀ ਦੱਸ ਦੇਣਾ ਚਾਹੀਦਾ ਹੈ ਕਿ ਹੁਣ ਇਹ ਐਵਾਰਡ ਦੇਣ ਦੀ ਮਜਬੂਰੀ ਕੀ ਸੀ? ਸਾਡੇ ਸਾਹਮਣੇ ਸਵਾਲ ਸਿਰਫ ਸੰਤ ਸਿੰਘ ਛਤਵਾਲ ਦਾ ਨਹੀਂ। ਉਹ ਜਿੰਨਾ ਵੀ ਪ੍ਰਭਾਵਸ਼ਾਲੀ ਹੋਵੇ, ਸਿਰਫ ਇਕ ਵਿਅਕਤੀ ਹੋਣ ਕਰਕੇ ਅਸੀਂ ਉਸਦੀ ਇਕੱਲੇ ਦੀ ਨਹੀਂ, ਉਹਦੀ ਥਾਂ ਉਸ ਵਰਤਾਰੇ ਦੀ ਗੱਲ ਕਰ ਰਹੇ ਹਾਂ, ਜਿਹੜਾ ਇਹੋ ਜਿਹੇ ਐਵਾਰਡਾਂ ਵੇਲੇ ਹੋਣਾ ਨਹੀਂ ਚਾਹੀਦਾ, ਪਰ ਆਮ ਵੇਖਿਆ ਜਾਂਦਾ ਹੈ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

*Law Offices Of Jaspreet Singh*

*37-18, 73 Street, Suite 401*
*(Near Subzi Mandi)*
*Jackson Hts, NY-11372*
*Ph:718-533-8444*
*Fax: 718-533-8460*

*44790 S. Grimmer*
*Blvd. #204*
*Fremont CA-94538*
*Ph:510-657-6444*
*Fax: 510-657-6443*


*2945 W. Capitol Ave,*
*Sacramento CA-95691*
*Ph: 916-372-4448*
*Fax: 916-372-4440*



**Wraich Transport LLS**
**North American Truck Stop**

**14320 Slover Ave., Fontana, CA 92337**

ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ



*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310

# ਪ੍ਰੋ. ਦਰਸ਼ਨ ਸਿੰਘ ਨੂੰ ਪੰਥ ’ਚੋਂ ਛੇਕਣ ਨਾਲ ਸਿੱਖ ਦੋਫਾੜ

*(ਸਫਾ ਇਕ ਦੀ ਬਾਕੀ)*

ਗਿਆਨੀ ਗੁਰਬਚਨ ਸਿੰਘ , ਗਿਆਨੀ ਇਕਬਾਲ ਸਿੰਘ ਜਥੇਦਾਰ ਤਖਤ ਸ੍ਰੀ ਪਟਨਾ ਸਾਹਿਬ (ਬਿਹਾਰ), ਗਿਆਨੀ ਤਰਲੋਚਨ ਸਿੰਘ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਬਲਵੰਤ ਸਿੰਘ ਨੰਦਗੜ੍ਹ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਗਿਆਨੀ ਜੋਤਇੰਦਰ ਸਿੰਘ ਮੀਤ ਜਥੇਦਾਰ ਤਖਤ ਸਚਖੰਡ ਹਜ਼ੂਰ ਸਾਹਿਬ ਨਾਂਦੇੜ ਵਲੋਂ ਅਕਾਲ ਤਖਤ ’ਤੇ ਲਏ ਫੈਸਲੇ ‘ਚ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ‘ਚੋਂ ਛੇਕ ਦਿੱਤਾ ਗਿਆ।

ਅਕਾਲ ਤਖਤ ਦੇ ਜਥੇਦਾਰ ਗੁਰਬਚਨ ਸਿੰਘ ਨੇ ਸਮੂਹ ਸਿੱਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਨੂੰ ਸਪਸ਼ਟੀਕਰਨ ਦੇਣ ਲਈ 25 ਦਸੰਬਰ, 2009, 7 ਜਨਵਰੀ ਅਤੇ ਫਿਰ 30 ਜਨਵਰੀ ਨੂੰ ਅਕਾਲ ਤਖਤ ‘ਤੇ ਹਾਜ਼ਰ ਹੋਣ ਦਾ ਆਦੇਸ਼ ਦਿੱਤਾ ਗਿਆ ਸੀ ਪ੍ਰੰਤੂ ਦਰਸ਼ਨ ਸਿੰਘ ਹਊਮੈ, ਖ਼ੁਦਗਰਜ਼ੀ ਤੇ ਹੰਕਾਰਵੱਸ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਤੋਂ ਆਕੀ ਹੋ ਕੇ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੇ ਸਨਮੁੱਖ ਹਾਜ਼ਰ ਹੋਣ ਤੋਂ ਮੁਨਕਰ ਹੋ ਗਿਆ।


ਪਰ ਇਸ ਸਬੰਧ ‘ਚ ਪ੍ਰੋ. ਦਰਸ਼ਨ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਲਿਖੇ ਪੱਤਰ ‘ਚ ਕਿਹਾ ਹੈ ਕਿ ਉਨ੍ਹਾਂ ਨੇ 3 ਦਸੰਬਰ 2009 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਅਦੇਸ਼ ਨੂੰ ਸਿਰ ਮੱਥੇ ਮੰਨਦਿਆਂ ਹਾਜ਼ਰੀ ਭਰੀ ਸੀ, ਪਰ ‘ਸਿੰਘ ਸਾਹਿਬਾਨ ਅਕਾਲ ਤਖਤ ‘ਤੇ ਉਡੀਕਦੇ ਰਹੇ ਅਤੇ ਪ੍ਰੋ. ਦਰਸ਼ਨ ਸਿੰਘ ਉਥੇ ਆਇਆ ਹੀ ਨਹੀਂ’ ਕਹਿ ਕੇ ਕੁਫਰ ਤੋਲਿਆ ਗਿਆ ਹੈ। ਪ੍ਰੋ. ਦਰਸ਼ਨ ਸਿੰਘ ਨੇ ਇਹ ਵੀ ਲਿਖਿਆ ਹੈ ਕਿ ਉਨ੍ਹਾਂ ‘ਤੇ ਜਾਨਲੇਵਾ ਹਮਲੇ ਵੀ ਕਰਵਾਏ ਗਏ ਹਨ। ਉਨ੍ਹਾਂ ਨੇ ‘ਤੂੰ ਮੇਰਾ ਸਤਿਗੁਰੂ ਹੈ ਤੇ ਮੈਂ ਤੇਰਾ ਸਿੱਖ ਹਾਂ’ ਲਿਖਦਿਆਂ ਅੱਗੇ ਕਿਹਾ ਕਿ ਲੱਖਾਂ ਸਿੱਖ ਉਨ੍ਹਾਂ ਦੀ ਤਰ੍ਹਾਂ ਹੁਣ ਤੇਰੇ ਅਸਥਾਨ’ ‘ਤੇ ਕਾਬਜ਼ ਲੋਕਾਂ ਤੋਂ ਤੇਰੇ ਅਸਥਾਨਾਂ ਨੂੰ ਆਜ਼ਾਦ ਕਰਵਾਉਣਾ ਲੋਚ ਰਹੇ ਹਨ।

ਜਥੇਦਾਰ ਗੁਰਬਚਨ ਸਿੰਘ ਨੇ ਹੁਕਮਨਾਮੇ ‘ਚ ਕਿਹਾ ਹੈ ਕਿ ਅਕਾਲ ਤਖ਼ਤ ਤੋਂ 8 ਜਨਵਰੀ 2007 ਨੂੰ ਪ੍ਰੋ. ਦਰਸ਼ਨ ਸਿੰਘ ਵਲੋਂ ਕੀਤੇ ਜਾ ਰਹੇ ਗੁੰਮਰਾਹਕੁਨ ਪ੍ਰਚਾਰ ਤੋਂ ਸਿੱਖ ਸੰਗਤਾਂ ਨੂੰ ਸੁਚੇਤ ਰਹਿਣ ਦਾ ਆਦੇਸ਼ ਜਾਰੀ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਤੱਥਰਹਿਤ ਝੂਠੀ ਤੇ ਗੁੰਮਰਾਹਕੁਨ ਬਿਆਨਬਾਜ਼ੀ ਨਾ ਕਰਨ ਦੀ ਨਸੀਹਤ ਦਿੱਤੀ ਗਈ ਸੀ। ਇਸ ਤੋਂ ਇਲਾਵਾ 6 ਜੂਨ 2008 ਰਾਹੀਂ ਵੀ ਉਨ੍ਹਾਂ ਨੂੰ ਪੰਥ ਵਿਚ ਦੁਬਿਧਾ ਅਤੇ ਭੰਬਲਭੂਸਾ ਪੈਦਾ ਕਰਨ ਵਾਲੇ ਮਸਲਿਆਂ ਬਾਰੇ ਸਟੇਜਾਂ, ਗੁਰਮਤਿ ਸਮਾਗਮਾਂ ਅਤੇ ਮੀਡੀਆ ਰਾਹੀਂ ਕੋਈ ਵੀ ਕਾਰਵਾਈ ਨਾ ਕਰਨ ਦਾ ਪਿਆਰ ਭਰਿਆ ਸੰਦੇਸ਼ ਦਿੱਤਾ ਗਿਆ ਸੀ ਪਰ ਦਰਸ਼ਨ ਸਿੰਘ ਰਾਗੀ ਨੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਕੀਤੇ ਆਦੇਸ਼ਾਂ, ਸੰਦੇਸ਼ਾਂ ਤੇ ਕੋਈ ਅਮਲ ਕਰਨ ਦੀ ਥਾਂ ਸਿੱਖ ਪੰਥ ਵਿਚ ਫੁੱਟ ਪਾਉਣ ਵਾਲੀਆਂ ਕਾਰਵਾਈਆਂ ਲਗਾਤਾਰ ਜਾਰੀ ਰੱਖੀਆਂ। ਉਨ੍ਹਾਂ ਕਿਹਾ ਕਿ ਪੰਜ ਸਿੰਘ ਸਾਹਿਬਾਨ ਵਲੋਂ ਸਾਰੇ ਹਾਲਾਤ ‘ਚ ਲੰਬੀ ਵਿਚਾਰ ਉਪਰੰਤ ਦਰਸ਼ਨ ਸਿੰਘ ਰਾਗੀ ਨੂੰ ਗੁਰੂ ਨਿੰਦਕ ਅਤੇ ਗੁਰੂ ਪੰਥ ਤੋਂ ਬਾਗੀ ਹੋਣ ਕਰਕੇ ਸਿੱਖ ਪੰਥ ਵਿਚੋਂ ਛੇਕ ਦਿੱਤਾ ਗਿਆ ਹੈ।

ਪ੍ਰੋ. ਦਰਸ਼ਨ ਸਿੰਘ ਨੂੰ ਸਿੱਖ ਪੰਥ ‘ਚੋਂ ਛੇਕਣ ਦੇ ਫੈਸਲੇ ‘ਤੇ ਕਾਫੀ ਤਿੱਖੇ ਪ੍ਰਤੀਕਰਮ ਆ ਰਹੇ ਹਨ, ਜਿਨ੍ਹਾਂ ਦੀ ਸ਼ਬਦਾਵਲੀ ਸਹਿਜ ਨਾ ਹੋ ਕੇ ਸਿੱਖੀ ਜਜ਼ਬਾਤ ਨੂੰ ਸੱਟ ਮਾਰਨ ਵਾਲੀ ਮੰਨੀ ਜਾ ਰਹੀ ਹੈ। ‘ਸਿੰਘ ਸਾਹਿਬ’ ਜਾਂ ‘ਜਥੇਦਾਰ’ ਦੀ ਥਾਂ ‘ਪੁਜਾਰੀ’ ਸ਼ਬਦ ਦੀ ਵਰਤੋਂ ਨਾਲ ਸਿੱਖ ਪੰਥ ਦੋ ਧਿਰਾਂ ‘ਚ ਵੰਡਿਆ ਗਿਆ ਹੈ ਜਿਨ੍ਹਾਂ ‘ਚੋਂ ਇਕ ਧੜਾ ਅਕਾਲ ਤਖਤ ਦੇ ਫੈਸਲੇ ਦਾ ਸਵਾਗਤ ਕਰ ਰਿਹਾ ਹੈ। ਜਦਕਿ ਦੂਜੀ ਧਿਰ ਇਸ ਫੈਸਲੇ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸ ਕੇ ਸਿੰਘ ਸਾਹਿਬਾਨ ਨੂੰ ‘ਤਨਖਾਹੀਏ’ ਵਰਗੇ ਸ਼ਬਦਾਂ ਨਾਲ ‘ਨਿਵਾਜ’ ਰਹੀ ਹੈ। ਪ੍ਰੋ. ਦਰਸ਼ਨ ਸਿੰਘ ਦੇ ਪੱਖ ‘ਚ ਪੜ੍ਹਨ ਵਾਲੇ ਇਕ ਅਖਬਾਰ ਨੇ ਇਸ ਫੈਸਲੇ ਨੂੰ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਵਲੋਂ ਰੱਦ ਕਰਨ ਸਬੰਧੀ ਲਗਾਤਾਰ ਖਬਰਾਂ ਪ੍ਰਕਾਸ਼ਤ ਕੀਤੀਆਂ ਹਨ। ਇਨ੍ਹਾਂ ਰਿਪੋਰਟਾਂ ‘ਚ ਇਸ ਫੈਸਲੇ ਨੂੰ ਇਕਤਰਫਾ ਕਰਾਰ ਦਿੰਦਿਆਂ ਪੰਜਾਬ, ਉਤਰਪ੍ਰਦੇਸ਼ ਅਤੇ ਛੱਤੀਸਗੜ੍ਹ ਵਿਖੇ ਕਈ ਥਾਈਂ ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਦੇ ਪੁਤਲੇ ਸਾੜੇ ਜਾਣ ਦੀਆਂ ਤਸਵੀਰਾਂ ਛਾਪੀਆਂ ਗਈਆਂ ਹਨ।

ਸ਼੍ਰੋਮਣੀ ਖਾਲਸਾ ਪੰਚਾਇਤ ਅਤੇ ਦਲ ਖਾਲਸਾ ਨੇ ਤਿੱਖੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਆਪਣੇ ਹਿੱਤਾਂ ਲਈ ਵਰਤਦਿਆਂ ਸਿੱਖ ਕੌਮ ਵਿਚ ਪਾੜਾ ਹੋਰ ਡੂੰਘਾ ਕਰਨ ਦਾ ਯਤਨ ਕੀਤਾ ਹੈ। ਖਾਲਸਾ ਪੰਚਾਇਤ ਦੇ ਕਨਵੀਨਰ ਸ. ਰਜਿੰਦਰ ਸਿੰਘ ਤੇ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਹੈ ਕਿ ਜਥੇਦਾਰ ਸਾਹਿਬਾਨ ਦੇ ਫੈਸਲੇ ਪੰਥ ਨੂੰ ਜੋੜਨ ਦੀ ਥਾਂ ਤੋੜਨ ਵਾਲੇ ਹਨ। ਦਰਬਾਰ ਸਾਹਿਬ ਦੇ ਸਾਬਕਾ ਗ੍ਰੰਥੀ ਅਤੇ ਇੰਟਰਨੈਸ਼ਨਲ ਸਿੱਖ ਮਿਸ਼ਨਰੀ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਨੇ ਕਿਹਾ ਹੈ ਕਿ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਕਾਰਜਸ਼ੀਲ ਲੋਕਾਂ ਵਿਰੁਧ ਜਾਰੀ ਹੁਕਮਨਾਮੇ ਬਹੁ-ਗਿਣਤੀ ਸਿੱਖਾਂ ਵਲੋਂ ਨਕਾਰ ਦੇਣ ਉਪਰੰਤ ਆਪਣੀ ਪ੍ਰਸੰਗਕਤਾ ਗਵਾ ਚੁੱਕੇ ਹਨ ਅਤੇ ਜਾਗਰੂਕ ਸਿੱਖਾਂ ਦੀ ਵਿਰੋਧਤਾ ਅਤੇ ਉਪਜੇ ਰੋਸ ਕਾਰਨ ਇਹ ਹੁਕਮਨਾਮੇ ਵੀ ਉਸੇ ਤਰ੍ਹਾਂ ਵਾਪਸ ਲੈਣੇ ਪੈਣਗੇ ਜਿਸ ਤਰ੍ਹਾਂ ਅਤੀਤ ਵਿਚ ਪ੍ਰੋ. ਗੁਰਮੁਖ ਸਿੰਘ, ਬੀਬੀ ਜਗੀਰ ਕੌਰ ਆਦਿ ਵਿਰੁਧ ਜਾਰੀ ਹੁਕਮਨਾਮੇ ਲਏ ਗਏ ਸਨ।


JAGDEEP SINGH
INSURANCE AGENCY
ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ
ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ
We Can Beat Any Rates
ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ


Jagdeep Singh
CA Lic #0E42884

Ph : 559.277.5580
916.220.2128
Fax : (888) 227-6988
email: jagdeep@jsinghagency.com
www.jsinghagency.com
Fresno Location : 4491 W. Shaw Ave. #300A Fresno CA 93722
Rancho Cardova Location : 2377 Gold Meadow, Ste #157, Rancho Cardova, CA



ਸਮੋਗ ਚੈਕ ਸਮੋਗ ਚੈਕ
SMOG
SMOG CHECK
STATE OF CALIFORNIA LICENSED
ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਟੋ ਦੀ ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।
Big Christmas Special
39.75
Big + DMV Certificate
Free Repair Upto $500
Ask for Tech

| | |
|---|---|
| • 901 California Ave & P | : 661.325-6666 |
| • 1629 California Ave & H | : 661.323.3333 |
| • 406 S. Chester Ave & Terrace Way (Inside Gas Station) | : 661.832.4444 |
| • 5333 Whtie Ln & Grissom (Inside Big Brand Tire) | : 661396.7664 (Smog) |
| • 1017 Bearmountain Blvd (Arvin) | : 661.854.7664 (Smog) |
| • 1222 Golden State & M | : 661.326.0346 |
| • 1506 N. Black Stone & Mckinley | : 559.268.7574 |
| • 2597 N Black Stone (Between Clinton & Shield) | : 559.222.9999 |
| • 1161-I Street Reedley &12th St | : 559.638.9017 |
| • 416 Orisi Ca & 63 Hwy | : 559.528.6848 |
| • 2420 Whiteson Ave & Thompson (By Kragen Auto Parts) Selma | : 559.896.5555 |
| • 646 Dinuba Ave (Reedley) (By the DMV 3073) | : 559.638.3243 |
| 1512 Dairy Ave Corcoran CA | : 559.922.4500 |

MOST CARS
ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।



Grand Opening
ALL TIRE 4 LESS
ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ ।
ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ਼ ਤਰੀਕੇ ਨਾਲ ਕਰਦੇ ਹਾਂ ।



24 Hours Road Service
NEW & USED TIRE SALE & SERVICE
ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ
710 South Hwy 59 Merced CA 95304
ਕਾਲ ਕਰੋ
Shop ▶ 209.384.0424
Hardeep S. Rai ▶ Cell:209.678.6176
bigrigtire@yahoo.com
www.alltire4less.com

# ਪੰਜਾਬ ਟਾਈਮਜ਼

ਸਨਿਚਰਵਾਰ, 6 ਫਰਵਰੀ 2010


ਯੋਗਤਾ ਤੇ ਮਿਹਨਤ ਨਾਲ ਹੀ ਅਸੀਂ ਟੀਚੇ ਪ੍ਰਾਪਤ ਕਰ ਸਕਦੇ ਹਾਂ-ਰਾਬਿੰਦਰ ਨਾਥ ਟੈਗੋਰ

## ਪ੍ਰੋ. ਦਰਸ਼ਨ ਸਿੰਘ ਨੂੰ ਛੇਕਣ ਦਾ ਫੈਸਲਾ

ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਜਥੇਦਾਰ ਗਿਆਨੀ ਗੁਰਬਚਨ ਸਿੰਘ ਹੋਰਾਂ ਦੀ ਅਗਵਾਈ ਵਿਚ ਪੰਜ ਜਥੇਦਾਰ ਸਾਹਿਬਾਨ ਨੇ ਪੰਥ ਵਿਚੋਂ ਛੇਕ ਦਿੱਤਾ ਹੈ। 29 ਜਨਵਰੀ ਨੂੰ ਰਾਗੀ ਦਰਸ਼ਨ ਸਿੰਘ ਦੇ ਅਕਾਲ ਤਖ਼ਤ ਉਪਰ ਇਕ ਵਾਰ ਫਿਰ ਪੇਸ਼ ਨਾ ਹੋਣ 'ਤੇ ਪੰਜ ਸਿੰਘ ਸਾਹਿਬਾਨ ਨੇ ਸਖ਼ਤ ਫੈਸਲਾ ਲੈਂਦਿਆਂ ਉਨ੍ਹਾਂ ਨੂੰ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਜਾਰੀ ਕਰ ਦਿੱਤਾ। ਸਿੰਘ ਸਾਹਿਬਾਨ ਨੇ ਸਮੂਹ ਸੰਗਤ ਨੂੰ ਆਦੇਸ਼ ਦਿੱਤਾ ਹੈ ਕਿ ਪ੍ਰੋ. ਦਰਸ਼ਨ ਸਿੰਘ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖੀ ਜਾਏ ਅਤੇ ਉਸ ਨੂੰ ਤੇ ਉਸ ਦੇ ਕਿਸੇ ਵੀ ਹਮਾਇਤੀ ਨੂੰ ਸਿੱਖ ਮੰਚਾਂ ਤੋਂ ਬੋਲਣ ਦੀ ਆਗਿਆ ਨਾ ਦਿੱਤੀ ਜਾਵੇ।

ਯਾਦ ਰਹੇ, ਪ੍ਰੋ. ਦਰਸ਼ਨ ਸਿੰਘ 'ਤੇ ਨਿਊ ਯਾਰਕ ਦੇ ਗੁਰਦੁਆਰਾ ਰੌਚੈਸਟਰ ਵਿਖੇ ਕੀਰਤਨ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਇਤਰਾਜ਼ਯੋਗ ਟਿੱਪਣੀਆਂ ਕਰਨ ਦਾ ਦੋਸ਼ ਲਾਇਆ ਗਿਆ ਸੀ। ਇਸ ਸੰਬੰਧ ਵਿਚ ਉਨ੍ਹਾਂ ਨੂੰ 5 ਦਸੰਬਰ 2009 ਨੂੰ ਸ੍ਰੀ ਅਕਾਲ ਤਖ਼ਤ 'ਤੇ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ। ਉਸ ਮੌਕੇ ਪ੍ਰੋ. ਦਰਸ਼ਨ ਸਿੰਘ ਅਕਾਲ ਤਖ਼ਤ ਤਾਂ ਆਏ ਪਰ ਸਕੱਤਰੇਤ 'ਚ ਪੰਜ ਸਿੰਘ ਸਾਹਿਬਾਨ ਦੀ ਚੱਲ ਰਹੀ ਇਕੱਤਰਤਾ ਵਿਚ ਨਹੀਂ ਗਏ। ਉਹ ਆਪਣਾ ਸਪੱਸ਼ਟੀਕਰਨ ਅਕਾਲ ਤਖ਼ਤ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਗੋਲਕ 'ਤੇ ਰੱਖ ਕੇ ਚਲੇ ਗਏ ਸਨ। ਉਨ੍ਹਾਂ ਦੀ ਇਸ ਕਾਰਵਾਈ ਨੂੰ ਪੰਜ ਸਿੰਘ ਸਾਹਿਬਾਨ ਨੇ ਨਿਜੀ ਹਉਮੈ, ਖੁਦਗਰਜ਼ੀ ਤੇ ਹੰਕਾਰ ਦਾ ਨਾਂ ਦਿੰਦਿਆਂ ਤਨਖਾਹੀਆ ਕਰਾਰ ਦਿੱਤਾ ਸੀ। ਉਨ੍ਹਾਂ ਨੂੰ ਬੀਤੀ 7 ਜਨਵਰੀ ਨੂੰ ਅਕਾਲ ਤਖ਼ਤ ਵਿਖੇ ਹਾਜ਼ਰ ਹੋ ਕੇ ਤਨਖਾਹ ਲਵਾਉਣ ਦੇ ਆਦੇਸ਼ ਦਿੱਤੇ ਗਏ ਸਨ। 7 ਜਨਵਰੀ ਨੂੰ ਵੀ ਉਹ ਹਾਜ਼ਰ ਨਹੀਂ ਸਨ ਹੋਏ। ਪੰਜ ਸਿੰਘ ਸਾਹਿਬਾਨ ਵਲੋਂ ਉਨ੍ਹਾਂ ਨੂੰ 29 ਜਨਵਰੀ ਲਈ ਇਕ ਹੋਰ ਮੌਕਾ ਦਿੱਤਾ ਗਿਆ ਸੀ। ਇਸ ਵਾਰ ਵੀ ਸਾਬਕਾ ਜਥੇਦਾਰ ਸਿੰਘ ਸਾਹਿਬਾਨ ਸਾਹਮਣੇ ਪੇਸ਼ ਨਾ ਹੋਏ ਅਤੇ ਉਨ੍ਹਾਂ ਨੂੰ ਰਵਾਇਤ ਅਨੁਸਾਰ ਪੰਥ 'ਚੋਂ ਛੇਕ ਦਿੱਤਾ ਗਿਆ।

ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕਣ ਦੇ ਫੈਸਲੇ ਨੂੰ ਲੈ ਕੇ ਸਮੁੱਚੇ ਪੰਥ ਵਿਚ ਇਕ ਵੱਡੀ ਦੁਫੇੜ ਖੜ੍ਹੀ ਹੋ ਗਈ ਹੈ। ਬਹੁਤ ਸਾਰੇ ਸਿੱਖ ਵਿਦਵਾਨਾਂ ਅਤੇ ਪੰਜਾਬੀ ਮੀਡੀਆ ਦੇ ਇਕ ਹਿੱਸੇ ਨੇ ਸਿੰਘ ਸਾਹਿਬਾਨ ਦੀ ਤਿੱਖੀ ਆਲੋਚਨਾ ਕੀਤੀ ਹੈ। ਇਥੋਂ ਤਕ ਕਿ ਡਾ. ਹਰਜਿੰਦਰ ਸਿੰਘ ਦਿਲਗੀਰ ਜਿਹੇ ਕੁਝ ਵਿਦਵਾਨਾਂ ਨੇ ਸਿੰਘ ਸਾਹਿਬਾਨ ਦੇ ਗਲਾਂ ਵਿਚ ਜੁੱਤੀਆਂ ਦੇ ਹਾਰ ਪਾਏ ਜਾਣ ਦੀ ਵਕਾਲਤ ਵੀ ਕੀਤੀ ਹੈ, ਭਾਵੇਂ ਅਜਿਹੀ ਟਿਪਣੀ ਨੂੰ ਕਿਸੇ ਵੀ ਤਰ੍ਹਾਂ ਸਿੱਖੀ ਭਾਵਨਾ ਦੇ ਅਨੁਕੂਲ ਨਹੀਂ ਗਿਣਿਆ ਜਾ ਸਕਦਾ। ਇਸੇ ਤਰ੍ਹਾਂ ਜਗਤਾਰ ਸਿੰਘ ਜਾਚਕ, ਡਾ. ਗੁਰਸ਼ਰਨਜੀਤ ਸਿੰਘ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਹੈ ਕਿ ਇਸ ਫੈਸਲੇ ਨਾਲ ਪੰਥ ਵਿਚ ਵੱਡੀ ਦੁਫੇੜ ਖੜ੍ਹੀ ਹੋਵੇਗੀ। ਦਲ ਖਾਲਸਾ ਨੇ ਵੀ ਇਸ ਮਾਮਲੇ ਨੂੰ ਲੈ ਕੇ ਸਿੰਘ ਸਾਹਿਬਾਨ ਦੀ ਤਿੱਖੀ ਆਲੋਚਨਾ ਕੀਤੀ ਹੈ। ਉਘੇ ਵਿਦਵਾਨ ਡਾ. ਬਲਵੰਤ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਸਿੱਖਾਂ ਲਈ ਇਹ ਬਦਕਿਸਮਤੀ ਵਾਲਾ ਫੈਸਲਾ ਹੈ।

ਦੂਜੇ ਪਾਸੇ ਪੰਜਾਬੀ ਮੈਗਜ਼ੀਨ 'ਸੰਤ ਸਿਪਾਹੀ' ਦੇ ਸੰਪਾਦਕ ਗੁਰਚਰਨਜੀਤ ਸਿੰਘ ਲਾਂਬਾ ਨੇ ਆਖਿਆ ਹੈ ਕਿ ਪ੍ਰੋ. ਦਰਸ਼ਨ ਸਿੰਘ ਨੂੰ ਛੇਕਣ ਵਾਲਾ ਫੈਸਲਾ ਪਰੰਪਰਾ ਅਨੁਸਾਰ ਹੈ ਅਤੇ ਇਸ ਨੂੰ ਗੁਰੂ ਦਾ ਹੁਕਮ ਸਮਝ ਕੇ ਸਖ਼ਤੀ ਨਾਲ ਲਾਗੂ ਕੀਤਾ ਜਾਏ। ਇੰਜ ਪ੍ਰੋ. ਦਰਸ਼ਨ ਸਿੰਘ ਨੂੰ ਛੇਕਣ ਦੇ ਮਾਮਲੇ ਨੂੰ ਲੈ ਕੇ ਨਾ ਤਾਂ ਸਿੱਖ ਵਿਦਵਾਨਾਂ ਵਿਚ ਸਹਿਮਤੀ ਹੈ ਅਤੇ ਨਾ ਹੀ ਸਿੱਖ ਸਿਆਸਤਦਾਨਾਂ ਵਿਚ। ਇੰਜ ਵੀ ਜਾਪਦਾ ਹੈ ਕਿ ਮੌਜੂਦਾ ਫੈਸਲਾ ਕਿਸੇ ਧਾਰਮਿਕ ਅਤੇ ਦਿੱਬਦ੍ਰਿਸ਼ਟੀ ਦੇ ਮੱਦੇਨਜ਼ਰ ਨਹੀਂ ਲਿਆ ਗਿਆ ਸਗੋਂ ਇਹ ਰਾਜਨੀਤੀ ਤੋਂ ਪ੍ਰੇਰਤ ਹੈ। ਅਸੀਂ ਇਹ ਨਹੀਂ ਕਹਿੰਦੇ ਕਿ ਇਸ ਸਮੁਚੇ ਮਾਮਲੇ 'ਚ ਪ੍ਰੋ. ਦਰਸ਼ਨ ਸਿੰਘ ਦਾ ਕੋਈ ਕਸੂਰ ਹੀ ਨਹੀਂ ਪਰ ਉਨ੍ਹਾਂ ਵਿਰੁਧ ਫੈਸਲੇ ਤੋਂ ਜਾਪਦਾ ਹੈ ਜਿਵੇਂ ਉਨ੍ਹਾਂ ਵਿਰੁਧ ਧਿਰਾਂ ਪਹਿਲਾਂ ਤੋਂ ਹੀ ਇਸ ਪੜਾਅ 'ਤੇ ਪਹੁੰਚਣ ਲਈ ਆਮਾਦਾ ਸਨ। ਅਸਲ ਵਿਚ ਵਾਪਰਿਆ ਇਹ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਸਿੱਖ ਸਿਆਸਤਦਾਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਨੂੰ ਵੀ ਆਪਣੀ ਸਿਆਸਤ ਦਾ ਹਿੱਸਾ ਬਣਾ ਲਿਆ ਹੈ। ਉਂਜ ਤਾਂ ਅੰਗਰੇਜ਼ਾਂ ਵੇਲੇ ਵੀ ਕੁਝ ਅਜਿਹੇ ਸਿਆਸੀ ਫੈਸਲਿਆਂ ਤਹਿਤ ਜਨਰਲ ਅਡਵਾਇਰ ਨੂੰ ਸਨਮਾਨਤ ਕੀਤਾ ਗਿਆ ਸੀ ਅਤੇ ਸਿੰਘ ਸਭਾ ਲਹਿਰ ਦੇ ਆਗੂ ਪ੍ਰੋ. ਗੁਰਮੁਖ ਸਿੰਘ ਨੂੰ ਪੰਥ ਵਿਚੋਂ ਛੇਕਿਆ ਗਿਆ ਸੀ ਪਰ 1947 ਤੋਂ ਬਾਅਦ ਧਾਰਮਿਕ ਸੰਸਥਾਵਾਂ ਦੀ ਭੂਮਿਕਾ ਲਗਾਤਾਰ ਸੁੰਗੜਦੀ ਗਈ ਹੈ ਅਤੇ ਇਹ ਸਿਆਸਤਦਾਨਾਂ ਦੇ ਪ੍ਰਭਾਵੇਂ ਹੇਠ ਆ ਗਈਆਂ ਹਨ। ਇਸ ਤੋਂ ਵੀ ਅਗੇ ਇਹ ਸੰਸਥਾਵਾਂ ਬਾਦਲ ਦਲ ਰਾਹੀਂ ਹਿੰਦੂਤਵ ਦੇ ਪ੍ਰਭਾਵ ਵਿਚ ਵੀ ਜਾ ਪਹੁੰਚੀਆਂ ਹਨ।

ਇੰਜ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਹੁਣ ਮੁਕੰਮਲ ਰੂਪ ਵਿਚ ਸਥਾਪਤ ਅਕਾਲੀ ਲੀਡਰਸ਼ਿਪ ਦੇ ਹੱਥ ਹੇਠ ਆ ਗਏ ਹਨ ਅਤੇ ਉਹ ਇਨ੍ਹਾਂ ਸੰਸਥਾਵਾਂ ਨੂੰ ਆਪਣੀ ਮਰਜ਼ੀ ਅਨੁਸਾਰ ਵਰਤ ਰਹੇ ਹਨ। ਜਿਹੜੀ ਵੀ ਰਾਜਨੀਤਕ ਧਿਰ, ਧਾਰਮਿਕ ਸ਼ਖ਼ਸੀਅਤ ਜਾਂ ਵਿਦਵਾਨ ਸਥਾਪਤ ਅਕਾਲੀ ਸਿਆਸਤ ਨੂੰ ਫਿੱਟ ਨਹੀਂ ਆਉਂਦਾ, ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਧਾਰਮਿਕ ਸਿੱਖ ਸੰਸਥਾਵਾਂ ਹੱਥੋਂ ਪ੍ਰੇਸ਼ਾਨ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਅੰਤ ਨੂੰ ਪੰਥ ਵਿਚੋਂ ਛੇਕਣ ਜਿਹੇ ਫੈਸਲੇ ਕੀਤੇ ਜਾਂਦੇ ਹਨ। ਕੀ ਕਿਸੇ ਨੂੰ ਪੰਥ ਵਿਚੋਂ ਛੇਕ ਦੇਣਾ ਹੀ ਇਕੋ ਇਕ ਰਾਹ ਹੈ? ਇਹ ਵੀ ਵੱਡਾ ਪ੍ਰਸ਼ਨ ਹੈ। ਅਜਿਹੀ ਸਥਿਤੀ ਵਿਚ ਸਿੱਖ ਵਿਦਵਾਨਾਂ ਲਈ ਇਹ ਸੋਚਣ ਦਾ ਸਮਾਂ ਹੈ ਕਿ ਅਕਾਲ ਤਖ਼ਤ ਦੀ ਆਜ਼ਾਦੀ ਅਤੇ ਖੁਦਮੁਖਤਿਆਰੀ ਯਕੀਨੀ ਬਣਾਉਣ ਲਈ ਕਿਹੋ ਜਿਹੇ ਯਤਨ ਕੀਤੇ ਜਾਣ? ਇਨ੍ਹਾਂ ਯਤਨਾਂ ਨੂੰ ਸਿਰੇ ਚਾੜ੍ਹਨ ਲਈ ਸਿੱਖ ਵਿਦਵਾਨਾਂ, ਧਾਰਮਿਕ ਸ਼ਖ਼ਸੀਅਤਾਂ ਅਤੇ ਸੁਹਿਰਦ ਸਿਆਸਤਦਾਨਾਂ ਦਾ ਇਕ ਵੱਡਾ ਹਿੱਸਾ ਉਨ੍ਹਾਂ ਨੂੰ ਆਪਣੇ ਆਸ-ਪਾਸ ਇਕੱਤਰ ਕਰਨਾ ਚਾਹੀਦਾ ਹੈ। ਅਕਾਲ ਤਖ਼ਤ ਨੂੰ ਇਕ ਸੰਸਥਾ ਵਜੋਂ ਸਿੱਖ ਸਿਆਸਤਦਾਨਾਂ ਤੋਂ ਆਜ਼ਾਦ ਰੱਖਣ ਦੀ ਲੋੜ ਹੈ ਤਾਂ ਕਿ ਇਹ ਸੰਸਥਾ ਮੁਕੰਮਲ ਰੂਪ ਵਿਚ ਸਮੁੱਚੇ ਸਿੱਖ ਪੰਥ ਅਤੇ ਲੋਕਹਿਤ ਵਿਚ ਸਰਬਰਾਹ ਦੀ ਭੂਮਿਕਾ ਅਦਾ ਕਰ ਸਕੇ।

## ਠਾਹ-ਸੋਟਾ

-ਚਾਚਾ ਬੋਲਿਹਾਜ਼

### ਸਰਕਸ ਪੰਜਾਬ ਦੀ

ਚੈਲਿੰਜ ਕਰੇ ਕੋਈ ਜਦੋਂ ਸਥਾਪਤੀ ਨੂੰ ਕਾਬਜ ਧਿਰਾਂ ਨੂੰ ਲੱਗਦਾ ਸੇਕ ਮੀਆਂ।
ਚਾਪਲੂਸਾਂ ਨੂੰ ਬੁਰਕੀਆਂ ਖਾਣ ਲਾਇਆ ਖੁੱਡੇ ਲਾਈਨ ਲਾ ਰੱਖ 'ਤੇ ਨੇਕ ਮੀਆਂ।
ਪੱਗਾਂ ਕਿਵੇਂ ਲਹਾਵੇ ਕਠਪੁਤਲੀਆਂ ਤੋਂ ਪਿਉ-ਪੁੱਤਰ ਦੀ ਜੁੰਡਲੀ ਦੇਖ ਮੀਆਂ।
ਸ਼ੇਰਾਂ ਉੱਤੇ ਸਵਾਰੀਆਂ ਕਰਨ ਖੋਤੇ ਸਰਕਸ ਚੱਲਦੀ ਨਿੱਤ ਹੀ ਦੇਖ ਮੀਆਂ।
ਲੱਤ ਥੱਲਿਉਂ ਜਿਹੜਾ ਕੋਈ ਲੰਘਦਾ ਨਹੀਂ, ਦਿੱਤਾ ਜਾਂਦਾ ਏ ਪੰਥ 'ਚੋਂ ਛੇਕ ਮੀਆਂ।

# ਨਿਕੇ-ਨਿਕੇ ਮਸਲਿਆਂ 'ਚ ਉਲਝ ਰਿਹਾ ਖਾਲਸਾ ਪੰਥ

**ਅਵਤਾਰ ਸਿੰਘ**

ਖਾਲਸਾ ਪੰਥ ਇਕ ਵਾਰ ਫਿਰ ਯੁੱਧ ਦੀ ਸਥਿਤੀ ਵਿਚ ਹੈ। ਕਿਸੇ ਪੰਥ ਦੁਸ਼ਮਣ ਤਾਕਤ ਦੇ ਖਿਲਾਫ ਨਹੀਂ ਬਲਕਿ ਆਪਣੇ-ਆਪ ਦੇ ਹੀ ਖਿਲਾਫ। ਗੁਰੂ ਗੋਬਿੰਦ ਸਿੰਘ ਜੀ ਦੇ ਨਾਦੀ ਪੁੱਤਰ ਇਕ ਵਾਰ ਫਿਰ ਆਪਣੇ ਹੀ ਭਰਾਵਾਂ ਦੇ ਖਿਲਾਫ ਤਲਵਾਰਾਂ ਸੂਤ ਕੇ ਖੜ੍ਹੇ ਹਨ। ਲੋਹੇ ਦੀਆਂ ਤਲਵਾਰਾਂ ਨਹੀਂ ਬਲਕਿ ਸ਼ਬਦਾਂ ਦੀਆਂ ਤਲਵਾਰਾਂ। ਘਟੀਆ ਕਿਸਮ ਦੇ ਸ਼ਬਦਾਂ ਰਾਹੀਂ ਖਾਲਸਾ ਪੰਥ ਦਾ ਵੱਡਾ ਹਿੱਸਾ ਆਪਣੇ ਹੀ ਭਰਾਵਾਂ ਦਾ ਕਤਲ ਕਰ ਰਿਹਾ ਹੈ। ਨਿੱਤ ਨਵੇਂ ਦਿਨ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੇ ਭਰਾ ਆਪਣੇ ਹੀ ਵੀਰਾਂ ਦਾ ਘਾਣ ਕਰਨ ਦੇ ਸ਼ਬਦੀ ਲਲਕਾਰੇ ਮਾਰ ਰਹੇ ਹਨ। ਧਾਰਮਿਕ ਖੇਤਰ ਦੇ ਬਹੁਤ ਹੀ ਹਲਕੇ ਜਿਹੇ ਮੁਦਿਆਂ ਨੂੰ ਲੈ ਕੇ ਪੰਜਾਬੀ ਅਖਬਾਰਾਂ ਵਿਚ ਸਿੱਖ ਸੰਸਥਾਵਾਂ ਦੀ ਜੋ ਜੰਗ ਚੱਲ ਰਹੀ ਹੈ ਉਸ ਵਿਚ ਗੁਰੂ ਦੇ ਪੁੱਤਰਾਂ ਨੇ ਸਭਿਅਤਾ ਅਤੇ ਤਹਿਜ਼ੀਬ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਕੱਲ੍ਹ ਤੱਕ ਜਿਹੜੇ ਸਿੱਖ ਅਤੇ ਜਿਹੜੀਆਂ ਸੰਸਥਾਵਾਂ ਲੁਧਿਆਣੇ ਵਾਲੇ ਕਾਂਡ ਕਾਰਨ ਪੰਥਕ ਏਕਤਾ ਦਾ ਮੁਜ਼ਾਹਰਾ ਕਰ ਰਹੀਆਂ ਸਨ ਅਤੇ ਖਾਲਸਾ ਜੀ ਦੇ ਬੋਲਬਾਲੇ ਲਈ ਪ੍ਰਣ ਕਰ ਰਹੀਆਂ ਸਨ ਉਹ ਇਕ ਪਲ ਵਿਚ ਹੀ ਇਕ ਦੂਜੇ ਦੀ ਹੇਠੀ ਕਰਨ ਵਾਲੀ ਸ਼ਬਦਾਵਲੀ ਵਰਤਣ ਲੱਗ ਪਈਆਂ ਹਨ। ਲੁਧਿਆਣੇ ਦੀਆਂ ਗਲੀਆਂ ਵਿਚ ਡੁੱਲ੍ਹਿਆ ਲਹੂ ਅਤੇ ਜ਼ਖਮੀ ਹੋਏ ਸਿੰਘਾਂ ਦੀ ਪੀੜ ਸਭ ਕੁਝ ਇਸ ਕਬਜ਼ਾਕਰੂ ਬਿਰਤੀ ਦੀ ਭੇਟ ਚੜ੍ਹ ਗਿਆ ਹੈ।

ਦੁੱਖ ਦੀ ਗੱਲ ਇਹ ਹੈ ਕਿ ਇਕ ਦੂਜੇ ਖਿਲਾਫ ਸ਼ਬਦਾਂ ਦੇ ਤੀਰ ਚਲਾਉਣ ਵਿਚ ਉਹ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਮੋਹਰੀ ਹਨ ਜੋ ਆਪਣੇ-ਆਪ ਨੂੰ ਸਿੱਖ ਸੰਘਰਸ਼ ਦੀਆਂ ਅਲੰਬਰਦਾਰ ਹੋਣ ਦੇ ਵੱਡੇ ਦਾਅਵੇ ਕਰ ਰਹੀਆਂ ਹਨ। ਜੋ ਲੰਬੇ ਸਮੇਂ ਤੋਂ ਖਾਲਸਾ ਪੰਥ ਦੀ ਆਜ਼ਾਦੀ ਲਈ ਆਪੋ-ਆਪਣੀ ਪੱਧਰ 'ਤੇ ਸਰਗਰਮ ਸਨ, ਉਹ ਹੀ ਅੱਜ ਇਕ ਦੂਜੇ ਦਾ ਵਿਰੋਧ ਕਰ ਰਹੇ ਨਜ਼ਰ ਆਉਂਦੇ ਹਨ। ਦਿੱਲੀ ਦਰਬਾਰ ਦੇ ਕਾਰਿੰਦੇ ਅਤੇ ਉਨ੍ਹਾਂ ਦਾ ਪੰਜਾਬ ਵਿਚਲਾ ਮਚਲਾ ਹੋਇਆ ਸੂਬੇਦਾਰ ਮਲੂਕ ਦੇ ਕੇ ਸਿੱਖ ਪੰਥ ਦੇ ਵਿਹੜੇ ਵਿਚ ਸੇਹ ਦਾ ਤੱਕਲਾ ਗੱਡ ਕੇ ਤੁਰਦਾ ਬਣਿਆ ਹੈ ਅਤੇ ਸਿੱਖਾਂ ਦੀ ਆਜ਼ਾਦੀ ਲਈ ਲੜ ਰਹੀਆਂ ਧਿਰਾਂ ਇੱਕ ਦੂਜੇ ਖਿਲਾਫ ਬਿਆਨਬਾਜ਼ੀ ਕਰਨ ਵਿਚ ਉਲਝੀਆਂ ਹੋਈਆਂ ਹਨ। ਪੰਜਾਬੀ ਅਖਬਾਰਾਂ ਵਿਚ ਲਗਾਤਾਰ ਵੱਡੇ ਵੱਡੇ ਇਸ਼ਤਿਹਾਰਾਂ ਨਾਲ ਇਕ ਦੂਜੇ 'ਤੇ ਵਿਚਾਰਧਾਰਕ ਅਤੇ ਸਿਧਾਂਤਕ ਕਬਜ਼ੇ ਕਰਨ ਦੀ ਰਾਜਨੀਤੀ ਚੱਲ ਰਹੀ ਹੈ। ਧਾਰਮਿਕ ਮੁੱਦੇ ਏਨੇ ਹੋਛੇ ਢੰਗ ਨਾਲ ਸ਼ਰ੍ਹੇ-ਬਾਜ਼ਾਰ ਉਛਾਲੇ ਜਾ ਰਹੇ ਹਨ ਕਿ ਇਨ੍ਹਾਂ ਦੀ ਵਿਆਖਿਆ ਕਰਨ ਵਾਲੇ ਨੂੰ ਵੀ ਸ਼ਰਮ ਆਉਣ ਲੱਗ ਪੈਂਦੀ ਹੈ।

ਧਾਰਮਿਕ ਤੌਰ 'ਤੇ ਸਿੱਖਾਂ ਵਿਚ ਛੋਟੇ-ਛੋਟੇ ਮੁੱਦੇ ਹਮੇਸ਼ਾ ਹੀ ਕਾਇਮ ਰਹੇ ਹਨ ਕਿਉਂਕਿ ਵਡੇਰੇ ਸਿੱਖ ਪੰਥ ਦਾ ਹਿੱਸਾ ਹੋਣ ਦੇ ਬਾਵਜੂਦ ਵੀ ਧਾਰਮਿਕ ਮਰਯਾਦਾ ਅਤੇ ਨਿੱਤਨੇਮ ਦੀਆਂ ਬਾਣੀਆਂ ਬਾਰੇ ਬਹੁਤ ਸਾਰੀਆਂ ਸੰਪਰਦਾਵਾਂ ਦੇ ਆਪੋ-ਆਪਣੇ ਮੱਤ ਹਨ। ਕੋਈ ਕਿਸੇ ਤਰ੍ਹਾਂ ਨਿੱਤਨੇਮ ਕਰਨ ਨੂੰ ਪਹਿਲ ਦਿੰਦਾ ਹੈ ਅਤੇ ਕੋਈ ਬਿਲਕੁਲ ਹੋਰ ਤਰ੍ਹਾਂ। ਇਸੇ ਤਰ੍ਹਾਂ ਧਾਰਮਿਕ ਮਰਯਾਦਾ ਬਾਰੇ ਵੀ ਸਿੱਖ ਪੰਥ ਦੀਆਂ ਸੰਪਰਦਾਵਾਂ ਅਤੇ ਧਾਰਮਿਕ ਜਥੇਬੰਦੀਆਂ ਦਰਮਿਆਨ ਕੁਝ ਵਖਰੇਵੇਂ ਹਨ। 1925 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਉਸ ਵੇਲੇ ਦੀਆਂ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਆਮ ਸਹਿਮਤੀ ਨਾਲ ਸਿੱਖਾਂ ਦੇ ਨਿੱਤ ਕਰਮ ਬਾਰੇ ਮਰਯਾਦਾ ਦਾ ਇੱਕ ਖਰੜਾ ਤਿਆਰ ਕੀਤਾ ਸੀ ਜਿਸ ਨੂੰ ਬਹੁਤ ਸਾਰੀਆਂ ਜਥੇਬੰਦੀਆਂ ਨੇ ਪ੍ਰਵਾਨ ਕੀਤਾ ਅਤੇ ਬਹੁਤ ਸਾਰੀਆਂ ਨੇ 'ਪੁਰਾਤਨ ਮਰਯਾਦਾ' ਨੂੰ ਜ਼ਿਆਦਾ ਪਵਿੱਤਰ ਮੰਨਦਿਆਂ ਸ਼੍ਰੋਮਣੀ ਕਮੇਟੀ ਦੇ ਖਰੜੇ ਨੂੰ ਰੱਦ ਕਰਕੇ ਆਪਣੀ ਪੁਰਾਣੀ ਚਲੀ ਆਉਂਦੀ ਮਰਯਾਦਾ ਨੂੰ ਹੀ ਚਾਲੂ ਰੱਖਿਆ ਪਰ ਆਪੋ-ਆਪਣੀ ਮਰਯਾਦਾ ਦੇ ਬਾਵਜੂਦ ਸਾਰੀਆਂ ਜਥੇਬੰਦੀਆਂ ਅਤੇ ਧਾਰਮਿਕ ਸੰਸਥਾਵਾਂ ਨਾ ਤਾਂ ਕਦੇ ਵਡੇਰੇ ਸਿੱਖ ਸਭਿਆਚਾਰ ਤੋਂ ਆਕੀ ਹੋਈਆਂ ਅਤੇ ਨਾ ਹੀ ਉਨ੍ਹਾਂ ਕਦੇ ਇਸ ਧਾਰਮਿਕ ਵਖਰੇਵੇਂ ਨੂੰ ਆਪਣੇ ਵੱਡੇ ਨਿਸ਼ਾਨੇ ਦੇ ਰਾਹ ਵਿਚ ਰੋੜਾ ਬਣਨ ਦਿੱਤਾ।

ਜਮਹੂਰੀਅਤ ਦੇ ਸਿੱਖ ਮਾਡਲ ਦੀ ਇਹ ਲਗਾਤਾਰ ਖੂਬਸੂਰਤੀ ਰਹੀ ਹੈ ਕਿ ਇਸ ਵਿਚ ਸਭ ਨੂੰ ਆਪਣੇ ਮਨ ਭਾਉਂਦੇ ਵਿਚਾਰ ਰੱਖਣ ਦੀ ਪੂਰੀ ਖੁੱਲ੍ਹ ਹੈ। ਗੁਰਬਾਣੀ ਦੇ ਦੋ ਸ਼ਬਦ ਵਿਚਾਰਾਂ ਦੇ ਇਸ ਵਖਰੇਵੇਂ ਦੀ ਬਹੁਤ ਖੂਬਸੂਰਤ ਵਿਆਖਿਆ ਕਰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ:

ਕੋਈ ਬੋਲੈ ਰਾਮੁ ਰਾਮੁ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਇ॥...

ਵਿਚਾਰਾਂ ਦੇ ਵਖਰੇਵੇਂ ਦੀ ਇਸ ਖੂਬਸੂਰਤ ਵਿਆਖਿਆ ਨੂੰ ਅਜੋਕੀ ਆਧੁਨਿਕ ਜਮਹੂਰੀਅਤ ਦਾ ਸਭ ਤੋਂ ਅਨਿੱਖੜਵਾਂ ਅੰਗ ਬਣਾਇਆ ਗਿਆ ਹੈ। ਪੱਛਮੀ ਦੇਸ਼ਾਂ ਨੇ ਜਮਹੂਰੀਅਤ ਦੇ ਜਿਸ ਮਾਡਲ ਨੂੰ ਅਪਨਾਇਆ ਹੈ ਉਸ ਵਿਚ ਇੱਕੋ ਸੰਸਥਾ ਜਾਂ ਪਾਰਟੀ ਵਿਚ ਹੋਣ ਦੇ ਬਾਵਜੂਦ ਆਪਣੇ ਵੱਖਰੇ ਵਿਚਾਰ ਰੱਖਣ ਦੀ ਖੁੱਲ੍ਹ ਦਿੱਤੀ ਗਈ ਹੈ ਕਿਸੇ ਵੀ ਜਮਹੂਰੀ ਪ੍ਰਬੰਧ ਵਿਚ ਵੱਖਰੇ ਵਿਚਾਰਾਂ ਨੂੰ ਦੁਸ਼ਮਣੀ ਜਾਂ ਗੱਦਾਰੀ ਦੇ ਫਤਵੇ ਨਹੀਂ ਦਿੱਤੇ ਜਾਂਦੇ ਅਤੇ ਨਾ ਹੀ ਕਦੇ ਵੱਖਰੇ ਵਿਚਾਰ ਰੱਖਣ ਵਾਲਿਆਂ ਦੇ ਖਿਲਾਫ ਡਾਂਗਾਂ ਉਲਾਰੀਆਂ ਜਾਂਦੀਆਂ ਹਨ। ਬਦਕਿਸਮਤੀ ਇਹ ਹੈ ਕਿ ਜਿਸ ਸਿੱਖ ਸਿਧਾਂਤ ਨੇ ਦੁਨੀਆਂ ਨੂੰ ਜਮਹੂਰੀਅਤ ਦਾ ਮਾਡਲ ਦਿੱਤਾ ਸੀ ਉਸਦੇ ਪੈਰੋਕਾਰ ਹੀ ਵੱਖਰੇ ਵਿਚਾਰ ਰੱਖਣ ਵਾਲਿਆਂ ਦੇ ਸਿਰ ਵੱਢਣ ਵਰਗੀਆਂ ਧਮਕੀਆਂ ਦੇ ਕੇ ਕਮਜ਼ੋਰੀ ਦਾ ਵਿਖਾਵਾ ਕਰ ਰਹੇ ਹਨ। ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦਾ ਇੱਕ ਸ਼ਬਦ ਹੈ:

ਜਗਤ ਜਲੰਦ ਰਖ ਲੈ ਅਪਨੀ ਕਿਰਪਾ ਧਾਰਿ॥
ਜਿਤ ਦੁਆਰੈ ਉਬਰੈ ਤਿਥੈ ਲੇਹੁ ਉਬਾਰਿ॥

ਇਸਦਾ ਭਾਵ ਹੈ ਕਿ ਪਾਪਾਂ ਦੀ ਅਗਨੀ ਨਾਲ ਜਲ ਰਹੇ ਇਸ ਸੰਸਾਰ ਨੂੰ ਹੇ ਪਰਮਾਤਮਾ ਤੂੰ ਬਚਾ ਲੈ, ਜਿਹੜੇ ਵੀ ਰਸਤੇ ਰਾਹੀਂ ਇਨ੍ਹਾਂ ਦੀ ਗਤੀ ਹੁੰਦੀ ਹੈ ਉਸ ਰਸਤੇ ਰਾਹੀਂ ਹੀ ਇਨ੍ਹਾਂ ਦਾ ਉਧਾਰ ਕਰ। ਬੇਸ਼ੱਕ ਇਹ ਸ਼ਬਦ ਅਸੀਂ ਹਰ ਰੋਜ਼ ਪੜ੍ਹਦੇ ਹੋਈਏ ਪਰ ਇਸ ਵਿਚ ਲੁਕੇ ਹੋਏ ਫਲਸਫੇ ਨੂੰ ਕਦੇ ਵੀ ਸਮਝਣ ਦਾ ਯਤਨ ਨਹੀਂ ਕੀਤਾ। ਗੁਰੂ ਸਾਹਿਬ ਨੇ ਇਹ ਕਦਾਚਿਤ ਨਹੀਂ ਆਖਿਆ ਕਿ ਜਿਸ ਰਸਤੇ ਦਾ ਮੈਂ ਗਿਆਨ ਦੇ ਰਿਹਾ ਹਾਂ ਪਰਮਾਤਮਾ ਤੂੰ ਸਿਰਫ ਉਸੇ ਰਸਤੇ ਰਾਹੀਂ ਹੀ ਲੋਕਾਂ ਦਾ ਕਲਿਆਣ ਕਰ। ਕਿਸੇ ਵੀ ਧਾਰਮਿਕ ਅਕੀਦੇ ਜਾਂ ਕਿਸੇ ਵੀ ਵਿਚਾਰਧਾਰਾ ਦੇ ਰਸਤੇ ਲੋਕਾਈ ਦਾ ਉਧਾਰ ਕਰ ਪਰ ਇਸ ਜਲਦੇ ਹੋਏ ਜਗਤ ਜਲੰਦੇ ਨੂੰ ਤੂੰ ਬਖਸ਼ ਲੈ।

ਸਿਰਫ ਗੁਰਬਾਣੀ ਦਾ ਫਲਸਫਾ ਹੀ ਨਹੀਂ ਬਲਕਿ ਸਿੱਖ ਇਤਿਹਾਸ ਦੇ ਲਹੂ ਭਿੱਜੇ ਪੰਨੇ ਵੀ ਖਾਲਸਾ ਪੰਥ ਦੀ ਵਿਚਾਰਧਾਰਕ ਏਕਤਾ ਦਾ ਪਾਵਨ ਹੋਕਾ ਦਿੰਦੇ ਹਨ। ਜਿਸ ਵੇਲੇ ਖਾਲਸਾ ਪੰਥ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਜਰਵਾਣਿਆਂ ਨਾਲ ਗਹਿਗੱਚ ਲੜਾਈ ਲੜ ਰਿਹਾ ਸੀ ਉਸ ਵੇਲੇ ਵੀ ਖਾਲਸਾ ਪੰਥ ਨੇ ਕਦੇ ਆਪਣੇ ਹੀ ਵੀਰਾਂ ਅਤੇ ਭੈਣਾਂ ਖਿਲਾਫ ਇਕ ਵਾਰ ਵੀ ਅਜਿਹਾ ਕੋਈ ਕਦਮ ਨਹੀਂ ਚੁਕਿਆ ਜਿਸ ਨਾਲ ਪੰਥ ਵਿਚ ਬਖੇੜਾ ਖੜ੍ਹਾ ਹੁੰਦਾ ਹੋਵੇ। 75 ਸਾਲ ਲੰਬੀ ਛਾਪਾਮਾਰ ਲੜਾਈ ਦੌਰਾਨ ਕਿਸੇ ਇੱਕ ਵੀ ਸਿੰਘ ਨੇ ਅਜਿਹੀ ਹੋਛੀ ਕਮਜ਼ੋਰੀ ਦਾ ਵਿਖਾਵਾ ਨਹੀਂ ਕੀਤਾ ਜਿਸਦਾ ਵਿਖਾਵਾ ਅੱਜ ਦਾ ਖਾਲਸਾ ਪੰਥ ਸੁਖ ਰਹਿਣੇ ਘਰਾਂ ਵਿਚ ਅਰਾਮ ਦੀ ਜ਼ਿੰਦਗੀ ਬਤੀਤ ਕਰਦਾ ਹੋਇਆ ਕਰ ਰਿਹਾ ਹੈ।

ਸਿੱਖ ਪੰਥ ਦੀ ਵੱਖਰੀ ਅਤੇ ਆਜ਼ਾਦ ਹਸਤੀ ਲਈ ਜੇ ਕੋਈ ਧਿਰ ਇਮਾਨਦਾਰੀ ਨਾਲ ਸੰਘਰਸ਼ ਕਰਨ ਦਾ ਦਾਅਵਾ ਕਰਦੀ ਹੈ ਤਾਂ ਉਸਨੂੰ ਹਮੇਸ਼ਾ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਦੁਸ਼ਮਣ ਸਾਨੂੰ ਆਪਣੇ ਨਿਸ਼ਾਨੇ ਤੋਂ ਭੁਲਾ ਦੇਣ ਲਈ ਲੱਖਾਂ ਯਤਨ ਕਰ ਰਿਹਾ ਹੈ ਅਤੇ ਕਰੇਗਾ ਪਰ ਸਾਡੇ ਸਾਹਮਣੇ ਹਰ ਔਖੀ ਘੜੀ ਵਿਚ ਵੀ ਪੰਥ ਦੀ ਏਕਤਾ ਸਭ ਤੋਂ ਵੱਡੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਜੇ ਸਾਡੇ ਸਾਹਮਣੇ ਕੋਈ ਵੱਡਾ ਅਤੇ ਸਾਂਝਾ ਕੌਮੀ ਨਿਸ਼ਾਨਾ ਹੈ ਅਤੇ ਅਸੀਂ ਪੂਰੀ ਇਮਾਨਦਾਰੀ ਨਾਲ 20ਵੀਂ ਸਦੀ ਦੇ ਸ਼ਹੀਦਾਂ ਵਲੋਂ ਲਏ ਸੁਪਨੇ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਹਾਂ ਤਾਂ ਸਾਨੂੰ ਸਭ ਨੂੰ ਗੁਰੂ ਦੇ ਖਾਲਸਾ ਪੰਥ ਦੀ ਏਕਤਾ ਦਾ ਵੱਡਾ ਅਤੇ ਜ਼ਿੰਮੇਵਾਰੀ ਵਾਲਾ ਅਹਿਸਾਸ ਹੋਣਾ ਚਾਹੀਦਾ ਹੈ।

ਵਰਤਮਾਨ ਸਮੇਂ ਜਿਹੜੀਆਂ ਸੰਘਰਸ਼ਸ਼ੀਲ ਧਿਰਾਂ ਬਹੁਤ ਹੀ ਨਿਗੂਣੇ ਜਿਹੇ ਮਸਲਿਆਂ 'ਤੇ ਆਪਣੀ ਅਸਲੀਅਤ ਦਿਖਾ ਰਹੀਆਂ ਹਨ ਉਨ੍ਹਾਂ ਨੂੰ ਇਹ ਗੱਲ ਹਮੇਸ਼ਾ ਹੀ ਪੱਲੇ ਬੰਨ੍ਹ ਕੇ ਚੱਲਣੀ ਚਾਹੀਦੀ ਹੈ ਕਿ ਗੁਰਬਾਣੀ ਦੀ ਟੇਕ ਸਾਡੇ ਲਈ ਰਾਹ ਦਰਸਾਵਾ ਹੈ। ਸਾਡੇ ਸੰਘਰਸ਼ ਦੀ ਤੋਰ ਇਸ ਸੋਮੇ ਤੋਂ ਸੇਧ ਲੈ ਕੇ ਹੀ ਅੱਗੇ ਵਧਣੀ ਚਾਹੀਦੀ ਹੈ। ਇਸ ਲਈ ਸੰਘਰਸ਼ਸ਼ੀਲ ਧਿਰਾਂ ਨੂੰ ਕਦੇ ਵੀ ਅਜਿਹਾ ਮਾਹੌਲ ਨਹੀਂ ਸਿਰਜਣਾ ਚਾਹੀਦਾ ਜਿਸ ਵਿਚ ਪੰਥਕ ਸੰਸਥਾਵਾਂ ਅਤੇ ਉਨ੍ਹਾਂ ਦੇ ਮੁਖੀਆਂ ਬਾਰੇ ਅਤਿ ਦਰਜੇ ਦੇ ਨੀਵੇਂ ਸ਼ਬਦ (ਧੂਮਾ ਛਾਪ ਕੈਲੰਡਰ, ਸੰਤ ਯੂਨੀਅਨ, ਪੁਜਾਰੀ ਆਦਿ) ਸਿੱਖ ਪੰਥ ਵਿਚ ਪ੍ਰਚੱਲਿਤ ਅਤੇ ਪ੍ਰਵਾਨ ਹੋ ਜਾਣ। ਖਾਲਸਾ ਪੰਥ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੀਆਂ ਧਿਰਾਂ ਵਿਚ ਜੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁਮਾ ਬਾਰੇ ਕੋਈ ਵਿਰੋਧੀ ਵਿਚਾਰ ਬਣੇ ਹਨ ਤਾਂ ਉਸਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਬਾਬਾ ਹਰਨਾਮ ਸਿੰਘ ਵਿਚੋਂ ਸੰਤ ਜਰਨੈਲ ਸਿੰਘ ਦੀ ਸ਼ਖ਼ਸੀਅਤ ਦੀ ਭਾਲ ਕਰ ਰਹੇ ਹਾਂ। ਅਸੀਂ ਇਹ ਚਾਹੁੰਦੇ ਹਾਂ ਕਿ ਬਾਬਾ ਹਰਨਾਮ ਸਿੰਘ ਵੀ ਸੰਤ ਜਰਨੈਲ ਸਿੰਘ ਵਾਂਗ ਹੀ ਕੌਮ ਦੀ ਅਗਵਾਈ ਕਰਨ ਪਰ ਇਹ ਸਾਡੀ ਖੁਸ਼ਫਹਿਮੀ ਹੈ ਕਿਉਂਕਿ ਬਾਬਾ ਹਰਨਾਮ ਸਿੰਘ ਸੰਤ ਜਰਨੈਲ ਸਿੰਘ ਨਹੀਂ ਹਨ। ਸੰਤਾਂ ਦੀ ਰੂਹਾਨੀ ਨਜ਼ਰ ਖਾਲਸਾ ਪੰਥ ਨਾਲ ਹੋਣ ਵਾਲੇ ਜਿਸ ਵੱਡੇ ਘੱਲੂਘਾਰੇ ਨੂੰ ਦੇਖ ਰਹੀ ਸੀ ਬਾਬਾ ਹਰਨਾਮ ਸਿੰਘ ਉਸ ਨਜ਼ਰ ਨਾਲ ਖਾਲਸਾ ਪੰਥ ਦੇ ਭਵਿੱਖ ਨੂੰ ਨਹੀਂ ਦੇਖ ਸਕਦੇ ਕਿਉਂਕਿ ਇਹ ਉਨ੍ਹਾਂ ਦੀ ਸ਼ਖ਼ਸੀਅਤ ਦੀ ਕਮਜ਼ੋਰੀ ਹੈ। ਸੰਤ ਜਰਨੈਲ ਸਿੰਘ 1984 ਵਿਚ ਜੋ ਖੇਡ ਖੇਡਣ ਜਾ ਰਹੇ ਸਨ ਉਸ ਦਾ ਅਹਿਸਾਸ ਤਾਂ ਉਨ੍ਹਾਂ ਨਾਲ ਲੜਨ ਦਾ ਦਾਅਵਾ ਕਰਨ ਵਾਲੇ ਬਹੁਤ ਸਾਰੇ ਲੋਕਾਂ ਨੂੰ ਵੀ ਨਹੀਂ ਸੀ। ਅੱਜ ਅਜਿਹੇ ਲੋਕ ਕਿਵੇਂ ਪ੍ਰਕਾਸ਼ ਸਿੰਘ ਬਾਦਲ ਦੇ ਝੋਲੀ ਚੁੱਕ ਬਣੇ ਹੋਏ ਹਨ, ਇਹ ਸਾਰਾ ਪੰਥ ਦੇਖ ਰਿਹਾ ਹੈ। ਇਨ੍ਹਾਂ ਲੋਕਾਂ ਦੀ ਉਸ ਵੇਲੇ ਵੀ ਨਜ਼ਰ ਮੁੱਖ ਮੰਤਰੀ ਦੀ ਕੁਰਸੀ ਤੱਕ ਹੀ ਸੀ ਇਸ ਤੋਂ ਅੱਗੇ ਨਹੀਂ। ਪਰ ਸੰਤ ਜਰਨੈਲ ਸਿੰਘ ਨੂੰ ਉਸ ਵੇਲੇ ਹੀ ਵੱਡੇ ਸੰਕਟ ਮੂੰਹ ਆਈ ਕੌਮ ਦੀ ਅਣਖ ਅਤੇ ਇੱਜ਼ਤ ਦਾ ਖਿਆਲ ਸੀ। ਇਹ ਸੱਚ ਹੈ ਕਿ ਸਿੱਖ ਕੌਮ ਆਪਣੇ ਲੀਡਰ ਨੂੰ ਗੱਦੀ ਬਣਿਆ ਹੋਇਆ ਨਹੀਂ ਦੇਖ ਸਕਦੀ ਪਰ ਇਸਦੇ ਬਾਵਜੂਦ ਵੀ ਕਿਸੇ ਖਿਲਾਫ ਘਟੀਆ ਦਰਜੇ ਦੀ ਬਿਆਨਬਾਜ਼ੀ ਕਰਨ ਦੀ ਕਦਾਚਿਤ ਵੀ ਸਿੱਖ ਸਿਧਾਂਤ ਪ੍ਰਵਾਨਗੀ ਨਹੀਂ ਦਿੰਦੇ।

ਇਸੇ ਤਰ੍ਹਾਂ ਇਹ ਗੱਲ ਸਾਰੀ ਕੌਮ ਨੂੰ ਪਤਾ ਹੈ ਕਿ ਸ੍ਰੀ ਅਕਾਲ ਤਖ਼ਤ 'ਤੇ ਸੇਵਾ ਨਿਭਾਉਣ ਵਾਲੇ ਜਥੇਦਾਰ ਸਾਹਿਬਾਨ ਭਾਰਤ ਸਰਕਾਰ ਅਤੇ ਉਸਦੇ ਪੰਜਾਬ ਵਿਚਲੇ ਸੂਬੇਦਾਰ ਪ੍ਰਕਾਸ਼ ਸਿੰਘ ਬਾਦਲ ਦੀ ਜੀ ਹਜ਼ੂਰੀ ਵਿਚ ਫੈਸਲੇ ਲੈ ਰਹੇ ਹਨ ਪਰ ਇਸਦੇ ਬਾਵਜੂਦ ਸਾਨੂੰ ਅਜਿਹਾ ਕੁਝ ਨਹੀਂ ਕਰਨਾ ਚਾਹੀਦਾ ਜਿਸ ਨਾਲ ਉਸ ਮਹਾਨ ਪਵਿੱਤਰ ਅਸਥਾਨ ਦੀ ਸੰਸਥਾਈ ਰੂਪ ਵਿਚ ਬੇਇਜ਼ਤੀ ਹੋਵੇ। ਇਹ ਸਭ ਗੱਲਾਂ ਵਕਤੀ ਹਨ। ਵਕਤ ਆਉਣ ਤੇ ਅਕਾਲ ਤਖ਼ਤ 'ਤੇ ਸੇਵਾ ਨਿਭਾ ਰਹੇ ਘਟੀਆ ਬੰਦਿਆਂ ਨੂੰ ਬਦਲ ਦਿੱਤਾ ਜਾਵੇਗਾ। ਸਿੱਖ ਇਤਿਹਾਸ ਗਵਾਹ ਹੈ ਕਿ 'ਕੋਠਾ ਸਾਹਿਬ ਠੀਕ ਠਾਕ ਹੈ' ਆਖਣ ਵਾਲੇ ਸੱਜਣਾਂ ਨੂੰ ਪੰਥ ਨੇ ਬਣਦੀ ਸਜ਼ਾ ਦਿੱਤੀ ਹੈ ਅਤੇ ਵਕਤ ਆਉਣ ਤੇ ਵਰਤਮਾਨ ਸਮੇਂ ਗਲਤ ਫੈਸਲੇ ਕਰਨ ਵਾਲੇ ਸੱਜਣਾਂ ਨੂੰ ਵੀ ਪੰਥ ਦੀ ਕਚਹਿਰੀ ਵਿਚ ਪੇਸ਼ ਹੋਣਾ ਪਵੇਗਾ। ਪਰ ਅਕਾਲ ਤਖ਼ਤ ਦੀ ਸੰਸਥਾ ਦਾ ਮਾਣ ਸਤਿਕਾਰ ਸਾਡੇ ਸਭ ਲਈ ਪਵਿੱਤਰ ਹੈ। ਕੱਟੜ ਹਿੰਦੂ ਤਾਕਤਾਂ ਇਸੇ ਤਾਕ ਵਿਚ ਹਨ ਕਿ ਸਿੱਖ ਅਕਾਲ ਤਖ਼ਤ ਦੇ ਆਦੇਸ਼ਾਂ ਤੋਂ ਬਾਗੀ ਹੋ ਜਾਣ। ਸਾਨੂੰ ਸਾਰਿਆਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਜੀਵਨ ਤੋਂ ਸੇਧ ਲੈ ਕੇ ਪੰਥ ਦੋਖੀ ਤਾਕਤਾਂ ਦੀ ਇਸ ਕੁਲਹਿਣੀ ਸੋਚ ਨੂੰ ਹਾਰ ਦੇਣੀ ਪਵੇਗੀ। ਗੁਰਬਾਣੀ ਦੇ ਸੱਚੇ ਰੰਗ ਵਿਚ ਰੰਗੇ ਹੋਏ ਸਿੱਖ ਕਦੇ ਆਪਣੇ ਦੁਸ਼ਮਣ ਖਿਲਾਫ ਵੀ ਨੀਵੇਂ ਦਰਜੇ ਦੀ ਸੋਚਣੀ ਦਾ ਪ੍ਰਗਟਾਵਾ ਨਹੀਂ ਕਰਦੇ ਕਿਉਂਕਿ ਗੁਰੂ ਸਾਹਿਬ ਨੇ ਸਾਨੂੰ ਏਨਾ ਨੀਵਾਂ ਡਿਗ ਜਾਣ ਦੀ ਕਾਬਲੀਅਤ ਬਖਸ਼ੀ ਹੀ ਨਹੀਂ ਹੈ। ਅਸੀਂ ਤਾਂ ਦੁਸ਼ਮਣ ਖਿਲਾਫ ਵੀ ਤਹਿਜ਼ੀਬ ਦੇ ਉੱਚੇ ਮੰਡਲਾਂ 'ਤੇ ਖੜ੍ਹ ਕੇ ਸੋਚਣਾ ਅਤੇ ਕਰਮ ਕਰਨਾ ਹੈ। ਨਿੱਕੇ-ਨਿੱਕੇ ਧਾਰਮਿਕ ਅਤੇ ਰਾਜਸੀ ਵਿਰੋਧਾਂ ਨੂੰ ਨੀਵੇਂ ਦਰਜੇ ਦੀ ਦੁਸ਼ਮਣੀ ਦੀ ਪੱਧਰ 'ਤੇ ਲੈ ਜਾਣਾ ਸਿੱਖ ਤਰਜ਼ੇ ਜ਼ਿੰਦਗੀ ਦਾ ਹਿੱਸਾ ਨਹੀਂ ਹੋ ਸਕਦਾ। ਜੇ ਕੋਈ ਸੰਸਥਾ ਜਾਂ ਸ਼ਖ਼ਸੀਅਤ ਅਜਿਹੇ ਮੌਕੇ ਨੀਵਾਂ ਡਿਗ ਜਾਣ ਦਾ ਮੁਜਾਹਰਾ ਕਰਦੀ ਹੈ ਤਾਂ ਸਮਝਣਾ ਚਾਹੀਦਾ ਹੈ ਕਿ ਉਹ ਗੁਰਬਾਣੀ ਦੇ ਰੂਹਾਨੀ ਰੰਗ ਤੋਂ ਸੱਖਣੀ ਹੈ।

ਇਸ ਮੌਕੇ ਪੰਥਕ ਧਿਰਾਂ ਦੇ ਸਿਰ ਬਹੁਤ ਹੀ ਅਹਿਮ ਜ਼ਿੰਮੇਵਾਰੀ ਆ ਜਾਂਦੀ ਹੈ ਕਿਉਂਕਿ ਉਨ੍ਹਾਂ ਨੂੰ ਖਾਲਸਾ ਪੰਥ ਦੇ ਵੱਡੇ ਅਤੇ ਅਹਿਮ ਨਿਸ਼ਾਨੇ ਤੋਂ ਥਿੜਕਾਉਣ ਲਈ ਪੰਥ ਦੋਖੀ ਤਾਕਤਾਂ ਬਹੁਤ ਵੱਡੇ ਜਾਲ ਬੁਣਨਗੀਆਂ। ਅਜਿਹੇ ਮੌਕੇ ਸਾਨੂੰ ਸਾਰਿਆਂ ਨੂੰ ਗੁਰਬਾਣੀ ਤੋਂ ਸੇਧ ਲੈ ਕੇ ਪੰਥ ਵਿਚ ਬਖੇੜਾ ਖੜਾ ਕਰਨ ਵਾਲੀਆਂ ਤਾਕਤਾਂ ਨੂੰ ਹਾਰ ਦੇਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਵੱਡੇ ਤੋਂ ਵੱਡੇ ਸੰਕਟ ਵੇਲੇ ਵੀ ਸਾਨੂੰ ਸਭਿਅਤਾ ਅਤੇ ਤਹਿਜ਼ੀਬ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ।

# ਅਖੀਰ ਪੁਲਿਸ ਦੇ ਅੜਿੱਕੇ ਆ ਹੀ ਗਿਆ 'ਬਾਪੂ'


**ਡਾ. ਅਜੀਤਪਾਲ ਸਿੰਘ ਐਮ.ਡੀ.**

ਆਸਾਰਾਮ ਅਤੇ ਵਿਵਾਦ ਦਾ ਜੁੜਵੇਂ ਭਰਾਵਾਂ ਵਰਗਾ ਰਿਸ਼ਤਾ ਹੈ। ਦੇਸ਼ ਭਰ 'ਚ ਚੇਲਿਆਂ ਦੀ ਇਕ ਵੱਡੀ ਬ੍ਰਿਗੇਡ ਵਾਲੇ 'ਗੁਰੂ' ਦਾ ਜੀਵਨ ਝਮੇਲਿਆਂ 'ਚ ਘਿਰਿਆ ਰਿਹਾ ਹੈ। ਹੁਣ ਤਕ ਉਨ੍ਹਾਂ 'ਤੇ ਹਰ ਤਰ੍ਹਾਂ ਦੇ ਦੋਸ਼ ਲੱਗ ਚੁੱਕੇ ਹਨ ਜਿਵੇਂ ਸੈਕਸ ਦੇ ਭੁੱਖੇ ਸਾਧੂ, ਜ਼ਮੀਨ ਹੜੱਪਣ ਵਾਲੇ, ਸਫ਼ੈਦਪੋਸ਼ ਅਪਰਾਧੀਆਂ ਦੇ ਆਗੂ ਤੇ ਖ਼ੌਫਨਾਕ ਤਾਂਤਰਿਕ ਆਦਿ। ਇਹ ਸਾਰੇ ਦੋਸ਼ ਹੋਰ ਕਿਸੇ ਨੇ ਨਹੀਂ ਬਲਕਿ ਉਸਦੇ ਸਾਬਕਾ ਚੇਲਿਆਂ ਨੇ ਹੀ ਲਾਏ ਹਨ ਜਿਹੜੇ ਕਿ ਨਿੱਜੀ ਜਾਂ ਨੈਤਿਕ ਆਧਾਰ 'ਤੇ ਆਸਾਰਾਮ ਬਾਪੂ ਤੋਂ ਤੋੜ-ਵਿਛੋੜਾ ਕਰ ਚੁੱਕੇ ਹਨ। ਆਪਣੇ ਦੋਸ਼ਾਂ ਦੀ ਪੁਸ਼ਟੀ ਸਬੰਧੀ ਉਨ੍ਹਾਂ ਨੇ ਕੁਝ ਸਬੂਤ ਵੀ ਪੇਸ਼ ਕੀਤੇ ਹਨ। ਪਰ ਆਸਾਰਾਮ ਆਪਣੇ ਅਸਰ-ਰਸੂਖ਼ ਤੋਂ ਇਲਾਵਾ ਚਲਾਕੀ, ਤਿਕੜਮਬਾਜ਼ੀ ਅਤੇ ਲਫ਼ਾਜ਼ੀ ਦੀ ਬਦੌਲਤ ਉਨ੍ਹਾਂ ਤੋਂ ਬਚਿਆ ਹੋਇਆ ਹੈ।

ਪਰ ਪਿਛਲੇ ਦਿਨੀਂ 69 ਵਰ੍ਹਿਆਂ ਦਾ ਇਹ 'ਗੁਰੂ' ਆਖ਼ਰ ਜਾਲ ਵਿਚ ਫਸ ਹੀ ਗਿਆ ਜਦੋਂ ਅਹਿਮਦਾਬਾਦ ਪੁਲਿਸ ਨੇ ਉਸ ਵਿਰੁਧ, ਆਪਣੇ ਗੁੰਡਿਆਂ ਰਾਹੀਂ, ਸਾਬਕਾ ਚੇਲੇ ਰਾਜੂ ਚਾਂਡਕ ਦੇ ਕਤਲ ਦੀ ਕੋਸ਼ਿਸ਼ ਕਰਨ ਦੇ ਦੋਸ਼ 'ਚ ਐਫ. ਆਈ. ਆਰ. ਦਰਜ ਕੀਤੀ। ਆਸਾਰਾਮ ਲਈ ਮੁਸ਼ਕਲ ਇਹ ਵੀ ਪੈਦਾ ਹੋ ਗਈ ਕਿ ਗੁਜਰਾਤ ਹਾਈ ਕੋਰਟ ਨੇ ਇਹ ਐਫ. ਆਈ. ਆਰ. ਰੱਦ ਕਰਨ ਬਾਰੇ ਉਸ (ਆਸਾਰਾਮ ਬਾਪੂ) ਦੀ ਪਟੀਸ਼ਨ ਵੀ ਰੱਦ ਕਰ ਦਿੱਤੀ ਹੈ। ਕਿਸੇ ਸਮੇਂ ਆਸਾਰਾਮ ਦੀ ਸੱਜੀ ਬਾਂਹ ਰਹਿ ਚੁੱਕਾ ਰਾਜੂ ਚਾਂਡਕ, ਕੁੱਝ ਸਾਲ ਪਹਿਲਾਂ ਹੀ ਆਸਾਰਾਮ ਤੋਂ ਵੱਖ ਹੋਣ ਤੋਂ ਬਾਅਦ ਤੋਂ ਹੀ ਆਸਾਰਾਮ ਨੂੰ ਆਪਣੇ ਚੇਲਿਆਂ ਨੂੰ ਧੋਖਾ ਦੇਣ ਵਾਲੇ, ਅਨੈਤਿਕ ਪਖੰਡੀ ਗੁਰੂ ਵਜੋਂ ਪ੍ਰਚਾਰ ਰਿਹਾ ਸੀ। ਚਾਂਡਕ ਨੇ ਪਿਛਲੇ ਸਾਲ ਜੁਲਾਈ 'ਚ ਅਹਿਮਦਾਬਾਦ ਦੇ 'ਚ ਆਸਾਰਾਮ ਸਕੂਲ ਮੈਨੇਜਮੈਂਟ 'ਚ ਦੋ ਬੱਚਿਆਂ ਦੀ ਰਹੱਸਮਈ ਹਾਲਤ 'ਚ ਹੋਈ ਮੌਤ ਦੀ ਜਾਂਚ ਕਰ ਰਹੇ ਜਸਟਿਸ ਤ੍ਰਿਵੇਦੀ ਕਮਿਸ਼ਨ ਸਾਹਮਣੇ ਆਸਾਰਾਮ ਵਿਰੁਧ ਖੁਲ੍ਹ ਕੇ ਗਵਾਹੀ ਦਿਤੀ ਸੀ। ਪਿਛਲੇ ਦਿਨੀਂ ਚਾਂਡਕ ਅਹਿਮਦਾਬਾਦ 'ਚ ਜਦੋਂ ਆਪਣੇ ਸਕੂਟਰ 'ਤੇ ਵਾਪਸ ਘਰ ਆ ਰਿਹਾ ਸੀ ਤਾਂ ਉਸ ਦਾ ਪਿੱਛਾ ਕਰ ਰਹੇ ਦੋ ਅਨਜਾਣ ਵਿਅਕਤੀਆਂ ਨੇ ਉਸਨੂੰ ਗੋਲੀ ਮਾਰ ਦਿਤੀ। ਪਰ ਇਸ ਹਮਲੇ 'ਚੋਂ ਵਾਲ-ਵਾਲ ਬਚੇ ਚਾਂਡਕ ਨੇ ਦੋਸ਼ ਲਾਇਆ ਕਿ ਦੋਸ਼ੀ ਆਸਾਰਾਮ ਨੇ ਆਪਣੇ ਗੁੰਡਿਆਂ ਅਤੇ ਲੱਠਮਾਰਾਂ ਰਾਹੀਂ ਉਸ ਦਾ ਕਤਲ ਕਰਕੇ ਹਮੇਸ਼ਾ ਲਈ ਉਸ ਨੂੰ ਆਪਣੇ ਰਾਹ ਤੋਂ ਹਟਾਉਣ ਦੀ ਕੋਸ਼ਿਸ਼ ਕੀਤੀ। ਚਾਂਡਕ ਵਲੋਂ ਲਾਏ ਦੋਸ਼ ਨੂੰ ਇਸ ਤੱਥ ਨਾਲ ਵੀ ਬਲ ਮਿਲਦਾ ਹੈ ਕਿ ਹਮਲੇ ਤੋਂ ਇਕ ਹਫ਼ਤਾ ਪਹਿਲਾਂ ਦਿੱਲੀ 'ਚ ਇਕ ਸਮਾਗਮ ਦੌਰਾਨ ਆਸਾਰਾਮ ਨੇ ਆਪਣੇ ਵਿਰੁਧ ਮੁਹਿੰਮ ਚਲਾ ਰਹੇ ਲੋਕਾਂ ਨੂੰ ਖੁਲ੍ਹੇਆਮ ਧਮਕੀ ਦਿਤੀ ਸੀ ਜਿਸਨੂੰ ਵੀਡੀਓ ਸੀ. ਡੀ. 'ਚ ਰਿਕਾਰਡ ਕੀਤਾ ਗਿਆ ਹੈ। ਇਸ ਧਮਕੀ 'ਚ ਆਸਾਰਾਮ ਨੂੰ ਇਹ ਕਹਿੰਦਿਆਂ ਸੁਣਿਆ ਜਾ ਸਕਦਾ ਹੈ ਕਿ ''ਮੁੱਖ ਮੰਤਰੀ ਅਤੇ ਇਕ ਗੈਂਗ ਮਾਸਟਰ ਅਖ਼ਬਾਰ (ਉਨ੍ਹਾਂ ਦਾ ਇਸ਼ਾਰਾ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਵਲ ਸੀ ਜਿਨ੍ਹਾਂ ਦੀ ਸਰਕਾਰ ਨੇ ਹਾਲ ਹੀ ਵਿਚ ਆਸਾਰਾਮ ਦੇ ਨਾਜਾਇਜ਼ ਤੌਰ-ਤਰੀਕਿਆਂ ਪ੍ਰਤੀ ਸਖ਼ਤ ਰਵਈਆ ਅਪਨਾਇਆ ਅਤੇ ਇਕ ਸਥਾਨਕ ਅਖ਼ਬਾਰ ਨੇ ਵਾਰ-ਵਾਰ ਉਨ੍ਹਾਂ ਖ਼ਿਲਾਫ ਠੋਸ ਸਬੂਤ ਪੇਸ਼ ਕਰ ਕੇ ਉਨ੍ਹਾਂ ਨੂੰ ਬੇਨਕਾਬ ਕੀਤਾ) ਮੇਰੇ ਵਿਰੁਧ ਮੁਹਿੰਮ ਚਲਾ ਰਹੇ ਹਨ। ਜਿਹੜੇ ਲੋਕ ਉਨ੍ਹਾਂ ਦੀ ਮਦਦ ਕਰ ਰਹੇ ਹਨ, ਉਨ੍ਹਾਂ ਨੂੰ ਤਿੰਨ ਜਾਂ ਚਾਰ ਦਿਨ ਅੰਦਰ ਜਾਂ ਵਧ ਤੋਂ ਵਧ ਮਹੀਨੇ ਦੇ ਅੰਦਰ-ਅੰਦਰ ਆਪਣੀ ਕਰਨੀ ਦਾ ਫਲ ਮਿਲ ਜਾਏਗਾ ਨਹੀਂ ਤਾਂ ਮੈਂ ਉਨ੍ਹਾਂ ਦਾ ਚਪੜਾਸੀ ਬਣਨ ਲਈ ਤਿਆਰ ਹੋਵਾਂਗਾ।

ਆਸਾਰਾਮ ਦੀ ਤਰਜ਼ਮਾਨ ਨੀਲਮ ਦੁਬੇ ਦੀ ਪ੍ਰਤੀਕ੍ਰਿਆ ਸੀ, ''ਬਾਪੂ ਵਿਰੁਧ ਸਾਜ਼ਸ਼ ਦੇ ਹੋਰ ਸਬੂਤ ਮਿਲਦੇ ਜਾ ਰਹੇ ਹਨ। ਉਹ ਬੇਈਮਾਨ ਤੱਤਾਂ ਦੇ ਨਾਜਾਇਜ਼ ਦਬਾਅ ਅੱਗੇ ਨਾ ਝੁਕਣ ਦੀ ਕੀਮਤ ਅਦਾ ਕਰ ਰਹੇ ਹਨ। ਅਸੀਂ ਸਾਜ਼ਿਸ਼ੀਆਂ ਨੂੰ ਸਾਹਮਣੇ ਲਿਆਉਣਾ ਚਾਹੁੰਦੇ ਹਾਂ ਤੇ ਚਾਹੁੰਦੇ ਹਾਂ ਕਿ ਚਾਂਡਕ 'ਤੇ ਹਮਲੇ ਦੀ ਸੀ. ਬੀ. ਆਈ. ਜਾਂਚ ਕਰਵਾਈ ਜਾਵੇ।'' ਪਰ ਉਸ ਗੁਰੂ ਦੇ ਚੇਲੇ ਇਸ ਹੱਦ ਤੱਕ ਡਿੱਗ ਗਏ ਹੈ ਕਿ ਉਨ੍ਹਾਂ ਨੇ ਰਾਜ ਦੇ ਪੁਲਿਸ ਮੁਖੀ ਸ਼ਬੀਰ ਹੁਸੈਨ ਖੰਡਨਵਾਲਾ ਸਾਹਮਣੇ ਆਸਾਰਾਮ ਨੂੰ ਸਾਜ਼ਿਸ਼ ਰਚਣ ਵਾਲਾ ਕਰਾਰ ਦੇ ਦਿੱਤਾ। ਇਸ ਕੇਸ ਨੂੰ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਗਈ ਪਰ ਮੋਦੀ ਜ਼ਰਾ ਵੀ ਨਾ ਭੜਕੇ ਅਤੇ ਚੁੱਪ ਕਰਕੇ ਪੁਲਿਸ ਨੂੰ ਆਪਣਾ ਕੰਮ ਜਾਰੀ ਰੱਖਣ ਦਿਤਾ। ਜੁਲਾਈ 2007 ਵਿਚ ਅਹਿਮਦਾਬਾਦ 'ਚ ਆਸਾਰਾਮ ਦੇ ਆਸ਼ਰਮ 'ਚ ਤਾਂਤਰਿਕਾਂ ਵਲੋਂ ਮਾਰ ਦਿਤੇ ਜਾਣ ਵਾਲੇ ਦੋ ਬੱਚਿਆਂ ਵਿਚੋਂ ਇਕ 10 ਸਾਲਾ ਦੀਪੇਸ਼ ਦੇ ਪਿਤਾ ਪ੍ਰਫੁਲ ਵਘੇਲਾ ਕਹਿੰਦੇ ਹਨ, ''ਆਸਾਰਾਮ ਨੂੰ ਆਪਣੇ ਕੁਕਰਮ ਦੀ ਕੀਮਤ ਅਦਾ ਕਰਨੀ ਪਵੇਗੀ। ਆਸਾਰਾਮ ਜਾਂ ਉਸ ਦੇ ਕਿਸੇ ਚੇਲੇ ਨੇ ਤਾਂਤਰਿਕ ਸੰਸਥਾ ਲਈ ਮੇਰੇ ਪੁੱਤਰ ਦੀਪੇਸ਼ ਅਤੇ ਭਤੀਜੇ ਅਭਿਸ਼ੇਕ ਦੀ ਬਲੀ ਚੜ੍ਹਾਈ ਹੈ। ਸੰਮੋਹਨ ਸ਼ਕਤੀਆਂ ਹਾਸਲ ਕਰਨ ਲਈ ਉਹ ਕਾਫ਼ੀ ਲੰਮੇ ਅਰਸੇ ਤੋਂ ਅਜਿਹਾ ਕਰਦੇ ਆ ਰਹੇ ਹਨ।''

5 ਜੁਲਾਈ, 2007 ਨੂੰ ਸਾਬਰਮਤੀ ਦੇ ਕੰਢੇ ਤੋਂ ਦੀਪੇਸ਼ ਅਤੇ ਅਭਿਸ਼ੇਕ ਦੀਆਂ ਲਾਸ਼ਾਂ ਬਰਾਮਦ ਹੋਈਆਂ ਅਤੇ ਇਨ੍ਹਾਂ ਲਾਸ਼ਾਂ ਨੇੜਿਓਂ ਤਾਂਤਰਿਕਾਂ ਵਲੋਂ ਵਰਤੀ ਜਾਣ ਵਾਲੀ ਸਮੱਗਰੀ ਵੀ ਮਿਲੀ ਸੀ। ਦੋਵੇਂ ਬੱਚੇ 3 ਜੁਲਾਈ ਦੀ ਰਾਤ ਤੋਂ ਹੀ ਆਸ਼ਰਮ ਦੇ ਹੋਸਟਲ ਤੋਂ ਗਾਇਬ ਸਨ। ਤਾਂਤਰਿਕਾਂ



ਵਲੋਂ ਵਰਤੀ ਜਾਣ ਵਾਲੀ ਸਮੱਗਰੀ ਬਰਾਮਦ ਹੋਣ ਤੋਂ ਬਾਅਦ ਦੋਸ਼ ਲਗਿਆ ਕਿ ਬੱਚਿਆਂ ਨੂੰ ਆਸ਼ਰਮ 'ਚ ਤਾਂਤਰਿਕਾਂ ਨੇ ਮਾਰਿਆ ਹੈ। ਸਥਾਨਕ ਪੁਲਿਸ ਦੇ ਗੈਰ ਪੇਸ਼ੇਵਰ ਰਵਈਏ ਕਾਰਨ ਕਈ ਸੁਰਾਗ ਹੱਥ ਆਉਣ ਤੋਂ ਰਹਿ ਗਏ ਅਤੇ ਇਸ ਨੇ ਹੀ ਅੱਗ 'ਤੇ ਤੇਲ ਦਾ ਕੰਮ ਕੀਤਾ ਕਿਉਂਕਿ ਲੋਕਾਂ ਦਾ ਦੋਸ਼ ਸੀ ਕਿ ਸਰਕਾਰ ਆਸਾਰਾਮ ਨੂੰ ਬਚਾ ਰਹੀ ਹੈ। ਇਸ ਭੇਦਪੂਰਨ ਅਮਲ ਨਾਲ ਸਾਰੇ ਸ਼ੰਕਿਆਂ ਨੂੰ ਦੂਰ ਕਰਨ ਲਈ ਸਰਕਾਰ ਨੇ ਹਾਈਕੋਰਟ ਦੇ ਸੇਵਾਮੁਕਤ ਜਸਟਿਸ ਤ੍ਰਿਵੇਦੀ ਦੀ ਪ੍ਰਧਾਨਗੀ ਹੇਠ ਇਕ ਜਾਂਚ ਕਮਿਸ਼ਨ ਬਿਠਾਇਆ। ਪਿਛਲੇ ਸਾਲ ਬੱਚਿਆਂ ਦੀ ਮੌਤ ਪਿਛੋਂ ਪਤਾ ਲੱਗਾ ਕਿ ਆਸਾਰਾਮ 5000 ਕਰੋੜ ਰੁਪਏ ਦੇ ਆਰਥਕ ਸਾਮਰਾਜ ਦੇ ਮਾਲਕ ਹਨ। ਇਹ ਵੀ ਪਤਾ ਲੱਗਾ ਕਿ ਆਸਾਰਾਮ ਅਤੇ ਉਸਦੇ ਚੇਲੇ ਸਰਕਾਰੀ ਅਤੇ ਨਿੱਜੀ ਜ਼ਮੀਨ ਹੜੱਪਣ 'ਚ ਵੀ ਬਿਲਕੁਲ ਸੰਕੋਚ ਨਹੀਂ ਕਰਦੇ ਤੇ ਫਿਰ ਕਬਜ਼ਾ ਬਣਾਈ ਰੱਖਣ ਲਈ ਹਿੰਸਾ ਅਤੇ ਗ਼ੈਰ-ਕਾਨੂੰਨੀ ਢੰਗ-ਤਰੀਕਿਆਂ 'ਤੇ ਉਤਰ ਆਉਂਦੇ ਹਨ। ਤ੍ਰਿਵੇਦੀ ਕਮਿਸ਼ਨ ਨੇ ਹੁਣ ਤਕ ਆਸਾਰਾਮ ਦੇ ਚੇਲਿਆਂ ਸਮੇਤ 50 ਲੋਕਾਂ ਦੇ ਬਿਆਨ ਕਲਮਬੰਦ ਕੀਤੇ ਹਨ। ਕਿਸੇ ਸਮੇਂ ਚੇਲੇ ਅਤੇ ਹੁਣ ਆਸਾਰਾਮ ਦੇ ਵਿਰੋਧੀ ਬਣ ਚੁੱਕੇ ਲੋਕਾਂ ਦਾ ਕਹਿਣਾ ਹੈ ਕਿ ਆਸਾਰਾਮ ਅਤੇ ਉਸ ਦਾ ਪੁੱਤਰ ਨਾਰਾਇਣ ਸਾਈਂ ਤਾਂਤਰਿਕ ਸਾਧਨਾਂ ਦਾ ਅਭਿਆਸ ਕਰਦੇ ਸਨ ਅਤੇ ਇਸ ਦੌਰਾਨ ਮਨੁੱਖੀ ਲਾਸ਼ਾਂ ਦੀ ਵੀ ਵਰਤੋਂ ਕਰਦੇ ਸਨ। ਆਸਾਰਾਮ ਦੇ ਸਾਬਕਾ ਚੇਲੇ ਕਾਂਜੀ ਭਾਈ ਪਟੇਲ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਆਸਾਰਾਮ ਨੂੰ ਇਕ ਬੱਚੇ ਦੀ ਲਾਸ਼ 'ਤੇ ਤਾਂਤਰਿਕ ਸਾਧਨਾ ਕਰਦਿਆਂ ਵੇਖਿਆ ਸੀ। ਨਾਰਾਇਣ ਸਾਈਂ ਦੇ ਸਾਬਕਾ ਸਕੱਤਰ ਮਹਿੰਦਰ ਚਾਵਲਾ ਅਨੁਸਾਰ ਉਸ ਨੇ ਵੀ ਨਾਰਾਇਣ ਨੂੰ ਇੱਕ ਮ੍ਰਿਤਕ ਦੇਹ 'ਤੇ ਤਾਂਤਰਿਕ ਕ੍ਰਿਆ ਕਰਦਿਆਂ ਵੇਖਿਆ ਸੀ। ਚਾਵਲਾ ਨੇ ਹੁਣ ਪੁਲਿਸ ਕੋਲ ਦੋ ਸ਼ਿਕਾਇਤਾਂ ਦਰਜ ਕਰਵਾਈਆਂ ਹਨ ਕਿ ਉਸ ਨੂੰ ਆਸਾਰਾਮ ਦੇ ਚੇਲਿਆਂ ਤੋਂ ਖ਼ਤਰਾ ਹੈ।

ਕਮਿਸ਼ਨ ਸਾਹਮਣੇ ਆਸਾਰਾਮ ਵਿਰੁਧ ਸਭ ਤੋਂ ਸਖ਼ਤ ਬਿਆਨ ਚਾਂਡਕ ਨੇ ਦਿਤਾ। ਉਸ ਦਾ ਕਹਿਣਾ ਸੀ ਕਿ ਉਸ ਨੇ ਜੈਪੁਰ ਨੇੜੇ ਆਸਾਰਾਮ ਦੇ ਨਿਵਾਈ ਆਸ਼ਰਮ 'ਚ ਆਸਾਰਾਮ ਨੂੰ ਇਕ ਅਨਜਾਣ ਔਰਤ ਨਾਲ ਯੌਨ ਸਬੰਧ ਬਣਾਉਂਦਿਆਂ ਵੇਖਣ ਪਿਛੋਂ ਛੇ ਸਾਲ ਪਹਿਲਾਂ ਹੀ ਉਸ ਦਾ ਸਾਥ ਛੱਡ ਦਿੱਤਾ ਸੀ। ਕਿਉਂਕਿ ਚਾਂਡਕ ਆਸਾਰਾਮ ਦਾ ਮੁੱਖ ਵਿਸ਼ਵਾਸਪਾਤਰ ਸੀ ਜਿਸਦੇ ਜ਼ਰੀਏ ਉਹ ਆਪਣਾ ਕਰੋੜਾਂ ਰੁਪਏ ਦਾ ਸਾਮਰਾਜ ਸੰਭਾਲਦਾ ਸੀ ਅਤੇ ਉਸ ਦਾ ਉਹ ਸਕੱਤਰ ਵੀ ਰਹਿ ਚੁੱਕਾ ਸੀ, ਇਸ ਲਿਹਾਜ਼ ਨਾਲ ਉਸ ਦਾ ਬਿਆਨ ਬਹੁਤ ਅਹਿਮੀਅਤ ਰਖਦਾ ਹੈ। ਚਾਂਡਕ ਨੇ ਕਿਹਾ ਕਿ ਜਦ ਉਸ ਨੂੰ ਪਤਾ ਲੱਗਾ ਕਿ ਉਹ ਇਕ ਢੌਂਗੀ ਸਾਧੂ ਦਾ ਚੇਲਾ ਹੈ ਤਾਂ ਉਸ ਨੇ ਆਸਾਰਾਮ ਨੂੰ ਛੱਡਣ ਦਾ ਫੈਸਲਾ ਕਰ ਲਿਆ।

ਚਾਂਡਕ ਅਨੁਸਾਰ, ''ਆਸਾਰਾਮ ਵਿਰੁਧ ਦੋਸ਼ਾਂ ਦੀ ਪੁਸ਼ਟੀ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਮੇਰਾ ਅਤੇ ਆਸਾਰਾਮ ਦਾ ਨਾਰਕੋ ਟੈਸਟ ਕਰਵਾਇਆ ਜਾਵੇ ਜਿਸ ਨਾਲ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ। 1200 ਸਤਿਸੰਗ ਕੇਂਦਰ, 100 ਵੱਡੇ ਕੇਂਦਰ ਅਤੇ ਸੈਂਕੜੇ ਏਕੜ ਜ਼ਮੀਨ ਦਾ ਸਾਮਰਾਜ ਆਸਾਰਾਮ ਦੀ ਸਾਧਾਰਨ ਜਿਹੀ ਸ਼ੁਰੂਆਤ ਤੋਂ ਇਕਦਮ ਵਖਰਾ ਹੈ। ਆਸਾਰਾਮ ਨੇ 1980 ਦੇ ਦਹਾਕੇ 'ਚ ਸਾਬਰਮਤੀ ਦੇ ਕੰਢੇ ਛੋਟੀ ਜਿਹੀ ਥਾਂ ਤੋਂ ਧਾਰਮਕ ਪ੍ਰਵਚਨ ਦੇਣੇ ਸ਼ੁਰੂ ਕੀਤੇ ਸਨ। ਹਿੰਦੂ ਪਰਿਵਾਰਾਂ 'ਚ ਉਨ੍ਹਾਂ ਦੀ ਸਾਖ਼ ਵਧਣ ਦਾ ਇਕ ਕਾਰਨ ਆਰ. ਐਸ. ਐਸ. ਸਮੇਤ ਹਿੰਦੂ ਜਥੇਬੰਦੀਆਂ ਦੇ ਹਿੰਦੁਤਵ ਨਾਲ ਜੁੜੇ ਆਯੋਜਨਾਂ 'ਚ ਉਨ੍ਹਾਂ ਦੇ ਵੱਡੀ ਗਿਣਤੀ 'ਚ ਮੈਂਬਰ ਜੁੜ ਸਕਦੇ ਸਨ ਹਾਲਾਂਕਿ ਆਰ. ਐਸ. ਐਸ. ਇਸ ਤੱਥ ਤੋਂ ਵਾਕਫ ਨਹੀਂ ਸੀ ਕਿ ਆਸਾਰਾਮ ਦੇ ਪਰਿਵਾਰ ਅੰਦਰ ਕੀ ਹੋ ਰਿਹਾ ਹੈ? ਚਲਾਕ ਹੋਣ ਕਰਕੇ ਆਸਾਰਾਮ ਦੇ ਚੇਲਿਆਂ ਦੀ ਗਿਣਤੀ 'ਚ ਵਾਧਾ ਹੁੰਦਾ ਰਿਹਾ। ਇਸ ਕੰਮ ਵਿਚ ਆਸਾਰਾਮ ਦੀਆਂ ਉਨ੍ਹਾਂ ਰਣਨੀਤੀਆਂ ਦਾ ਵੀ ਯੋਗਦਾਨ ਰਿਹਾ ਜੋ ਔਸਤ ਆਦਮੀ ਨੂੰ ਉਸ ਦਾ ਅੰਨ੍ਹਾ ਭਗਤ ਬਣਾ ਦਿੰਦੀਆਂ ਹਨ। ਇਥੋਂ ਤਕ ਕਿ ਕੋਈ ਗੁਰੂ ਦਾ ਵਿਰੋਧ ਕਰੇ ਤਾਂ ਉਹ ਹਿੰਸਕ ਵਰਤਾਅ 'ਤੇ ਉਤਾਰੂ ਹੋ ਜਾਂਦੇ ਹਨ। ਮਸਲਨ ਆਸਾਰਾਮ ਦੇ ਪ੍ਰਵਚਨਾਂ ਦੇ ਸੰਗ੍ਰਹਿ 'ਪੰਚਾਮ੍ਰਿਤ' ਜੋ ਆਸਾਰਾਮ ਦੇ ਹਰ ਚੇਲੇ ਲਈ ਪੜ੍ਹਨਾ ਲਾਜ਼ਮੀ ਹੈ ਅਤੇ ਜਿਸ ਵਿਚ ਆਸਾਰਾਮ ਆਪਣੀ ਤੁਲਨਾ ਸ਼ਿਵਜੀ ਨਾਲ ਕਰਦਾ ਹੈ, ਦੇ ਗੁਰੂ ਭਗਤੀ ਯੋਗ ਅਧਿਆਏ ਵਿਚ ਕਿਹਾ ਗਿਆ ਹੈ ਕਿ ''ਆਪਣੇ ਗੁਰੂ 'ਤੇ ਸਵਾਲ ਉਠਾਉਣ ਵਾਲੇ ਚੇਲੇ 'ਤੇ ਭਿਆਨਕ ਸਰਾਪ ਪੈਂਦਾ ਹੈ।'' ਉਹ ਤਾਂ ਇਥੋਂ ਤਕ ਕਹਿੰਦਾ ਹੈ ਕਿ ''ਗੁਰੂ 'ਤੇ ਆਸਥਾ ਨਾ ਰਖਣਾ ਗੁਰੂ ਪਤਨੀ ਨਾਲ ਯੌਨ ਸਬੰਧ ਬਣਾਉਣ ਜਿੰਨਾ ਹੀ ਘ੍ਰਿਣਤ ਹੈ।''

ਆਸਾਰਾਮ ਅੱਗੇ ਕਹਿੰਦਾ ਹੈ, ''ਜੇ ਕੋਈ ਚੇਲਾ ਕਿਸੇ ਨੂੰ ਗੁਰੂ ਦੀ ਆਲੋਚਨਾ ਕਰਦਿਆਂ ਵੇਖਦਾ ਹੈ ਤਾਂ ਉਸਨੂੰ ਉਸ ਦੀ ਜ਼ੁਬਾਨ ਵੱਢਣ ਤੋਂ ਨਹੀਂ ਹਿਚਕਿਚਾਉਣਾ ਚਾਹੀਦਾ।'' ਪਿਛਲੇ ਮਹੀਨੇ ਜਦ ਗੁਜਰਾਤ ਪੁਲਿਸ ਦੀਪੇਸ਼ ਅਤੇ ਅਭਿਸ਼ੇਕ ਦੀ ਮੌਤ ਲਈ ਭਾਰਤੀ ਦੰਡ ਵਿਧਾਨ ਦੀ ਧਾਰਾ 304 ਤਹਿਤ ਆਸਾਰਾਮ ਦੇ ਸੱਤ ਚੇਲਿਆਂ ਦੀ ਤਲਾਸ਼ ਵਿਚ ਆਸਾਰਾਮ ਦੇ ਅਹਿਮਦਾਬਾਦ ਸਥਿਤ ਆਸ਼ਰਮ 'ਚ ਆਈ ਤਾਂ ਠੀਕ ਨਹੀਂ ਹੋਇਆ, ਉਨ੍ਹਾਂ ਦੇ ਚੇਲਿਆਂ ਨੇ ਪੁਲਿਸ 'ਤੇ ਬੇਰਹਿਮੀ ਨਾਲ ਹਮਲਾ ਕਰ ਦਿਤਾ। ਦੋ ਦਿਨ ਬਾਅਦ ਪੁਲਿਸ ਪੂਰੀ ਤਾਕਤ ਨਾਲ ਫਿਰ ਆਸ਼ਰਮ 'ਚ ਆਈ ਪਰ ਉਹ ਉਨ੍ਹਾਂ 7 ਚੇਲਿਆਂ ਨੂੰ ਨਹੀਂ ਲੱਭ ਸਕੀ ਜੋ ਹੁਣ ਗਾਇਬ ਹਨ। ਆਸਾਰਾਮ ਨਾਲ ਲੜ ਰਹੇ ਲੋਕਾਂ ਨੂੰ ਸ਼ੱਕ ਹੈ ਕਿ ਉਸਦੇ ਚੇਲੇ ਜਨਤਾ ਦਾ ਗੁੱਸਾ ਠੰਢਾ ਕਰਨ ਅਤੇ ਮੋਦੀ ਸਰਕਾਰ ਦਾ ਖ਼ਰਾਬ ਅਕਸ ਪੇਸ਼ ਕਰਨ ਲਈ ਇਨ੍ਹਾਂ ਝਮੇਲਿਆਂ ਨੂੰ ਹਿੰਦੂ-ਮੁਸਲਿਮ ਰੰਗਤ ਦੇ ਸਕਦੇ ਹਨ।

# ਭ੍ਰਿਸ਼ਟਾਚਾਰਾਂ ਦੀ ਖਾਣ ਬਣ ਚੁੱਕਿਆ ਅੱਜ ਦਾ ਝਾਰਖੰਡ

**ਗੁਰਮੀਤ ਸਿੰਘ ਬੱਖਤਪੁਰਾ**

ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੋਡਾ ਦੇ ਭ੍ਰਿਸ਼ਟਾਚਾਰ ਦੀ ਚਾਰੇ ਕੂਟਾਂ ਵਿਚ ਗੂੰਜ ਪੈ ਰਹੀ ਹੈ। ਤਸਵੀਰ ਇੰਜ ਪੇਸ਼ ਕੀਤੀ ਜਾ ਰਹੀ ਹੈ ਜਿਵੇਂ ਮਧੂ ਕੋਡਾ ਦੇ ਨੰਗੇ ਹੋਏ ਭ੍ਰਿਸ਼ਟਾਚਾਰ ਦੇ ਪਿੱਛੋਂ ਝਾਰਖੰਡ ਵਿਚ ਭ੍ਰਿਸ਼ਟਾਚਾਰ ਦਾ ਖਾਤਮਾ ਕਰ ਦਿੱਤਾ ਗਿਆ ਹੈ। ਮਧੂ ਕੋਡਾ ਦੇ ਭ੍ਰਿਸ਼ਟਾਚਾਰ ਦੀ ਚਰਚਾ ਕਰਨ ਤੋਂ ਪਹਿਲਾਂ ਝਾਰਖੰਡ ਅਤੇ ਝਾਰਖੰਡੀ ਕਬਾਇਲੀਆਂ ਦੇ ਇਤਿਹਾਸ ਬਾਰੇ ਇਕ ਝਾਤ ਮਾਰਨੀ ਜ਼ਰੂਰੀ ਹੋਏਗੀ।

ਝਾਰਖੰਡ ਦੀ ਆਬਾਦੀ ਪੌਣੇ ਤਿੰਨ ਕਰੋੜ ਹੈ। ਇਹ ਸੂਬਾ ਕੋਲਾ, ਲੋਹਾ, ਜੰਗਲੀ ਲਕੜੀ ਅਤੇ ਕਈ ਤਰ੍ਹਾਂ ਦੇ ਕੁਦਰਤੀ ਖਣਿਜ ਪਦਾਰਥਾਂ ਦੀ ਅਮੀਰੀ ਨਾਲ ਮਾਲੋ-ਮਾਲ ਹੈ। ਸੂਬੇ ਦੀ ਕਰੀਬ 29 ਫੀਸਦੀ ਆਬਾਦੀ ਕਬਾਇਲੀ ਲੋਕਾਂ ਦੀ ਹੈ। ਕਬਾਇਲੀਆਂ ਨਾਲ ਅਨਿਆਂ ਅਤੇ ਲੁੱਟ ਦਾ ਵਰਤਾਰਾ ਸਦੀਆਂ ਤੋਂ ਚਲਦਾ ਆ ਰਿਹਾ ਹੈ ਤੇ ਇਸ ਦੇ ਖ਼ਿਲਾਫ ਉਹ ਲਗਾਤਾਰ ਲੜਦੇ ਆ ਰਹੇ ਹਨ। ਈਸਟ ਇੰਡੀਆ ਕੰਪਨੀ ਨੇ 18ਵੀਂ ਸਦੀ ਵਿਚ ਜਦੋਂ ਬੰਗਾਲ, ਬਿਹਾਰ, ਉੜੀਸਾ ਦੀ ਸਰਦਾਰੀ ਹਥਿਆਈ ਤਾਂ ਉਸਨੇ ਚੋਟਾ ਨਾਗਪੁਰ-ਸੰਤਾਲ ਪਰਗਨਾ ਅਤੇ ਹੋਰ ਆਦਿਵਾਸੀ ਇਲਾਕਿਆਂ ਦੀ ਸਮਾਜਕ ਵਿਵਸਥਾ ਅਤੇ ਜਮਾਤੀ ਰਿਸ਼ਤਿਆਂ ਵਿਚ ਭੰਨ-ਤੋੜ ਸ਼ੁਰੂ ਕੀਤੀ। 1793 ਦੇ ਕਰੀਬ ਇਨ੍ਹਾਂ ਖੇਤਰਾਂ ਵਿਚ ਜਗੀਰਦਾਰੀ ਪ੍ਰਬੰਧ ਲਿਆਂਦਾ ਗਿਆ, ਜਿਸ ਦੇ ਸ਼ੁਰੂ ਹੋਣ ਨਾਲ ਜ਼ਮੀਨ ਉੱਪਰ ਵੱਡੀ ਗਿਣਤੀ ਵਿਚ ਬਾਹਰੀ ਲੋਕਾਂ ਦੇ ਕਬਜ਼ਿਆਂ ਦਾ ਦੌਰ ਆਰੰਭ ਹੋਇਆ। 1789 ਵਿਚ ਛੋਟਾ ਨਾਗਪੁਰ ਦੀ ਉਰਾਵ ਜਨਜਾਤੀ ਵਲੋਂ ਜਗੀਰਦਾਰਾਂ ਦੇ ਖ਼ਿਲਾਫ ਵਿਦਰੋਹ ਅਰੰਭ ਦਿੱਤਾ ਜੋ ਪੰਜ ਸਾਲ ਤੱਕ ਜਾਰੀ ਰਿਹਾ। ਇਹ ਵਿਦਰੋਹ ਤਾਮਰ ਵਿਦਰੋਹ ਨਾਲ ਜਾਣਿਆ ਗਿਆ ਜੋ ਜ਼ਮੀਨ ਦਾ ਆਦਿਵਾਸੀਆਂ ਹਥੋਂ ਗੈਰ-ਆਦਿਵਾਸੀਆਂ ਦੇ ਹੱਥੀਂ ਜਾਣ ਵਿਰੁਧ ਜ਼ਮੀਨੀ ਘੋਲ ਸੀ। ਆਖ਼ਰ ਅੰਗਰੇਜ਼ਾਂ ਦੀ ਮਦਦ ਨਾਲ 1794 ਵਿਚ ਇਸ ਬਗ਼ਾਵਤ ਨੂੰ ਕੁਚਲ ਦਿੱਤਾ ਗਿਆ।

6 ਸਾਲ ਬਾਅਦ ਸੰਨ 1800 ਵਿਚ ਰਾਜਾ ਚੇਰੋ ਦੇ ਅੱਤਿਆਚਾਰ ਖ਼ਿਲਾਫ ਫਿਰ ਕਬਾਇਲੀ ਬਗ਼ਾਵਤ ਭੜਕ ਉੱਠੀ। ਕਬਾਇਲੀ ਬਗ਼ਾਵਤ ਨੂੰ ਕੁਚਲਣ ਅਤੇ ਜਗੀਰਦਾਰੀ ਦੀ ਰਾਖੀ ਲਈ ਅੰਗਰੇਜ਼ ਹਾਕਮਾਂ ਨੇ 1809 ਵਿਚ ਛੋਟਾ ਨਾਗਪੁਰ ਖੇਤਰ ਵਿਚ ਜਗੀਰਦਾਰੀ ਪੁਲਿਸ ਦੀ ਸਥਾਪਨਾ ਕਰ ਦਿੱਤੀ।

ਵੱਖਰੇ ਝਾਰਖੰਡ ਦੀ ਮੰਗ ਪਿੱਛੇ ਤਰਕ ਇਹ ਸੀ ਕਿ ਅੰਗਰੇਜ਼ ਅਤੇ ਭਾਰਤੀ ਹਾਕਮ ਸਾਡੇ ਕੁਦਰਤੀ ਸੋਮਿਆਂ ਦੀ ਲੁੱਟ ਕਰਕੇ ਪੈਸਾ ਬਾਹਰ ਲਿਜਾ ਰਹੇ ਹਨ ਤੇ ਸਥਾਨਕ ਲੋਕਾਂ ਦਾ ਕੋਈ ਵਿਕਾਸ ਨਹੀਂ ਕੀਤਾ ਜਾ ਰਿਹਾ। ਜੇਕਰ ਵੱਖਰਾ ਸੂਬਾ ਬਣੇਗਾ ਤਾਂ ਸਥਾਨਕ ਲੋਕਾਂ ਦਾ ਹਰ ਪੱਖੋਂ ਵਿਕਾਸ ਕੀਤਾ ਜਾਵੇਗਾ। ਨਕਸਲੀਆਂ ਦੇ ਡਰ ਦੇ ਨਾਂ ਹੇਠ ਮੰਤਰੀਆਂ ਨੂੰ ਮਿਲੀ ਜ਼ੈਡ ਸੁਰੱਖਿਆ ਉਪਰ ਹਰੇਕ ਮੰਤਰੀ ਲਈ 1.3 ਲੱਖ ਰੁਪਏ ਮਹੀਨਾ ਖਰਚੇ ਜਾ ਰਹੇ ਹਨ।

ਸਮੁੱਚਾ ਪ੍ਰਸ਼ਾਸਨ ਭ੍ਰਿਸ਼ਟਾਚਾਰ ਦੀ ਗ੍ਰਿਫਤ ਵਿਚ ਹੈ। ਅਕਾਊਂਟੈਂਟ ਜਨਰਲ (ਏ.ਜੀ.) ਦੀ ਇਕ ਰਿਪੋਰਟ ਮੁਤਾਬਕ ਪਿਛਲੇ ਸਾਲਾਂ ਤੋਂ ਵੱਖ-ਵੱਖ ਯੋਜਨਾਵਾਂ ਲਈ ਵੰਡਣਯੋਗ 6500 ਕਰੋੜ ਰੁਪਏ ਦਾ ਉੱਚ ਅਧਿਕਾਰੀਆਂ ਨੇ ਕੋਈ ਹਿਸਾਬ ਨਹੀਂ ਦਿੱਤਾ। ਇਕ ਆਈ.ਏ.ਐਸ. ਅਧਿਕਾਰੀ ਡਾ. ਪ੍ਰਦੀਪ ਕੁਮਾਰ ਦੇ ਘਰੋਂ ਸੀ.ਬੀ.ਆਈ. ਦੇ ਛਾਪੇ ਦੌਰਾਨ 25 ਕਰੋੜ ਰੁਪਏ ਦੇ ਕਾਗਜ਼ਾਤ ਮਿਲੇ। ਇਸ ਅਧਿਕਾਰੀ ਉਪਰ ਦਵਾਈਆਂ ਖਰੀਦਣ ਵਿਚ 130 ਕਰੋੜ ਰੁਪਏ ਦੇ ਘਪਲੇ ਦਾ ਵੀ ਦੋਸ਼ ਹੈ। ਮਾਰਚ 2009 ਤਕ ਛੋਟੇ-ਵੱਡੇ ਅਧਿਕਾਰੀਆਂ ਦੇ ਖ਼ਿਲਾਫ ਭ੍ਰਿਸ਼ਟਾਚਾਰ ਅਤੇ ਘਪਲਿਆਂ ਦੇ 328 ਕੇਸ ਦਰਜ ਹੋਏ ਹਨ।

ਸਾਬਕਾ ਮੁੱਖ ਮੰਤਰੀ ਮਧੂ ਕੋਡਾ ਉਪਰ 4000 ਕਰੋੜ ਰੁਪਏ ਦੀ ਜਾਇਦਾਦ ਬਣਾਉਣ ਦੇ ਘਪਲੇ ਨੇ ਝਾਰਖੰਡ ਬਣਾਉਣ ਲਈ ਲੰਬੀ ਲੜਾਈ ਲੜਨ ਵਾਲੇ ਲੋਕਾਂ ਸਾਹਮਣੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਇਕ ਕੋਲੇ ਦੀ ਖਾਣ ਵਿਚ ਕੰਮ ਕਰਨ ਵਾਲੇ ਮਜ਼ਦੂਰ ਮਧੂ ਕੋਡਾ ਨੂੰ ਸੰਨ 2000 ਵਿਚ ਝਾਰਖੰਡੀ ਲੋਕਾਂ ਨੇ ਵਿਧਾਇਕ ਬਣਾਇਆ ਤੇ ਉਹ ਆਪਣੀਆਂ ਰਾਜਨੀਤਕ ਤਿਕੜਮਾਂ ਨਾਲ 2005 ਵਿਚ ਖਾਣ ਮੰਤਰੀ ਅਤੇ 2006 ਵਿਚ ਮੁੱਖ ਮੰਤਰੀ ਦੀ ਕੁਰਸੀ 'ਤੇ ਪਹੁੰਚ ਗਿਆ। ਮੁੱਖ ਮੰਤਰੀ ਬਣਨ ਸਮੇਂ ਉਸ ਨੇ ਆਪਣੀ ਜਾਇਦਾਦ ਦਾ ਵੇਰਵਾ 12 ਲੱਖ ਰੁਪਏ ਦੱਸਿਆ। ਸਿਰਫ 23 ਮਹੀਨੇ ਮਧੂ ਕੋਡਾ ਮੁੱਖ ਮੰਤਰੀ ਰਿਹਾ ਜਿਸ ਦੌਰਾਨ ਉਸਦੀ ਜਾਇਦਾਦ 10 ਹਜ਼ਾਰ ਕਰੋੜ ਰੁਪਏ ਹੋ ਗਈ। ਇਸ ਜਾਇਦਾਦ ਬਾਰੇ ਜਾਂਚ ਏਜੰਸੀਆਂ ਦੀਆਂ ਰਿਪੋਰਟਾਂ ਹਨ ਕਿ ਇਕ ਖਾਣ ਨੂੰ ਠੇਕੇ 'ਤੇ ਦੇਣ ਲਈ 12 ਤੋਂ 15 ਕਰੋੜ ਰੁਪਏ ਰਿਸ਼ਵਤ ਵਸੂਲ ਕੀਤੀ ਗਈ। ਸਭ ਨਿਯਮਾਂ ਦੀਆਂ ਧੱਜੀਆਂ ਉਡਾਉਂਦਿਆਂ ਮਧੂ ਕੋਡਾ ਨੇ ਇਕ ਦਿਨ ਵਿਚ 47 ਖਾਣਾਂ ਠੇਕੇ 'ਤੇ ਦੇਣ ਦਾ ਰਿਕਾਰਡ ਬਣਾਇਆ ਜਿਸ ਦਾ ਅਰਥ ਹੈ ਕਿ ਇਕ ਦਿਨ ਵਿਚ 705 ਕਰੋੜ ਦੀ ਰਿਸ਼ਵਤ ਲੈਣਾ। ਮਧੂ ਕੋਡਾ ਦੇ ਨੇੜਲੇ ਸਾਥੀ ਸੰਜੇ ਚੌਧਰੀ ਨੇ ਜੁਲਾਈ 2004 ਤੋਂ 26 ਅਗਸਤ 2008 ਤਕ 77 ਦਫਾ ਅਤੇ ਉਸ ਦੇ ਦੂਜੇ ਸਾਥੀ ਵਿਨੋਦ ਮਿਸ਼ਰਾ ਨੇ 8 ਦਸੰਬਰ 2005 ਤੋਂ 24 ਜੂਨ 2009 ਤੱਕ 24 ਵਾਰ ਵਿਦੇਸ਼ ਯਾਤਰਾ ਕੀਤੀ ਅਤੇ ਗੁਪਤ ਤੌਰ 'ਤੇ ਮਧੂ ਕੋਡਾ ਇਨ੍ਹਾਂ ਯਾਤਰਾਵਾਂ ਵਿਚ ਸ਼ਾਮਲ ਹੁੰਦਾ ਰਿਹਾ ਕਿਉਂਕਿ ਇਕ ਮੁੱਖ ਮੰਤਰੀ ਨੂੰ ਖੁੱਲ੍ਹੇਆਮ ਵਿਦੇਸ਼ ਜਾਣ ਲਈ ਗ੍ਰਹਿ ਮੰਤਰਾਲੇ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਪੜਤਾਲੀਆ ਏਜੰਸੀਆਂ ਦਾ ਕਹਿਣਾ ਹੈ ਕਿ ਮਧੂ ਕੋਡਾ ਨੇ ਦੱਖਣੀ ਅਫਰੀਕਾ ਵਿਚ ਸੋਨੇ ਦੀਆਂ ਖਾਣਾ ਠੇਕੇ ਉਪਰ ਲੈਣ ਤੋਂ ਇਲਾਵਾ ਦੁਬਈ, ਥਾਈਲੈਂਡ, ਸਿੰਗਾਪੁਰ, ਨਾਈਜੀਰੀਆ, ਇੰਡੋਨੇਸ਼ੀਆ ਆਦਿ ਦੇਸ਼ਾਂ ਵਿਚ 2500 ਕਰੋੜ ਰੁਪਏ ਦਾ ਨਿਵੇਸ਼ ਕੀਤਾ। ਮਧੂ ਕੋਡਾ ਦੇ 70 ਬੈਂਕ ਲਾਕਰ ਅਤੇ ਖਾਤੇ ਸੀਲ ਕੀਤੇ ਗਏ ਹਨ।


ਮਧੂ ਕੋਡਾ ਦਾ ਭ੍ਰਿਸ਼ਟਾਚਾਰ ਕੋਈ ਅਚੰਭਾ ਨਹੀਂ। ਦੇਸ਼ ਦੀਆਂ ਸਭ ਹਾਕਮ ਪਾਰਟੀਆਂ ਇਸ ਹਮਾਮ ਵਿਚ ਨੰਗੀਆਂ ਹਨ। ਜੇਕਰ 1992 ਤੋਂ ਲੈ ਕੇ ਹਰਸ਼ਦ ਮਹਿਤਾ ਦੇ 5000 ਕਰੋੜ ਰੁਪਏ ਦੇ ਸ਼ੇਅਰ ਘੁਟਾਲੇ ਤੋਂ ਹੁਣ ਤਕ ਦੇ ਘੁਟਾਲਿਆਂ ਦਾ ਜੋੜ ਕਰੀਏ ਤਾਂ ਦੇਸ਼ ਵਿਚ 73 ਲੱਖ ਕਰੋੜ ਦੇ ਘੁਟਾਲੇ ਵਾਪਰ ਚੁੱਕੇ ਹਨ। ਹਕੀਕਤ ਵਿਚ ਮਧੂ ਕੋਡਾ ਦਾ ਘੁਟਾਲਾ ਭਾਰਤ ਸਰਕਾਰ ਜਾਂ ਪੜਤਾਲ ਏਜੰਸੀਆਂ ਦੀ ਕੋਈ ਪ੍ਰਾਪਤੀ ਨਹੀਂ ਬਲਕਿ ਹਾਕਮ ਜਮਾਤਾਂ ਦੀ ਆਪਸੀ ਖਹਿਬਾਜ਼ੀ ਦਾ ਨਤੀਜਾ ਹੈ। ਝਾਰਖੰਡ ਦੀ ਇਕ ਵੱਡੀ ਖਾਣ ਕੰਪਨੀ ਊਸ਼ਾ ਮਾਰਟਿਨ ਸਮੂਹ, ਜੋ ਰਾਂਚੀ ਦੀ ਇਕ ਮਸ਼ਹੂਰ ਹਿੰਦੀ ਅਖ਼ਬਾਰ ਪ੍ਰਭਾਤ ਖ਼ਬਰ ਦੀ ਵੀ ਮਾਲਕ ਹੈ, ਨੇ ਮਧੂ ਕੋਡਾ ਦੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਸੂਬੇ ਦੇ ਖਣਿਜ ਵਿਕਾਸ ਨਿਗਮ ਨਾਲ ਮਿਲ ਕੇ ਸਾਂਝਾ ਉਪਕਰਣ ਲਗਾਉਣ ਤੈਅ ਕੀਤਾ ਸੀ ਜਿਸ ਵਿਚ 76 ਫੀਸਦੀ ਹਿੱਸੇਦਾਰੀ ਊਸ਼ਾ ਮਾਰਟਿਨ ਦੀ ਹੋਈ ਪਰ ਮਧੂ ਕੋਡਾ ਨੇ ਮੁੱਖ ਮੰਤਰੀ ਬਣਦਿਆਂ ਹੀ ਇਸ ਫੈਸਲੇ ਨੂੰ ਰੱਦ ਕਰ ਦਿੱਤਾ। ਇਥੋਂ ਹੀ ਸ਼ੁਰੂ ਹੋਈ ਊਸ਼ਾ ਮਾਰਟਿਨ ਅਤੇ ਮਧੂ ਕੋਡਾ ਐਂਡ ਕੰਪਨੀ ਦੀ ਭ੍ਰਿਸ਼ਟਾਚਾਰ ਦੀ ਜੰਗ।



ਮਧੂ ਕੋਡਾ ਦੇ ਸਕੈਂਡਲਾਂ ਖ਼ਿਲਾਫ ਪਾਇਆ ਜਾ ਰਿਹਾ ਸਰਕਾਰੀ ਸ਼ੋਰ, ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਨਹੀਂ ਬਲਕਿ ਹਾਕਮ ਪਾਰਟੀ ਦੀਆਂ ਇਹ ਰਾਜਨੀਤਕ ਚਾਲਾਂ ਹਨ। ਜੇਕਰ ਦਿੱਲੀ ਜਾਂ ਰਾਂਚੀ ਵਿਚ ਹਾਕਮ ਪਾਰਟੀਆਂ ਨੂੰ ਅੱਜ ਜਾਂ ਨੇੜ ਭਵਿੱਖ ਵਿਚ ਮਧੂ ਕੋਡਾ ਦੀ ਰਾਜਨੀਤਕ ਲੋੜ ਪੈਂਦੀ ਹੈ ਤਾਂ ਮਧੂ ਕੋਡਾ ਦਾ ਇਹ ਅਰਬਾਂ ਦਾ ਭ੍ਰਿਸ਼ਟਾਚਾਰ ਲੈ-ਦੇ ਕੇ ਸਮਝੌਤਿਆਂ ਪਿੱਛੋਂ ਵਾਈਟ ਮਨੀ ਵਿਚ ਬਦਲ ਜਾਵੇਗਾ। ਸੁੱਖ ਰਾਮ, ਸੋਰੇਨ ਬੋਸ (ਗੁਰੂ ਜੀ), ਜੈਲਲਿਤਾ, ਮਾਇਆਵਤੀ, ਮੁਲਾਇਮ ਸਿੰਘ ਯਾਦਵ ਸਮੇਤ ਸੈਂਕੜੇ ਸਿਆਸਤਦਾਨਾਂ ਦੇ ਭ੍ਰਿਸ਼ਟਾਚਾਰ ਨੂੰ ਸੱਤਾ ਦੇ ਸਮਝੌਤਿਆਂ ਪਿੱਛੋਂ ਦਬਾ ਦੇਣ ਦੀਆਂ ਤਾਜ਼ੀਆਂ ਮਿਸਾਲਾਂ ਹਨ। ਝਾਰਖੰਡ ਬਣਨ ਤੋਂ ਲਗਪਗ ਇਕ ਦਹਾਕਾ ਬਾਅਦ ਵੀ ਸੂਬੇ ਵਿਚ ਚਲ ਰਹੀ ਰਾਜਨੀਤਕ ਅਸਥਿਰਤਾ ਅਤੇ ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਇਹ ਸਾਬਤ ਕਦਾ ਹੈ ਕਿ ਇਹ ਖੇਤਰ, ਜਾਤ, ਧਰਮ ਅਤੇ ਫਿਰਕਿਆਂ ਆਧਾਰਤ ਕੀਤੇ ਜਾਣ ਵਾਲੇ ਸੰਘਰਸ਼ ਮਜ਼ਦੂਰ ਅਤੇ ਲੁੱਟੀਆਂ-ਪੁੱਟੀਆਂ ਜਮਾਤਾਂ ਦੇ ਬੁਨਿਆਦੀ ਮਸਲਿਆਂ ਨੂੰ ਹੱਲ ਨਹੀਂ ਕਰ ਸਕਦੇ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਜਮਾਤੀ ਸੰਘਰਸ਼ ਹੀ ਕਾਰਗਰ ਹਥਿਆਰ ਹੋ ਸਕਦਾ ਹੈ। ਮਧੂ ਕੋਡਾ ਦੇ ਭ੍ਰਿਸ਼ਟਾਚਾਰ ਦਾ ਮੁੱਦਾ ਵੀ ਹਾਕਮ ਜਮਾਤਾਂ ਦੀ ਆਪਸੀ ਲੜਾਈ ਦੀ ਬਜਾਏ ਝਾਰਖੰਡੀ ਮਿਹਨਤਕਸ਼ ਲੋਕ ਬਨਾਮ ਹਾਕਮ ਜਮਾਤਾਂ ਦਰਮਿਆਨ ਸੰਘਰਸ਼ ਦਾ ਮੁੱਦਾ ਹੋਣਾ ਚਾਹੀਦਾ ਹੈ।

# ਸੋਮਨਾਥ ਦੇ ਮੰਦਰ ਵਿਚ ਸ਼ੇਖ ਸਾਅਦੀ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ*

ਇਰਾਨ ਦੇ ਸ਼ਹਿਰ ਸ਼ੀਰਾਜ਼ ਵਿਚ ਪੈਦਾ ਹੋਏ, ਸੰਨ 1184 ਈ. ਤੋਂ 1291 ਤੱਕ, ਤਕਰੀਬਨ ਇਕ ਸੌ ਸੱਤ ਸਾਲ ਦੀ ਲੰਬੀ ਉਮਰ ਭੋਗਣ ਵਾਲੇ ਇਸਲਾਮ ਦੇ ਰੌਸ਼ਨ-ਦਿਮਾਗ ਦਰਵੇਸ਼ ਸ਼ੇਖ ਸਾਅਦੀ ਨੇ ਆਪਣੀ ਜਗਤ-ਪ੍ਰਸਿੱਧ ਰਚਨਾ 'ਗੁਲਿਸਤਾਂ-ਬੋਸਤਾਂ' ਦੇ ਅਖੀਰਲੇ ਹਿੱਸੇ ਵਿਚ ਆਪਣੀ ਹਿੰਦੁਸਤਾਨ ਦੀ ਯਾਤਰਾ ਬਾਰੇ ਵੀ ਜਾਣਕਾਰੀ ਦਿੱਤੀ ਹੋਈ ਹੈ। ਇਕ ਪੂਰੇ ਅਧਿਆਏ ਵਿਚ ਸ਼ੇਖ ਸਾਹਿਬ ਨੇ ਸੋਮਨਾਥ ਦੇ ਮੰਦਰ ਦੀ ਯਾਤਰਾ ਦੌਰਾਨ ਆਪਣੀ ਹੱਡ-ਬੀਤੀ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤੀ ਹੈ। ਸੱਤ, ਸਾਢੇ ਸੱਤ ਸੌ ਸਾਲ ਪੁਰਾਣੀ ਇਹ ਅਲੌਕਿਕ ਲਿਖਤ ਪੜ੍ਹਦਿਆਂ ਹੈਰਾਨੀ ਹੁੰਦੀ ਹੈ ਕਿ ਸਦੀਆਂ ਪਹਿਲਾਂ ਦਾ ਪੁਜਾਰੀ ਵਰਗ ਵੀ ਅੱਜ ਵਾਂਗ ਦਲੀਲ ਜਾਂ ਤਰਕ ਦਾ ਦੁਸ਼ਮਣ ਹੀ ਸੀ? ਇਹ ਪਰੰਪਰਾ ਸਦੀਆਂ ਤੋਂ ਹੀ ਚੱਲਦੀ ਆ ਰਹੀ ਹੈ ਕਿ ਜਿਸ ਕਿਸੇ ਮਾਈ ਦੇ ਲਾਲ ਨੇ ਹਿੰਮਤ ਕਰਕੇ, ਕਿਸੇ ਕਿਸਮ ਦੇ ਵਿਸ਼ਵਾਸ, ਕਰਮਕਾਂਡ ਜਾਂ ਫੋਕਟ-ਕਰਮ ਦਾ 'ਕਾਰਨ' ਜਾਨਣ ਦੀ ਕੋਸ਼ਿਸ਼ ਕੀਤੀ, ਤਾਂ ਉਸੇ ਨੂੰ ਆਪਣੀ ਜਾਨ ਬਚਾਉਣੀ ਔਖੀ ਹੋ ਗਈ।

ਕੀ ਪੁਜਾਰੀ ਵਰਗ ਦੀਆਂ ਨਸਾਂ ਵਿਚ ਉਹੀ ਇੱਕੋ ਖ਼ੂਨ ਦੌੜਦਾ ਆ ਰਿਹਾ ਹੈ? ਜੋ ਕਿਸੇ ਅੰਧ-ਵਿਸ਼ਵਾਸ 'ਤੇ ਤਰਕ ਖੜ੍ਹਾ ਕਰਨ ਵਾਲੇ ਦੀ ਜਾਨ ਦਾ ਦੁਸ਼ਮਣ ਹੀ ਬਣ ਜਾਂਦਾ ਹੈ। 'ਕਾਰਨ' ਜਾਨਣ ਵਾਲੇ ਨੂੰ ਤਸੱਲੀਬਖ਼ਸ਼ ਉੱਤਰ ਦੇਣ ਦੀ ਬਜਾਏ ਡਾਂਗ ਦੀ ਵਰਤੋਂ ਨੂੰ ਤਰਜੀਹ ਦਿੰਦਾ ਹੈ। ਜੇ ਸਾਢੇ ਸੱਤ ਸਦੀਆਂ ਪਹਿਲਾਂ ਰੱਬੀ ਬੰਦੇ ਸ਼ੇਖ ਸਾਅਦੀ ਜੈਸੇ ਦਰਵੇਸ਼ ਨੂੰ ਮੰਦਰ ਦੇ ਪੁਜਾਰੀ ਅੱਗੇ ਇਕ ਸਵਾਲ ਉਠਾਉਣ ਦੇ 'ਗੁਨਾਹ' ਕਾਰਨ ਭੱਜ ਕੇ ਜਾਨ ਬਚਾਉਣੀ ਪਈ ਸੀ, ਤਾਂ ਉਦੋਂ ਦੇ ਮੁਕਾਬਲੇ ਅੱਜ ਦਾ ਇਹ ਤਬਕਾ, ਜ਼ੁਬਾਨਬੰਦੀ ਕਰਾਉਣ ਲਈ ਪਹਿਲਾਂ ਨਾਲੋਂ ਕਿਤੇ ਵਧ ਜੋਸ਼ੀਲਾ ਅਤੇ ਤਾਕਤਵਰ ਬਣ ਚੁੱਕਾ ਹੋਇਆ ਹੈ।

ਫਾਰਸੀ ਦੇ ਮੂਲ-ਪਾਠ ਤੋਂ ਪੰਜਾਬੀ ਅਨੁਵਾਦ ਹੋਣ ਕਰਕੇ ਇਸ ਲਿਖਤ ਵਿਚ ਲਮਕਾਅ ਜ਼ਰੂਰ ਹੈ, ਪਰ ਸੈਂਕੜੇ ਸਾਲ ਪਹਿਲਾਂ ਦੀ ਹਕੀਕਤ ਦਾ ਵਰਣਨ ਦਿਲਚਸਪ ਬਹੁਤ ਹੈ। ਇਲਾਹੀ ਨਦਰਿ ਦੇ ਰਾਹੀ ਸ਼ੇਖ ਸਾਅਦੀ ਦੀ ਆਪਣੀ ਜ਼ੁਬਾਨੀ;

'...ਸੋਮਨਾਥ ਦੇ ਮੰਦਰ ਵਿਚ ਮੈਂ ਇਕ ਹਾਥੀ-ਦੰਦ ਦਾ ਬੁੱਤ ਵੇਖਿਆ। ਉਹ ਇੰਨਾ ਸਜਿਆ ਹੋਇਆ ਸੀ ਜਿਵੇਂ ਅਗਿਆਨ ਦੇ ਸਮਿਆਂ ਵਿਚ ਮਨਾਤ ਦਾ ਬੁੱਤ (ਅਰਬ ਦਾ ਇਕ ਪ੍ਰਸਿੱਧ ਬੁੱਤ)...ਸੋਮਨਾਥ ਮੰਦਰ ਵਿਚਲੇ ਬੁੱਤ ਨੂੰ ਬੁੱਤ-ਘਾੜੇ ਨੇ ਉਸ ਦੀ ਅਜਿਹੀ ਸ਼ਕਲ ਬਣਾਈ ਹੋਈ ਸੀ ਕਿ ਉਸ ਤੋਂ ਚੰਗੀ ਕੋਈ ਹੋਰ ਸ਼ਕਲ ਨਹੀਂ ਸੀ ਬਣ ਸਕਦੀ। ਉਸ ਬੇਜਾਨ ਮੂਰਤ ਨੂੰ ਦੇਖਣ ਲਈ ਹਰ ਪਾਸਿਉਂ ਟੋਲੀਆਂ ਆਉਂਦੀਆਂ ਰਹਿੰਦੀਆਂ ਸਨ। ਹਰ ਥਾਂ ਦੇ ਸੁਭਾਸ਼ਣੀਏ ਆ ਕੇ ਉਸ ਬੇਜ਼ੁਬਾਨ ਅੱਗੇ ਗਿੜ-ਗਿੜਾਉਂਦੇ ਰਹਿੰਦੇ। ਇਸਨੂੰ ਜਾਣਨ ਲਈ ਮੈਂ ਹੈਰਾਨ ਰਹਿ ਗਿਆ ਕਿ ਜਾਨਦਾਰ, ਬੇਜਾਨ ਨੂੰ ਕਿਉਂ ਪੂਜਦੇ ਹਨ?



ਇਕ ਪੁਜਾਰੀ ਦਾ ਮੇਰੇ ਨਾਲ ਕੁਝ ਸਬੰਧ ਸੀ, ਉਹ ਸੱਚੀ ਗੱਲ ਕਹਿਣ ਵਾਲਾ ਸੀ ਅਤੇ ਇੱਕੋ ਕਮਰੇ ਵਿਚ ਰਹਿਣ ਕਰਕੇ, ਮੇਰਾ ਮਿੱਤਰ ਹੋ ਗਿਆ ਸੀ। ਮੈਂ ਬੜੀ ਨਰਮੀ ਨਾਲ ਉਸਨੂੰ ਪੁੱਛਿਆ ਕਿ ਹੇ ਪੰਡਿਤ ਜੀ, ਏਥੇ ਦੀਆਂ ਘਟਨਾਵਾਂ ਤੋਂ ਮੈਨੂੰ ਹੈਰਾਨੀ ਹੈ! ਕਿ ਲੋਕ ਇਸ ਸੱਤਾ-ਹੀਣ 'ਸਰੀਰ' ਉੱਤੇ ਕਿਉਂ ਮਸਤ ਹਨ? ਉਹ ਕੁਰਾਹੀ ਦੇ ਖੂਹ ਵਿਚ ਕਿਉਂ ਕੈਦ ਹਨ? ਨਾ ਉਸਦੇ ਹੱਥਾਂ ਵਿਚ ਬਲ ਹੈ ਅਤੇ ਨਾ ਹੀ ਪੈਰਾਂ ਵਿਚ ਚੱਲਣ ਦੀ ਸੱਤਾ, ਜੇ ਤੂੰ ਉਹਨੂੰ ਹੇਠਾਂ ਸੁੱਟ ਦੇਵੇਂ, ਤਾਂ ਉਹ ਉੱਠ ਨਾ ਸਕੇ! ਤੂੰ ਨਹੀਂ ਵੇਖਿਆ ਕਿ ਉਸਦੀਆਂ ਅੱਖਾਂ ਗੂੰਦ ਜਿਹੀਆਂ ਹਨ। ਛੋਟੀਆਂ ਅੱਖਾਂ ਵਾਲੇ (ਘੱਟ ਨਜ਼ਰ ਵਾਲੇ) ਤੋਂ ਵਫ਼ਾ ਦੀ ਆਸ ਭਾਲਣੀ ਭੁੱਲ ਹੈ। ਮੇਰੀ ਇਸ ਵਾਰਤਾਲਾਪ ਤੋਂ ਉਹ ਮਿੱਤਰ ਖਿਝ ਗਿਆ। ਉਹ ਕ੍ਰੋਧ ਵਿਚ ਆ ਗਿਆ ਅਤੇ ਮੇਰੇ ਉੱਤੇ ਵਰ੍ਹ ਪਿਆ। ਉਸਨੇ ਪੁਜਾਰੀਆਂ ਅਤੇ ਬੁੱਤ-ਖਾਨੇ ਦੇ 'ਸ੍ਰੀ ਮਹੰਤ' ਨੂੰ (ਮੇਰੇ ਬਾਰੇ) ਖ਼ਬਰ ਦੇ ਦਿੱਤੀ।

ਮੈਂ (ਸਾਅਦੀ) ਸੋਚਿਆ ਕਿ ਇੱਥੇ ਹੁਣ ਖ਼ੈਰ ਨਹੀਂ! ਕਿਉਂਕਿ ਉਹ ਵਿੰਗਾ ਰਾਹ (ਬੁੱਤ ਪੂਜਾ) ਉਨ੍ਹਾਂ ਨੂੰ ਸਿੱਧਾ ਪ੍ਰਤੀਤ ਹੁੰਦਾ ਸੀ। ਉਨ੍ਹਾਂ ਦੀ ਨਜ਼ਰ ਵਿਚ ਸਿੱਧਾ ਰਾਹ (ਨਿਰੰਕਾਰ ਪਰਮਾਤਮਾ ਦੀ ਭਗਤੀ) ਵਿੰਗਾ ਵਿਖਾਈ ਦਿੱਤਾ। ਭਾਵੇਂ ਮਨੁੱਖ ਬੁੱਧੀਮਾਨ ਤੇ ਭਲਾ ਹੋਵੇ, ਪਰ ਬੇ-ਅਕਲਾਂ ਦੇ ਨੇੜੇ ਬੇ-ਸਮਝ ਹੀ ਹੈ। ਡੁੱਬ ਰਹੇ ਬੰਦੇ ਦੀ ਤਰ੍ਹਾਂ ਮੈਂ ਵੀ ਕੋਈ ਜੁਗਤ ਨਾ ਸੋਚ ਸਕਿਆ। ਮੈਨੂੰ ਵੀ ਖ਼ੁਸ਼ਾਮਦ ਤੋਂ ਬਿਨਾ ਕੋਈ ਹੋਰ ਰਾਹ ਨਾ ਲੱਭਾ! ਜਦ ਮੈਂ ਦੇਖਿਆ ਕਿ ਉਹ ਅਗਿਆਨੀ ਮੈਥੋਂ ਬਦਲਾ ਲੈਣ ਲਈ ਤਿਆਰ ਹਨ...ਤਾਂ ਮੈਂ ਸ੍ਰੀ ਮਹੰਤ ਦੀ ਬੜੀ ਪ੍ਰਸ਼ੰਸਾ ਕੀਤੀ ਕਿ ਹੇ ਵੇਦ ਵੇਤਾ! ਮੈਨੂੰ ਵੀ ਇਸ ਬੁੱਤ ਦੇ ਨਕਸ਼ ਨਿਗਾਰਾਂ ਉੱਤੇ ਵਿਸ਼ਵਾਸ ਹੋ ਗਿਆ ਹੈ, ਕਿਉਂਕਿ ਇਹ ਦਿਲ-ਖਿੱਚਵੀਂ ਸੂਰਤ ਅਤੇ ਮਨਮੋਹਣੀ ਮੂਰਤ ਹੈ...ਬੇਸ਼ੱਕ ਮੈਨੂੰ ਇਸ ਦੀ ਅਸਲੀਅਤ ਦਾ ਪਤਾ ਨਹੀਂ..ਪਰ ਮੈਂ ਇਸ ਦਾ ਸਾਧਕ ਹੋ ਗਿਆ ਹਾਂ...ਇਹ ਬੁੱਤ, ਸੰਸਾਰ ਦਾ ਬਾਦਸ਼ਾਹ ਹੈ ਅਤੇ ਤੂੰ ਉਸਦਾ ਵਜ਼ੀਰ ਹੈਂ... (ਮੇਰੇ ਮੂੰਹੋਂ ਆਪਣੀ ਖ਼ੁਸ਼ਾਮਦ ਸੁਣ ਕੇ) ਪੰਡਿਤ ਦਾ ਚਿਹਰਾ ਪ੍ਰਸੰਨਤਾ ਨਾਲ ਚਮਕ ਉੱਠਿਆ। ਉਸ ਨੇ ਖ਼ੁਸ਼ ਹੁੰਦਿਆਂ ਕਿਹਾ ਕਿ ਹੇ ਸੁਭਾਸ਼ਣੀਏਂ, ਤੇਰਾ ਸਵਾਲ ਠੀਕ ਹੈ...ਜੇ ਤੂੰ ਇਸ ਬੁੱਤ ਦੀ ਵਿਸ਼ੇਸ਼ ਮਹਾਨਤਾ ਦੇਖਣਾ ਚਾਹੁੰਦਾ ਹੈਂ, ਤਾਂ ਇਸ ਰਾਤ ਇੱਥੇ ਹੀ ਠਹਿਰ...ਕੱਲ੍ਹ ਤੈਨੂੰ ਇਸ ਦਾ ਪਤਾ ਲੱਗ ਜਾਏਗਾ।

ਪੰਡਿਤ ਦੇ ਹੁਕਮ ਦੇਣ ਤੇ ਮੈਂ ਉਸ ਰਾਤ ਉੱਥੇ ਹੀ ਠਹਿਰਿਆ।...ਉਹ ਰਾਤ (ਮੇਰੇ ਲਈ) ਕਿਆਮਤ ਦੀ ਰਾਤ ਜਿਹੀ ਲੰਮੀ ਸੀ, ਪੰਜ-ਇਸ਼ਨਾਨਾ ਕੀਤੇ ਬਿਨਾ ਹੀ ਪੁਜਾਰੀ, ਪੂਜਾ ਵਿਚ ਲੱਗੇ ਹੋਏ ਸਨ। ਉਨ੍ਹਾਂ ਬ੍ਰਾਹਮਣਾਂ ਦੀਆਂ, ਜਿਨ੍ਹਾਂ ਨੇ ਪਾਣੀ ਨੂੰ ਛੂਹਿਆ ਤੱਕ ਨਹੀਂ ਸੀ, ਕੱਛਾਂ ਇਸ ਤਰ੍ਹਾਂ ਸੜੀਆਂ ਹੋਈਆਂ ਸਨ, ਜਿਵੇਂ ਧੁੱਪ ਵਿਚ ਮੁਰਦਾਰ ਸੜਦਾ ਹੈ। ਸ਼ਾਇਦ ਮੈਂ ਵੀ ਕੋਈ ਵੱਡਾ ਪਾਪ ਕੀਤਾ ਸੀ, ਜਿਸ ਦੇ ਬਦਲੇ ਵਿਚ ਮੈਂ ਉਸ ਰਾਤ ਬੜਾ ਕਸ਼ਟ ਝੱਲਿਆ! ਮੈਂ ਕਸ਼ਟ ਅਤੇ ਚਿੰਤਾ ਵਿਚ ਫਸਿਆ ਹੋਇਆ ਰੱਬ ਅੱਗੇ ਅਰਦਾਸ ਕਰ ਰਿਹਾ ਸਾਂ...ਕਿ ਅਚਨਚੇਤ ਹੀ ਇਕ ਨਗਾਰਚੀ ਨੇ ਨਗਾਰਾ ਵਜਾਇਆ...ਮੁਰਗੇ ਨੇ ਬ੍ਰਾਹਮਣ ਦੇ ਘਰ ਵਿਚੋਂ ਬਾਂਗ ਦਿੱਤੀ...ਪਹੁ ਫੁਟਾਲਾ ਹੋ ਗਿਆ ਬੇ-ਸਮਝ ਪੁਜਾਰੀ ਮੂੰਹ ਧੋਏ ਬਿਨਾ, ਬਾਰੀਆਂ ਅਤੇ ਦਰਾਂ ਤੋਂ ਬੁੱਤਖਾਨੇ ਵਿਚ ਆ ਗਏ...ਸਾਰੇ ਸ਼ਹਿਰ ਵਾਸੀ ਵੀ ਅੰਦਰ ਆ ਗਏ...ਉੱਥੇ ਸੂਈ ਧਰਨ ਨੂੰ ਵੀ ਥਾਂ ਨਾ ਰਹੀ!

ਕ੍ਰੋਧ, ਦੁੱਖ ਅਤੇ ਉਨੀਂਦਰੇ ਵਿਚ ਫਸੇ ਹੋਏ ਨੇ ਮੈਂ ਦੇਖਿਆ ਕਿ ਅਚਨਚੇਤ ਬੁੱਤ ਨੇ ਆਪਣੀਆਂ ਬਾਹਾਂ ਚੁੱਕੀਆਂ! ਉੱਥੇ ਇਕ ਦਮ ਬੜਾ ਰੌਲਾ ਪਿਆ, ਜਿਵੇਂ ਦਰਿਆ ਵਿਚ ਜੋਸ਼ ਆ ਗਿਆ ਹੋਵੇ! ਸਾਰੀ ਸੰਗਤ ਦੇ ਚਲੇ ਜਾਣ ਬਾਅਦ, ਪੰਡਿਤ ਨੇ ਹੱਸਦੇ ਹੋਏ ਮੇਰੇ ਵਲ ਵੇਖਿਆ ਤੇ ਕਿਹਾ..ਹੁਣ ਤੈਨੂੰ ਪਤਾ ਲੱਗ ਗਿਆ?...ਸ਼ੱਕ ਦੂਰ ਹੋ ਗਿਆ ਹੈ?..ਜਦ ਮੈਂ ਵੇਖਿਆ ਕਿ ਉਸ (ਪੰਡਿਤ) ਵਿਚ ਬੇ-ਅਕਲੀ ਪੱਕੀ ਤਰ੍ਹਾਂ ਭਰੀ ਪਈ ਹੈ...ਫੇਰ ਮੈਂ ਕੋਈ ਸੱਚੀ ਗੱਲ ਨਾ ਕਹਿ ਸਕਿਆ (..ਜਦ ਤੂੰ ਆਪਣੇ ਆਪ ਨੂੰ ਬਲਵਾਨ ਦੇ ਟਾਕਰੇ 'ਚ ਨਿਰਬਲ ਵੇਖੇਂ, ਤਾਂ ਸੱਚ ਨੂੰ ਨਾ ਮੰਨਣ ਵਾਲੇ ਤੋਂ ਸੱਚੀ ਗੱਲ ਲੁਕੋ ਲੈਣੀ ਚਾਹੀਦੀ ਹੈ)...ਥੋੜ੍ਹੀ ਦੇਰ ਲਈ ਮੈਂ ਝੂਠ-ਮੂਠ ਰੋ ਪਿਆ ਕਿ ਮੈਂ ਉਸ ਗੱਲ ਤੋਂ ਸ਼ਰਮਿੰਦਾ ਹਾਂ, ਜੋ ਮੈਂ ਕਹੀ ਸੀ।...ਇੰਜ ਉਹ ਪੰਡਿਤ ਮੇਰੇ ਨਾਲ ਕੁੱਝ ਨਰਮੀ ਵਰਤਣ ਲੱਗੇ...ਮੈਂ ਬੁੱਤ ਕੋਲੋਂ ਮੁਆਫੀ ਮੰਗਣ ਲੱਗਾ, ਉਸ ਬੁੱਤ ਦੇ ਹੱਥ ਚੁੰਮੇ...ਦੇਖਾ-ਦੇਖੀ ਕੁੱਝ ਦਿਨਾਂ ਲਈ ਮੈਂ ਨਾਸਤਿਕ (ਪੰਡਿਤ) ਹੋ ਗਿਆ!

ਉਹ ਮੇਰੇ 'ਤੇ ਪ੍ਰਸੰਨ ਹੋਏ...ਮੈਂ ਬੁੱਤ ਵਾਲੇ ਤਖ਼ਤ ਦੇ ਹੇਠਾਂ ਅਤੇ ਉੱਪਰ ਦੇਖਿਆ...ਉੱਥੇ ਇਕ ਸੁਨਹਿਰੀ ਕਢਾਈ ਵਾਲਾ ਪਰਦਾ ਦੇਖਿਆ...ਪਰਦੇ ਓਹਲੇ ਇੱਕ ਅੱਗ-ਪੂਜ ਪੰਡਾ, ਰੱਸੀ ਦਾ ਸਿਰਾ ਹੱਥ ਵਿਚ ਫੜੀ ਬੈਠਾ ਸੀ। ਮੈਨੂੰ ਤੁਰੰਤ ਸਾਰਾ ਹਾਲ ਮਾਲੂਮ ਹੋ ਗਿਆ!..ਜਦ ਉਹ ਪਰਦੇ ਪਿੱਛਿਉਂ ਰੱਸੀ ਖਿੱਚਦਾ, ਬੁੱਤ ਆਪਣੇ ਹੱਥ ਉੱਤੇ ਚੁੱਕ ਲੈਂਦਾ! ਉਹ ਪੰਡਾ ਮੈਨੂੰ ਦੇਖ ਕੇ ਸ਼ਰਮਿੰਦਾ ਹੋ ਗਿਆ!! ਕਿਉਂਕਿ ਬਦੀ ਦਾ ਭੇਦ ਖੁੱਲ੍ਹਣ 'ਤੇ ਬਦਨਾਮੀ ਹੁੰਦੀ ਹੈ। ਉਹ ਦੌੜਿਆ, ਮੈਂ ਉਸ ਦੇ ਪਿੱਛੇ ਭੱਜਿਆ। ਮੈਂ (ਗੁੱਸੇ 'ਚ) ਉਸਨੂੰ ਖੂਹ ਵਿਚ ਉਲਟਾ ਸੁੱਟ ਦਿੱਤਾ। ਫਿਰ ਮੈਂ ਸੋਚਿਆ ਕਿ ਜੇ ਉਹ ਬ੍ਰਾਹਮਣ ਜਿਉਂਦਾ ਬਚ ਗਿਆ, ਤਾਂ ਉਹ ਮੇਰੇ ਕਤਲ ਦਾ ਉਪਰਾਲਾ ਕਰੇਗਾ। ਉਹ ਮੈਨੂੰ ਮਾਰ ਦੇਣਾ ਚਾਹੇਗਾ, ਤਾਂ ਜੋ ਮੈਂ ਉਸਦਾ 'ਗੁੱਝਾ ਭੇਦ' ਪ੍ਰਗਟ ਨਾ ਕਰ ਸਕਾਂ।..ਸੋ ਮੈਂ ਉਸ ਬੇਈਮਾਨ ਨੂੰ ਪੱਥਰ ਨਾਲ ਮਾਰ ਸੁੱਟਿਆ...ਜਦ ਮੈਂ ਦੇਖਿਆ ਕਿ ਮੈਂ ਰੌਲਾ ਪੈਦਾ ਕਰ ਦਿੱਤਾ ਹੈ, ਤਾਂ ਮੈਂ ਉੱਥੋਂ ਭੱਜ ਪਿਆ...'ਜਦ ਤੂੰ ਭਰਿੰਡਾਂ ਦੇ ਛੱਤੇ ਨੂੰ ਛੇੜ ਦਿੱਤਾ, ਤਾਂ ਆਪਣੀ ਥਾਂ ਤੋਂ ਭੱਜ ਜਾਹ, ਨਹੀਂ ਤਾਂ ਤੈਨੂੰ ਭਰਿੰਡਾਂ ਵੱਢਣਗੀਆਂ'...ਇਸ ਝਗੜੇ ਤੋਂ ਭੱਜਿਆ ਹੋਇਆ ਮੈਂ ਗੁਜਰਾਤ ਤੋਂ ਭਾਰਤ ਦੇ ਵਿਚਕਾਰਲੇ ਭਾਗ ਵਿਚ ਆ ਗਿਆ...ਉਥੋਂ ਯਮਨ ਦੇ ਰਾਹੀਂ ਹਜ਼ਾਜ਼ ਅੱਪੜ ਗਿਆ!

(ਆਪਣੇ ਦੇਸ ਪਹੁੰਚ ਕੇ) ਮੈਨੂੰ ਸੋਮਨਾਥ ਦੇ ਦੁੱਖਾਂ ਤੋਂ ਮੁਕਤੀ ਮਿਲ ਗਈ, ਪਰ ਉੱਥੇ ਦੀਆਂ ਘਟਨਾਵਾਂ ਮੇਰੇ ਕੰਨਾਂ ਵਿਚ ਗੂੰਜ ਰਹੀਆਂ ਹਨ। ਉਨ੍ਹਾਂ ਘਟਨਾਵਾਂ ਵਿਚੋਂ ਇਕ ਇਹ ਹੈ ਕਿ ਮੈਂ ਜਦੋਂ ਵੀ ਭੇਦਾਂ ਦੇ ਜਾਣਨ ਵਾਲੇ ਅੱਲਾ ਤਾਅਲਾ ਦੀ ਦਰਗਾਹ ਵਿਚ ਹੱਥ ਉੱਤੇ ਕਰਦਾ ਹਾਂ (ਭਾਵ ਦੁਆ ਮੰਗਦਾ ਹਾਂ) ਤਾਂ ਮੈਨੂੰ ਉਹ ਚੀਨ ਦੀ ਗੁੱਡੀ (ਭਾਵ ਸੋਮਨਾਥ ਦੇ ਮੰਦਰ ਵਿਚਲੀ ਮੂਰਤੀ) ਯਾਦ ਆ ਹੀ ਜਾਂਦੀ ਹੈ।

ਸੱਚ ਕਹਦੂੰ ਐ ਬ੍ਰਾਹਮਣ ਗਰ ਤੂ ਬੁਰਾ ਨਾ ਮਾਨੇ,
ਤੇਰੇ ਸਨਮ-ਕਬ ਕੇ ਬੁੱਤ ਹੋ ਗਏ ਪੁਰਾਨੇ!
(ਇਕਬਾਲ)

*e-mail:tsdupalpuri@yahoo.com

# ਮੇਰਾ ਭਾਰਤ ਮਹਾਨ:ਸਿਆਸਤ, ਮਿਲਾਵਟਖੋਰ ਤੇ ਜ਼ਖੀਰੇਬਾਜ਼ ਬਲਵਾਨ

**ਡੇਵਿਡ ਐਲਿਨ ਲੌਂਗਫੈਲੋ**

ਅੱਖੀਆਂ ਦੇ ਨੀਲੇ ਦਰਿਆ ਵਿਚ ਕਿਸੇ ਮਨਚਲੀ ਚੰਚਲੋ ਦਾ ਸਤਰੰਗੀ ਪੀਂਘ ਬਣ ਕੇ ਆਉਣ ਨੂੰ ਜੀਅ ਕਰਦਾ ਅਤੇ ਝਨਾਂ ਦੀਆਂ ਲਹਿਰਾਂ ਦਾ ਸਾਜ਼ੀਨਾ ਪਿਆਰ ਦਾ ਤਰਾਨਾ ਛੇੜ ਦਿੰਦਾ। ਕਾਇਨਾਤ ਡੋਲਦੀ, ਫੁੱਲ ਹਿੱਲਦੇ ਅਤੇ ਅਸਮਾਨ 'ਤੇ ਕੋਈ ਆਵਾਰਾ ਬੱਦਲੀ ਤਿੱਤਰ-ਖੰਭੀ ਪਰਛਾਵੇਂ ਪਾਣੀਆਂ 'ਤੇ ਬਿਖੇਰ ਕੇ ਕਿਸੇ ਮੁਟਿਆਰ ਵਾਂਗ ਛੜੱਪਿਆਂ ਵਿਚ ਨੱਚਦੀ। ਉਦੋਂ ਦੁੱਧ-ਘਿਉ ਨੂੰ ਪਰਮਾਤਮਾ ਦਾ ਰੂਪ ਸਮਝਿਆ ਜਾਂਦਾ ਸੀ ਤੇ ਮਿਲਾਵਟਖੋਰ ਚੰਡਾਲਾਂ ਦੀ ਦਾਬ ਤਾਂ ਹਾਲੇ ਕੱਲ੍ਹ ਹੀ ਲੱਗੀ ਹੈ। ਕ੍ਰਿਸ਼ਨ-ਸੁਦਾਮਾ ਧੂਪ ਦਾ ਇਸ਼ਤਿਹਾਰ ਛਾਪ ਕੇ ਅਜਿਹੇ ਚੰਡਾਲ ਲੋਕ ਧੂਪ ਵਿਚ ਗੰਦ-ਮੰਦ ਮਿਲਾਉਂਦੇ ਹਨ, ਪਰ ਵਿਕਦਾ ਭਗਵਾਨ ਦਾ ਨਾਮ ਹੈ। ਮਿਲਾਵਟੀ ਧੂਪ ਦੀ ਖ਼ੁਸ਼ਬੂ ਲੈ ਕੇ ਭਗਵਾਨ ਖ਼ੁਦ ਕੀ ਇਹ ਸੋਚਦਾ ਹੋਵੇਗਾ ਕਿ ਮਾਤ-ਲੋਕ ਦੇ ਪ੍ਰਾਣੀ ਕਮੀਨਗੀ ਦੀ ਇਸ ਹੱਦ ਤੱਕ ਵੀ ਗਿਰ ਸਕਦੇ ਹਨ ਕਿ ਉਨ੍ਹਾਂ ਦੇ ਪੁਨਰ-ਜਾਗਰਣ ਲਈ ਕੋਈ ਵੀ ਉਪਰਾਲਾ ਕਰਨਾ ਫ਼ਜ਼ੂਲ ਹੈ? ਜਦੋਂ ਵੀ ਮੈਨੂੰ ਰਵਾਇਤੀ ਲੋਕ ਗੀਤ 'ਮੇਰੇ ਡੌਲੇ ਮੁਸ਼ਤ ਫੌਲਾਦ ਦੇ, ਮੇਰੀ ਛਾਤੀ ਵਾਂਗ ਚਟਾਨ' ਦੀ ਲਾਈਨ ਯਾਦ ਆਉਂਦੀ ਹੈ ਤਾਂ ਪੰਜਾਬੀ ਗੱਭਰੂਆਂ ਦੇ ਮੱਖਣਾਂ ਨਾਲ ਪਾਲੇ ਜੁੱਸੇ ਅੱਖਾਂ ਸਾਹਮਣੇ ਘੁੰਮਣ ਲੱਗ ਜਾਂਦੇ ਹਨ। ਹੱਸਦੇ ਚਿਹਰੇ, ਕੰਮ ਤੋਂ ਜੀਅ ਨਾ ਚੁਰਾਉਣ ਵਾਲੇ, ਦਰਿਆ-ਦਿਲ ਤੇ ਮੌਜ ਵਿਚ ਆਏ ਸਭ ਕੁਝ ਲੁਟਾ ਦੇਂਦੇ ਹਨ।

ਕਾਜ਼ੀ ਨੇ ਸ਼ਰ੍ਹਾ ਨੂੰ ਤਿਆਗ ਕੇ ਰਿਸ਼ਵਤ ਦੀ ਥੈਲੀ ਕਬੂਲ ਕਰ ਲਈ ਅਤੇ ਮੁਫ਼ਤ ਦੀ ਸ਼ਰਾਬ ਨੇ ਉਸ ਨੂੰ ਸ਼ੈਤਾਨੀ ਤਾਕਤਾਂ ਦਾ ਗ਼ੁਲਾਮ ਬਣਾ ਦਿੱਤਾ। ਪਤਾ ਨਹੀਂ ਕੈਦੋਂ ਨੀਚ ਨੇ ਕਿਹੜਾ ਮਸਾਣ ਪੀਹ ਕੇ ਚੂਰੀ ਵਿਚ ਮਿਲਾ ਦਿੱਤਾ ਕਿ ਹਰ ਦਿਨ ਰਾਂਝਾ ਮੁੱਕਦਾ-ਸੁੱਕਦਾ ਹੀ ਗਿਆ, ਜਿਵੇਂ ਮਸਾਣਘਾਟ ਤੋਂ ਅੱਧ-ਜਲਿਆ ਮੁਰਦਾ ਮਿਲਾਵਟੀ ਲੱਕੜਾਂ ਦੇ ਗੱਠੇ ਤੋਂ ਡਰਦਾ ਭੱਜ ਆਇਆ ਹੋਵੇ। ਹੀਰ ਦੇ ਪਿੰਡ ਦੇ ਇਕ ਬਾਣੀਏ ਦਮੋਦਰ ਨੂੰ ਕੀ ਪਤਾ ਸੀ ਕਿ ਇਕ ਦਿਨ ਉਸ ਦੀ ਜਾਤ ਦੇ ਲੋਕ ਸ਼ਹਿਦ ਵਿਚ ਵੀ ਜ਼ਹਿਰ ਮਿਲਾ ਕੇ ਵੇਚਣਗੇ। ਅੱਜ ਮੇਰੀਆਂ ਅੱਖਾਂ ਸਾਹਮਣੇ ਉਹ ਮਰੀਜ਼ ਵੀ ਫਿਰਦੇ ਹਨ, ਜੋ ਬਨਾਉਟੀ ਦਵਾਈਆਂ ਖਾ-ਖਾ ਕੇ ਆਰਾਮ ਨਾ ਆਉਣ ਉਪਰੰਤ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਹ ਮਾਸੂਮ ਬੱਚੇ ਵੀ ਖੜੇ ਹਨ, ਜੋ ਬਨਾਉਟੀ ਦੁੱਧ ਪੀ ਕੇ ਕਈ ਲਾਇਲਾਜ ਬੀਮਾਰੀਆਂ ਦੇ ਸ਼ਿਕਾਰ ਬਣੇ ਅਤੇ ਭਰਪੂਰ ਜਵਾਨੀ ਵਿਚ ਆਉਣ ਤੋਂ ਪਹਿਲਾਂ ਹੀ ਤੁਰ ਗਏ। ਉਨ੍ਹਾਂ ਮਾਵਾਂ ਦੀ ਹਾਲਤ ਤਾਂ ਬਹੁਤ ਹੀ ਤਰਸਯੋਗ ਹੈ, ਜਿਨ੍ਹਾਂ ਦੇ ਬੱਚੇ ਬਨਾਉਟੀ ਦਵਾਈਆਂ ਕਾਰਨ ਗਰਭ ਤੋਂ ਬਾਹਰ ਨਾ ਆ ਸਕੇ, ਅਰਥਾਤ ਮਰ ਗਏ।

ਕਿਰਤੀਆਂ ਨੂੰ ਇਕ ਵਕਤ ਦੀ ਹੀ ਪੇਟ ਭਰ ਰੋਟੀ ਨਸੀਬ ਹੁੰਦੀ ਹੈ, ਤੇ ਉਹ ਵੀ ਮਿਲਾਵਟੀ ਆਟੇ ਦੀ। ਕੀ ਅੱਧ-ਭੁੱਖੇ ਸਰੀਰ ਲਈ ਸੋਕੜੇ ਦੇ ਮਾਰੇ ਇਹ ਬੱਚੇ ਭਵਿੱਖ ਦੇ ਭਾਰਤ ਦੇ ਵਾਰਸ ਹੋਣਗੇ? ਸਿਵਲ ਸਪਲਾਈ ਵਾਲਿਆਂ ਦਾ ਖੰਡ ਦੀ ਇੱਕ ਲੱਖ ਬੋਰੀ ਲੁਧਿਆਣੇ ਤੋਂ ਫੜਨਾ ਕੋਈ ਛੋਟੀ-ਮੋਟੀ ਘਟਨਾ ਨਹੀਂ। ਹੁਣ ਇਹ ਦੇਖਣਾ ਜ਼ਰੂਰੀ ਹੈ ਕਿ ਇਕ ਲੱਖ ਬੋਰੀ ਪਬਲਿਕ ਵਿਚ ਨਿਲਾਮ ਵੀ ਹੁੰਦੀ ਹੈ ਜਾਂ ਅੱਧੋ-ਅੱਧ ਸੁਆਹਾ ਕਰ ਕੇ ਜ਼ਖੀਰੇਬਾਜ਼ ਦੇ ਹੱਕ ਵਿੱਚ ਕੇਸ ਜਾਂਦਾ ਹੈ? ਮੋਗਾ ਹਰ ਪ੍ਰਕਾਰ ਦੀਆਂ ਘਟਨਾਵਾਂ, ਖਾਸ ਤੌਰ 'ਤੇ ਅਤੀ ਘਿਨਾਉਣੀਆਂ ਘਟਨਾਵਾਂ ਦਾ ਗੜ੍ਹ ਬਣਦਾ ਜਾ ਰਿਹਾ ਹੈ। ਅਜਿਹੇ ਕੇਸ ਦੀਵਾਲੀ ਦੇ ਨੇੜੇ ਹੁੰਦੇ ਹਨ, ਪ੍ਰੰਤੂ ਸਖ਼ਤ ਚੈਕਿੰਗ ਕਿਉਂ ਨਹੀਂ ਹੁੰਦੀ? ਦੋਸ਼ੀਆਂ ਨੂੰ ਸਜ਼ਾ ਕਿਉਂ ਨਹੀਂ ਮਿਲਦੀ? ਜਦੋਂ ਸਰਕਾਰ ਖ਼ੁਦ ਹੀ ਅਜਿਹੇ ਲੋਕਾਂ ਵਿਰੁਧ ਐਕਸ਼ਨ ਲੈਣ ਤੋਂ ਅਵੇਸਲੀ ਹੈ ਤਾਂ ਰੱਬ ਹੀ ਰਾਖਾ ਹੈ। ਇਹ ਮੌਤ ਦੇ ਸੁਦਾਗਰ ਜੀਵਨ ਦੇ ਹਰ ਖੇਤਰ ਵਿਚ ਸਰਗਰਮ ਹਨ।

ਸਮੇਂ ਦੀ ਮੰਗ ਹੈ ਕਿ ਅਜਿਹੇ ਲੋਕਾਂ ਨੂੰ ਨੱਥ ਪਾਈ ਜਾਵੇ। ਸਿਆਸੀ ਪਾਰਟੀਆਂ ਦੀ ਅਸਥਿਰਤਾ ਹਰ ਸਰਕਾਰ ਨੂੰ ਹਲੂਣਾ ਦਿੰਦੀ ਹੈ। ਮੌਜੂਦਾ ਸਥਿਤੀ ਵਲ ਹੀ ਝਾਤ ਮਾਰ ਕੇ ਦੇਖੋ। ਜ਼ਖੀਰੇਬਾਜ਼, ਮਿਲਾਵਟਖੋਰ ਅਤੇ ਤਸਕਰ ਸਰਕਾਰ ਦੀ ਕਮਜ਼ੋਰੀ ਦਾ ਜਾਂ ਕਮਜ਼ੋਰ ਸਰਕਾਰ ਦਾ ਫ਼ਾਇਦਾ ਉਠਾ ਕੇ ਘਿਨਾਉਣੇ ਕੰਮ ਖੁੱਲ੍ਹਦਿਲੀ ਨਾਲ ਕਰਦੇ ਹਨ। ਕਾਰਨ ਬਹੁਤ ਸਪੱਸ਼ਟ ਹੈ ਕਿ ਸਰਕਾਰ ਦਾ ਧਿਆਨ ਜਨਤਕ ਭਲਾਈ ਦੇ ਕੰਮਾਂ ਵਲ ਘੱਟ ਜਾਂਦਾ ਹੈ, ਜਦੋਂਕਿ ਆਪਣੇ ਬਚਾਉ ਲਈ ਸੰਘਰਸ਼ ਕਰਨਾ ਜ਼ਰੂਰੀ ਹੋ ਜਾਂਦਾ ਹੈ।

ਗੱਡੀ ਦੇ ਡੱਬਿਆਂ ਵਿਚ ਪਾਠ-ਪ੍ਰਾਰਥਨਾ ਜਾਂ ਆਰਤੀ ਦਾ ਢੌਂਗ ਰਚਾ ਕੇ ਜ਼ਹਿਰ ਮਿਲਿਆ ਪ੍ਰਸਾਦ ਦਿੱਤਾ ਜਾਂਦਾ ਹੈ। ਜਦੋਂ ਮੁਸਾਫਰ ਗਹਿਰੀ ਨੀਂਦ ਵਿਚ ਬੇਹੋਸ਼ ਹੋ ਜਾਣ ਤਾਂ ਇਨ੍ਹਾਂ ਦਾ ਸਾਮਾਨ ਅਤੇ ਨਕਦੀ ਲੈ ਕੇ ਅਜਿਹੇ ਠੱਗ ਨੌਂ ਦੋ ਗਿਆਰਾਂ ਹੋ ਜਾਂਦੇ ਹਨ। ਪਿਛਲੇ ਸਾਲ ਇਕ 'ਗੁਰੂ ਕਿਰਪਾ' ਨਾਮ ਦੀ ਡੇਅਰੀ ਰਾਜਪੁਰੇ ਵਿਚ ਫੜੀ ਗਈ ਸੀ, ਜੋ ਲੱਖਾਂ ਲਿਟਰ ਨਕਲੀ ਦੁੱਧ ਬਣਾ ਕੇ ਵੇਚਦੇ ਸਨ। ਧਰਮ ਦੇ ਅਗਿਆਰਥਾਂ ਦੇ ਲੇਬਲ ਲਗਾ ਕੇ ਨਕਲੀ ਚੀਜ਼ਾਂ ਦਾ ਵਪਾਰ ਕਰਨ ਕਾਰਨ ਕਿੰਨਾ ਅਨਰਥ ਹੋ ਰਿਹਾ ਹੈ।

ਇਸ ਧਰਤੀ ਉੱਤੇ ਮਨੁੱਖਾਂ ਦੇ ਨਾਲ ਚੰਡਾਲ ਵੀ ਵੱਸਦੇ ਹਨ। ਮਨੁੱਖੀ ਰੱਤ-ਪੀਣੇ ਇਹ ਮਲਿਕ ਭਾਗੋ ਨੀਚਾਂ ਤੋਂ ਵੀ ਨੀਚ ਸਵਾਰਥੀ ਅਤੇ ਇਨਸਾਨੀਅਤ ਦੇ ਦੁਸ਼ਮਣ ਹਨ। ਕਿਸੇ ਵੀ ਦੇਸ਼ ਦੇ ਨਾਗਰਿਕ ਜਦੋਂ ਤੱਕ ਚੇਤਨ ਜਾਂ ਵਿਵੇਕਸ਼ੀਲ ਨਹੀਂ ਹੁੰਦੇ, ਇਨ੍ਹਾਂ ਚੰਡਾਲਾਂ ਦੀ ਪਛਾਣ ਕਰਨੀ ਅਸੰਭਵ ਹੈ, ਕਿਉਂਕਿ ਇਹ ਲੋਕ ਦਰਵੇਸ਼ਾਂ ਦੇ ਭੇਸ ਵਿਚ ਮਿੱਠ-ਬੋਲੜੇ ਅਤੇ ਸਾਊ ਹੋਣ ਦਾ ਝੋਲਾ ਪਾਉਂਦੇ ਹਨ, ਪ੍ਰੰਤੂ ਕਰਤੂਤਾਂ ਤੋਂ ਸ਼ਕੁਨੀ ਮਾਮੇ ਦੇ ਵੀ ਬਾਪ ਹਨ।

ਸਾਡੇ ਦੇਸ਼ ਵਿਚ ਸਿਆਸੀ ਮਦਾਰੀਆਂ ਦੀ ਵੀ ਕੋਈ ਕਮੀ ਨਹੀਂ, ਜੋ ਸੋਹ ਦਾ ਤੱਕਲਾ ਗੱਡੀ ਰੱਖਣ ਵਿਚ ਹੀ ਖ਼ੁਸ਼ੀ ਮਹਿਸੂਸ ਕਰਦੇ ਹਨ। ਆਰ ਐਸ ਐਸ ਦੇ ਮਹਾਂਰਥੀ ਮੋਹਨ ਭਾਗਵਤ ਨੇ 2 ਅਕਤੂਬਰ ਦਾ ਦਿਨ ਹਥਿਆਰ ਦੁੱਧ ਨਾਲ ਧੋ ਕੇ ਸ਼ਕਤੀ ਦੇ ਰੂਪ ਵਿਚ ਮਨਾਇਆ। ਜਦੋਂਕਿ ਤਮਾਮ ਵਿਸ਼ਵ ਮਹਾਤਮਾ ਗਾਂਧੀ ਦਾ ਜਨਮ ਦਿਹਾੜਾ ਅੰਤਰਰਾਸ਼ਟਰੀ ਅਹਿੰਸਾ ਦਿਵਸ ਦੇ ਰੂਪ ਵਿਚ ਮਨਾ ਰਿਹਾ ਸੀ। ਉਹ ਆਖ਼ਰ ਕੀ ਸਾਬਤ ਕਰਨਾ ਚਾਹੁੰਦਾ ਹੈ? ਅਜਿਹੇ ਲੋਕਾਂ ਦਾ ਮੁਲਕ ਦੇ ਢਾਂਚੇ ਨੂੰ ਸੁਧਾਰਨ ਵਿਚ ਕੋਈ ਯੋਗਦਾਨ ਨਹੀਂ। ਕਿੰਨੀਆਂ ਖ਼ਬਰਾਂ ਹਰ ਰੋਜ਼ ਮਿਲਾਵਟਖੋਰਾਂ ਦੀਆਂ ਛਪਦੀਆਂ ਹਨ। ਕੋਈ ਜਾਲ੍ਹੀ ਡਾਕਟਰ ਹੈ, ਕੋਈ ਨਕਲੀ ਦਵਾਈਆਂ ਵੇਚਦਾ ਹੈ। ਕੋਈ ਬਨਾਉਟੀ ਦੁੱਧ ਦਾ ਕਾਰੋਬਾਰ ਕਰ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦਾ ਹੈ।

ਸਿੱਖ ਧਰਮ ਇਕ ਮਹਾਨ ਧਰਮ ਹੈ। ਜੇਕਰ ਅਕਾਲ ਤਖ਼ਤ ਚਾਹੇ ਤਾਂ ਸਭ ਕੁਝ ਸੰਭਵ ਹੋ ਸਕਦਾ ਹੈ। ਅਸੀਂ ਭੋਲੇ ਕਬੂਤਰ ਦੀ ਤਰ੍ਹਾਂ ਅੱਖਾਂ ਮੀਟ ਕੇ ਸਭ ਕੁਝ ਸਹਿਣ ਦੇ ਆਦੀ ਹੋ ਚੁੱਕੇ ਹਾਂ। ਜ਼ਿਆਦਤੀਆਂ ਦੇ ਖ਼ਿਲਾਫ਼ ਆਵਾਜ਼ ਨਾ ਉਠਾਉਣਾ ਬਾਈਬਲ ਦੀ ਰੂਹ ਨਾਲ ਖ਼ੁਦ ਇਕ ਸੰਗੀਨ ਗੁਨਾਹ ਹੈ। ਰਾਮ, ਜੋ ਸਾਡਾ ਭਗਵਾਨ ਹੈ, ਦੀ ਅਰਾਧਨਾ ਲਈ ਅਸੀਂ ਬਨਾਉਟੀ ਘਿਉ ਦੇ ਦੀਵੇ ਜਲਾਉਂਦੇ ਹਾਂ। ਬਨਾਉਟੀ ਮਿਠਾਈਆਂ ਦਾ ਭੋਗ ਲਗਵਾਉਂਦੇ ਹਨ। ਕੀ ਸਾਡੀ ਜ਼ਮੀਰ ਸਾਨੂੰ ਬਖ਼ਸ਼ੇਗੀ?

ਸਾਡੇ ਬੱਚੇ ਭਾਵੇਂ ਬਨਾਉਟੀ ਦੁੱਧ ਪੀ ਕੇ ਅਨੇਕਾਂ ਬੀਮਾਰੀਆਂ ਦੇ ਸ਼ਿਕਾਰ ਹੋ ਜਾਣ, ਪਰ ਸਾਡੇ ਵਿਚੋਂ ਕਿੰਨੇ ਲੋਕਾਂ ਨੇ ਸਰਕਾਰ ਜਾਂ ਮਿਲਾਵਟਖੋਰਾਂ ਖ਼ਿਲਾਫ ਮਾਣਯੋਗ ਹਾਈ ਕੋਰਟ ਵਿਚ ਰਿੱਟ ਦਾਖ਼ਲ ਕੀਤੀ ਹੈ? ਨਿਆਂ ਪ੍ਰਬੰਧ ਦਾ ਤ੍ਰਿਸਕਾਰ ਕਰ ਕੇ ਹਨੇਰੇ ਵਿਚ ਰੱਖਣਾ ਸਾਡੀ ਕੌਮੀ ਆਦਤ ਜਿਹੀ ਬਣ ਗਈ ਹੈ। ਉਨ੍ਹਾਂ ਡਾਕਟਰਾਂ ਦੀਆਂ ਖ਼ਬਰਾਂ ਮੀਡੀਆ ਨੇ ਉਜਾਗਰ ਕੀਤੀਆਂ, ਜੋ ਨਕਲੀ ਖ਼ੂਨ ਚੜ੍ਹਾ ਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਦੇ ਸਨ। ਜੇਕਰ ਹਰ ਨਜ਼ਰੀਏ ਤੋਂ ਝਾਤ ਮਾਰ ਕੇ ਸਿੱਟੇ ਕੱਢੀਏ ਤਾਂ ਮੇਰਾ ਭਾਰਤ ਕੁੰਭੀ ਨਰਕ ਤੋਂ ਵੱਧ ਕੁਝ ਵੀ ਨਹੀਂ ਲੱਗਦਾ, ਕਿਉਂਕਿ ਸਦੀਆਂ ਗੁਜ਼ਰ ਜਾਣ ਉਪਰੰਤ ਵੀ ਸੁਧਾਰ ਜਾਂ ਬਦਲਾਉ ਦੇ ਅਵਸਰ ਬਹੁਤ ਘੱਟ ਨਜ਼ਰ ਆਉਂਦੇ ਹਨ। ਗੁਮਨਾਮ ਬਸਤੀਆਂ, ਨੁਕਤ-ਮੋੜਾਂ ਆਦਿ 'ਤੇ ਕਰੋੜਾਂ ਰੁਪਏ ਦਾ ਬਲੈਕ ਦਾ ਧੰਦਾ ਚੱਲਦਾ ਹੈ।

ਜਿੰਨੇ ਜ਼ਿਆਦਾ ਧਰਮ ਅਸਥਾਨ ਵਧ ਰਹੇ ਹਨ, ਜਿੰਨੇ ਜ਼ਿਆਦਾ ਉਪਦੇਸ਼ਕ ਨੈਤਿਕਤਾ ਦੀ ਡੀਂਗ ਮਾਰਦੇ ਹਨ, ਓਨੀ ਹੀ ਠੱਗੀ, ਬੇਈਮਾਨੀ, ਦੁਰਾਚਾਰੀ ਦਿਨ-ਪ੍ਰਤੀ-ਦਿਨ ਵਧ ਕੇ ਸਮਾਜ ਨੂੰ ਹਰ ਪੱਖੋਂ ਧੁੰਦਲਾ ਕਰ ਰਹੀ ਹੈ। ਮੇਰੀ ਸੁਹਿਰਦ ਪਾਠਕਾਂ ਨੂੰ ਬੇਨਤੀ ਹੈ ਕਿ ਰੇਲਵੇ ਸਟੇਸ਼ਨਾਂ 'ਤੇ ਕਦੇ ਗੱਡੀ ਵਿਚ ਚਾਹ ਮੰਗਵਾ ਕੇ ਪੀ ਕੇ ਦੇਖੋ। ਕੀ ਚਾਹ ਹੈ ਜਾਂ ਮੱਜ ਦਾ ਵਾਣ ਉਬਾਲਿਆ ਹੋਇਆ? ਕੀ ਪੈਸਾ ਹੀ ਸਭ ਕੁਝ ਹੈ, ਜਾਂ ਮਨੁੱਖੀ ਚੋਣ ਦਾ ਵੀ ਕਿਤੇ ਇਸ ਮੁਲਕ ਵਿਚ ਮੁੱਲ ਪੈਂਦਾ ਹੈ?

ਸਮਰਾਲੇ ਕੋਲ ਕਕਰਾਲੇ ਖ਼ੁਰਦ ਵਿਚ ਇਕ ਨਿਊਜ਼ੀਲੈਂਡ ਦਾ ਅੰਗਰੇਜ਼ ਸਾਧ ਕਾਫ਼ੀ ਦੇਰ ਤੱਕ ਰਿਹਾ। ਉਸ ਨੂੰ ਸੁਲਫਾ ਪੀਣ ਦੀ ਆਦਤ ਪੈ ਗਈ। ਇਕ ਦਿਨ ਉਸਦੇ ਚੇਲੇ ਨੇ ਸੁਲਫੇ ਦੇ ਪੈਸੇ ਤਾਂ ਆਪ ਖਾ ਲਏ ਤੇ ਚਿਲਮ ਵਿਚ ਮਿਰਚਾਂ ਪਾ ਕੇ ਬਾਬੇ ਨੂੰ ਪੀਣ ਲਈ ਦੇ ਦਿੱਤੀ। ਬਾਬੇ ਦਾ ਦਮ ਉਪਰਲਾ ਉੱਪਰ ਹੀ ਰਹਿ ਗਿਆ। ਇਲਾਜ ਕਰਨ ਉਪਰੰਤ ਉਸਨੇ ਰੋਂਦੇ ਹੋਏ ਭਾਰਤੀਆਂ ਦੀ ਕਮੀਨਗੀ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ: ਦੇ ਵਿੱਲ ਬਿਟਰੇਅ ਯੂਅਰ ਟਰਸਟ, ਵੱਟ ਐਵਰ ਗੁੱਡ ਔਰ ਨੋਬਲ ਯੂ ਆਰ।

# ਪ੍ਰੋ. ਦਰਸ਼ਨ ਸਿੰਘ ਵਿਰੁਧ ਫੈਸਲੇ ਦਾ ਵਿਰੋਧ

**ਬੇਕਰਜ਼ਫੀਲਡ (ਮਨਦੀਪ ਮਾਨ):** ਇਥੋਂ ਦੇ ਇਕ ਉਘੇ ਪੰਥਕ ਆਗੂ ਸ. ਦਵਿੰਦਰ ਸਿੰਘ ਬੈਂਸ ਨੇ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕੇ ਜਾਣ 'ਤੇ ਫੈਸਲੇ ਉਤੇ ਟਿੱਪਣੀ ਕਰਦਿਆਂ ਆਖਿਆ ਹੈ ਕਿ ਇਹ ਸ੍ਰੀ ਅਕਾਲ ਤਖ਼ਤ ਦਾ ਨਹੀਂ ਸਗੋਂ ਬਾਦਲ ਤਖ਼ਤ ਦਾ ਹੁਕਮ ਹੈ ਕਿਉਂਕਿ ਅਕਾਲ ਤਖ਼ਤ ਦੇ ਜਥੇਦਾਰ ਸਮੇਤ ਸਾਰੇ ਅਖੌਤੀ ਜਥੇਦਾਰ ਪ੍ਰਕਾਸ਼ ਸਿੰਘ ਬਾਦਲ ਵਲੋਂ ਥਾਪੇ ਗਏ ਅਤੇ ਉਸੇ ਦੇ ਮੰਜੇ ਨਾਲ ਬੰਨ੍ਹੇ ਹੋਏ ਹਨ। ਇਨ੍ਹਾਂ ਤੋਂ ਅਜਿਹੀ ਹੀ ਉਮੀਦ ਸੀ।

ਇਥੇ ਜਾਰੀ ਇਕ ਬਿਆਨ ਵਿਚ ਸ. ਬੈਂਸ ਨੇ ਆਖਿਆ ਕਿ ਪ੍ਰੋ. ਦਰਸ਼ਨ ਸਿੰਘ ਨੇ ਅਸਲ ਗੁਰਮਤਿ ਜੀਵਨ ਜੀਵਿਆ ਹੈ ਅਤੇ ਸਿੱਖੀ ਦੀ ਸਹੀ ਭਾਵਨਾ ਘਰ ਘਰ ਪਹੁੰਚਾਉਣ ਲਈ ਆਪਣੀ ਜ਼ਿੰਦਗੀ ਪੰਥ ਦੇ ਲੇਖੇ ਲਾ ਦਿੱਤੀ। ਉਨ੍ਹਾਂ ਉਸ ਸਮੇਂ ਪੰਥ ਦੀ ਅਗਵਾਈ ਕੀਤੀ ਜਦੋਂ 1984 ਵਿਚ ਓਪਰੇਸ਼ਨ ਬਲੂ ਸਟਾਰ ਪਿਛੋਂ ਪੰਥ ਨਿਰਾਸ਼ਾ ਦੇ ਦੌਰ ਵਿਚੋਂ ਨਿਕਲ ਰਿਹਾ ਸੀ। ਸ. ਬੈਂਸ ਨੇ ਇਹ ਵੀ ਆਖਿਆ ਹੈ ਕਿ ਇਹ ਫੈਸਲਾ ਲੈਂਦਿਆਂ ਜਥੇਦਾਰਾਂ ਨੇ ਨਾਨਕਵੰਸ਼ ਦੇ ਵਾਰਸ ਹੋਣ ਦਾ ਨਹੀਂ ਸਗੋਂ ਔਰੰਗਜ਼ੇਬੀ ਮੱਤ ਦੇ ਹੋਣ ਅਤੇ ਆਰ ਐਸ ਐਸ ਦੇ ਝੋਲੀਚੁੱਕ ਹੋਣ ਦਾ ਸਬੂਤ ਦਿੱਤਾ ਹੈ। ਬਿਆਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਪ੍ਰੋ. ਦਰਸ਼ਨ ਸਿੰਘ ਨੂੰ ਦੇਸ-ਵਿਦੇਸ਼ ਬੈਠੇ 80 ਫੀਸਦੀ ਸਿੱਖਾਂ ਦੀ ਹਮਾਇਤ ਹਾਸਲ ਹੈ। ਦੇਸ਼ ਵਿਦੇਸ਼ ਵਿਚ ਪ੍ਰੋ. ਦਰਸ਼ਨ ਸਿੰਘ ਨੂੰ ਲਗਾਤਾਰ ਮਿਲ ਰਹੀ ਹਮਾਇਤ ਇਸ ਗੱਲ ਦਾ ਨਿੱਗਰ ਸਬੂਤ ਹੈ। ਬਾਕੀ 20 ਫੀਸਦ ਲੋਕ ਜਾਂ ਤਾਂ ਇਸ ਬਾਰੇ ਕੁਝ ਜਾਣਦੇ ਹੀ ਨਹੀਂ ਜਾਂ ਉਹ ਵੀ ਇਸ ਸਿਸਟਮ ਦਾ ਹਿੱਸਾ ਬਣ ਚੁਕੇ ਹਨ। ਪ੍ਰੋ. ਦਰਸ਼ਨ ਸਿੰਘ ਵਿਰੁਧ ਸਿਆਸੀ ਫੈਸਲਾ ਲੈਣ ਵਾਲੇ ਲੋਕ ਮੱਸੇ ਰੰਘੜ ਅਤੇ ਹੋਰ ਪੰਥ ਦੋਖੀਆਂ ਦਾ ਹਸ਼ਰ ਭੁੱਲ ਚੁੱਕੇ ਹਨ।










ੴ ਸਤਿਗੁਰ ਪ੍ਰਸਾਦਿ॥

## ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਯਾਦ 'ਚ

# ਸਾਲਾਨਾ ਜੋੜ ਮੇਲਾ

ਨਿਮਰਤਾ ਸਹਿਤ ਬੇਨਤੀ ਹੈ ਕਿ ਦਮਦਮੀ ਟਕਸਾਲ ਦੇ 11ਵੇਂ ਮੁਖੀ ਬ੍ਰਹਮ ਗਿਆਨੀ ਸੱਚ ਖੰਡ ਵਾਸੀ ਸੰਤ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਯਾਦ ਵਿਚ ਬੋਪਾਰਾਏ ਕਲਾਂ ਅਤੇ ਇਲਾਕੇ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਲਾਨਾ ਜੋੜ ਮੇਲਾ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਟਰੇਸੀ (ਕੈਲੀਫੋਰਨੀਆ) ਵਿਖੇ ਮਨਾਇਆ ਜਾ ਰਿਹਾ ਹੈ। ਆਪ ਸਭ ਸੰਗਤ ਨੂੰ ਪਿਆਰ ਸਹਿਤ ਬੇਨਤੀ ਹੈ ਕਿ ਆਪਾਂ ਸਾਰੇ ਇੱਕਠੇ ਹੋ ਕੇ ਮਹਾਂਪੁਰਸ਼ਾਂ ਦੇ ਸਾਲਾਨਾ ਜੋੜ ਮੇਲੇ 'ਤੇ ਹੁਮ-ਹੁਮਾ ਕੇ ਪਹੁੰਚੀਏ।



*ਸੰਤ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ*

### ਪ੍ਰੋਗਰਾਮ ਦਾ ਵੇਰਵਾ

**12 ਫਰਵਰੀ, 2010 (ਸੁਕਰਵਾਰ)**
ਅਰੰਭ ਸ੍ਰੀ ਅਖੰਡ ਪਾਠ-ਸਵੇਰੇ 10 ਵਜੇ

**13 ਫਰਵਰੀ, 2010 (ਸਨਿਚਰਵਾਰ)**
ਸ਼ਾਮ ਦੇ ਦੀਵਾਨ ਸਜਾਏ ਜਾਣਗੇ

**14 ਫਰਵਰੀ, 2010 (ਐਤਵਾਰ)**
ਭੋਗ ਸ੍ਰੀ ਅਖੰਡ ਪਾਠ-ਸਵੇਰੇ 10 ਵਜੇ
ਪਾਠ ਦੇ ਭੋਗ ਉਪਰੰਤ ਕੀਰਤਨ ਹੋਵੇਗਾ ਜੀ
11 ਵਜੇ ਭਾਈ ਸੁਖਵਿੰਦਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਕਥਾ ਕਰਨਗੇ
11:30 ਵਜੇ ਭਾਈ ਦਲਵੀਰ ਸਿੰਘ ਬੇਕਰਜ਼ਫੀਲਡ ਵਾਲੇ ਸੰਤਾਂ ਦੇ ਜੀਵਨ 'ਤੇ ਚਾਨਣਾ ਪਾਉਣਗੇ।
ਉਪਰੰਤ ਭਾਈ ਕਮਲਜੀਤ ਸਿੰਘ ਬਿਲਗੇ ਵਾਲਿਆਂ ਦਾ ਢਾਡੀ ਜਥਾ ਸੰਗਤ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਏਗਾ।

**ਨੋਟ:** ਇਸ ਮੌਕੇ ਹੈਡ ਮਾਸਟਰ ਸਰਜੀਤ ਸਿੰਘ ਦਿਓਲ ਵਲੋਂ ਸੰਤਾਂ ਦੇ ਜੀਵਨ ਬਾਰੇ ਪੰਜਾਬੀ ਤੇ ਅੰਗਰੇਜ਼ੀ ਵਿਚ ਲਿਖੀ ਕਿਤਾਬ ਸੰਗਤ ਵਿਚ ਮੁਫਤ ਵੰਡੀ ਜਾਵੇਗੀ। ਇਹ ਕਿਤਾਬ ਤੁਸੀਂ ਪਿੰਡ ਬੋਪਾਰਾਏ ਕਲਾਂ ਦੀ ਵੈਬਸਾਈਟ www.BoparaiKalan.com 'ਤੇ ਵੀ ਪੜ੍ਹ ਸਕਦੇ ਹੋ।

*ਹੋਰ ਜਾਣਕਾਰੀ ਲਈ ਸੰਪਰਕ ਕਰੋ*
ਗੁਰਬਚਨ ਸਿੰਘ ਦਿਓਲ:408-691-1296
ਮੇਜਰ ਸਿੰਘ ਦਿਓਲ:559-274-2431
ਮੇਜਰ ਸਿੰਘ ਕੁਲਾਰ:916-273-2856

## Gurudwara Guru Nanak Parkash, Tracy

16101 West Grant Line Road, Tracy, CA

## ਵਲੋਂ:ਸਮੂਹ ਸਾਧ ਸੰਗਤ ਬੋਪਾਰਾਏ ਕਲਾਂ (ਲੁਧਿਆਣਾ)

www.BoparaiKalan.com

# ਸੰਨੀਵੇਲ ਹਿੰਦੂ ਟੈਂਪਲ ਵਿਚ ਮੁਫ਼ਤ ਚੈਕਅਪ ਕੈਂਪ

**ਸੈਨ ਹੋਜ਼ੇ (ਚਰਨਜੀਤ ਸਿੰਘ ਪੰਨੂ):** ਸੰਨੀਵੇਲ ਹਿੰਦੂ ਟੈਂਪਲ ਵਿਖੇ ਇਕ ਵਿਸ਼ਾਲ ਹੈਲਥ ਅਵੇਅਰਨੈਸ ਕੈਂਪ ਆਯੋਜਿਤ ਕੀਤਾ ਗਿਆ ਜਿਸ ਵਿਚ 250 ਤੋਂ ਵੱਧ ਮਰੀਜ਼ਾਂ ਨੇ ਚੈੱਕ ਅਪ ਕਰਵਾ ਕੇ ਭਰਪੂਰ ਲਾਹਾ ਲਿਆ। ਮੰਦਰ ਦੇ ਮੁੱਖ ਪ੍ਰਬੰਧਕ ਰਾਜ ਭਨੋਟ ਅਤੇ ਉਨ੍ਹਾਂ ਦੀ ਸਾਰੀ ਟੀਮ ਦੇ ਉਦਮ ਸਦਕਾ ਇਹ ਕਾਰਜ ਨੇਪਰੇ ਚੜ੍ਹਿਆ। ਡਾ. ਹਰਕੇਸ਼ ਸੰਧੂ ਨੇ ਆਪਣੀ ਸਹਾਇਤਾ ਟੀਮ ਨਾਲ ਲੋੜਵੰਦ ਮਰੀਜ਼ਾਂ ਦੇ ਖ਼ੂਨ ਟੈਸਟ ਸ਼ੂਗਰ, ਕੋਲਸਟਰੋਲ, ਬੀ. ਪੀ ਆਦਿ ਦੀ ਜਾਂਚ ਕਰਕੇ ਸਲਾਹ ਮਸ਼ਵਰਾ ਦਿੱਤਾ। ਕਾਇਰੋਪ੍ਰੈਕਟਿਸ ਦੇ ਮਾਹਿਰ ਡਾ. ਡਿਆਨਾ ਲੌਂਗ ਅਤੇ ਡਾ. ਸ਼ਰਨਜੀਤ ਕੌਰ ਸੰਧੂ ਐਕੂਪੈਂਚਰ ਨਾਲ ਇਲਾਜ ਬਾਰੇ ਮਸ਼ਵਰਾ ਦਿਤਾ। ਫਿਜ਼ੀਓਥਿਰੈਪੀ ਵਾਲੇ ਡਾਕਟਰ ਗੋਡੇ ਮੋਢਿਆਂ ਤਨ ਬਦਨ ਦੀਆਂ ਦਰਦਾਂ ਦਾ ਮਾਲਿਸ਼ ਤੇ ਵਰਜਸ਼ ਨਾਲ ਇਲਾਜ ਕਰਦੇ/ਸਮਝਾਉਂਦੇ ਵੇਖੇ ਗਏ। ਡਾ. ਸਤਬੀਰ ਕੌਰ ਕਾਹਲੋਂ ਨੇ 30 ਮਰੀਜ਼ਾਂ ਦੇ ਦੰਦਾਂ ਦਾ ਮੁਆਇਨਾ ਕੀਤਾ। ਡਾ. ਦਲਵੀਰ ਪੰਨੂ ਡੀ. ਡੀ. ਐਸ. ਦੀ ਦੰਦਾਂ ਦੀ ਕਲੀਨਿਕ ਤੋਂ 30 ਲੋੜਵੰਦਾਂ ਨੇ ਚੈਕ ਅਪ ਕਰਵਾਇਆ।

ਇਸ ਤੋਂ ਇਲਾਵਾ ਡਾ. ਪੰਨੂ ਨੇ ਇਸ ਹਾਲ ਵਿਚੋਂ 'ਕੇ. ਐਲ. ਓ. ਕੇ. ਰੇਡੀਓ 1170' ਰਾਹੀਂ ਆਪਣੇ 'ਡੈਂਟਿਸਟ ਆਨ ਏਅਰ' ਪ੍ਰੋਗਰਾਮ ਅਧੀਨ ਇਸ ਮੈਡੀਕਲ ਸਹਾਇਤਾ ਕੈਂਪ ਦਾ ਸਾਰਾ ਅੱਖੀਂ ਡਿੱਠਾ ਹਾਲ ਨਾਲੋ ਨਾਲ ਪ੍ਰਸਾਰਤ ਕੀਤਾ ਜਿਸ ਵਿਚ ਪ੍ਰਬੰਧਕਾਂ, ਡਾਕਟਰਾਂ ਤੇ ਮਰੀਜ਼ਾਂ ਦੇ ਤਜਰਬੇ ਤੇ ਅਨੁਭਵ ਆਮ ਜਨਤਾ ਤੱਕ ਪਹੁੰਚਾਏ ਗਏ। ਜੇ. ਜੇ. ਨਿਕੋਲਸ ਅਤੇ ਜੋਏ ਮੇਅਰ ਫਾਰਮਾਸਿਸਟਾਂ ਨੇ ਸਵਾਈਨ ਫਲੂ ਦੇ ਮੁਫ਼ਤ ਟੀਕੇ ਲਗਾਏ ਜਿਸ ਤੋਂ ਲਗਪਗ 150 ਲੋਕਾਂ ਨੇ ਫਾਇਦਾ ਉਠਾਇਆ। ਪ੍ਰਬੰਧਕਾਂ ਨੇ ਡਾਕਟਰਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਮੰਦਿਰ ਵਿਚ ਅਗਲੀ ਇਕੱਤਰਤਾ 12 ਫਰਵਰੀ ਨੂੰ ਹੋਵੇਗੀ ਜਿਸ ਵਿਚ ਹੈਤੀ ਭੁਚਾਲ ਵਾਸਤੇ ਫੰਡ ਰੇਜ਼ਿੰਗ ਕੀਤੀ ਜਾਵੇਗੀ।



*ਕੈਂਪ 'ਚ ਮਰੀਜ਼ਾਂ ਦਾ ਮੁਆਇਨਾ ਕਰਦੇ ਹੋਏ ਡਾਕਟਰ*






*ਗੁਰਦੁਆਰਾ ਫਰੀਮਾਂਟ ਵਿਚ ਬਜ਼ੁਰਗਾਂ ਵਲੋਂ ਹੇਤੀ ਵਿਚ ਆਏ ਭੁਚਾਲ ਦੇ ਪੀੜਤਾਂ ਲਈ ਮਲਕੀਅਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਫੰਡਰੇਜ਼ਰ ਕੀਤਾ ਗਿਆ। ਕੁਲ 16000 ਡਾਲਰ ਦੀ ਰਕਮ ਇਕੱਠੀ ਕੀਤੀ ਗਈ। ਬਜ਼ੁਰਗ ਇਸ ਰਕਮ ਦਾ ਚੈਕ ਰਾਸ਼ਟਰਪਤੀ ਬਰਾਕ ਓਬਾਮਾ ਦੇ ਹੇਤੀ ਰਿਲੀਫ ਫੰਡ ਲਈ ਫਰੀਮਾਂਟ ਦੇ ਮੇਅਰ ਬਾਬ ਵਾਸ਼ਰਮੈਨ ਨੂੰ ਭੇਟ ਕਰਦੇ ਹੋਏ*

*Visit us on the web:* ***punjabtimesusa.com***
***To Advertise with us call: 847-359-0746***









# ਸੈਣੀ ਦੀ ਗ੍ਰਿਫਤਾਰੀ ਘੱਟ ਗਿਣਤੀਆਂ ਨਾਲ ਵਿਤਕਰਾ:ਅਟਾਰਨੀ ਪੰਨੂ

**ਨਿਊ ਯਾਰਕ:** ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਕੈਨੇਡਾ ਪੜ੍ਹੇ ਵਕੀਲ ਪਰਮਿੰਦਰ ਸਿੰਘ ਸੈਣੀ ਨੂੰ ਭਾਰਤ ਸਰਕਾਰ ਨੇ ਮਹਿਜ ਇਸ ਲਈ ਗ੍ਰਿਫਤਾਰ ਕੀਤਾ ਹੋਇਆ ਹੈ ਕਿਉਂਕਿ ਉਹ ਸਿੱਖ ਧਰਮ ਨਾਲ ਸਬੰਧ ਰੱਖਦੇ ਹਨ ਨਾ ਕਿ 25 ਸਾਲ ਪਹਿਲਾਂ ਕੀਤੇ ਕਿਸੇ ਕਥਿਤ ਜ਼ੁਰਮ ਕਰਕੇ।

ਇਥੇ ਜਾਰੀ ਇਕ ਬਿਆਨ ਵਿਚ ਅਟਾਰਨੀ ਪੰਨੂ ਨੇ ਕਿਹਾ ਕਿ ਸਿੱਖਸ ਫਾਰ ਜਸਟਿਸ ਦਾ ਇੱਕ ਵਫਦ ਗੇਅ ਜੇ. ਮੈਕਡੂਗਾਲ ਨੂੰ ਮਿਲੇਗਾ ਅਤੇ ਸ. ਸੈਣੀ ਨਾਲ ਉਸ ਦੇ ਧਾਰਮਿਕ ਭਿੰਨਭੇਦ ਬਾਰੇ ਵਿਸਥਾਰ ਵਿਚ ਦਸਦਿਆਂ ਇੱਕ ਯਾਦਪੱਤਰ ਦਿੱਤਾ ਜਾਵੇਗਾ। ਗੇਅ ਜੇ. ਮੈਕਡੂਗਾਲ ਜੈਨੇਵਾ 'ਤੇ ਆਧਾਰਤ ਸੰਯੁਕਤ ਰਾਸ਼ਟਰ ਦੇ ਘੱਟ ਗਿਣਤੀ ਬਾਰੇ ਸੁਤੰਤਰ ਮਾਹਰ ਹਨ ਜਿਨ੍ਹਾਂ ਦੀ ਨਿਯੁਕਤੀ ਸੰਯੁਕਤ ਰਾਸ਼ਟਰ ਵੱਲੋਂ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਵਿਤਕਰੇ ਦੀਆਂ ਸ਼ਿਕਾਇਤਾਂ ਦੀ ਤਫਤੀਸ਼ ਕਰਨ ਅਤੇ ਅੰਕੜੇ ਇੱਕਠੇ ਕਰਨ ਲਈ ਕੀਤੀ ਗਈ ਹੈ। ਸਿੱਖਸ ਫਾਰ ਜਸਟਿਸ ਮੈਕਡੂਗਾਲ ਨੂੰ ਬੇਨਤੀ ਕੀਤੀ ਜਾਏਗੀ ਕਿ ਪਰਮਿੰਦਰ ਸਿੰਘ ਸੈਣੀ ਨਾਲ ਹੋ ਰਹੇ ਵਿਤਕਰੇ ਭਰੇ ਸਲੂਕ ਦੀ ਮੁੱਢਲੀ ਜਾਣਕਾਰੀ ਲੈਣ ਲਈ ਸਿੱਖਸ ਫਾਰ ਜਸਟਿਸ ਦੇ ਭਾਰਤ ਜਾਣ ਵਾਲੇ ਵਫਦ ਨਾਲ ਇੱਕ ਵਿਸ਼ੇਸ਼ ਦੂਤ ਭੇਜਣ।

ਅਟਾਰਨੀ ਪੰਨੂ ਨੇ ਕਿਹਾ ਕਿ ਸ. ਸੈਣੀ ਨਾਲ ਕੀਤਾ ਗਿਆ ਸਲੂਕ ਉਸ ਸਲੂਕ ਨਾਲੋਂ ਬਿਲਕੁਲ ਵੱਖਰਾ ਹੈ ਜੋ ਦੋ ਹਿੰਦੂ ਭਰਾਵਾਂ ਭੋਲਾਨਾਥ ਅਤੇ ਦਵਿੰਦਰ ਪਾਂਡੇ ਨਾਲ ਕੀਤਾ ਗਿਆ ਸੀ ਜਿਨ੍ਹਾਂ ਨੇ ਇੰਦਰਾ ਗਾਂਧੀ ਦੀ ਰਿਹਾਈ ਲਈ 1978 ਵਿਚ ਇੰਡੀਅਨ ਏਅਰਲਾਈਨਜ਼ ਦਾ ਜਹਾਜ ਅਗਵਾ ਕਰ ਲਿਆ ਸੀ। ਇਨ੍ਹਾਂ ਭਰਾਵਾਂ ਨੂੰ ਕਾਂਗਰਸ ਪਾਰਟੀ ਨੇ 1980 ਦੀਆਂ ਅਸੰਬਲੀ ਚੋਣਾਂ ਵਿਚ ਟਿਕਟਾਂ ਨਾਲ ਨਿਵਾਜਿਆ ਸੀ। ਦੋਵੇਂ ਕਈ ਵਰ੍ਹਿਆਂ ਤਕ ਕਾਂਗਰਸੀ ਵਿਧਾਇਕ ਰਹੇ।

ਅਟਾਰਨੀ ਪੰਨੂ ਨੇ ਅੱਗੇ ਕਿਹਾ ਕਿ ਹਿੰਦੂ ਅਗਵਾਕਾਰਾਂ ਦੀ ਸਰਪ੍ਰਸਤੀ ਅਤੇ ਤਰਜੀਹੀ ਵਿਹਾਰ ਸਿਰਫ ਕਾਂਗਰਸ ਪਾਰਟੀ ਤਕ ਹੀ ਸੀਮਤ ਨਹੀਂ ਬਲਕਿ ਭਾਜਪਾ ਵੀ ਇਸੇ ਦੀ ਕਸੂਰਵਾਰ ਹੈ। ਭਾਜਪਾ ਦੇ ਇੱਕ ਹੋਰ ਕੱਟੜ ਹਮਾਇਤੀ ਅਤੇ ਇੱਕ ਹੋਰ ਹਿੰਦੂ ਸਤੀਸ਼ ਚੰਦਰ ਪਾਂਡੇ ਨੇ ਜਨਵਰੀ 1993 ਵਿਚ ਇੰਡੀਅਨ ਏਅਰਲਾਈਨਜ਼ ਦਾ ਜਹਾਜ ਬਾਬਰੀ ਮਸਜਿਦ ਢਾਹੇ ਜਾਣ ਦੀ ਹਮਾਇਤ ਵਿਚ ਅਗਵਾ ਕਰ ਲਿਆ ਸੀ। ਪਾਂਡੇ ਦੇ ਇਸ ਕਾਰੇ ਦੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਭਾਜਪਾਈ ਹਾਈਕਮਾਂਡ ਨੇ ਜਨਤਕ ਤੌਰ 'ਤੇ ਸ਼ਲਾਘਾ ਕੀਤੀ ਸੀ।


ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਦੀ ਅਗਵਾਈ ਵਿਚ ਇੱਕ ਵਫਦ ਦਿੱਲੀ ਵਿਚ ਯੂ ਐਨ ਐਚ ਸੀ ਆਰ ਦੇ ਮਿਸ਼ਨ ਚੀਫ ਨੂੰ ਮਿਲੇਗਾ ਅਤੇ ਇੱਕ ਯਾਦ ਪੱਤਰ ਦੇਵੇਗਾ ਜਿਸ ਵਿਚ ਸੈਣੀ ਨਾਲ ਹੋ ਰਹੇ ਵਿਤਕਰੇ ਦੇ ਵੇਰਵੇ ਦਿੱਤੇ ਜਾਣਗੇ ਅਤੇ ਸੰਯੁਕਤ ਰਾਸ਼ਟਰ ਦੇ ਫੌਰੀ ਦਖਲ ਦੀ ਮੰਗ ਕੀਤੀ ਜਾਵੇਗੀ।



*ਪੰਜਾਬ ਦੇ ਪਸ਼ੂ ਪਾਲਣ ਮੰਤਰੀ ਸ. ਗੁਲਜ਼ਾਰ ਸਿੰਘ ਰਣੀਕੇ ਆਪਣੇ ਅਮਰੀਕਾ ਦੌਰੇ ਦੌਰਾਨ ਨਿਊ ਯਾਰਕ ਵਿਚ ਉਘੇ ਵਕੀਲ ਸ. ਜਸਪ੍ਰੀਤ ਸਿੰਘ ਦੇ ਦਫਤਰ ਵੀ ਪਹੁੰਚੇ। ਗੱਲਬਾਤ ਦੌਰਾਨ ਮੰਤਰੀ ਨੇ ਸ. ਜਸਪ੍ਰੀਤ ਸਿੰਘ ਵਲੋਂ ਗੁਰੂ ਮਾਨਿਓ ਗ੍ਰੰਥ ਟੈਲੀਫਿਲਮ ਬਣਾਏ ਜਾਣ ਦੀ ਭਰਵੀਂ ਸ਼ਲਾਘਾ ਕੀਤੀ। ਤਸਵੀਰ ਵਿਚ ਸ. ਰਣੀਕੇ ਆਪਣੀ ਧਰਮ ਪਤਨੀ, ਜਸਪ੍ਰੀਤ ਸਿੰਘ ਅਤੇ ਨਰਿੰਦਰ ਭਿੰਡਰ ਦੇ ਨਾਲ।*

# ਫੇਅਰਫੀਲਡ ਗੁਰੂ ਘਰ ਦੇ ਸਾਬਕਾ ਪ੍ਰਧਾਨ ਬਿੱਕਰ ਸਿੰਘ ਕਾਜਲਾ ਸੁਰਗਵਾਸ

**ਫੇਅਰਫੀਲਡ, ਕੈਲੀਫੋਰਨੀਆ:** ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਦੇ ਸਾਬਕਾ ਪ੍ਰਧਾਨ ਸ. ਬਿੱਕਰ ਸਿੰਘ ਕਾਜਲਾ ਕੁਝ ਸਮਾਂ ਬਿਮਾਰ ਰਹਿਣ ਉਪਰੰਤ 31 ਜਨਵਰੀ ਨੂੰ ਅਚਾਨਕ ਅਕਾਲ ਚਲਾਣਾ ਕਰ ਗਏ।



ਮਰਹੂਮ ਸ. ਕਾਜਲਾ ਪੰਜਾਬੀ ਭਾਈਚਾਰੇ ਵਿਚ ਬਹੁਤ ਹੀ ਹਰਮਨ ਪਿਆਰੇ, ਨਿਡਰ ਅਤੇ ਸਾਫ ਹਿਰਦੇ ਵਾਲੇ ਵਿਅਕਤੀ ਕਰਕੇ ਜਾਣੇ ਜਾਂਦੇ ਸਨ। ਉਨ੍ਹਾਂ ਦਾ ਸਸਕਾਰ ਐਤਵਾਰ 7 ਫਰਵਰੀ ਨੂੰ ਸਵੇਰੇ 11 ਵਜੇ ਵੀ ਏ ਸੀ ਏ ਹਿੱਲ ਚੈਪਲ ਫਿਊਨਰਲ ਹੋਮ, ਵਾਕਾਵਿਲ (524 ਐਲਮੀਰਾ ਰੋਡ, ਫੋਨ: 707-446-3233) ਵਿਖੇ ਹੋਵੇਗਾ। ਉਪਰੰਤ ਭੋਗ ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਵਿਖੇ ਪਵੇਗਾ।

ਸ. ਕਾਜਲਾ ਦਾ ਜਨਮ 31 ਮਾਰਚ 1932 ਨੂੰ ਪਿੰਡ ਬਾਹੋਵਾਲ, ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ ਅਤੇ ਉਨ੍ਹਾਂ ਆਪਣੀ ਮੁਢਲੀ ਵਿਦਿਆ ਖਾਲਸਾ ਕਾਲਜ ਮਾਹਿਲਪੁਰ ਤੋਂ ਹਾਸਲ ਕੀਤੀ। 1965 ਵਿਚ ਉਹ ਯੂਬਾ ਸਿਟੀ ਆ ਗਏ ਅਤੇ ਫਿਰ ਬੇ-ਏਰੀਏ ਵਿਚ ਆ ਕੇ ਆਪਣਾ ਕਾਰੋਬਾਰ ਸ਼ੁਰੂ ਕੀਤਾ। ਸ. ਕਾਜਲਾ ਆਪਣੇ ਪਿਛੇ 4 ਲੜਕੀਆਂ, ਇਕ ਲੜਕਾ ਅਤੇ ਦੋਹਤਰਿਆਂ-ਪੋਤਰਿਆਂ-ਪੜਪੋਤਰਿਆਂ ਦਾ ਇਕ ਵੱਡਾ ਪਰਿਵਾਰ ਛੱਡ ਗਏ ਹਨ। ਸ. ਕਾਜਲਾ ਦੇ ਪਰਿਵਾਰ ਦੇ ਕੋਈ ਢਾਈ ਸੌ ਜੀਅ ਉਨ੍ਹਾਂ ਦੀ ਮਦਦ ਨਾਲ ਇਸ ਵੇਲੇ ਅਮਰੀਕਾ ਵਿਚ ਹਨ।

ਸ. ਕਾਜਲਾ ਪਹਿਲਾਂ ਗੁਰੂ ਘਰ ਐਲ ਸਬਰਾਂਟੇ ਦੇ ਫਾਊਂਡਰ ਮੈਂਬਰ ਸਨ ਅਤੇ ਇਸ ਗੁਰੂ ਘਰ ਦੀ ਪ੍ਰਬੰਧਕੀ ਕਮੇਟੀ ਵਿਚ ਮੀਤ ਪ੍ਰਧਾਨ ਵੀ ਰਹਿ ਚੁਕੇ ਹਨ। 1991 ਵਿਚ ਫੇਅਰਫੀਲਡ ਗੁਰੂ ਘਰ ਬਣਿਆ ਤਾਂ ਉਹ ਗੁਰੂ ਘਰ ਦੇ ਪ੍ਰਧਾਨ ਬਣੇ। ਗੁਰਦੁਆਰਾ ਫੇਅਰਫੀਲਡ ਦੀ ਪ੍ਰਬੰਧਕੀ ਕਮੇਟੀ ਨੇ ਸ. ਕਾਜਲਾ ਦੇ ਚਲਾਣੇ 'ਤੇ ਦੁੱਖ ਪ੍ਰਗਟਾਉਂਦਿਆਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ ਕਿ ਆਪਣੇ ਚਰਨਾਂ ਵਿਚ ਵਿਛੜੀ ਰੂਹ ਨੂੰ ਥਾਂ ਦੇਵੇ। ਪਰਿਵਾਰ ਨਾਲ ਸੰਪਰਕ ਫੋਨ 707-448-0068, 707-673-6721 ਉਤੇ ਕੀਤਾ ਜਾ ਸਕਦਾ ਹੈ।

# ਓਬਾਮਾ ਵਲੋਂ 38 ਖਰਬ ਡਾਲਰ ਦਾ ਬਜਟ ਪੇਸ਼

*(ਸਫਾ ਇਕ ਦੀ ਬਾਕੀ)*

ਰਖਿਆ ਗਿਆ ਹੈ। ਸ੍ਰੀ ਓਬਾਮਾ ਦਾ ਅਗਲੇ ਦਸਾਂ ਸਾਲਾਂ ਵਿਚ ਬਜਟ ਘਾਟਾ ਇਕ ਟ੍ਰਿਲੀਅਨ ਡਾਲਰ ਘਟਾਉਣ ਦਾ ਵੀ ਵਾਇਦਾ ਹੈ। ਰਾਸ਼ਟਰਪਤੀ ਨੇ ਵਿਧਾਨਕਾਰਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀ ਗੱਲ ਮੰਨਦਿਆਂ ਆਪਣੇ ਪ੍ਰੋਗਰਾਮਾਂ ਵਿਚ ਕਟੌਤੀ ਕਰਨ ਬੇਸ਼ਕ ਉਹ ਉਨ੍ਹਾਂ ਨੂੰ ਕਿੰਨੇ ਵੀ ਪਿਆਰੇ ਕਿਉਂ ਨਾ ਹੋਣ। ਉਹ ਦੇਖਣ ਕਿ ਕਿਹੜੇ ਪ੍ਰੋਗਰਾਮ ਠੀਕ ਚਲ ਰਹੇ ਹਨ ਅਤੇ ਕਿਹੜੇ ਨਹੀਂ, ਇਸੇ ਹਿਸਾਬ ਇਨ੍ਹਾਂ ਵਿਚ ਕਟੌਤੀ ਕਰਨ।

ਆਉਂਦੇ ਨਵੰਬਰ ਮਹੀਨੇ ਹੋਣ ਵਾਲੀਆਂ ਚੋਣਾਂ ਵਿਚ ਹਾਰ ਦੇ ਡਰੋਂ ਡੈਮੋਕਰੈਟਾਂ ਵਲੋਂ ਸ੍ਰੀ ਓਬਾਮਾ ਦੀਆਂ ਕਈ ਤਜਵੀਜ਼ਾਂ ਦਾ ਵਿਰੋਧ ਕਰਨ ਵਿਚ ਰਿਪਬਲਿਕਨਾਂ ਦਾ ਸਾਥ ਦਿੱਤੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮਾਡਰੇਟ ਡੈਮੋਕਰੈਟ ਪਹਿਲਾਂ ਹੀ ਇਕ ਹੋਰ ਰਿਣ-ਵਿਤ ਆਰਥਕ ਹੁਲਾਰਾ ਪ੍ਰੋਗਰਾਮ ਪ੍ਰਤੀ ਸ਼ੰਕੇ ਵਿਚ ਹਨ ਅਤੇ ਉਨ੍ਹਾਂ ਵਲੋਂ ਸ੍ਰੀ ਓਬਾਮਾ ਦੇ ਕਈ ਟੈਕਸ ਵਾਧਿਆਂ ਅਤੇ ਖਰਚ ਕਟੌਤੀਆਂ ਦਾ ਵਿਰੋਧ ਕੀਤੇ ਜਾਣ ਦੀ ਸੰਭਾਵਨਾ ਹੈ।

ਰਾਸ਼ਟਰਪਤੀ ਓਬਾਮਾ ਨੇ ਕੁਝ ਖਰਚਿਆਂ ਉਤੇ ਆਰਜੀ ਰੋਕ ਲਾਉਣ, ਅਮੀਰ ਲੋਕਾਂ ਉਤੇ ਟੈਕਸ ਵਧਾਉਣ ਅਤੇ ਬੈਂਕਾਂ ਤੇ ਇਕ ਨਵੀਂ ਫੀਸ ਲਾਉਣ ਦੀ ਤਜਵੀਜ਼ ਰਖੀ ਹੈ। ਰਾਸ਼ਟਰਪਤੀ ਓਬਾਮਾ ਨੂੰ ਬੜੇ ਔਖੇ ਰਸਤੇ ਤੇ ਚਲਣਾ ਪੈ ਰਿਹਾ ਹੈ। ਇਕ ਪਾਸੇ ਉਨ੍ਹਾਂ ਸਾਹਮਣੇ ਆਰਥਕ ਮੰਦੇ ਨੂੰ ਲਮਕਣ ਤੋਂ ਰੋਕਣ ਅਤੇ ਬੇਰੁਜਗਾਰੀ ਨੂੰ ਠੱਲ ਪਾਉਣ ਦਾ ਟੀਚਾ ਹੈ ਅਤੇ ਦੂਜੇ ਪਾਸੇ ਬਜਟ ਘਾਟੇ ਨੂੰ ਵੱਧਣ ਤੇ ਬਦਲੇ 'ਚ ਸਿਆਸੀ ਸੰਕਟ ਪੈਦਾ ਹੋਣ ਨੂੰ ਰੋਕਣ ਦਾ ਟੀਚਾ ਹੈ। ਸੋ ਬਜਟ ਘਾਟੇ ਨੂੰ ਕਾਬੂ 'ਚ ਰਖਣ ਦਾ ਵਾਇਦਾ ਕਰਦਿਆਂ ਉਨ੍ਹਾਂ ਆਖਿਆ ਹੈ ਕਿ ਬੇਰੁਜਗਾਰੀ ਨੂੰ ਘਟਾਉਣ ਲਈ ਥੋੜੇ ਸਮੇਂ ਲਈ ਬਜਟ ਘਾਟੇ ਨੂੰ ਬਰਦਾਸ਼ਤ ਕਰਨਾ ਹੀ ਪਵੇਗਾ।

ਸ੍ਰੀ ਓਬਾਮਾ ਦੇ ਬਜਟ ਵਿਚ ਨਵੀਂ ਭਰਤੀ ਕਰਨ ਵਾਲੇ ਕਾਰੋਬਾਰਾਂ ਨੂੰ ਹਰ ਵਰਕਰ ਪਿਛੇ 5000 ਡਾਲਰ ਦਾ ਟੈਕਸ ਕਰੈਡਿਟ ਦੇਣ ਤੋਂ ਇਲਾਵਾ ਸੋਸ਼ਲ ਸਿਕਿਓਰਟੀ ਲੈਣ ਵਾਲੇ ਸੀਨੀਅਰ ਸਿਟੀਜ਼ਨਾਂ ਨੂੰ 250 ਡਾਲਰ ਦਾ ਇਕ ਹੋਰ ਚੈਕ ਦੇਣ, ਬੇਰੁਜਗਾਰਾਂ ਨੂੰ ਅਨਇੰਪਲਾਏਮੈਂਟ ਬੈਨੇਫਿਟ ਅਤੇ ਹੈਲਥ ਇੰਸ਼ੋਰੈਂਸ ਲਾਭ ਇਸ ਸਾਲ ਦੇ ਅਖੀਰ ਤਕ ਦੇਣ ਦੀ ਤਜਵੀਜ਼ ਹੈ। ਓਬਾਮਾ ਕੰਮ ਕਰਨ ਵਾਲੇ ਵਰਕਰਾਂ ਨੂੰ 400 ਡਾਲਰ ਦਾ ਟੈਕਸ ਕਰੈਡਿਟ 2011 ਵਿਚ ਵੀ ਦੇਣਾ ਚਾਹੁੰਦੇ ਹਨ। ਸ੍ਰੀ ਓਬਾਮਾ ਵਲੋਂ ਰਾਸ਼ਟਰਪਤੀ ਬੁਸ਼ ਦੇ ਵੇਲਿਆਂ ਵਿਚ ਮੱਧਵਰਗੀ ਪਰਿਵਾਰਾਂ ਨੂੰ ਦਿੱਤੀਆਂ ਗਈਆਂ ਟੈਕਸ ਕਟੌਤੀਆਂ ਬਹਾਲ ਰਖੀਆਂ ਜਾਣਗੀਆਂ।

ਰਿਪਬਲਿਕਨਾਂ ਨੇ ਰਾਸ਼ਟਰਪਤੀ ਓਬਾਮਾ ਦੀਆਂ ਬਜਟ ਤਜਵੀਜ਼ਾਂ ਦੀ ਆਲੋਚਨਾ ਕਰਦਿਆਂ ਆਖਿਆ ਹੈ ਕਿ ਇਹ ਬਜਟ ਹੋਰ ਟੈਕਸਾਂ, ਵਧੇ ਖਰਚਾਂ ਅਤੇ ਵਧੇ ਘਾਟੇ ਦਾ ਪੁਲੰਦਾ ਹੈ। ਇਸ ਬਜਟ ਨਾਲ ਆਉਣ ਵਾਲੇ ਦਹਾਕੇ ਵਿਚ 8.5 ਮਿਲੀਅਨ ਡਾਲਰ ਦਾ ਘਾਟਾ ਦਰਜ ਹੋਵੇਗਾ।

# ਸੱਜਣ ਕੁਮਾਰ ਖਿਲਾਫ ਸੰਮਨ ਜਾਰੀ

**ਨਵੀਂ ਦਿੱਲੀ:** ਨਵੀਂ ਦਿੱਲੀ: ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਦਿੱਲੀ ਦੀ ਕੜਕੜਡੂਮਾ ਅਦਾਲਤ ਨੇ ਸਾਬਕਾ ਕਾਂਗਰਸੀ ਐਮ ਪੀ ਅਤੇ ਹੋਰਨਾਂ ਖ਼ਿਲਾਫ਼ ਸੰਮਨ ਜਾਰੀ ਕਰ ਦਿੱਤੇ ਹਨ। ਸੋਮਵਾਰ ਨੂੰ ਵਧੀਕ ਮੁੱਖ ਮੈਟਰੋਪਾਲੀਟਨ ਜੱਜ ਸ੍ਰੀ ਲੋਕੇਸ਼ ਕੁਮਾਰ ਸ਼ਰਮਾ ਨੇ 62 ਸਾਲਾ ਸੱਜਣ ਕੁਮਾਰ ਅਤੇ ਹੋਰਨਾਂ ਨੂੰ 17 ਫਰਵਰੀ ਨੂੰ ਅਦਾਲਤ 'ਚ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ।

ਆਪਣੇ ਹੁਕਮ ਵਿਚ ਜੱਜ ਨੇ ਕਿਹਾ ਕਿ ਦੋਸ਼ ਪੱਤਰਾਂ ਤੇ ਗਵਾਹਾਂ ਦੇ ਬਿਆਨਾਂ ਦਾ ਅਧਿਐਨ ਕਰਨ ਤੋਂ ਬਾਅਦ ਪਹਿਲੀ ਨਜ਼ਰੇ ਦੋਸ਼ੀਆਂ ਖ਼ਿਲਾਫ਼ ਕਤਲ, ਕਤਲੇਆਮ ਭੜਕਾਉਣ ਅਤੇ ਹੋਰ ਅਪਰਾਧਾਂ ਦਾ ਮਾਮਲਾ ਬਣਦਾ ਹੈ। ਪਰ ਜੱਜ ਨੇ ਸੀ. ਬੀ. ਆਈ. ਅਤੇ ਸਿੱਖਸ ਫਾਰ ਜਸਟਿਸ ਦੇ ਵਕੀਲ ਦੀ ਉਹ ਅਪੀਲ ਰੱਦ ਕਰ ਦਿੱਤੀ ਜਿਸ ਵਿਚ ਦੋਸ਼ੀ ਵਿਰੁੱਧ ਅਪਰਾਧਾਂ ਦੀ ਗੰਭੀਰਤਾ ਨੂੰ ਵੇਖਦਿਆਂ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰਨ ਦੀ ਮੰਗ ਕੀਤੀ ਗਈ ਸੀ। ਅਦਾਲਤ ਨੇ ਕਿਹਾ ਕਿ ਸਾਰਿਆਂ ਤੱਥਾਂ ਅਤੇ ਹਾਲਾਤ ਦੀ ਰੌਸ਼ਨੀ 'ਚ ਇਹ ਪਤਾ ਲੱਗਦਾ ਹੈ ਕਿ ਸਾਰੇ ਦੋਸ਼ੀ ਇਸੇ ਇਲਾਕੇ ਦੇ ਸਨ। ਕਿਸੇ ਵੀ ਗਵਾਹ ਨੇ ਅਪਰਾਧਿਕ ਧਮਕੀ ਦਿੱਤੇ ਜਾਣ ਦੀ ਸ਼ਿਕਾਇਤ ਨਹੀਂ ਕੀਤੀ। ਅਦਾਲਤ ਨੇ ਕਿਹਾ ਕਿ ਸੀ. ਬੀ. ਆਈ. ਦੀ ਪਹਿਲੀ ਚਿੰਤਾ ਦੋਸ਼ੀ ਦੀ ਹਾਜ਼ਰੀ ਯਕੀਨੀ ਬਣਾਉਣਾ ਹੈ। ਅਦਾਲਤ ਨੂੰ ਦੋਸ਼ੀ ਦੀ ਹਾਜ਼ਰੀ ਯਕੀਨੀ ਬਣਾਉਣ ਲਈ ਕਿਸੇ ਪ੍ਰਤੀਰੋਧੀ ਤਰੀਕੇ ਦੀ ਵਰਤੋਂ ਦਾ ਕੋਈ ਕਾਰਨ ਨਜ਼ਰ ਨਹੀਂ ਆਇਆ। ਇਸ ਲਈ ਗ਼ੈਰ-ਜ਼ਮਾਨਤੀ ਵਾਰੰਟ ਦੀ ਮੰਗ ਨਹੀਂ ਮੰਨੀ ਗਈ।

**ਫੈਡਰੇਸ਼ਨ ਵਲੋਂ ਮੁਜਾਹਰਾ:** ਸੱਜਣ ਕੁਮਾਰ ਮਾਮਲੇ ਦੀ ਸੁਣਵਾਈ ਮੌਕੇ ਦਿੱਲੀ ਦੀ ਕੜਕੜਡੂਮਾ ਅਦਾਲਤ ਦੇ ਬਾਹਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਸਿੱਖਸ ਫਾਰ ਜਸਟਿਸ ਅਤੇ ਪੀੜਤ ਸਿੱਖ ਪਰਿਵਾਰਾਂ ਨੇ ਪ੍ਰਦਰਸ਼ਨ ਕੀਤਾ, ਜਿਸ ਦੀ ਅਗਵਾਈ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਕੀਤੀ। ਪੀੜਤ ਪਰਿਵਾਰਾਂ ਨੇ ਹੱਥਾਂ 'ਚ ਬੈਨਰ ਫੜ ਕੇ ਪ੍ਰਦਰਸ਼ਨ ਕਰਦਿਆਂ ਸੱਜਣ ਕੁਮਾਰ, ਜਗਦੀਸ਼ ਟਾਈਟਲਰ, ਕਮਲ ਨਾਥ ਤੇ ਹੋਰਨਾਂ ਦੋਸ਼ੀਆਂ ਦੇ ਪੁਤਲੇ ਸਾੜੇ।

ਅਦਾਲਤ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਸਿੱਖ ਕੌਮ ਪਿਛਲੇ 25 ਸਾਲਾਂ ਤੋਂ ਇਨਸਾਫ਼ ਪ੍ਰਾਪਤੀ ਲਈ ਸੰਘਰਸ਼ ਕਰਦੀ ਆ ਰਹੀ ਹੈ ਪ੍ਰੰਤੂ ਮੌਕੇ ਦੀ ਕਾਂਗਰਸ ਸਰਕਾਰ ਦੋਸ਼ੀਆਂ ਨੂੰ ਬਚਾਉਣ ਲਈ ਸੀ. ਬੀ. ਆਈ. 'ਤੇ ਦਬਾਓ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸਬੂਤਾਂ ਵਜੋਂ ਅਨੇਕਾਂ ਗਵਾਹ ਅਦਾਲਤਾਂ 'ਚ ਖੜ੍ਹੇ ਕੀਤੇ ਹਨ ਪ੍ਰੰਤੂ ਕਈ ਚਸ਼ਮਦੀਦ ਗਵਾਹਾਂ ਦੇ ਬਿਆਨ ਦਰਜ ਨਹੀਂ ਕੀਤੇ ਜਾ ਰਹੇ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਕੇਸ ਦੇ ਮੁੱਖ ਗਵਾਹ ਸ੍ਰੀ ਐਚ. ਐਸ. ਕੋਹਲੀ ਦੇ ਵੀ ਬਿਆਨ ਅਜੇ ਤੱਕ ਦਰਜ ਨਹੀਂ ਕੀਤੇ ਗਏ ਜਦ ਕਿ ਉਸ ਦੀਆਂ ਅੱਖਾਂ ਦੇ ਸਾਹਮਣੇ ਸੱਜਣ ਕੁਮਾਰ ਦੀ ਅਗਵਾਈ ਵਾਲੀ ਭੀੜ ਨੇ ਉਸ ਦੇ ਜੀਜੇ ਅਤੇ ਪਿਤਾ ਨੂੰ ਸਾੜ ਦਿੱਤਾ ਸੀ। ਇਸ ਮੌਕੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸੀਨੀਅਰ ਆਗੂ ਸ. ਰਮਨਦੀਪ ਸਿੰਘ ਸੰਨੀ, ਸ. ਨਰਿੰਦਰ ਸਿੰਘ, ਸ. ਅਵਤਾਰ ਸਿੰਘ, ਬੀਬੀ ਬਲਜੀਤ ਕੌਰ, ਬੀਬੀ ਪੂਨਮ ਕੌਰ, ਸਿੱਖਸ ਫਾਰ ਵਿਕਟਮ ਦੀ ਚੇਅਰਪਰਸਨ ਬੀਬੀ ਨਿਰਪ੍ਰੀਤ ਕੌਰ, ਸਿੱਖ ਕਤਲੇਆਮ ਇਨਸਾਫ਼ ਕਮੇਟੀ ਦੇ ਆਗੂ ਸ. ਬਾਬੂ ਸਿੰਘ ਦੁਖੀਆ, ਬੀਬੀ ਭਾਰਤੀ ਕੌਰ, ਬੀਬੀ ਨਿਰਮਲ ਕੌਰ, ਬੀਬੀ ਪੱਪੀ ਕੌਰ, ਸ. ਜਗਦੀਸ਼ ਸਿੰਘ, ਸ. ਮੋਹਣ ਸਿੰਘ, ਸ. ਹਰੀ ਸਿੰਘ ਸਮੇਤ ਵੱਡੀ ਗਿਣਤੀ 'ਚ ਪੀੜਤ ਪਰਿਵਾਰ ਹਾਜ਼ਰ ਸਨ।

# ਜਯੋਤੀ ਬਾਸੂ ਦੇ ਦਿਹਾਂਤ ਉਤੇ ਦੁੱਖ ਦਾ ਪ੍ਰਗਟਾਵਾ

**ਸੰਨੀਵੇਲ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਗਦਰ ਲਹਿਰ ਨਾਲ ਜੁੜੀਆਂ ਵੱਖ-ਵੱਖ ਜਥੇਬੰਦੀਆਂ ਨੇ ਬਜ਼ੁਰਗ ਕਮਿਊਨਿਸਟ ਆਗੂ ਸ੍ਰੀ ਜਯੋਤੀ ਬਾਸੂ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਹੈ ਕਿ ਸ੍ਰੀ ਜਯੋਤੀ ਬਾਸੂ ਦੇ ਦਿਹਾਂਤ ਨਾਲ ਕਮਿਊਨਿਸਟ ਲਹਿਰ ਦੇ ਇਕ ਯੁਗ ਦਾ ਅੰਤ ਹੋ ਗਿਆ ਹੈ।

ਇਥੇ ਹੋਈ ਇਕ ਸ਼ੋਕ ਮੀਟਿੰਗ ਵਿਚ ਇੰਡੋ-ਅਮੈਰੀਕਨ ਦੇਸ਼ ਭਗਤ ਫਾਉਂਡੇਸ਼ਨ ਬੇ-ਏਰੀਆ, ਇੰਡੀਆ ਸੋਸ਼ਲ ਐਂਡ ਕਲਚਰਲ ਫੋਰਮ, ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਅਤੇ ਇੰਡੋ-ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਕਾਰਕੁੰਨ ਸ਼ਾਮਲ ਹੋਏ। ਮੀਟਿੰਗ ਵਿਚ ਸਵਰਗਵਾਸੀ ਸ੍ਰੀ ਜਯੋਤੀ ਬਾਸੂ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਕਰਵਾਉਣ ਦਾ ਫੈਸਲਾ ਕੀਤਾ ਗਿਆ ਜਿਸ ਦਾ ਸਥਾਨ ਅਤੇ ਦਿਨ ਆਉਣ ਵਾਲੇ ਦਿਨਾਂ ਵਿਚ ਤੈਅ ਕੀਤੇ ਜਾਣਗੇ।

ਮੀਟਿੰਗ ਵਿਚ ਡਾ. ਵੇਦ ਵਟੁੱਕ, ਗੁਰਦੀਪ ਸਿੰਘ ਅਣਖੀ, ਗਿਆਨ ਸਿੰਘ ਬਿਲਗਾ, ਰਾਜ ਭਨੋਟ (ਹਿੰਦੂ ਟੈਂਪਲ ਅਤੇ ਕਮਿਊਨਿਟੀ ਸੈਂਟਰ, ਸਨੀਵੇਲ), ਬਲਬੀਰ ਸਿੰਘ ਜੌਹਲ, ਸੁਰਿੰਦਰ ਮੰਢਾਲੀ, ਰਮੇਸ਼ ਸ਼ਰਮਾ, ਬਲਦੇਵ ਧਾਲੀਵਾਲ, ਗਣੇਸ਼ ਦੱਤ, ਜਸਵੰਤ ਸਿੰਘ ਫਗਵਾੜਾ, ਮਹਿੰਗਾ ਸਿੰਘ ਸਰਪੰਚ, ਮਹਿੰਦਰ ਸਿੰਘ ਢਾਹ ਅਤੇ ਪੰਕਜ ਆਂਸਲ ਨੇ ਹਿੱਸਾ ਲਿਆ।

# ਸੀਨੀਅਰ ਸਿਟੀਜ਼ਨ ਸੈਂਟਰ ਵਲੋਂ ਅਕਾਲ ਤਖ਼ਤ ਦੇ ਫੈਸਲੇ ਦੀ ਸ਼ਲਾਘਾ

ਬੇਕਰਜ਼ਫੀਲਡ (ਮਨਦੀਪ ਮਾਨ): ਸਥਾਨਕ ਪੰਜਾਬੀ ਅਮੈਰਿਕਨ ਸੀਨੀਅਰ ਸਿਟੀਜ਼ਨ ਸੈਂਟਰ ਨੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਪੰਥ ਵਿਚੋਂ ਛੇਕੇ ਜਾਣ ਦੇ ਅਕਾਲ ਤਖ਼ਤ ਦੇ ਹੁਕਮ ਦਾ ਸਵਾਗਤ ਕੀਤਾ ਹੈ। ਜਥੇਬੰਦੀ ਦੀ ਇਕ ਮੀਟਿੰਗ ਚੇਅਰਮੈਨ ਮਲਕੀਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮਹਿਸੂਸ ਕੀਤਾ ਗਿਆ ਕਿ ਸਮੂਹ ਸਿੱਖਾਂ ਨੂੰ ਅਕਾਲ ਤਖ਼ਤ ਦੇ ਫੈਸਲੇ ਉਤੇ ਫੁੱਲ ਚੜ੍ਹਾਉਣੇ ਚਾਹੀਦੇ ਹਨ।



ਜਥੇਬੰਦੀ ਦੇ ਸਕੱਤਰ ਅਤੇ ਬੁਲਾਰੇ ਗਿਆਨੀ ਗੁਰਚਰਨ ਸਿੰਘ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਤੋਂ ਪਹਿਲਾਂ ਵੀ ਅਕਾਲ ਤਖ਼ਤ ਸਾਹਿਬ ਤੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਸਾਬਕਾ ਕੇਂਦਰੀ ਮੰਤਰੀ ਬੂਟਾ ਸਿੰਘ, ਸਾਬਕਾ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਵੀ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਆਪਣੀ ਭੁੱਲ ਬਖ਼ਸ਼ਾਈ ਹੈ। ਪ੍ਰੋ. ਦਰਸ਼ਨ ਸਿੰਘ ਰਾਗੀ ਨੇ ਆਪਣੀ ਹਊਮੈ ਦੇ ਵਸ ਹੋ ਕੇ ਅਕਾਲ ਤਖ਼ਤ ਦੇ ਹੁਕਮਨਾਮੇ ਅਗੇ ਸਿਰ ਝੁਕਾ ਕੇ ਤਨਖਾਹ ਲੁਆਉਣ ਤੋਂ ਇਨਕਾਰ ਕੀਤਾ ਹੈ ਇਸ ਲਈ ਉਨ੍ਹਾਂ ਵਿਰੁਧ ਲਿਆ ਗਿਆ ਫੈਸਲਾ ਬਿਲਕੁਲ ਸਹੀ ਹੈ। ਜਥੇਬੰਦੀ ਦੀ ਮੀਟਿੰਗ ਵਿਚ ਹਾਜ਼ਰ ਸੱਜਣਾਂ ਵਿਚ ਮਾਸਟਰ ਗੁਰਪ੍ਰਤਾਪ ਸਿੰਘ ਮੀਤ ਪ੍ਰਧਾਨ, ਦਲਬੀਰ ਸਿੰਘ ਲੌਂਗੀਆ ਖਜ਼ਾਨਚੀ, ਸੰਪੂਰਨ ਸਿੰਘ ਬਸਰਾ, ਜਗਜੀਤ ਸਿੰਘ ਕੂਨਰ ਸਲਾਹਕਾਰ, ਭਾਈ ਜਗਦੀਸ਼ ਸਿੰਘ, ਭਾਈ ਕਰਤਾਰ ਸਿੰਘ, ਅਜਮੇਰ ਸਿੰਘ ਢਿੱਲੋਂ, ਭਾਈ ਜਗਤਾਰ ਸਿੰਘ ਅਤੇ ਜੋਗਾ ਸਿੰਘ ਮੌਜੂਦ ਸਨ।

***To Advertise with us***
***call: 847-359-0746***
***Fax:847-705-9388***

# ਰਾਹੁਲ ਵਲੋਂ ਸ਼ਿਵ ਸੈਨਾ ਦਾ ਵਿਰੋਧ

**ਪਟਨਾ :** ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਤੋਂ ਬਾਅਦ ਮਰਾਠੀ ਮਾਮਲੇ 'ਤੇ ਖੁੱਲ੍ਹ ਕੇ ਬੋਲਦਿਆਂ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ਸਾਰੇ ਭਾਰਤ ਵਾਸੀਆਂ ਦਾ ਹੈ ਅਤੇ ਹਰ ਕਿਸੇ ਨੂੰ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਜਾਣ ਅਤੇ ਰਹਿਣ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਇਸ ਬਿਆਨ ਤੋਂ ਬਾਅਦ ਸ਼ਿਵ ਸੈਨਾ ਉਨ੍ਹਾਂ ਬਾਰੇ ਵਿੱਚ ਕੀ ਕੁਝ ਕਹਿੰਦੀ ਹੈ, ਉਸਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ।

ਸ਼ਿਵ ਸੈਨਾ ਮੁਖੀ ਬਾਲ ਠਾਕਰੇ ਦੇ ਹਮਲਿਆਂ ਤੋਂ ਨਾਰਾਜ਼ ਕਾਂਗਰਸੀ ਆਗੂ ਸ੍ਰੀ ਰਾਹੁਲ ਗਾਂਧੀ ਨੇ ਬੀਤੀ 2 ਫਰਵਰੀ ਨੂੰ ਇੱਥੇ ਕਿਹਾ ਕਿ ਹਰ ਦੇਸ਼ ਵਾਸੀ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਜਾ ਕੇ ਰਹਿ ਸਕਦਾ ਹੈ ਅਤੇ ਉਸ ਨਾਲ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਪੂਰੀ ਤਰ੍ਹਾਂ ਗਲਤ ਹੈ। ਉਨ੍ਹਾਂ ਨੇ ਮੁੰਬਈ ਹਮਲਿਆਂ ਵਿੱਚ ਮਹਾਰਾਸ਼ਟਰ ਦੇ ਜਾਂਬਾਜ਼ ਜਵਾਨਾਂ ਸਮੇਤ ਐਨਐਸਜੀ ਦੇ ਕਮਾਂਡੋਆਂ ਦੀ ਕੁਰਬਾਨੀ ਦੀ ਖੂਬ ਪਸੰਸਾ ਕੀਤੀ। ਉਨ੍ਹਾਂ ਕਿਹਾ ਕਿ ਮੁੰਬਈ ਵਿੱਚ ਦਹਿਸ਼ਤਗਰਦੀ ਹਮਲੇ ਦੌਰਾਨ ਮੁਕਾਬਲਾ ਕਰਨ ਵਾਲੇ ਐਨਐਸਜੀ ਜਵਾਨਾਂ ਵਿੱਚ ਬਿਹਾਰ, ਉਤਰ ਪ੍ਰਦੇਸ਼, ਗੁਜਰਾਤ, ਹਿਮਾਚਲ ਪ੍ਰਦੇਸ਼ ਅਤੇ ਮਹਾਰਾਸ਼ਟਰ ਸਮੇਤ ਦੇਸ਼ ਦੇ ਹਰ ਹਿੱਸੇ ਦੇ ਬਹਾਦਰ ਜਵਾਨ ਸ਼ਾਮਲ ਸਨ।

ਉਨ੍ਹਾਂ ਕਿਹਾ ਕਿ ਉਸ ਸਮੇਂ ਸ਼ਿਵ ਸੈਨਾ ਨੇ ਇਹ ਨਹੀਂ ਕਿਹਾ ਕਿ ਬਿਹਾਰ ਤੇ ਉਤਰ ਪ੍ਰਦੇਸ਼ ਦੇ ਲੋਕਾਂ ਨੂੰ ਬਾਹਰ ਕੱਢੋ। ਸ੍ਰੀ ਗਾਂਧੀ ਨੇ ਕਿਹਾ ਕਿ ਭਾਰਤ ਨੇ ਅੱਗੇ ਵਧਣਾ ਹੈ ਅਤੇ ਉਸਦੇ ਨਾਲ ਹੀ ਸਾਰਿਆਂ ਨੇ ਅੱਗੇ ਵਧਣਾ ਹੈ। ਜਦੋਂ ਉਨ੍ਹਾਂ ਤੋਂ ਸ਼ਿਵ ਸੈਨਾ ਦੇ ਅਖ਼ਬਾਰ 'ਸਾਮਨਾ' ਵਿੱਚ ਬਾਲ ਠਾਕਰੇ ਵੱਲੋਂ ਦਿੱਤੀ ਗਈ ਉਸ ਟਿੱਪਣੀ ਬਾਰੇ ਪੁੱਛਿਆ ਗਿਆ, ਜਿਸ ਵਿੱਚ ਕਿਹਾ ਗਿਆ ਸੀ ਕਿ ਰਾਹੁਲ ਨੇ ਦਹਿਸ਼ਤਗਰਦੀ ਹਮਲੇ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਣ ਵਾਲਿਆਂ ਵਿੱਚੋਂ ਸਿਰਫ਼ ਉਤਰ ਪ੍ਰਦੇਸ਼ ਤੇ ਬਿਹਾਰ ਦੇ ਜਾਂਬਾਜ਼ ਜਵਾਨਾਂ ਦੇ ਸ਼ਾਮਲ ਹੋਣ ਦੀ ਗੱਲ ਕਹਿ ਕੇ ਸ਼ਹੀਦਾਂ ਦਾ ਅਪਮਾਨ ਕੀਤਾ ਹੈ ਤਾਂ ਸ੍ਰੀ ਗਾਂਧੀ ਨੇ ਕਿਹਾ ਕਿ ਭਾਰਤ, ਭਾਰਤੀਆਂ ਦਾ ਹੈ ਅਤੇ ਦੇਸ਼ ਦਾ ਹਰੇਕ ਹਿੱਸਾ ਭਾਰਤੀਆਂ ਲਈ ਹੈ। ਉਨ੍ਹਾਂ ਕਿਹਾ ਕਿ ਮੈਨੂੰ ਬਾਲ ਠਾਕਰੇ ਜਾਂ ਮਹਾਰਾਸ਼ਟਰ ਨਵ ਨਿਰਮਾਣ ਸੈਨਾ ਦੇ ਮੁਖੀ ਰਾਜ ਠਾਕਰੇ ਦੇ ਨਜ਼ਰੀਏ ਵਿੱਚ ਕੋਈ ਦਿਲਚਸਪੀ ਨਹੀਂ ਹੈ। ਸ੍ਰੀ ਗਾਂਧੀ ਨੇ ਕਿਹਾ ਕਿ ਹਰੇਕ ਭਾਰਤੀ ਨਾਗਰਿਕ ਨੂੰ ਕਿਤੇ ਵੀ ਜਾਣ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਮੈਂ ਉਤਰ ਪ੍ਰਦੇਸ਼ ਅਤੇ ਬਿਹਾਰ ਦੇ ਲੋਕਾਂ ਨੂੰ ਮਹਾਰਾਸ਼ਟਰ ਜਾਣ ਤੋਂ ਨਹੀਂ ਰੋਕਾਂਗਾ।

ਸ੍ਰੀ ਗਾਂਧੀ ਨੇ ਕਿਹਾ ਕਿ ਠਾਕਰੇ ਪਰਿਵਾਰ ਦੇ ਮੈਂਬਰ ਮਹਾਰਾਸ਼ਟਰ ਤੋਂ ਉਤਰ ਪ੍ਰਦੇਸ਼ ਅਤੇ ਬਿਹਾਰ ਦੇ ਲੋਕਾਂ ਨੂੰ ਕੱਢਣਾ ਚਾਹੁੰਦੇ ਹਨ, ਪਰ ਉਨ੍ਹਾਂ ਨੇ ਅਜਿਹਾ ਉਦੋਂ ਨਹੀਂ ਕੀਤਾ, ਜਦੋਂ ਮੁੰਬਈ ਹਮਲਿਆਂ ਦੌਰਾਨ ਬਿਹਾਰ, ਉਤਰ ਪ੍ਰਦੇਸ਼, ਮਹਾਰਾਸ਼ਟਰ ਅਤੇ ਹਿਮਾਚਲ ਪ੍ਰਦੇਸ਼ ਦੇ ਜਾਂਬਾਜ਼ ਐਨਐਸਜੀ ਕਮਾਂਡੋਆਂ ਨੇ ਦਹਿਸ਼ਤਗਰਦਾਂ ਨਾਲ ਲੋਹਾ ਲਿਆ ਸੀ। ਸ੍ਰੀ ਗਾਂਧੀ ਇਸ ਗੱਲ ਨਾਲ ਸਹਿਮਤ ਨਹੀਂ ਸਨ ਕਿ ਕਾਂਗਰਸ-ਰਾਸ਼ਟਰਵਾਦੀ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੇ ਰਾਜ ਵਿੱਚ ਉਤਰ ਭਾਰਤੀਆਂ ਖਿਲਾਫ਼ ਲਗਾਤਾਰ ਹਮਲੇ ਇਸ ਲਈ ਹੋ ਰਹੇ ਹਨ, ਕਿਉਂਕਿ ਮਹਾਰਾਸ਼ਟਰ ਸਰਕਾਰ ਲੋੜੀਂਦੀ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਢੁੱਕਵੀਂ ਕਾਰਵਾਈ ਕਰ ਰਹੀ ਹੈ ਤੇ ਹਿੰਸਾ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਵਧ ਰਹੀ ਮਹਿੰਗਾਈ ਬਾਰੇ ਸ੍ਰੀ ਗਾਂਧੀ ਨੇ ਕਿਹਾ ਕਿ ਇਸ ਨੂੰ ਘੱਟ ਕਰਨ ਲਈ ਕੇਂਦਰ ਸਰਕਾਰ ਦ੍ਰਿੜ ਹੈ ਅਤੇ ਕੁਝ ਹੀ ਦਿਨਾਂ ਵਿੱਚ ਇਸ 'ਤੇ ਕਾਬੂ ਪਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮਹਿੰਗਾਈ ਰੋਕਣ ਲਈ ਰਾਜ ਸਰਕਾਰਾਂ ਨੂੰ ਵੀ ਕੁਝ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਬਿਹਾਰ ਨੂੰ ਪੰਜ ਸਾਲਾਂ ਵਿੱਚ ਜਿੰਨਾ ਬਦਲਣਾ ਚਾਹੀਦਾ ਸੀ, ਓਨਾ ਨਹੀਂ ਬਦਲਿਆ ਤੇ ਅੱਜ ਬਿਹਾਰ ਵਿੱਚ ਵੱਡੇ ਬਦਲਾਅ ਦੀ ਲੋੜ ਹੈ।

# ਮੁਲਾਇਮ ਨੇ ਅਮਰ ਤੇ ਜਯਾਪ੍ਰਦਾ ਨੂੰ ਬਾਹਰ ਦਾ ਰਾਹ ਵਿਖਾਇਆ

**ਨਵੀਂ ਦਿਲੀ :** ਕਰੀਬ ਇੱਕ ਮਹੀਨੇ ਦੀ ਲੰਮੀ ਕਸ਼ਮਕਸ਼ ਤੋਂ ਬਾਅਦ ਆਖ਼ਰਕਾਰ ਸਮਾਜਵਾਦੀ ਪਾਰਟੀ (ਸਪਾ) ਨੇ ਲੰਘੀ 2 ਫਰਵਰੀ ਨੂੰ ਸਾਬਕਾ ਜਨਰਲ ਸਕੱਤਰ ਅਮਰ ਸਿੰਘ, ਰਾਮਪੁਰ ਤੋਂ ਸਾਂਸਦ ਤੇ ਫ਼ਿਲਮ ਅਭਿਨੇਤਰੀ ਜਯਾਪ੍ਰਦਾ ਅਤੇ ਚਾਰ ਹੋਰ ਵਿਧਾਇਕਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਵਿਚ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰਦਿਆਂ ਬਾਹਰ ਦਾ ਰਾਹ ਦਿਖਾ ਦਿੱਤਾ।

ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਦੀ ਪ੍ਰਧਾਨਗੀ ਹੇਠ ਹੋਈ ਕਾਰਜਕਾਰਨੀ ਦੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ। ਮੀਟਿੰਗ ਤੋਂ ਬਾਅਦ ਪੱਤਰਕਾਰ ਸੰਮੇਲਨ ਦੌਰਾਨ ਪਾਰਟੀ ਦੇ ਨਵੇਂ ਜਨਰਲ ਸਕੱਤਰ ਮੋਹਨ ਸਿੰਘ ਨੇ ਕਿਹਾ ਕਿ ਪਿਛਲੇ ਡੇਢ ਮਹੀਨੇ ਤੋਂ ਅਮਰ ਸਿੰਘ ਪਾਰਟੀ ਅਤੇ ਪਾਰਟੀ ਆਗੂਆਂ ਖਿਲਾਫ਼ ਬਿਆਨਬਾਜ਼ੀ ਕਰ ਰਹੇ ਸਨ, ਜਿਸ ਨੂੰ ਦੇਖਦੇ ਹੋਏ ਉਨ੍ਹਾਂ ਖਿਲਾਫ਼ ਅਜਿਹੀ ਕਾਰਵਾਈ ਕੀਤੀ ਗਈ। ਇਸ ਦੇ ਨਾਲ ਹੀ ਜਯਾਪ੍ਰਦਾ ਵਲੋਂ 31 ਜਨਵਰੀ ਨੂੰ ਪਾਰਟੀ ਖਿਲਾਫ਼ ਦਿੱਤੇ ਬਿਆਨ ਕਾਰਨ ਉਨ੍ਹਾਂ ਨੂੰ ਵੀ ਪਾਰਟੀ ਤੋਂ ਬਾਹਰ ਦਾ ਰਾਹ ਦਿਖਾ ਦਿੱਤਾ ਗਿਆ। ਪਾਰਟੀ ਦੇ ਸੀਨੀਅਰ ਆਗੂਆਂ ਨੇ ਕਿਹਾ ਕਿ ਜਯਾਪ੍ਰਦਾ ਦੇ ਬਿਆਨ ਨਾਲ ਪਾਰਟੀ ਦੀ ਦਿੱਖ ਖ਼ਰਾਬ ਹੋਈ ਹੈ। ਜ਼ਿਕਰਯੋਗ ਹੈ ਕਿ ਸਾਂਸਦ ਜਯਾਪ੍ਰਦਾ ਨੇ ਅਮਰ ਸਿੰਘ ਦਾ ਬਚਾਅ ਕਰਦੇ ਹੋਏ ਪਾਰਟੀ ਮੁਖੀ ਮੁਲਾਇਮ ਸਿੰਘ ਨੂੰ ਕਿਹਾ ਸੀ ਕਿ ਉਹ ਪਾਰਟੀ ਆਗੂਆਂ ਨੂੰ ਅਮਰ ਸਿੰਘ ਖਿਲਾਫ਼ ਬੋਲਣ ਤੋਂ ਰੋਕਣ। ਪਾਰਟੀ ਨੇ ਉਕਤ ਆਗੂਆਂ ਤੋਂ ਮੌਤ ਹੋ ਗਈ। ਪੁਲਿਸ ਨੇ ਮ੍ਰਿਤਕ ਦੇ ਪਿਤਾ ਜਸਪਾਲ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਇੱਕ ਦਰਜਨ ਦੇ ਕਰੀਬ ਵਿਦਿਆਰਥੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ 'ਚ ਕਾਹਲਵਾਂ ਪਿੰਡ ਦੇ ਸੁੱਖਾ, ਚੀਮਾ ਦੇ ਬੌਬੀ ਸਮੇਤ ਇੱਕ ਦਰਜਨ ਦੇ ਕਰੀਬ ਲੜਕਿਆਂ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ।

## ਪ੍ਰਧਾਨ ਮੰਤਰੀ ਦੀ ਰਿਹਾਇਸ਼ ਲਾਗੇ ਗੋਲੀ ਚੱਲੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦੀ ਇਥੇ ਸਥਿਤ ਰਿਹਾਇਸ਼ ਲਾਗੇ ਵਾਪਰੀ ਗੋਲੀਬਾਰੀ ਦੀ ਇਕ ਘਟਨਾ ਨੂੰ ਦਿੱਲੀ ਪੁਲੀਸ ਵਲੋਂ ਕਥਿਤ ਤੌਰ 'ਤੇ ਛੁਪਾਉਣ ਦੀ ਕੋਸ਼ਿਸ਼ ਕੀਤੇ ਜਾਣ ਉਤੇ ਮੁਲਕ ਦੀਆਂ ਸਲਾਮਤੀ ਏਜੰਸੀਆਂ ਦੇ ਚੋਟੀ ਦੇ ਅਧਿਕਾਰੀਆਂ ਨੇ ਪੁਲੀਸ ਦੀ ਖਿਚਾਈ ਕੀਤੀ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਨੇ 28 ਜਨਵਰੀ ਨੂੰ ਵਾਪਰੀ ਇਸ ਘਟਨਾ ਨੂੰ ਰਫਾ-ਦਫਾ ਕਰਨ ਦੀਆਂ ਦਿੱਲੀ ਪੁਲੀਸ ਦੀਆਂ ਕੋਸ਼ਿਸ਼ਾਂ ਸਬੰਧੀ ਵੇਰਵੇ ਸਹਿਤ ਰਿਪੋਰਟ ਤਲਬ ਕੀਤੀ ਹੈ।

ਸੂਤਰਾਂ ਨੇ ਦੱਸਿਆ ਕਿ ਏਜੰਸੀਆਂ ਦੇ ਚੋਟੀ ਦੇ ਅਧਿਕਾਰੀਆਂ ਨੇ ਪੁੱਛਿਆ ਹੈ ਕਿ ਦਿੱਲੀ ਪੁਲੀਸ ਨੇ ਇਸ ਘਟਨਾ ਬਾਰੇ ਉਨ੍ਹਾਂ ਨੂੰ ਇਤਲਾਹ ਕਿਉਂ ਨਹੀਂ ਦਿੱਤੀ। ਸੂਤਰਾਂ ਨੇ ਦੱਸਿਆ ਕਿ ਏਜੰਸੀਆਂ ਉਸ ਵਿਅਕਤੀ ਦੀ ਸ਼ਨਾਖਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਜਿਸ ਨੇ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ਗਾਹ 7, ਰੇਸ ਕੋਰਸ ਰੋਡ ਲਾਗਲੇ ਇਕ ਮਸ਼ਹੂਰ ਹੋਟਲ ਦੇ ਬਾਹਰ ਗੋਲੀਆਂ ਚਲਾਈਆਂ।

## ਹੁਣ ਮੈਂ ਆਜ਼ਾਦ ਹਾਂ – ਅਮਰ

**ਨਵੀਂ ਦਿੱਲੀ:** ਸਮਾਜਵਾਦੀ ਪਾਰਟੀ ਵਿਚੋਂ ਕੱਢੇ ਜਾਣ ਤੋਂ ਬਾਅਦ ਅਮਰ ਸਿੰਘ ਨੇ ਪਾਰਟੀ ਪ੍ਰਧਾਨ ਮੁਲਾਇਮ ਸਿੰਘ ਯਾਦਵ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਮੈਂ ਆਪਣੇ ਤਰੀਕੇ ਨਾਲ ਕੰਮ ਕਰਨ ਲਈ ਆਜ਼ਾਦ ਹਾਂ। ਉਨ੍ਹਾਂ ਕਿਹਾ ਕਿ ਇਹ ਮੇਰੇ ਲਈ ਸਿਆਸੀ ਮੁਕਤੀ ਹੈ। ਜ਼ਿਕਰਯੋਗ ਹੈ ਕਿ ਅਮਰ ਸਿੰਘ ਨੇ ਮੁਲਾਇਮ ਸਿੰਘ ਖਿਲਾਫ਼ ਕੁਝ ਵੀ ਬੋਲਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਮੈਂ 14 ਸਾਲ ਤੱਕ ਪਾਰਟੀ ਦੀ ਦਿਨ-ਰਾਤ ਸੇਵਾ ਕੀਤੀ, ਜਿਸ ਦੇ ਬਦਲੇ ਮੈਨੂੰ ਇਹ ਇਨਾਮ ਮਿਲਿਆ ਹੈ।

ਉਨ੍ਹਾਂ ਕਿਹਾ ਕਿ ਉਂਝ ਵੀ ਪਾਰਟੀ 'ਚ ਰਹਿ ਕੇ ਅੰਗਰੇਜ਼ੀ, ਕੰਪਿਊਟਰ ਅਤੇ ਬਲਾਗਿੰਗ ਦਾ ਵਿਰੋਧ ਕਰਨ 'ਤੇ ਮੈਨੂੰ ਘੁੱਟਣ ਮਹਿਸੂਸ ਹੁੰਦੀ ਸੀ। ਉਨ੍ਹਾਂ ਕਿਹਾ ਕਿ ਮੈਂ 14 ਸਾਲ ਪਾਰਟੀ ਦਾ ਬੁਲਾਰਾ ਰਿਹਾ ਅਤੇ ਹੁਣ 14 ਦਿਨ ਪੁਰਾਣੇ ਬੁਲਾਰੇ ਮੋਹਨ ਸਿੰਘ ਮੇਰੇ ਖਿਲਾਫ਼ ਝੂਠੀ ਬਿਆਨਬਾਜ਼ੀ ਕਰ ਰਹੇ ਹਨ। ਉਨ੍ਹਾਂ ਇਸ ਕਥਿਤ ਗੁਮਰਾਹਕੁੰਨ ਪ੍ਰਚਾਰ 'ਤੇ ਵੀ ਸਪਾ ਨੂੰ ਆੜ੍ਹੇ ਹੱਥੀਂ ਲਿਆ ਕਿ ਉਹ ਮਾਇਆਵਤੀ ਦਾ ਪੱਖ਼ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਜਦੋਂ ਮੁਲਾਇਮ ਅਤੇ ਉਸ ਦੇ ਪਰਿਵਾਰ ਦੀ ਢਾਲ ਬਣ ਕੇ ਖੜ੍ਹਿਆ, ਉਦੋਂ ਮੇਰੇ ਖਿਲਾਫ਼ ਮਾਇਆਵਤੀ ਨੇ ਮੁਕੱਦਮੇ ਦਰਜ ਕਰਵਾਏ। ਉਨ੍ਹਾਂ ਕਿਹਾ ਕਿ ਮੈਂ ਆਪਣੇ ਬਲਾਕ ਵਿੱਚ ਜਯੋਤੀ ਬਾਸੂ ਅਤੇ ਸੋਨੀਆ ਗਾਂਧੀ ਦੇ ਤਿਆਗ ਦੀ ਜੋ ਪ੍ਰਸੰਸਾ ਕੀਤੀ, ਉਸ ਵਿੱਚ ਕੁਝ ਵੀ ਗਲਤ ਨਹੀਂ। ਪਾਰਟੀ ਬੁਲਾਰੇ ਦੇ ਦੋਸ਼ਾਂ ਤੋਂ ਨਾਰਾਜ਼ ਅਮਰ ਸਿੰਘ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਬੜੀ ਬੇਸ਼ਰਮੀ ਨਾਲ ਮੇਰੇ ਵੱਲੋਂ ਪਾਰਟੀ ਵਿੱਚ ਪਾਏ ਯੋਗਦਾਨ ਨੂੰ ਨਾਕਾਰਦੇ ਹੋਏ ਮੈਨੂੰ ਕਮੀਨਾ ਅਤੇ ਪਾਗਲ ਤੱਕ ਕਿਹਾ। ਉਨ੍ਹਾਂ ਕਿਹਾ ਕਿ ਜੇਕਰ ਮੈਨੂੰ ਅਜਿਹਾ ਕੁਝ ਨਾ ਬੋਲਿਆ ਜਾਂਦਾ ਤਾਂ ਮੈਂ ਪਾਰਟੀ ਵਿੱਚ ਰਹਿਣਾ ਸੀ, ਪਰ ਅਜਿਹੀਆਂ ਮਾੜੀਆਂ ਗੱਲਾਂ ਬੋਲਣ ਕਾਰਨ ਮੈਂ ਪਾਰਟੀ ਵਿੱਚ ਵਾਪਸ ਆਉਣ ਤੋਂ ਬੇਵੱਸ ਹੋ ਗਿਆ।

ਅਮਰ ਸਿੰਘ ਨੇ ਸਾਫ਼ ਤੌਰ 'ਤੇ ਕਿਹਾ ਕਿ ਉਨ੍ਹਾਂ ਨੇ ਅਜੇ ਕੋਈ ਸਿਆਸੀ ਫੈਸਲਾ ਨਹੀਂ ਲਿਆ ਅਤੇ ਕਾਂਗਰਸ, ਰਾਸ਼ਟਰਵਾਦੀ ਕਾਂਗਰਸ ਪਾਰਟੀ ਜਾਂ ਬਸਪਾ ਨਾਲ ਪਾਰਟੀ ਵਿੱਚ ਸ਼ਾਮਲ ਹੋਣ ਲਈ ਕੋਈ ਗੱਲਬਾਤ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਜੋ ਲੋਕਮੰਚ ਬਣਾਇਆ ਹੈ, ਉਸ ਦੇ ਜ਼ਰੀਏ ਹੀ ਕੰਮ ਕਰਾਂਗੇ। ਉਨ੍ਹਾਂ ਕਿਹਾ ਕਿ ਹੁਣ ਉਹ ਕਦੇ ਵੀ ਸਪਾ ਦਾ ਨਾਂ ਨਹੀਂ ਲੈਣਗੇ।

Quik Signs
Signs • Graphics • Wraps


ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ
ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi



ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਅੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਸੌ ਸਾਲਾਂ ਵਿਚ ਮਰ ਜਾਣਗੀਆਂ 90 ਫੀਸਦੀ ਭਾਸ਼ਾਵਾਂ

**ਨਿਊਯਾਰਕ :** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਕ ਸੰਸਾਰ ਦੀਆਂ 7000 ਜ਼ੁਬਾਨੀ ਭਾਸ਼ਾਵਾਂ ਵਿਚੋਂ ਲਗਭਗ 90 ਫੀਸਦੀ ਭਾਸ਼ਾਵਾਂ ਅਗਲੇ 100 ਸਾਲਾਂ ਵਿਚ ਅਲੋਪ ਹੋ ਜਾਣਗੀਆਂ।

ਸੰਸਾਰ ਦੇ ਮੂਲ ਵਾਸੀਆਂ ਦੀ ਸਥਿਤੀ ਬਾਰੇ ਸੰਯੁਕਤ ਰਾਸ਼ਟਰ ਦੀ ਇਸ ਪਹਿਲੀ ਰਿਪੋਰਟ ਵਿਚ ਕਿਹਾ ਗਿਆ, ''ਇਸ ਵੇਲੇ ਦੁਨੀਆਂ ਵਿਚ 6000 ਤੋਂ 7000 ਜ਼ੁਬਾਨੀ ਭਾਸ਼ਾਵਾਂ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਮੂਲ ਵਾਸੀ ਲੋਕਾਂ ਵਲੋਂ ਬੋਲੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ (ਜੇ ਬਹੁਤੀਆਂ ਨਾ ਸਹੀ) ਕਈਆਂ ਦੇ ਅਲੋਪ ਹੋਣ ਦਾ ਖ਼ਤਰਾ ਹੈ।''

ਹਾਲ ਹੀ ਵਿਚ ਆਲਮੀ ਪੱਧਰ 'ਤੇ ਜਾਰੀ ਕੀਤੀ ਇਸ ਰਿਪੋਰਟ ਅਨੁਸਾਰ ਇਨ੍ਹਾਂ ਵਿਚ ਬਹੁਤੀਆਂ ਭਾਸ਼ਾਵਾਂ ਗਿਣਤੀ ਦੇ ਲੋਕਾਂ ਵਲੋਂ ਹੀ ਬੋਲੀਆਂ ਜਾਂਦੀਆਂ ਹਨ। ''ਮੌਜੂਦਾ ਸਾਰੀਆਂ ਭਾਸ਼ਾਵਾਂ ਵਿਚੋਂ ਲਗਪਗ 90 ਫੀਸਦੀ ਭਾਸ਼ਾਵਾਂ ਅਗਲੇ 100 ਸਾਲਾਂ ਵਿਚ ਖਤਮ ਹੋ ਸਕਦੀਆਂ ਹਨ ਕਿਉਂਕਿ ਦੁਨੀਆਂ ਦੀ ਆਬਾਦੀ ਦਾ 97ਫੀਸਦੀ ਹਿੱਸਾ ਆਪਣੀਆਂ ਸਿਰਫ 4 ਫੀਸਦੀ ਭਾਸ਼ਾਵਾਂ ਬੋਲਦਾ ਹੈ ਜਦਕਿ ਸਿਰਫ 3 ਫੀਸਦੀ ਲੋਕ ਬਾਕੀ 96 ਫੀਸਦੀ ਭਾਸ਼ਾਵਾਂ ਬੋਲਦੇ ਹਨ।'' ਮਰ ਰਹੀਆਂ ਭਾਸ਼ਾਵਾਂ ਨਾਲ ਮੂਲ ਵਾਸੀਆਂ ਦੇ ਭਾਈਚਾਰਿਆਂ ਲਈ ਖ਼ਤਰਾ ਬਣ ਰਿਹਾ ਹੈ।

ਉਂਜ, ਕੁਝ ਮੂਲ ਵਾਸੀ ਲੋਕ ਸਫਲਤਾਪੂਰਵਕ ਆਪਣੀਆਂ ਭਾਸ਼ਾਵਾਂ ਨੂੰ ਸੁਰਜੀਤ ਕਰ ਰਹੇ ਹਨ, ਪਰ ਕਈ ਹੋਰ ਹਾਰੀ ਹੋਈ ਲੜਾਈ ਲੜ ਰਹੇ ਹਨ, ਜਿੱਥੇ ਇਕ ਪੀੜ੍ਹੀ ਤੋਂ ਬਾਅਦ ਦੂਜੀ ਪੀੜ੍ਹੀ ਤਕ ਭਾਸ਼ਾ ਦਾ ਸੰਚਾਰ ਮੁਕੰਮਲ ਹੋ ਰਿਹਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਵੇਂ ਮੂਲ ਵਾਸੀ ਦੁਨੀਆਂ ਦੀ ਕੁੱਲ ਆਬਾਦੀ ਦਾ 6 ਫੀਸਦੀ ਤੋਂ ਵੀ ਘੱਟ ਹਨ, ਪਰ ਦੁਨੀਆਂ ਦੀਆਂ ਅੰਦਾਜ਼ਨ 7000 ਬੋਲੀਆਂ ਵਿਚੋਂ ਬਹੁਗਿਣਤੀ ਬੋਲੀਆਂ ਇਹੀ ਲੋਕ ਬੋਲਦੇ ਹਨ ਅਤੇ ਇਹ ਸਭ ਤੋਂ ਵੱਧ ਜੈਵ-ਵਿਭਿੰਨਤਾ ਵਾਲੇ ਖੇਤਰਾਂ ਅਤੇ ਉਥੋਂ ਦੇ ਚੌਗਿਰਦੇ ਦੇ ਗਿਆਨ ਭੰਡਾਰ ਦੇ ਪਹਿਰੇਦਾਰ ਹਨ। ਇਸ ਭਾਸ਼ਾ ਸੰਕਟ ਤੋਂ ਬਹੁਤੀਆਂ ਸਰਕਾਰਾਂ ਬਾਖ਼ਬਰ ਤਾਂ ਹਨ, ਪਰ ਫੰਡ ਸਿਰਫ ਭਾਸ਼ਾਵਾਂ ਦੀ ਰਿਕਾਰਡਿੰਗ ਲਈ ਦਿੱਤੇ ਜਾਂਦੇ ਹਨ ਜਦਕਿ ਭਾਸ਼ਾਈ ਸੁਰਜੀਤ ਦੇ ਪ੍ਰੋਗਰਾਮਾਂ ਲਈ ਫੰਡ ਘੱਟ ਹੀ ਘੱਲੇ ਜਾਂਦੇ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਸ਼ਾ ਕੇਵਲ ਸੰਚਾਰ ਦਾ ਸਾਧਨ ਨਹੀਂ ਹੈ ਸਗੋਂ ਉੱਥੇ ਰਹਿਣ ਵਾਲੇ ਮੂਲ ਵਾਸੀ ਲੋਕਾਂ ਦੀ ਜ਼ਮੀਨ ਤੇ ਖੇਤਰ ਨਾਲ ਜੁੜੀ ਹੁੰਦੀ ਹੈ, ਇਹ ਕਿਸੇ ਦੀ ਸਮੂਹਿਕ ਤੇ ਵਿਅਕਤੀਗਤ ਪਛਾਣ ਦਾ ਅਹਿਮ ਹਿੱਸਾ ਹੁੰਦੀ ਹੈ ਜਿਸ ਕਰਕੇ ਕਿਸੇ ਅੰਦਰ ਅਪਣੱਤ ਅਤੇ ਭਾਈਚਾਰੇ ਦੀ ਭਾਵਨਾ ਜਾਗਦੀ ਹੈ। ਜਦੋਂ ਭਾਸ਼ਾ ਮਰਦੀ ਹੈ ਤਾਂ ਭਾਈਚਾਰੇ ਦੀ ਇਹ ਭਾਵਨਾ ਵੀ ਨਾਲ ਹੀ ਮਰ ਜਾਂਦੀ ਹੈ। ਰਿਪੋਰਟ ਅਨੁਸਾਰ ਇਨ੍ਹਾਂ ਮੂਲ ਵਾਸੀ ਲੋਕਾਂ ਨੇ ਦੁਨੀਆਂ ਭਰ ਵਿਚ ਸਭਿਆਚਾਰਕ ਵਿਭਿੰਨਤਾ ਦੇ ਅਮਲ ਵਿਚ ਯਾਦਗਾਰੀ ਯੋਗਦਾਨ ਪਾਇਆ ਹੈ।

ਰਿਪੋਰਟ ਵਿਚ ਕਿਹਾ ਗਿਆ, ''ਪੁਰਾਤਨ ਰੀਤੀ ਰਿਵਾਜਾਂ ਤੇ ਲੋਕ ਧਾਰਾ ਸਣੇ ਰਵਾਇਤੀ ਗਿਆਨ ਨੂੰ ਬਸਤੀਵਾਦੀ ਅਤੇ ਉੱਤਰ ਬਸਤੀਵਾਦੀ ਕਾਲ ਦੌਰਾਨ ਬਰਬਾਦ ਕੀਤਾ ਗਿਆ ਜਿਨ੍ਹਾਂ ਆਪਣੇ ਕਾਇਦੇ-ਕਾਨੂੰਨ, ਗਿਆਨ ਤੇ ਵਿਸ਼ਵ-ਪਰਿਪੇਖ ਮੂਲ ਵਾਸੀ ਲੋਕਾਂ ਉੱਪਰ ਥੋਪੇ।''


# ਪਵਾਰ ਦੇ ਚਲਿੱਤਰ, ਮਹਿੰਗਾਈ ਵਧੇਗੀ/ਘਟੇਗੀ

**ਨਵੀਂ ਦਿੱਲੀ:** ਮਹਿੰਗਾਈ ਦੇ ਮੁੱਦੇ 'ਤੇ ਸ਼ਰਦ ਪਵਾਰ ਰੋਜ਼ ਪੁੱਠੇ ਸਿੱਧੇ ਬਿਆਨ ਦਾਗ ਰਿਹਾ ਹੈ। ਇਕ ਦਿਨ ਆਖ ਦਿੰਦਾ ਹੈ ਇਹ ਹੋਰ ਵਧੇਗੀ ਅਗਲੇ ਦਿਨ ਆਖੇਗਾ ਜਲਦੀ ਘਟੇਗੀ। ਵਿਸ਼ਲੇਸ਼ਕਾਂ ਅਨੁਸਾਰ ਖੇਤੀ ਮੰਤਰੀ ਅਜਿਹਾ ਕਰਕੇ ਅਸਲ ਵਿਚ ਜਮ੍ਹਾਖੋਰਾਂ ਨੂੰ ਥਾਪੀ ਦਿੰਦਾ ਹੈ ਅਤੇ ਬਾਅਦ ਵਿਚ ਖਪਤਕਾਰਾਂ ਨੂੰ ਵੀ ਧਰਵਾਸ ਦੇ ਦਿੰਦਾ ਹੈ। ਹੁਣ ਮਹਿੰਗਾਈ ਦੇ ਮੁੱਦੇ 'ਤੇ ਚਹੁੰਆਂ ਪਾਸਿਆਂ ਤੋਂ ਘਿਰੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਦਾ ਕਹਿਣਾ ਹੈ ਕਿ ਹਾੜੀ ਦੀ ਫ਼ਸਲ ਦੀ ਚੰਗੀ ਸੰਭਾਵਨਾ ਅਤੇ ਦਾਲ ਤੇ ਚੀਨੀ ਤੇ ਆਯਾਤ ਕਾਰਨ ਇਨ੍ਹਾਂ ਦੀ ਵਧ ਰਹੀ ਉਪਲੱਬਧਤਾ ਨਾਲ ਆਉਣ ਵਾਲੇ ਦਿਨਾਂ ਵਿਚ ਮਹਿੰਗਾਈ 'ਤੇ ਕਾਬੂ ਪਾ ਲਿਆ ਜਾਵੇਗਾ। ਪਿਛਲੇ ਪੰਜ ਸਾਲਾਂ ਤੋਂ ਖੇਤੀ, ਖੁਰਾਕ ਅਤੇ ਖਪਤਕਾਰ ਮਾਮਲਿਆਂ ਦੇ ਮੰਤਰੀ ਰਹੇ ਅਤੇ ਕਈ ਸਿਆਸੀ ਸੰਕਟਾਂ ਨਾਲ ਬਾਖ਼ੂਬੀ ਨਾਲ ਨਜਿੱਠਣ ਵਾਲੇ ਸ਼ਰਦ ਪਵਾਰ ਦਾ ਮੰਨਣਾ ਹੈ ਕਿ ਖੇਤੀ ਆਧਾਰਤ ਅਰਥਵਿਵਸਥਾ ਹੋਣ ਦੇ ਨਾਤੇ ਕਿਸਾਨਾਂ ਨੂੰ ਜਿਣਸਾਂ ਦਾ ਉਚਿਤ ਮੁੱਲ ਮਿਲਣਾ ਚਾਹੀਦਾ ਹੈ। ਜ਼ਰੂਰੀ ਵਸਤਾਂ ਦੀਆਂ ਅਸਮਾਨ ਨੂੰ ਛੂਹ ਰਹੀਆਂ ਕੀਮਤਾਂ 'ਤੇ ਚੁਫੇਰਿਓਂ ਲਗਾਤਾਰ ਹੋ ਰਹੇ ਹਮਲਿਆਂ ਦਾ ਸਾਹਮਣਾ ਕਰਦਿਆਂ ਸ੍ਰੀ ਪਵਾਰ ਨੇ ਮੁਲਾਕਾਤ ਦੌਰਾਨ ਦੱਸਿਆ ਕਿ ਗੈਰ ਕਾਂਗਰਸ ਸਰਕਾਰਾਂ ਵਾਲੇ ਕਈ ਰਾਜਾਂ ਨੇ ਕੇਂਦਰ ਨੂੰ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ 'ਚ ਵਾਧਾ ਕਰਨ ਬਾਰੇ ਲਿਖਿਆ ਹੈ।



ਉਨ੍ਹਾਂ ਕਿਹਾ ਕਿ ਇਸ ਦਾ ਅਸਰ ਕੀਮਤਾਂ 'ਤੇ ਵੀ ਪਵੇਗਾ।ਮਹਿੰਗਾਈ ਦੀ ਮਾਰ ਝੱਲ ਰਹੇ ਖਪਤਕਾਰਾਂ ਲਈ ਚੰਗੀ ਖ਼ਬਰ ਦਿੰਦੇ ਹੋਏ ਸ੍ਰੀ ਪਵਾਰ ਨੇ ਕਿਹਾ ਕਿ ਦਾਲਾਂ ਦੀਆਂ ਕੀਮਤਾਂ ਹੌਲੀ-ਹੌਲੀ ਘੱਟ ਰਹੀਆਂ ਹਨ ਅਤੇ ਖੰਡ ਵੀ ਸਸਤੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੌਸਮ ਦੇ ਅਨੁਮਾਨ ਮੁਤਾਬਕ ਕਣਕ ਦੀ ਫ਼ਸਲ ਚੰਗੀ ਹੋਣ ਦੀ ਸੰਭਾਵਨਾ ਜਤਾਈ ਗਈ ਹੈ ਅਤੇ ਚੌਲ ਦੇ ਉਤਪਾਦਨ ਤੇ ਉਸ ਦੇ ਬਫ਼ਰ ਸਟਾਕ ਦੇ ਵੀ ਚੰਗੇ ਹੋਣ ਦੀ ਸੰਭਾਵਨਾ ਹੈ। ਖੇਤੀਬਾੜੀ ਮੰਤਰੀ ਨੇ ਦੱਸਿਆ ਕਿ 20 ਜਨਵਰੀ ਤੱਕ 193 ਲੱਖ ਟਨ ਝੋਨੇ ਦੀ ਖਰੀਦ ਕੀਤੀ ਗਈ, ਜੋ ਪਿਛਲੇ ਸਾਲ ਖਰੀਦੇ ਗਏ 198 ਲੱਖ ਟਨ ਝੋਨੇ ਤੋਂ ਕੁਝ ਹੀ ਘੱਟ ਹੈ। ਦਾਲਾਂ ਦੀਆਂ ਕੀਮਤਾਂ ਬਾਰੇ ਸ੍ਰੀ ਪਵਾਰ ਨੇ ਕਿਹਾ ਕਿ ਕਿਸਮਤ ਨਾਲ ਇਨ੍ਹਾਂ ਕੀਮਤਾਂ 'ਚ ਗਿਰਾਵਟ ਆ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕੀਮਤਾਂ ਬਹੁਤ ਜ਼ਿਆਦਾ ਤਾਂ ਨਹੀਂ ਪਰ ਪ੍ਰਤੀ ਕਿਲੋਗ੍ਰਾਮ 2 ਤੋਂ 3 ਰੁਪਏ ਘੱਟ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਕੀਮਤਾਂ ਦਾ ਇਹ ਸਿਲਸਿਲਾ ਕਾਇਮ ਰਹੇਗਾ।

# ਅਮਰ ਸਿੰਘ ਵਲੋਂ ਬਸਪਾ ਵਿਚ ਜਾਣ ਦੀ ਤਿਆਰੀ



**ਨਵੀਂ ਦਿੱਲੀ :** ਸਮਾਜਵਾਦੀ ਪਾਰਟੀ (ਸਪਾ) ਨਾਲ ਸਬੰਧ ਤੋੜਨ ਤੋਂ ਬਾਅਦ ਹੁਣ ਅਮਰ ਸਿੰਘ ਬਸਪਾ ਸੁਪਰੀਮੋ ਮਾਇਆਵਤੀ ਨੂੰ ਖੁਸ਼ ਕਰਨ ਦੀਆਂ ਤਿਆਰੀਆਂ ਕਰ ਰਹੇ ਹਨ। ਇਸ ਦੀ ਸ਼ੁਰੂਆਤ ਕਰਦਿਆਂ ਸ੍ਰੀ ਸਿੰਘ ਨੇ ਕਿਹਾ ਕਿ ਬਸਪਾ ਸੁਪਰੀਮੋ ਨੇ ਮਾੜੇ ਹਾਲਾਤ ਦੇ ਬਾਵਜੂਦ ਖ਼ੁਦ ਨੂੰ ਸਾਬਤ ਕੀਤਾ ਹੈ, ਜਦਕਿ ਮੁਲਾਇਮ ਸਿੰਘ ਨੇ ਉਨ੍ਹਾਂ ਨੂੰ ਬੇਇੱਜ਼ਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਮੁਲਾਇਮ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨੂੰ ਸਿਆਸੀ ਚੁਣੌਤੀ ਦੇਣ ਵਾਲੇ ਅਮਰ ਸਿੰਘ ਨੇ ਇਹ ਵੀ ਸਪਸ਼ਟ ਕੀਤਾ ਕਿ ਉਨ੍ਹਾਂ ਲਈ ਸਾਰੇ ਦਰਵਾਜ਼ੇ ਖੁੱਲ੍ਹੇ ਹਨ। ਇਸ ਦੌਰਾਨ ਉਨ੍ਹਾਂ ਯੂ ਪੀ ਏ ਚੇਅਰਪਰਸਨ ਸੋਨੀਆ ਗਾਂਧੀ ਦੀ ਵੀ ਸ਼ਲਾਘਾ ਕੀਤੀ। ਇੱਕ ਨਿੱਜੀ ਟੀ ਵੀ ਚੈਨਲ ਨਾਲ ਗੱਲਬਾਤ ਕਰਦਿਆਂ ਸ੍ਰੀ ਸਿੰਘ ਨੇ ਕਿਹਾ ਕਿ ਮਾਇਆਵਤੀ ਅਤੇ ਸੋਨੀਆ ਗਾਂਧੀ ਦੋਹਾਂ ਨੇ ਖ਼ੁਦ ਦੇ ਦਮ 'ਤੇ ਸਿਆਸਤ ਵਿਚ ਥਾਂ ਬਣਾਈ ਹੈ। ਉਨ੍ਹਾਂ ਕਿਹਾ ਕਿ ਮਾਇਆਵਤੀ ਜਿੱਥੇ ਭਾਰਤ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਵਿਚ ਆਪਣਾ ਲੋਹਾ ਮਨਵਾ ਰਹੀ ਹੈ, ਉਥੇ ਸੋਨੀਆ ਨੇ ਦੂਜੀ ਵਾਰ ਦੇਸ਼ ਦੀ ਕਮਾਂਡ ਕਾਂਗਰਸ ਦੇ ਹੱਥ ਸੌਂਪ ਕੇ ਆਪਣੀ ਕਾਬਲੀਅਤ ਸਿੱਧ ਕਰ ਦਿੱਤੀ ਹੈ। ਕਿਸੇ ਵੇਲੇ ਮਾਇਆਵਤੀ ਨੂੰ ਲੰਮੇ ਹੱਥੀਂ ਲੈਣ ਵਾਲੇ ਸ੍ਰੀ ਸਿੰਘ ਨੇ ਕਿਹਾ ਕਿ ਹੁਣ ਮੈਂ ਗੈਸਟ ਹਾਊਸ ਕਾਂਡ ਦੌਰਾਨ ਉਨ੍ਹਾਂ ਨੂੰ ਹੋਈ ਪੀੜਾ ਦਾ ਅੰਦਾਜ਼ਾ ਲਗਾ ਸਕਦਾ ਹਾਂ। ਦੱਸਣਾ ਬਣਦਾ ਹੈ ਕਿ 1995 ਦੀ ਇਸ ਘਟਨਾ ਵਿਚ ਬਸਪਾ ਵਲੋਂ ਮੁਲਾਇਮ ਸਿੰਘ ਦੀ ਸਰਕਾਰ ਤੋਂ ਹਮਾਇਤ ਵਾਪਸ ਲੈਣ ਉਪਰੰਤ ਸਪਾ ਕਾਰਕੁੰਨਾਂ ਨੇ ਲਖਨਊ ਦੇ ਸਰਕਾਰੀ ਗੈਸਟ ਹਾਊਸ ਵਿਚ ਮਾਇਆਵਤੀ ਨੂੰ ਘੇਰ ਕੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਸਮੇਂ ਜਦੋਂ ਤੱਕ ਮਾਇਆਵਤੀ ਨੇ ਮੁਲਾਇਮ ਸਿੰਘ ਦੀ ਗੱਲ ਮੰਨੀ ਤਾਂ ਉਨ੍ਹਾਂ ਨੂੰ ਹਰ ਮਾਣ ਦਿੱਤਾ ਗਿਆ, ਪਰ ਜਿਉਂ ਹੀ ਉਨ੍ਹਾਂ ਵਲੋਂ ਮੁਲਾਇਮ ਸਿੰਘ ਦਾ ਵਿਰੋਧ ਕੀਤਾ ਗਿਆ ਤਾਂ ਉਨ੍ਹਾਂ ਨੂੰ ਬੇਇੱਜ਼ਤੀ ਦਾ ਸਾਹਮਣਾ ਕਰਨਾ ਪਿਆ। ਸ੍ਰੀ ਸਿੰਘ ਨੇ ਕਿਹਾ ਕਿ ਹੁਣ ਮੇਰੇ ਨਾਲ ਵੀ ਇਸ ਤਰ੍ਹਾਂ ਦਾ ਹੀ ਵਰਤਾਓ ਕੀਤਾ ਜਾ ਰਿਹਾ ਹੈ। ਜਦਕਿ ਮੈਂ 14 ਸਾਲ ਸਪਾ ਨੂੰ ਖੜ੍ਹੇ ਕਰਨ ਵਿਚ ਲਗਾ ਦਿੱਤੇ ਹਨ। ਸਪਾ ਦੇ ਬੁਲਾਰੇ ਤੇ ਜਨਰਲ ਸਕੱਤਰ ਮੋਹਨ ਸਿੰਘ ਵਲੋਂ ਅਮਰ ਸਿੰਘ ਨੂੰ ਵਿਕਲਪਹੀਣ ਦੱਸਣ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਉਹ ਮੁੱਢ ਤੋਂ ਹੀ ਹਰੇਕ ਪਾਰਟੀ ਨੂੰ ਜਵਾਬ ਦਿੰਦੇ ਰਹੇ ਹਨ ਤੇ ਇਸ ਲਈ ਸਪਾ ਨੂੰ ਲੱਗ ਰਿਹਾ ਹੈ ਕਿ ਅਮਰ ਸਿੰਘ ਨੂੰ ਕੋਈ ਵੀ ਸਵੀਕਾਰ ਨਹੀਂ ਕਰੇਗਾ। ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਮੈਂ ਖ਼ੁਦ ਨੂੰ ਸਾਬਤ ਕਰ ਚੁੱਕਿਆ ਹਾਂ, ਜਦਕਿ ਮੋਹਨ ਸਿੰਘ ਤੇ ਰਾਮ ਗੋਪਾਲ ਯਾਦਵ ਨੇ ਅਜੇ ਆਪਣਾ ਜ਼ੋਰ ਵਿਖਾਉਣਾ ਹੈ। ਇਸ ਲਈ ਉਹ ਬਿਆਨਬਾਜ਼ੀ ਦੀ ਥਾਂ ਅਗਨੀ ਪ੍ਰੀਖਿਆ ਲਈ ਤਿਆਰ ਰਹਿਣ। ਦੂਜੇ ਪਾਸੇ ਸਪਾ ਦੇ ਬੁਲਾਰੇ ਮੋਹਨ ਸਿੰਘ ਨੇ ਇਸ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵਲੋਂ ਅਮਰ ਸਿੰਘ ਦੀ ਅਗਵਾਈ ਵਾਲੀਆਂ ਫਰਮਾਂ ਦੀ ਜਾਂਚ ਕਰਵਾਏ ਜਾਣ ਦਾ ਵਿਚਾਰ ਹੈ ਤੇ ਇਸ ਡਰੋਂ ਉਹ ਮਾਇਆਵਤੀ ਨਾਲ ਸੰਪਰਕ ਬਣਾਉਣ ਦਾ ਯਤਨ ਕਰ ਰਹੇ ਹਨ।

**ਮੋਹਨ ਸਿੰਘ ਸਪਾ ਦੇ ਜਨਰਲ ਸਕੱਤਰ :** ਸਮਾਜਵਾਦੀ ਪਾਰਟੀ ਦੇ ਕੁਝ ਆਗੂਆਂ ਵਲੋਂ ਵੱਖ-ਵੱਖ ਅਹੁਦਿਆਂ ਤੋਂ ਅਸਤੀਫ਼ਾ ਦੇਣ ਅਤੇ ਸੀਨੀਅਰ ਆਗੂ ਜਨੇਸ਼ਵਰ ਮਿਸ਼ਰਾ ਦੇ ਦੇਹਾਂਤ ਕਾਰਨ ਖਾਲੀ ਹੋਏ ਅਹੁਦਿਆਂ 'ਤੇ ਪਾਰਟੀ ਨੇ ਕੁਝ ਨਿਯੁਕਤੀਆਂ ਕੀਤੀਆਂ, ਜਿਨ੍ਹਾਂ ਤਹਿਤ ਅਮਰ ਸਿੰਘ ਦੀ ਜਗ੍ਹਾ ਮੋਹਨ ਸਿੰਘ ਨੂੰ ਸਪਾ ਦਾ ਕੌਮੀ ਜਨਰਲ ਸਕੱਤਰ ਅਤੇ ਬੁਲਾਰਾ ਬਣਾਇਆ ਗਿਆ ਹੈ। ਸਪਾ ਦੇ ਕੌਮੀ ਜਨਰਲ ਸਕੱਤਰ ਪ੍ਰੋ. ਰਾਮ ਗੋਪਾਲ ਯਾਦਵ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਪ੍ਰਧਾਨ ਮੁਲਾਇਮ ਸਿੰਘ ਯਾਦਵ ਨੇ ਜਨੇਸ਼ਵਰ ਮਿਸ਼ਰਾ ਦੀ ਮੌਤ ਹੋਣ ਕਾਰਨ ਅਤੇ ਪਾਰਟੀ ਦੇ ਕੁਝ ਹੋਰ ਆਗੂਆਂ ਵਲੋਂ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਕਾਰਨ ਖਾਲੀ ਹੋਏ ਅਹੁਦਿਆਂ 'ਤੇ ਨਿਯੁਕਤੀਆਂ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਸਾਂਸਦ ਬ੍ਰਿਜ ਭੂਸ਼ਣ ਤਿਵਾੜੀ ਨੂੰ ਪਾਰਟੀ ਦਾ ਨਵਾਂ ਕੌਮੀ ਮੀਤ ਪ੍ਰਧਾਨ ਅਤੇ ਮੋਹਨ ਸਿੰਘ ਨੂੰ ਕੌਮੀ ਜਨਰਲ ਸਕੱਤਰ, ਕੇਂਦਰੀ ਸੰਸਦੀ ਬੋਰਡ ਦਾ ਮੈਂਬਰ ਅਤੇ ਬੁਲਾਰਾ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਤੋਂ ਇਲਾਵਾ ਸਾਬਕਾ ਸਾਂਸਦ ਵਿਸ਼ੰਭਰ ਪ੍ਰਸਾਦ ਨਿਸ਼ਾਦ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੰਤਰੀ ਰਾਮ ਆਸਰੇ ਕੁਸ਼ਵਾਹਾ ਨੂੰ ਨਵਾਂ ਕੌਮੀ ਜਨਰਲ ਸਕੱਤਰ ਬਣਾਇਆ ਗਿਆ ਹੈ। ਜਦਕਿ ਕੇਰਲ ਦੇ ਜੋ. ਐਂਟਨੀ ਨੂੰ ਕੇਂਦਰੀ ਸੰਸਦੀ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਰਾਮ ਕੁਮਾਰ ਯਾਦਵ ਨੇ ਕਿਹਾ ਕਿ ਪਾਰਟੀ ਦੇ ਖਾਲੀ ਅਹੁਦਿਆਂ ਉਪਰ ਅਤੇ ਪਾਰਟੀ ਨੂੰ ਮਜ਼ਬੂਤ ਬਣਾਉਣ ਲਈ ਇਹ ਨਿਯੁਕਤੀਆਂ ਜ਼ਰੂਰੀ ਸਨ।

# ਜ਼ਮੀਨ ਘੁਟਾਲੇ ਦੇ ਮਾਮਲੇ 'ਚ ਅਵਸ਼ੇਸ਼ ਪ੍ਰਕਾਸ਼ ਦੇ ਕੋਰਟ ਮਾਰਸ਼ਲ ਦਾ ਹੁਕਮ

**ਨਵੀਂ ਦਿੱਲੀ:** ਫ਼ੌਜੀ ਸਕੱਤਰ ਲੈਫਟੀਨੈਂਟ ਜਨਰਲ ਅਵਸ਼ੇਸ਼ ਪ੍ਰਕਾਸ਼ ਨੂੰ ਸੁਕਨਾ ਜ਼ਮੀਨ ਘੁਟਾਲੇ 'ਚ ਕੋਰਟ ਮਾਰਸ਼ਲ ਦਾ ਸਾਹਮਣਾ ਕਰਨਾ ਪਵੇਗਾ, ਕਿਉਂਕਿ ਉਨ੍ਹਾਂ ਵਿਰੁਧ ਪ੍ਰਸ਼ਾਸਕੀ ਕਾਰਵਾਈ ਦਾ ਫ਼ੌਜ ਮੁਖੀ ਜਨਰਲ ਦੀਪਕ ਕਪੂਰ ਦਾ ਫ਼ੈਸਲਾ ਰੱਖਿਆ ਮੰਤਰੀ ਏ ਕੇ ਐਂਟਨੀ ਨੇ ਰੱਦ ਕਰ ਦਿੱਤਾ ਹੈ ਅਤੇ ਰੱਖਿਆ ਮੰਤਰੀ ਦੇ ਦਖ਼ਲ ਮਗਰੋਂ ਫ਼ੌਜ ਮੁਖੀ ਜਨਰਲ ਦੀਪਕ ਕਪੂਰ ਨੇ ਲੈਫਟੀਨੈਂਟ ਜਨਰਲ ਅਵਸ਼ੇਸ਼ ਪ੍ਰਕਾਸ਼ ਦੇ ਕੋਰਟ ਮਾਰਸ਼ਲ ਦਾ ਹੁਕਮ ਜਾਰੀ ਕਰ ਦਿੱਤਾ। ਉਹ ਕੋਰਟ ਮਾਰਸ਼ਲ ਦਾ ਸਾਹਮਣਾ ਕਰਨ ਵਾਲੇ ਫ਼ੌਜ ਦੇ ਸਭ ਤੋਂ ਸੀਨੀਅਰ ਅਧਿਕਾਰੀ ਬਣ ਗਏ ਹਨ।

ਲੈਫਟੀਨੈਂਟ ਜਨਰਲ ਪ੍ਰਕਾਸ਼ ਵਿਰੁਧ ਕੋਰਟ ਮਾਰਸ਼ਲ ਦਾ ਹੁਕਮ ਫ਼ੌਜ ਮੁਖੀ ਵਲੋਂ ਉਨ੍ਹਾਂ ਦੀ ਰਿਟਾਇਰਮੈਂਟ ਤੋਂ ਦੋ ਦਿਨ ਪਹਿਲਾਂ ਜਾਰੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਉਨ੍ਹਾਂ ਦੀ ਰਿਟਾਇਰਮੈਂਟ 31 ਜਨਵਰੀ ਨੂੰ ਹੋਣੀ ਸੀ। ਰੱਖਿਆ ਮੰਤਰਾਲੇ ਦੇ ਸੂਤਰਾਂ ਨੇ ਕਿਹਾ ਕਿ ਪਹਿਲਾਂ ਫ਼ੌਜ ਮੁਖੀ ਨੇ ਲੈਫਟੀਨੈਂਟ ਜਨਰਲ ਪ੍ਰਕਾਸ਼ ਵਿਰੁਧ ਅਨੁਸ਼ਾਸਨੀ ਕਾਰਵਾਈ ਦਾ ਹੁਕਮ ਦਿੱਤਾ ਸੀ, ਪਰ ਰੱਖਿਆ ਮੰਤਰੀ ਦੀ ਸਲਾਹ 'ਤੇ ਜਨਰਲ ਕਪੂਰ ਨੇ ਆਪਣਾ ਫੈਸਲਾ ਬਦਲ ਲਿਆ ਹੈ ਅਤੇ ਹੁਣ ਜਨਰਲ ਪ੍ਰਕਾਸ਼ ਨੂੰ ਕੋਰਟ ਮਾਰਸ਼ਲ ਦਾ ਸਾਹਮਣਾ ਕਰਨਾ ਪਵੇਗਾ। ਪ੍ਰਕਾਸ਼, ਜਿਨ੍ਹਾਂ ਨੂੰ 8 ਸਲਾਹਕਾਰਾਂ 'ਚੋਂ ਇੱਕ ਹੋਣ ਨਾਤੇ ਜਨਰਲ ਕਪੂਰ ਦਾ ਨਜ਼ਦੀਕੀ ਸਮਝਿਆ ਜਾਂਦਾ ਹੈ, ਨੂੰ ਸੁਕਨਾ ਜ਼ਮੀਨ ਘੁਟਾਲੇ 'ਚ ਉਸ ਵੇਲੇ ਦੇ 33 ਕਾਰਪਸ ਦੇ ਕਮਾਂਡਰ ਲੈਫਟੀਨੈਂਟ ਜਨਰਲ ਪੀ ਕੇ ਰਥ, ਉਨ੍ਹਾਂ ਦੇ ਚੀਫ ਆਫ਼ ਸਟਾਫ ਲੈਫਟੀਨੈਂਟ ਜਨਰਲ ਰਮੇਸ਼ ਹਲਗਲੀ ਅਤੇ ਉਸ ਵੇਲੇ ਦੇ ਬ੍ਰਿਗੇਡੀਅਰ (ਪ੍ਰਸ਼ਾਸਨ) ਮੇਜਰ ਜਨਰਲ ਪੀ ਸੀ ਸੇਨ ਸਮੇਤ ਦੋਸ਼ੀ ਪਾਇਆ ਗਿਆ। ਮਾਮਲੇ 'ਚ ਸਾਰੇ ਅਧਿਕਾਰੀਆਂ ਨੂੰ ਜਾਂਚ 'ਚ ਦੋਸ਼ੀ ਪਾਏ ਜਾਣ ਮਗਰੋਂ ਈਸਟਰਨ ਆਰਮੀ ਕਮਾਂਡਰ ਲੈਫਟੀਨੈਂਟ ਜਨਰਲ ਵੀ ਕੇ ਸਿੰਘ, ਜਿਨ੍ਹਾਂ ਨੂੰ ਭਾਰਤੀ ਫ਼ੌਜ ਦਾ ਅਗਲਾ ਮੁਖੀ ਨਾਮਜ਼ਦ ਕੀਤਾ ਗਿਆ ਹੈ, ਨੇ ਲੈਫਟੀਨੈਂਟ ਜਨਰਲ ਪ੍ਰਕਾਸ਼ ਦੀਆਂ ਸੇਵਾਵਾਂ ਖ਼ਤਮ ਕਰਨ ਅਤੇ ਦੂਜੇ ਅਧਿਕਾਰੀਆਂ ਵਿਰੁਧ ਪ੍ਰਸ਼ਾਸਕੀ ਕਾਰਵਾਈ ਦੀ ਸਿਫਾਰਸ਼ ਕੀਤੀ ਸੀ। ਇਸ ਸਿਫਾਰਸ਼ ਮਗਰੋਂ ਜਨਰਲ ਕਪੂਰ ਨੇ ਰਥ ਵਿਰੁਧ ਕੋਰਟ ਮਾਰਸ਼ਲ ਦਾ ਹੁਕਮ ਦਿੱਤਾ ਅਤੇ ਬਾਕੀ ਅਧਿਕਾਰੀਆਂ ਨੂੰ ਪ੍ਰਸ਼ਾਸਕੀ ਕਾਰਵਾਈ ਲਈ ਹੁਕਮ ਜਾਰੀ ਕਰ ਦਿੱਤੇ, ਜਿਸ 'ਤੇ ਰੱਖਿਆ ਮੰਤਰੀ ਐਂਟਨੀ ਨੇ ਉਨ੍ਹਾਂ ਤੋਂ ਪੁੱਛਿਆ ਕਿ ਆਰਮੀ ਐਕਟ ਤਹਿਤ ਇੱਕੋ ਜੁਰਮ ਲਈ ਦੋਸ਼ੀ ਪਾਏ ਗਏ ਅਧਿਕਾਰੀਆਂ ਨੂੰ ਵੱਖ-ਵੱਖ ਸਜ਼ਾਵਾਂ ਕਿਉਂ ਦਿੱਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਜਨਰਲ ਪ੍ਰਕਾਸ਼ ਵਿਰੁਧ ਵੀ ਅਨੁਸ਼ਾਸਨੀ ਕਾਰਵਾਈ ਦੀ ਸਲਾਹ ਦਿੱਤੀ।

# ਸ੍ਰੀਲੰਕਾ ਰਾਸ਼ਟਰਪਤੀ ਚੋਣਾਂ 'ਚ ਰਾਜਪਕਸ਼ੇ ਜੇਤੂ



**ਕੋਲੰਬੋ:** ਸ੍ਰੀਲੰਕਾ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਹੋਈਆਂ ਚੋਣਾਂ ਵਿਚ ਮਹਿੰਦਰਾ ਰਾਜਪਕਸ਼ੇ ਦੀ ਜਿੱਤ ਦਾ ਦਾਅਵਾ ਕੀਤਾ ਗਿਆ ਹੈ ਪਰ ਵਿਰੋਧੀ ਉਮੀਦਵਾਰ ਸੇਵਾ ਮੁਕਤ ਜਨਰਲ ਫੋਸੇਕਾ ਨੇ ਘਪਲੇਬਾਜ਼ੀ ਦਾ ਦੋਸ਼ ਲਾਉਂਦੇ ਹੋਏ ਕਿਸੇ ਹੋਰ ਦੇਸ਼ ਤੋਂ ਸੁਰੱਖਿਆ ਪ੍ਰਾਪਤ ਕਰਨ ਦੀ ਇੱਛਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨਤੀਜਿਆਂ ਵਿਰੁਧ ਉਹ ਅਦਾਲਤ ਵਿਚ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ ਤੇ ਜੇ ਲੋੜ ਪਈ ਤਾਂ ਥੋੜੇ ਸਮੇਂ ਵਿਚ ਹੀ ਉਹ ਦੇਸ਼ ਛੱਡ ਸਕਦੇ ਹਨ। ਸਰਕਾਰ ਨੇ ਕਿਸੇ ਵੀ ਤਰ੍ਹਾਂ ਦੀ ਘਪਲੇਬਾਜ਼ੀ ਤੋਂ ਇਨਕਾਰ ਕੀਤਾ ਹੈ। ਫੋਸੇਕਾ ਜਿਹੜੇ ਕਿ ਫੌਜ ਮੁਖੀ ਸਨ, ਨੇ ਰਾਸ਼ਟਰਪਤੀ ਨਾਲ ਵਿਵਾਦ ਤੋਂ ਬਾਅਦ ਅਸਤੀਫ਼ਾ ਦੇ ਦਿਤਾ ਸੀ। ਦੋਵੇਂ ਲਿੱਟੇ ਨੂੰ ਖ਼ਤਮ ਕਰਨ ਦਾ ਸਿਹਰਾ ਅਪਣੇ ਸਿਰ ਬੰਨ੍ਹਦੇ ਹਨ। ਚੋਣ ਕਮਿਸ਼ਨ ਵਲੋਂ ਹਾਲੇ ਰਾਜਪਕਸ਼ਾ ਦੀ ਜਿੱਤ ਦਾ ਐਲਾਨ ਨਹੀਂ ਕੀਤਾ ਗਿਆ। ਰਾਜਪਕਸ਼ਾ ਨੇ ਵੋਟਾਂ ਦੀ ਗਿਣਤੀ ਦੇ ਸ਼ੁਰੂ ਵਿਚ ਹੀ ਚੜ੍ਹਤ ਹਾਸਲ ਕਰ ਲਈ। ਰਾਜਪਕਸ਼ਾ ਨੂੰ 59 ਫੀ ਸਦੀ ਤੇ ਉਨ੍ਹਾਂ ਦੇ ਵਿਰੋਧੀ ਫੋਸੇਕਾ ਨੂੰ 40 ਫੀ ਸਦੀ ਵੋਟ ਮਿਲੇ। ਦੇਸ਼ ਵਿਚ ਲਿੱਟੇ ਦੀ ਹਾਰ ਤੋਂ ਬਾਅਦ ਪਹਿਲੀ ਵਾਰ ਰਾਸ਼ਟਰਪਤੀ ਦੀ ਕੁਰਸੀ ਲਈ ਚੋਣਾਂ ਹੋਈਆਂ ਹਨ। ਰਾਸ਼ਟਰਪਤੀ ਦੇ ਤੌਰ 'ਤੇ ਰਾਜਪਕਸ਼ੇ ਦਾ ਦੋ ਸਾਲ ਦਾ ਸਮਾਂ ਬਾਕੀ ਸੀ ਫਿਰ ਵੀ ਉਨ੍ਹਾਂ ਨੇ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਦਾ ਫ਼ੈਸਲਾ ਕੀਤਾ। ਉਨ੍ਹਾਂ ਦਾ ਇਹ ਦਾਅ ਕਾਮਯਾਬ ਰਿਹਾ ਤੇ ਦੁਬਾਰਾ ਸੱਤਾ ਵਿਚ ਵਾਪਸੀ ਕੀਤੀ। ਸਰਕਾਰੀ ਵੈਬਸਾਈਟ 'ਤੇ ਕਿਹਾ ਗਿਆ ਹੈ ਕਿ ਰਾਜਪਕਸਾ ਨੇ ਅਪਣੇ ਵਿਰੋਧੀ ਫੋਸੇਕਾ ਨੂੰ ਹਰ ਥਾਂ 'ਤੇ ਪਿੱਛੇ ਛੱਡ ਦਿਤਾ ਹੈ। ਫੋਸੇਕਾ ਨੂੰ ਉਨ੍ਹਾਂ ਦੇ ਜਨਮ ਸਥਾਨ ਅਬਾਲਨਗਾੜਾ ਵਿਚ ਵੀ ਹਾਰ ਹੋਈ ਕੋਲੰਬੋ ਜਿਥੋਂ ਰਾਜਪਕਸ਼ੇ ਦੇ ਜਿੱਤਣ ਦਾ ਅੰਦਾਜ਼ਾ ਲਾਇਆ ਗਿਆ ਸੀ ਉਥੇ ਵੀ ਰਾਜਪਕਸ਼ੇ ਨੇ ਜਿੱਤ ਹਾਸਲ ਕੀਤੀ।

ਰਾਸ਼ਟਰਪਤੀ ਦਫ਼ਤਰ ਅਨੁਸਾਰ ਪਾਈਆਂ ਗਈਆਂ ਕੁਲ ਵੋਟਾਂ ਚੋਂ ਲਗਭਗ 60 ਫੀ ਸਦੀ ਰਾਜਪਕਸ਼ੇ ਦੇ ਹੱਕ ਵਿਚ ਗਏ। ਰਾਜਪਕਸ਼ੇ ਨੂੰ 60 ਲੱਖ ਤੇ ਵਿਰੋਧੀ ਫੋਸੇਕਾ ਨੂੰ 41 ਲੱਖ ਵੋਟਾਂ ਮਿਲੀਆਂ। ਰਾਸ਼ਟਰਪਤੀ ਦਫ਼ਤਰ ਦੇ ਸੂਤਰਾਂ ਨੇ ਦਸਿਆ ਕਿ ਰਾਜਪਕਸ਼ੇ ਚੋਣਾਂ ਜਿੱਤ ਗਏ ਹਨ। ਉਨ੍ਹਾਂ ਨੂੰ ਲੋੜੀਂਦੀਆਂ 50 ਫੀ ਸਦੀ ਵੋਟਾਂ ਮਿਲ ਗਈਆਂ ਹਨ।

# ਅਣਗਹਿਲੀ ਨਾ ਹੁੰਦੀ ਤਾਂ ਬਚ ਸਕਦੇ ਸਨ 6 ਮਾਸੂਮ

**ਚੰਡੀਗੜ੍ਹ :** ਪੰਜਾਬ ਦੇ ਸਰਕਾਰੀ ਰਾਜਿੰਦਰਾ ਹਸਪਤਾਲ (ਪਟਿਆਲਾ) ਵਿਚ ਪਿਛਲੇ ਸਾਲ ਇਨ੍ਹਾਂ ਹੀ ਦਿਨਾਂ ਵਿਚ ਅੱਗ 'ਚ ਝੁਲਸਣ ਨਾਲ 6 ਬੱਚਿਆਂ ਦੀ ਮੌਤ ਦਾ ਕਾਰਨ ਬਿਜਲੀ ਦਾ ਸ਼ਾਰਟ ਸਰਕਟ ਨਹੀਂ ਸਗੋਂ ਮੌਕੇ ਦੇ ਮੁਲਾਜ਼ਮਾਂ ਦੀ ਅਣਗਹਿਲੀ ਕਾਰਨ ਇਹ ਦਿਲ ਹਿਲਾਊ ਮੰਦਭਾਗੀ ਘਟਨਾ ਵਾਪਰੀ। ਇਸ ਘਟਨਾ ਲਈ ਹਸਪਤਾਲ ਦੇ ਡਾਕਟਰ ਸਮੇਤ ਤਿੰਨ ਮੁਲਾਜ਼ਮਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਹ ਅਹਿਮ ਇੰਕਸ਼ਾਫ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ ਜਸਟਿਸ ਕੇ.ਸੀ. ਗੁਪਤਾ ਵਲੋਂ ਪੇਸ਼ ਕੀਤੀ ਰਿਪੋਰਟ ਵਿਚ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਲੰਘੀ 31 ਜਨਵਰੀ ਨੂੰ ਸਵੇਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਕੇ.ਸੀ. ਗੁਪਤਾ ਵਲੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਕੇ ਸਰਕਾਰੀ ਰਾਜਿੰਦਰਾ ਹਸਪਤਾਲ (ਪਟਿਆਲਾ) ਦੇ ਨਿਊਨਾਟੋਲੋਜੀ ਯੂਨਿਟ ਦੇ ਇੰਕੂਬੇਟਰ ਨੂੰ ਲੱਗੀ ਅੱਗ ਦੇ ਦੁਖਾਂਤ ਬਾਰੇ ਜਾਂਚ ਰਿਪੋਰਟ ਪੇਸ਼ ਕਰ ਦਿੱਤੀ ਗਈ ਹੈ। ਇਕ ਸਾਲ ਪਹਿਲਾਂ 31 ਜਨਵਰੀ, 2009 ਨੂੰ ਵਾਪਰੇ ਇਸ ਦੁਖਾਂਤ ਵਿਚ 6 ਬੱਚੇ ਜਿਊਂਦੇ ਸੜ ਗਏ ਸਨ। ਸੂਤਰਾਂ ਅਨੁਸਾਰ ਜਸਟਿਸ ਗੁਪਤਾ ਨੇ ਰਾਜਿੰਦਰਾ ਹਸਪਤਾਲ ਜਾ ਕੇ ਅਤੇ ਦੁਖਾਂਤ ਨਾਲ ਜੁੜੇ ਸਾਰੇ ਪਹਿਲੂਆਂ ਬਾਰੇ ਤੱਥ ਇਕੱਠੇ ਕਰਕੇ ਆਪਣੀ ਰਿਪੋਰਟ ਤਿਆਰ ਕੀਤੀ ਹੈ। ਉਨ੍ਹਾਂ ਨੇ ਕੇਵਲ ਘਟਨਾ ਬਾਰੇ ਹੀ ਜਾਂਚ ਨਹੀਂ ਕੀਤੀ ਸਗੋਂ ਹਸਪਤਾਲ ਦੇ ਕੰਮ ਨੂੰ ਸੁਧਾਰਨ ਲਈ ਕਈ ਅਹਿਮ ਸਿਫ਼ਾਰਸ਼ਾਂ ਵੀ ਕੀਤੀਆਂ ਹਨ।

ਸੂਤਰਾਂ ਅਨੁਸਾਰ ਰਿਪੋਰਟ ਵਿਚ ਸਪਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਹਸਪਤਾਲ ਦੇ ਬੱਚਿਆਂ ਵਾਲੇ ਕਮਰੇ ਵਿਚ ਅੱਗ ਲੱਗਣ ਦਾ ਕਾਰਨ ਬਿਜਲੀ ਦਾ ਸ਼ਾਰਟ ਸਰਕਟ ਨਹੀਂ ਹੈ। ਰਿਪੋਰਟ ਅਨੁਸਾਰ 31 ਜਨਵਰੀ ਦੀ ਸਰਦ ਰਾਤ ਨੂੰ ਬੱਚਿਆਂ ਨੂੰ ਠੰਢ ਤੋਂ ਬਚਾਉਣ ਲਈ ਇੰਕੂਬੇਟਰ ਨੂੰ ਉਪਰ ਤੋਂ ਚਿੱਟੀ ਚਾਦਰ ਨਾਲ ਢਕਿਆ ਹੋਇਆ ਸੀ। ਇਸ ਤੋਂ ਇਲਾਵਾ ਕੰਬਲ ਵੀ ਪਾਇਆ ਗਿਆ ਸੀ। ਬੱਚਿਆਂ ਨੂੰ ਤਿੰਨ ਪਾਸਿਆਂ ਤੋਂ ਢਕਿਆ ਹੋਇਆ ਸੀ। ਤਕਰੀਬਨ ਸਵੇਰ ਦੇ ਚਾਰ ਵਜੇ ਦੇ ਕਰੀਬ ਇਹ ਮੰਦਭਾਗੀ ਘਟਨਾ ਵਾਪਰੀ।

ਰਿਪੋਰਟ ਅਨੁਸਾਰ ਬੱਚਿਆਂ ਦੇ ਨੇੜੇ ਹੀਟਰ ਹੋਣ ਕਾਰਨ ਹੀਟਰ ਦੇ ਸੇਕ ਨਾਲ ਇਕ ਪਾਸੇ ਦਾ ਕੱਪੜਾ ਧੁਖਣ ਲੱਗਾ। ਸੇਕ ਨਾਲ ਇਸ ਕੱਪੜੇ ਨੂੰ ਅੱਗ ਲੱਗਣ ਲਈ ਅੱਧੇ ਘੰਟੇ ਤੋਂ ਵਧੇਰੇ ਸਮਾਂ ਲੱਗਿਆ। ਇਸ ਨਾਲ ਹੌਲੀ-ਹੌਲੀ ਸਫੈਦ ਚਾਦਰ ਨੂੰ ਅੱਗ ਲੱਗ ਗਈ। ਅੱਗ ਦੇ ਸੇਕ ਕਾਰਨ ਇੰਕੂਬੇਟਰ ਦੀਆਂ ਟਿਊਬਾਂ ਫਟ ਗਈਆਂ। ਇਹ ਟਿਊਬਾਂ ਟੁੱਟ ਕੇ ਬੱਚਿਆਂ 'ਤੇ ਹੀ ਡਿੱਗ ਪਈਆਂ। ਅੱਗ ਦੇ ਸੇਕ ਨਾਲ ਇੰਕੂਬੇਟਰ ਵਿਚ ਪਏ ਪੰਜੇ ਬੱਚੇ ਸੜ ਗਏ ਅਤੇ ਇਲਾਜ ਲਈ ਮਾਪਿਆਂ ਵਲੋਂ ਹਸਪਤਾਲ ਵਿਚ ਲਿਆਂਦੇ ਬੱਚਿਆਂ ਨੂੰ ਹਸਪਤਾਲ ਦੀ ਅੱਗ ਹੀ ਨਿਗਲ ਗਈ। ਇਨ੍ਹਾਂ ਪੰਜਾਂ ਵਿਚੋਂ ਤਿੰਨ ਲੜਕੇ ਅਤੇ ਦੋ ਲੜਕੀਆਂ ਸਨ। ਇਕ ਬੱਚਾ ਝੂਲੇ ਵਿਚ ਤਿੰਨ ਫੁੱਟ ਦੀ ਦੂਰੀ 'ਤੇ ਪਿਆ ਸੀ। ਇਸ ਬੱਚੇ ਨੂੰ ਵੀ ਅੱਗ ਦੇ ਸੇਕ ਕਾਰਨ ਗੰਭੀਰ ਜ਼ਖ਼ਮ ਆਏ। ਕਈ ਹੋਰ ਬੱਚਿਆਂ ਨੂੰ ਵੀ ਅੱਗ ਦਾ ਸੇਕ ਲੱਗਾ ਸੀ। ਝੂਲੇ ਵਿਚ ਪਏ ਛੇਵੇਂ ਬੱਚੇ ਨੂੰ ਤੁਰੰਤ ਪੀ.ਜੀ.ਆਈ. ਇਲਾਜ ਲਈ ਭੇਜਿਆ ਗਿਆ ਪਰ ਡਾਕਟਰਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਪੀ.ਜੀ.ਆਈ. ਵਿਚ ਇਸ ਬੱਚੇ ਦੀ ਵੀ ਦੋ ਦਿਨ ਬਾਅਦ ਮੌਤ ਹੋ ਗਈ।

ਇਨ੍ਹਾਂ ਸਾਰੇ ਬੱਚਿਆਂ ਦੀ ਉਮਰ ਕੁਝ ਦਿਨ ਹੀ ਸੀ। ਇਨ੍ਹਾਂ ਨੂੰ ਪੀਲੀਏ ਦੀ ਬਿਮਾਰੀ ਕਾਰਨ ਇਲਾਜ ਲਈ ਹਸਪਤਾਲ ਰੱਖਿਆ ਗਿਆ ਸੀ। ਨਵ-ਜੰਮੇ ਬੱਚਿਆਂ ਨੂੰ ਅਕਸਰ ਹੀ ਪੀਲੀਆ ਹੋ ਜਾਂਦਾ ਹੈ। ਪੰਜਾਬ ਸਰਕਾਰ ਨੇ ਇਸ ਦੁਖਾਂਤ ਦੇ ਇਕ ਦਮ ਬਾਅਦ ਨਿਆਂਇਕ ਜਾਂਚ ਦੇ ਹੁਕਮ ਦਿੱਤੇ ਸਨ ਜੋ ਕਿ ਜਸਟਿਸ (ਸੇਵਾ ਮੁਕਤ) ਕੇ.ਸੀ. ਗੁਪਤਾ ਨੇ ਕੀਤੀ ਹੈ।

## ਯੂ.ਕੇ. ਨੇ ਉੱਤਰ ਭਾਰਤ ਦੇ ਵਿਦਿਆਰਥੀ ਵੀਜ਼ੇ ਰੋਕੇ

**ਨਵੀਂ ਦਿੱਲੀ:** ਉੱਤਰੀ ਭਾਰਤ ਵਿਚੋਂ ਬਰਤਾਨੀਆ ਦਾ ਵਿਦਿਆਰਥੀ ਵੀਜ਼ਾ ਮੰਗਣ ਵਾਲਿਆਂ ਦੀਆਂ ਅਰਜ਼ੀਆਂ ਦਾ ਇਕ ਤਰ੍ਹਾਂ ਹੜ੍ਹ ਆ ਜਾਣ ਕਾਰਨ ਬਰਤਾਨੀਆ ਨੇ ਇਹ ਅਰਜ਼ੀਆਂ ਲੈਣ ਉਤੇ ਆਰਜ਼ੀ ਪਾਬੰਦੀ ਲਾ ਦਿੱਤੀ ਹੈ। ਅਜਿਹਾ ਇਸ ਸਿਸਟਮ ਦਾ ਨਾਜਾਇਜ਼ ਫਾਇਦਾ ਉਠਾਏ ਜਾਣ ਦੇ ਖਦਸ਼ਿਆਂ ਦੇ ਮੱਦੇਨਜ਼ਰ ਕੀਤਾ ਗਿਆ ਹੈ ਅਤੇ ਇਹ ਫੈਸਲਾ ਸੋਮਵਾਰ ਤੋਂ ਲਾਗੂ ਹੋ ਗਿਆ ਹੈ। ਯੂ.ਕੇ. ਬਾਰਡਰ ਏਜੰਸੀ ਨੇ ਇਥੇ ਐਲਾਨ ਕੀਤਾ ਕਿ ਇਸ ਨੇ ਆਗਾਮੀ ਪਹਿਲੀ ਫਰਵਰੀ ਤੋਂ ਆਪਣੇ ਨਵੀਂ ਦਿੱਲੀ, ਚੰਡੀਗੜ੍ਹ ਅਤੇ ਜਲੰਧਰ ਸਥਿਤ ਕੇਂਦਰਾਂ ਵਿਚ ਅਰਜ਼ੀਆਂ ਪ੍ਰਾਪਤ ਕਰਨ ਦਾ ਕੰਮ ਰੋਕ ਦਿੱਤਾ ਹੈ। ਇਹ ਏਜੰਸੀਆਂ ਇਮੀਗਰੇਸ਼ਨ ਅਤੇ ਕਸਟਮ ਨਿਯਮਾਂ ਨੂੰ ਲਾਗੂ ਕਰਨ ਅਤੇ ਬਰਤਾਨੀਆ ਵਿਚ ਦਾਖਲ ਹੋਣ 'ਤੇ ਰੁਕਮ ਲਈ ਵੀਜ਼ਾ ਦੇਣ ਦਾ ਕੰਮ ਕਰਦੀ ਹੈ। ਇਥੇ ਸਥਿਤ ਬਰਤਾਨਵੀ ਡਿਪਟੀ ਹਾਈ ਕਮਿਸ਼ਨਰ ਨਿਜੇਲ ਕੇਜ਼ੇ ਨੇ ਕਿਹਾ, ''ਅਸੀਂ ਇਹ ਫੈਸਲਾ ਇਸ ਖਿੱਤੇ ਵਿਚ ਸਾਲ ਦੇ ਇਸ ਅਰਸੇ ਦੌਰਾਨ ਅਣਕਿਆਸੇ ਢੰਗ ਨਾਲ ਵਿਦਿਆਰਥੀ ਵੀਜ਼ਾ ਅਰਜ਼ੀਆਂ ਵਿਚ ਹੋਏ ਭਾਰੀ ਵਾਧੇ ਦੇ ਮੱਦੇਨਜ਼ਰ ਲਿਆ ਹੈ। ਇਸ ਆਰਜ਼ੀ ਰੋਕ ਨਾਲ ਯੂ.ਕੇ. ਬਾਰਡਰ ਏਜੰਸੀ ਨੂੰ ਏਜੰਸੀਆਂ ਦੀ ਸਹੀ ਢੰਗ ਨਾਲ ਜਾਂਚ ਜਾਰੀ ਰੱਖਣ ਅਤੇ ਉੱਤਰੀ ਭਾਰਤ ਵਿਚਲੇ ਸਾਡੇ ਸਾਰੇ ਗਾਹਕਾਂ ਲਈ ਵੀਜ਼ਾ ਅਮਲ ਸਹੀ ਢੰਗ ਨਾਲ ਲਾਗੂ ਕਰਨ ਵਿਚ ਮਦਦ ਮਿਲੇਗੀ।'' ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨ ਕੇਂਦਰਾਂ ਭਾਵ ਨਵੀਂ ਦਿੱਲੀ, ਚੰਡੀਗੜ੍ਹ ਤੇ ਜਲੰਧਰ ਨੂੰ ਅਕਤੂਬਰ ਤੋਂ ਦਸੰਬਰ 2007 ਦੌਰਾਨ ਕਰੀਬ ਇਕ ਹਜ਼ਾਰ ਵੀਜ਼ਾ ਅਰਜ਼ੀਆਂ ਮਿਲੀਆਂ ਸਨ ਅਤੇ 2008 ਦੇ ਇਸੇ ਅਰਸੇ ਦੌਰਾਨ ਇਹ ਗਿਣਤੀ 1800 ਹੋ ਗਈ ਪਰ ਪਿਛਲੇ ਸਾਲ ਦੇ ਇਸ ਅਰਸੇ ਦੌਰਾਨ ਤਾਂ ਇਹ ਗਿਣਤੀ 13500 ਤੱਕ ਜਾ ਪੁੱਜੀ।

# ਭਾਰਤੀ ਵਿਦਿਆਰਥੀ ਆਸਟਰੇਲੀਆ ਨਾ ਜਾਣ-ਪ੍ਰਨੀਤ

### ਨਸਲੀ ਕਿਸਮ ਦੇ ਹਮਲਿਆਂ ਦਾ ਸਿਲਸਿਲਾ ਜਾਰੀ



**ਨਵੀਂ ਦਿੱਲੀ :** ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਲੰਘੀ 29 ਜਨਵਰੀ ਨੂੰ ਇਥੇ ਕਿਹਾ ਕਿ ਭਾਰਤੀ ਵਿਦਿਆਰਥੀਆਂ ਨੂੰ ਅਜੇ ਆਸਟਰੇਲੀਆ ਨਹੀਂ ਜਾਣਾ ਚਾਹੀਦਾ। ਵਿਦੇਸ਼ ਰਾਜ ਮੰਤਰੀ ਨੇ ਆਸਟਰੇਲੀਆ ਵਿਚ ਭਾਰਤੀ ਮੂਲ ਦੇ ਲੋਕਾਂ 'ਤੇ ਹੋਰ ਰਹੇ ਹਮਲਿਆਂ ਦੇ ਮੱਦੇਨਜ਼ਰ ਇਹ ਸਲਾਹ ਦਿੱਤੀ ਹੈ। ਪਰਨੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਮਲਿਆਂ ਨੂੰ ਰੋਕਣ ਲਈ ਅਸੀਂ ਆਪਣੇ ਪੱਧਰ 'ਤੇ ਭਰਪੂਰ ਯਤਨ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਭਾਰਤੀ ਲੋਕਾਂ ਖਾਸ ਕਰ ਵਿਦਿਆਰਥੀਆਂ ਨੂੰ ਅਜੇ ਆਸਟਰੇਲੀਆ ਨਾ ਜਾਣ ਸਬੰਧੀ ਵਿਦੇਸ਼ ਮੰਤਰਾਲੇ ਵਲੋਂ ਇਹ ਸਲਾਹ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਆਸਟਰੇਲੀਆ 'ਤੇ ਇਸ ਗੱਲ ਨੂੰ ਲੈ ਕੇ ਦਬਾਅ ਬਣਾਇਆ ਹੋਇਆ ਹੈ ਕਿ ਉਹ ਹਮਲਿਆਂ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰੇ। ਪਰਨੀਤ ਕੌਰ ਨੇ ਕਿਹਾ ਕਿ ਭਾਰਤ ਸਰਕਾਰ ਜਾਣਨਾ ਚਾਹੁੰਦੀ ਹੈ ਕਿ ਆਖ਼ਰ ਇਹ ਹਮਲੇ ਕਿਉਂ ਅਤੇ ਕਿਵੇਂ ਹੋ ਰਹੇ ਹਨ ਤੇ ਇਨ੍ਹਾਂ ਹਮਲਿਆਂ ਦੇ ਪਿੱਛੇ ਕੀ ਕਾਰਨ ਹਨ, ਇਸ ਸਬੰਧੀ ਜਾਂਚ ਕੀਤੀ ਜਾਣੀ ਚਾਹੀਦੀ ਹੈ।ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਆਸਟਰੇਲੀਆ ਵਿਚ ਭਾਰਤੀ ਵਿਦਿਆਰਥੀਆਂ ਅਤੇ ਟੈਕਸੀ ਡਰਾਇਵਰਾਂ 'ਤੇ ਹੋ ਰਹੇ ਹਮਲਿਆਂ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਪਿਛਲੇ ਮਹੀਨੇ ਵੀ ਭਾਰਤੀ ਲੋਕਾਂ ਨੂੰ ਆਸਟਰੇਲੀਆ ਨਾ ਜਾਣ ਦੀ ਸਲਾਹ ਦਿੱਤੀ ਸੀ। ਵਿਦੇਸ਼ ਮੰਤਰਾਲੇ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ ਕਿ ਆਸਟਰੇਲੀਆ ਵਿਚ ਰਹਿਣ ਵਾਲਾ ਭਾਰਤੀ ਭਾਈਚਾਰਾ ਇਨ੍ਹਾਂ ਹਮਲਿਆਂ ਕਾਰਨ ਵੱਡੇ ਪੱਧਰ 'ਤੇ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਜ਼ਿਕਰ ਕੀਤਾ ਕਿ ਆਸਟਰੇਲੀਆ ਸਰਕਾਰ ਨੇ ਇਸ ਮੁੱਦੇ 'ਤੇ ਇਕ ਉੱਚ ਪੱਧਰੀ ਕਾਰਜਕਾਰੀ ਕਮੇਟੀ ਬਣਾਈ ਹੈ, ਜੋ ਇਸ ਮਾਮਲੇ 'ਤੇ ਗੱਲਬਾਤ ਕਰਨ ਲਈ ਸ਼ਨੀਵਾਰ ਤੇ ਐਤਵਾਰ ਨੂੰ ਮੀਟਿੰਗ ਕਰੇਗੀ। ਮਹਾਰਾਣੀ ਪਰਨੀਤ ਕੌਰ ਨੇ ਭਾਰਤੀਆਂ 'ਤੇ ਹੋ ਰਹੇ ਹਮਲਿਆਂ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਇਹ ਬਰਦਾਸ਼ਤਯੋਗ ਨਹੀਂ ਤੇ ਇਸ ਸਬੰਧੀ ਜੋ ਵੀ ਜ਼ਰੂਰੀ ਹੋਵੇਗਾ, ਭਾਰਤ ਸਰਕਾਰ ਉਹ ਕਰੇਗੀ।

ਇਸ ਦੌਰਾਨ ਆਸਟਰੇਲੀਆ 'ਚ ਭਾਰਤੀਆਂ 'ਤੇ ਹਮਲਿਆਂ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਆਸਟਰੇਲੀਆ ਵਲੋਂ ਹਮਲਿਆਂ ਸਬੰਧੀ ਦਸਤਾਵੇਜ਼ ਸੌਂਪਣ ਤੋਂ ਬਾਅਦ ਹੁਣ ਬ੍ਰਿਸਬੇਨ 'ਚ ਵਾਪਰੀਆਂ ਦੋ ਵੱਖ-ਵੱਖ ਵਾਰਦਾਤਾਂ 'ਚ ਤਿੰਨ ਟੈਕਸੀ ਡਰਾਈਵਰਾਂ ਸਮੇਤ ਚਾਰ ਭਾਰਤੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇੱਕ ਸਥਾਨਕ ਅਖ਼ਬਾਰ ਨੇ ਪੀੜ੍ਹਤਾਂ ਬਾਰੇ ਵਧੇਰੇ ਜਾਣਕਾਰੀ ਦਿੱਤੇ ਬਿਨਾਂ ਦੱਸਿਆ ਕਿ ਬ੍ਰਿਸਬੇਨ 'ਚ ਚਾਰ ਹੋਰ ਭਾਰਤੀਆਂ 'ਤੇ ਹਮਲੇ ਹੋਏ। ਇਨ੍ਹਾਂ 'ਚੋਂ ਇੱਕ ਘਟਨਾ 'ਚ ਤਿੰਨ ਟੈਕਸੀ ਡਰਾਈਵਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇੱਕ ਟੈਕਸੀ ਡਰਾਈਵਰ ਨੇ ਦੱਸਿਆ ਕਿ ਉਸ ਦੀ ਕੁੱਟਮਾਰ ਕਰਕੇ ਟੈਕਸੀ ਤੋਂ ਬਾਹਰ ਖਿੱਚ ਲਿਆ ਗਿਆ। ਇੱਕ ਅਨੁਮਾਨ ਮੁਤਾਬਕ ਆਸਟਰੇਲੀਆ 'ਚ ਟੈਕਸੀ ਚਲਾਉਣ ਵਾਲਿਆਂ 'ਚ 70 ਫੀਸਦੀ ਭਾਰਤੀ ਹਨ, ਜਿਸ ਕਾਰਨ ਉਨ੍ਹਾਂ 'ਤੇ ਇਸ ਤਰ੍ਹਾਂ ਦੇ ਹਮਲੇ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਤਾਜ਼ਾ ਹਮਲੇ ਭਾਰਤੀਆਂ ਖਿਲਾਫ ਇਸ ਮਹੀਨੇ ਹੋਈ 10ਵੀਂ ਘਟਨਾ ਹੈ। ਇੱਕ ਹੋਰ ਘਟਨਾ 'ਚ ਪਿਜ਼ਾ ਡਲਿਵਰੀ ਕਰਨ ਵਾਲੇ ਇੱਕ 23 ਸਾਲਾ ਨੌਜਵਾਨ ਦੀ ਕ੍ਰਿਕਟ ਵਾਲੇ ਬੈਟ ਨਾਲ ਕੁੱਟਮਾਰ ਕਰਨ ਉਪਰੰਤ ਉਸ ਨੂੰ ਲੁੱਟ ਲਿਆ ਗਿਆ। ਇਸੇ ਦੌਰਾਨ ਬ੍ਰਿਸਬੇਨ ਸਥਿਤ ਭਾਰਤੀ ਵਣਜ ਦੂਤ ਐਸ ਡੀ ਸਿੰਘ ਨੇ ਕਿਹਾ ਕਿ ਪੁਲਿਸ ਨੇ ਉਨ੍ਹਾਂ ਨੂੰ ਹਮਲਿਆਂ ਬਾਰੇ ਸੂਚਿਤ ਕੀਤਾ ਸੀ ਤੇ ਇਕ ਘਟਨਾ 'ਚ ਸ਼ਾਮਲ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ।

## ਅਮਰੀਕੀਆਂ ਨੂੰ ਭਾਰਤ ਨਾ ਜਾਣ ਦੀ ਸਲਾਹ

**ਵਾਸ਼ਿੰਗਟਨ :** ਭਾਰਤ ਵਿਚ ਅਤਿਵਾਦੀ ਹਮਲਿਆਂ ਬਾਰੇ ਲਗਾਤਾਰ ਮਿਲ ਰਹੀ ਖੁਫ਼ੀਆ ਜਾਣਕਾਰੀ ਦੇ ਮੱਦੇਨਜ਼ਰ ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਆਉਣ ਵਾਲੇ ਮਹੀਨਿਆਂ ਵਿਚ ਭਾਰਤ ਦੌਰੇ 'ਤੇ ਜਾ ਰਹੇ ਆਪਣੇ ਨਾਗਰਿਕਾਂ ਨੂੰ ਚੌਕਸ ਰਹਿਣ ਲਈ ਕਿਹਾ ਹੈ। ਮੰਤਰਾਲੇ ਵਲੋਂ ਜਾਰੀ ਤਾਜ਼ਾ ਮਸ਼ਵਰੇ ਮੁਤਾਬਕ ''ਵਿਦੇਸ਼ ਮੰਤਰਾਲਾ ਭਾਰਤ ਵਿਚ ਮੌਜੂਦਾ ਸੁਰਖਿਆ ਚਿੰਤਾਵਾਂ ਪ੍ਰਤੀ ਆਪਣੇ ਨਾਗਰਿਕਾਂ ਨੂੰ ਚੌਕਸ ਕਰਦਾ ਹੈ। ਅਮਰੀਕਾ ਸਰਕਾਰ ਨੂੰ ਲਗਾਤਾਰ ਸੂਹ ਮਿਲ ਰਹੀ ਹੈ ਕਿ ਅਤਿਵਾਦੀ ਜਥੇਬੰਦੀਆਂ ਭਾਰਤ ਉਪਰ ਹਮਲੇ ਦੀ ਸਾਜ਼ਸ਼ ਰਚ ਸਕਦੀਆਂ ਹਨ।'' ਮਸ਼ਵਰੇ ਵਿਚ ਕਿਹਾ ਗਿਆ ਹੈ ਕਿ ਅਤਿਵਾਦੀ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਉਨ੍ਹਾਂ ਥਾਵਾਂ 'ਤੇ ਹਮਲੇ ਕਰ ਕੇ ਆਪਣੀ ਸਮਰੱਥਾ ਪ੍ਰਗਟਾਈ ਹੈ ਜਿਥੇ ਅਮਰੀਕੀ ਨਾਗਰਿਕ ਜਾਂ ਹੋਰ ਪਛਮੀ ਦੇਸ਼ਾਂ ਦੇ ਲੋਕ ਜਾਂਦੇ ਹਨ। ਇਹ ਤਾਜ਼ਾ ਮਸ਼ਵਰਾ 29 ਦਸੰਬਰ ਨੂੰ ਖਤਮ ਹੋਏ ਮਸ਼ਵਰੇ ਦੀ ਥਾਂ 'ਤੇ ਜਾਰੀ ਕੀਤਾ ਗਿਆ ਅਤੇ ਇਹ 30 ਅਪ੍ਰੈਲ ਤਕ ਲਾਗੂ ਰਹੇਗਾ।

## ਜਾਅਲੀ ਦਸਤਾਵੇਜ਼ਾਂ ਸਹਾਰੇ ਜਾਣ ਵਾਲਿਆਂ ਨੂੰ ਬਰੇਕਾਂ

**ਚੰਡੀਗੜ੍ਹ:** ਆਸਟਰੇਲੀਆਈ ਸਰਕਾਰ ਨੇ ਜਾਅਲੀ ਦਸਤਾਵੇਜ਼ਾਂ ਸਹਾਰੇ ਬਾਹਰ ਦੀ ਉਡਾਰੀ ਮਾਰਨ ਵਾਲੇ ਪੰਜਾਬੀਆਂ ਦੇ ਪਰ ਕੁਤਰਨੇ ਸ਼ੁਰੂ ਕਰ ਦਿੱਤੇ ਹਨ। ਦਿੱਲੀ ਸਥਿਤ ਆਸਟਰੇਲੀਆ ਦੇ ਹਾਈ ਕਮਿਸ਼ਨ ਵਲੋਂ ਕਰਵਾਏ ਇਕ ਸਰਵੇ ਤੋਂ ਪਤਾ ਲੱਗਾ ਹੈ ਕਿ 50 ਫੀਸਦੀ ਬਿਨੈਕਾਰਾਂ ਵਲੋਂ ਵੀਜ਼ਾ ਅਰਜ਼ੀ ਨਾਲ ਫਰਜ਼ੀ ਸਰਟੀਫਿਕੇਟ ਲਗਾਏ ਜਾਂਦੇ ਰਹੇ ਹਨ।

ਹਾਈ ਕਮਿਸ਼ਨ ਵਲੋਂ ਦਿੱਤੇ ਅੰਕੜਿਆਂ ਅਨੁਸਾਰ ਵੋਕੇਸ਼ਨਲ ਐਜੂਕੇਸ਼ਨ ਅਤੇ ਟਰੇਨਿੰਗ ਸੈਕਟਰ ਦੇ ਪਹਿਲਾਂ ਨਾਲੋਂ ਮਸਾਂ ਅੱਧੇ ਵੀਜ਼ੇ ਹੀ ਮਨਜ਼ੂਰ ਹੋਏ ਹਨ। ਜੁਲਾਈ ਤੋਂ ਅਕਤੂਬਰ 2008 ਤਕ 89.40 ਫੀਸਦੀ ਵੀਜ਼ੇ ਮਨਜ਼ੂਰ ਹੋਏ ਜਦੋਂਕਿ ਜੁਲਾਈ ਤੋਂ ਅਕਤੂਬਰ 2009 ਵਿਚ ਇਹ ਪ੍ਰਤੀਸ਼ਤਤਾ ਘਟ ਕੇ 50.4 ਫੀਸਦੀ ਰਹਿ ਗਈ। ਜੁਲਾਈ ਤੋਂ ਅਕਤੂਬਰ 2008 ਤਕ 623 ਬਿਨੈਕਾਰਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕੀਤੀ ਗਈ ਜਦੋਂਕਿ 179 ਨੇ ਆਪਣੀਆਂ ਅਰਜ਼ੀਆਂ ਵਾਪਸ ਲੈ ਲਈਆਂ। ਇਸਦੇ ਉਲਟ ਜੁਲਾਈ ਤੋਂ ਅਕਤੂਬਰ 2009 ਤਕ 6, 436 ਬਿਨੈਕਾਰਾਂ ਦੀ ਵੀਜ਼ਾ ਅਰਜ਼ੀ ਰੱਦ ਕਰ ਦਿੱਤੀ ਗਈ ਜਦੋਂਕਿ 1,429 ਨੇ ਆਪਣੀਆਂ ਅਰਜ਼ੀਆਂ ਵਾਪਸ ਲਈਆਂ। ਉੱਚ ਸਿੱਖਿਆ ਸੈਕਟਰ ਵਿਚ ਵੀ ਪਹਿਲਾਂ ਨਾਲੋਂ ਵੱਧ ਅਰਜ਼ੀਆਂ ਰੱਦ ਹੋਈਆਂ। ਜੁਲਾਈ ਤੋਂ ਅਕਤੂਬਰ 2008 ਵਿਚ 93.6 ਫੀਸਦੀ ਵੀਜ਼ੇ ਸਿਰੇ ਚੜ੍ਹੇ, ਜਦੋਂਕਿ ਜੁਲਾਈ ਤੋਂ ਅਕਤੂਬਰ 2009 ਦੌਰਾਨ ਇਹ ਦਰ 85 ਫੀਸਦੀ 'ਤੇ ਆ ਡਿੱਗੀ। ਜੁਲਾਈ ਤੋਂ ਅਕਤੂਬਰ 2008 ਦੌਰਾਨ 5.4 ਫੀਸਦੀ ਲੋਕਾਂ ਦੀਆਂ ਵੀਜ਼ਾ ਅਰਜ਼ੀਆਂ ਰੱਦ ਹੋਈਆਂ, ਜਦੋਂਕਿ ਪਿਛਲੇ ਸਾਲ ਇਹ ਦਰ ਵਧ ਕੇ 10.2 ਫੀਸਦੀ ਹੋ ਗਈ।

ਰਿਪੋਰਟ ਅਨੁਸਾਰ ਜੁਲਾਈ ਤੋਂ ਅਕਤੂਬਰ 2008 ਤਕ 25, 190 ਵਿਦਿਆਰਥੀਆਂ ਨੇ ਆਸਟਰੇਲੀਆ ਵਿਚ ਪੜ੍ਹਨ ਜਾਣ ਲਈ ਅਰਜ਼ੀਆਂ ਦਿੱਤੀਆਂ, ਜਦੋਂਕਿ ਬੀਤੇ ਸਾਲ ਦੌਰਾਨ ਇਹ ਗਿਣਤੀ ਘਟ ਕੇ 20,557 ਰਹਿ ਗਈ।


**SUPER TRAVEL**
847-676-9090
*E-mail: supertravel2003@yahoo.com*
*Lowest Fares With Excellent Service*
*AMERICAN AIR,* *JET AIRWAYS DELTA, AIR INDIA,*

*For Emergency Call anytime at*
India $545
*EARLY BIRD SALE!!!!*

**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**
ਅਰਥਰਾਈਟਸ, ਦਮਾ, ਸ਼ੂਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant/Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com


ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜ਼ਮਾਓ

# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.


*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Financing Available For Buying Trucks
**Cell:(510) 557-6988, Ph:209-982-9996**

# ਭਾਰਤੀ ਸਿਆਸਤ ਤੇ ਸਿਆਸਤਦਾਨ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



ਪ੍ਰੋ. ਰੋਮਾਣਾ

ਨਵਾਬ ਨਸਰਉਲਾ ਖਾਨ ਪਾਕਿਸਤਾਨ ਦੇ ਮਸ਼ਹੂਰ ਸਿਆਸੀ ਨੇਤਾ ਹੋਏ ਹਨ ਜਿਨ੍ਹਾਂ ਦੀ 2003 'ਚ 85 ਸਾਲ ਦੀ ਉਮਰ 'ਚ ਮੌਤ ਹੋ ਗਈ ਸੀ। ਉਹ ਆਪਣੀ ਸਾਰੀ ਸਿਆਸੀ ਜ਼ਿੰਦਗੀ ਫੌਜੀ ਹੁਕਮਰਾਨਾਂ ਦੀ ਤਾਨਾਸ਼ਾਹੀ ਦੇ ਖ਼ਿਲਾਫ਼ ਅਤੇ ਪਾਕਿਸਤਾਨ 'ਚ ਲੋਕਤੰਤਰ ਦੀ ਬਹਾਲੀ ਲਈ ਲੜਦੇ ਰਹੇ। ਮਰਨ ਵੇਲੇ ਉਹ ਅਲਾਇੰਸ ਫਾਰ ਰੀਵਾਈਵਲ ਆਫ ਡੈਮੋਕਰੇਸੀ (ਏ ਆਰ ਡੀ) ਨਾਂ ਦੀ ਪਾਰਟੀ ਦੇ ਚੇਅਰਮੈਨ ਸਨ। ਉਹ ਅਕਸਰ ਕਹਿੰਦੇ ਹੁੰਦੇ ਸਨ ਕਿ ਕਾਨੂੰਨ ਸਭ ਤੋਂ ਉਪਰ ਹੋਵੇ ਤੇ ਸਭ ਲਈ ਬਰਾਬਰ ਹੋਵੇ। ਇਸ ਸਬੰਧ 'ਚ ਉਹ ਆਪਣੇ ਭਾਸ਼ਨ 'ਚ ਅਕਸਰ ਇਕ ਹੱਡ-ਬੀਤੀ ਦਾ ਹਵਾਲਾ ਦਿਆ ਕਰਦੇ ਸਨ ਕਿ ਜਦ ਉਹ 15-16 ਸਾਲ ਦੇ ਸਨ ਤਾਂ ਉਹ ਵੀ ਆਮ ਨਵਾਬਜ਼ਾਦਿਆਂ ਵਾਂਗ ਕਦੇ ਕਦੇ ਸ਼ਾਮ ਨੂੰ ਦੋ ਘੋੜਿਆਂ ਵਾਲੀ ਬੱਘੀ ਤੇ ਸ਼ਹਿਰ 'ਚ ਸੈਰ-ਸਪਾਟੇ ਲਈ ਨਿਕਲਦੇ। ਇਕ ਦਿਨ ਉਨ੍ਹਾਂ ਨੇ ਆਪਣੀ ਬੱਘੀ ਉਸ ਨਹਿਰ ਦੀ ਪਟੜੀ 'ਤੇ ਤੋਰ ਲਈ ਜਿਸ ਉਤੇ ਅੰਗਰੇਜ਼ ਅਫਸਰਾਂ ਦੇ ਦਫਤਰ ਤੇ ਰਿਹਾਇਸ਼ ਸੀ। ਇਹ ਰਸਤਾ ਆਮ ਨਹੀਂ ਸੀ। ਜਦੋਂ ਥੋੜਾ ਅੱਗੇ ਗਏ ਤਾਂ ਡਿਊਟੀ 'ਤੇ ਹਾਜ਼ਰ ਬੇਲਦਾਰ ਨੇ ਉਨ੍ਹਾਂ ਨੂੰ ਰੋਕ ਕੇ ਕਿਹਾ ਕਿ ਤੁਸੀਂ ਅੱਗੇ ਨਹੀਂ ਜਾ ਸਕਦੇ ਇਸ ਲਈ ਆਪਣੀ ਬੱਘੀ ਵਾਪਸ ਲੈ ਜਾਵੋ। ਇਸ ਤੇ ਨਵਾਬਜ਼ਾਦੇ ਨਸਰਉਲਾ ਖਾਨ ਨੂੰ ਗੁੱਸਾ ਆ ਗਿਆ। ਉਹ ਹੇਠਾਂ ਉਤਰੇ ਤੇ ਦੋ ਤਿੰਨ ਛਾਂਟੇ ਉਸ ਬੇਲਦਾਰ ਨੂੰ ਮਾਰ ਦਿੱਤੇ ਤੇ ਗਾਲੀ ਗਲੋਚ ਵੀ ਕੀਤਾ ਤੇ ਉਸਨੂੰ ਦੱਸਿਆ ਕਿ ਉਹ ਨਵਾਬਾਂ ਦਾ ਮੁੰਡਾ ਹੈ ਕੋਈ ਐਰਾ ਗੈਰਾ ਨਹੀਂ।

ਬੇਲਦਾਰ ਨੇ ਸਾਰੀ ਘਟਨਾ ਉਸੇ ਵੇਲੇ ਆਪਣੇ ਅੰਗਰੇਜ਼ ਅਫਸਰ ਨੂੰ ਜਾ ਦੱਸੀ ਜਿਸ ਨੇ ਨਸਰਉਲਾ ਖਾਨ ਵਿਰੁਧ ਥਾਣੇ 'ਚ ਪਰਚਾ ਦਰਜ ਕਰਵਾ ਦਿੱਤਾ। ਸ਼ਿਕਾਇਤ ਅੰਗਰੇਜ਼ ਅਫਸਰ ਵਲੋਂ ਸੀ ਸੋ ਪੁਲਿਸ ਵੀ ਉਸੇ ਵੇਲੇ ਹਰਕਤ 'ਚ ਆ ਗਈ ਤੇ ਨਵਾਬਾਂ ਨੂੰ ਵੀ ਭਾਜੜਾਂ ਪੈ ਗਈਆਂ। ਉਨ੍ਹਾਂ ਮਸਲੇ ਨੂੰ ਲੋਕਲ ਲੈਵਲ 'ਤੇ ਖੁਰਦ-ਬੁਰਦ ਕਰਨ ਦੀ ਕੋਸ਼ਿਸ਼ ਕੀਤੀ ਪਰ ਗੱਲ ਨਾ ਬਣੀ। ਨਵਾਬ ਇਕੱਠੇ ਹੋ ਕੇ ਨਾਲ ਮੁਲਜ਼ਮ ਮੁੰਡੇ ਨੂੰ ਲੈ ਕੇ ਮੁਲਤਾਨ ਗੋਰੇ ਕਮਿਸ਼ਨਰ ਦੇ ਘਰ ਜਾ ਪੇਸ਼ ਹੋਏ ਤੇ ਸਾਰਾ ਮਾਮਲਾ ਬਿਆਨਿਆ। ਉਸ ਨੇ ਨਵਾਬਾਂ ਨੂੰ ਚਾਹ-ਪਾਣੀ ਤਾਂ ਪਿਲਾਇਆ ਪਰ ਕਾਨੂੰਨ ਦੇ ਮਾਮਲੇ 'ਚ ਟੰਗ ਅੜਾਉਣ ਤੋਂ ਆਪਣੀ ਬੇਵਸੀ ਜ਼ਾਹਰ ਕੀਤੀ ਤੇ ਨਾਲ ਹੀ ਸਲਾਹ ਦਿੱਤੀ ਕਿ ਕਿਉਂਕਿ ਮਾਮਲਾ ਗੰਭੀਰ ਹੈ, ਇਸ ਲਈ ਉਹ ਇਸੇ ਹਫਤੇ ਵਾਇਸਰਾਏ ਨੂੰ ਲਾਹੌਰ ਜਾ ਕੇ ਮਿਲ ਲੈਣ। ਅਗਲੇ ਦਿਨ ਨਵਾਬਾਂ ਦਾ ਕਾਫਲਾ ਵਾਇਸਰਾਏ ਨੂੰ ਲਾਹੌਰ ਜਾ ਮਿਲਿਆ ਤੇ ਕਿਹਾ ਕਿ ਉਹ ਮੁੰਡੇ ਦੀ ਗਲਤੀ ਦੀ ਮੁਆਫੀ ਮੰਗਣ ਆਏ ਹਨ ਤੇ ਕ੍ਰਿਪਾ ਕਰਕੇ ਮੁਕੱਦਮਾ ਖਤਮ ਕਰਵਾ ਦਿਓ। ਉਸ ਨੇ ਵੀ ਨਵਾਬਾਂ ਨੂੰ ਸਪੱਸ਼ਟ ਦੱਸ ਦਿੱਤਾ ਕਿ ਇਸ ਦਾ ਫੈਸਲਾ ਜਾਂ ਅਦਾਲਤ ਕਰ ਸਕਦੀ ਹੈ ਜਾਂ ਪੀੜਤ ਆਦਮੀ। ਸੋ ਮੁਆਫ ਵੀ ਪੀੜਤ ਬੇਲਦਾਰ ਹੀ ਕਰ ਸਕਦਾ ਹੈ। ਇਹ ਸੱਚ ਹੈ ਕਿ ਨਸਰਉਲਾ ਖਾਂ ਨੇ ਖੁਦ ਆਪਣੇ ਬਾਪ ਨਾਲ ਸ਼ਿਕਾਇਤਕਰਤਾ ਅੰਗਰੇਜ਼ ਦੀ ਕੋਠੀ ਜਾ ਕੇ ਪੁਲਿਸ ਦੇ ਸਾਹਮਣੇ ਬੇਲਦਾਰ ਤੋਂ ਆਪਣੇ ਕੀਤੇ ਲਈ ਮੁਆਫੀ ਮੰਗੀ। ਕਿਹਾ ਜਾਂਦਾ ਹੈ ਕਿ ਬੇਲਦਾਰ ਨੇ ਹੱਸ ਕੇ ਕਿਹਾ, ''ਪੁਤਰਾ ਜੇ ਇਹ ਮੁਆਫੀ ਛਾਂਟੇ ਮਾਰ ਕੇ ਉਦੋਂ ਹੀ ਮੰਗ ਲੈਂਦਾ ਤਾਂ ਗੱਲ ਕਾਨੂੰਨ ਤੱਕ ਪਹੁੰਚਣੀ ਹੀ ਨਹੀਂ ਸੀ ਤੇ ਵੱਡੇ ਨਵਾਬ ਸਾਹਿਬ ਨੂੰ ਇੰਨਾ ਖੱਜਲ-ਖੁਆਰ ਨਾ ਹੋਣਾ ਪੈਂਦਾ।''

ਉਪਰੋਕਤ ਵਾਕਿਆ ਦਾ ਚੇਤਾ ਮੈਨੂੰ ਪਿਛਲੇ ਦਿਨੀਂ ਭਾਰਤੀ ਚੈਨਲਾਂ 'ਤੇ ਚਰਚਾ ਦਾ ਵਿਸ਼ਾ ਬਣੀ ਲਖਨਊ ਦੇ ਜ਼ਿਲ੍ਹਾ ਮੈਜਿਸਟਰੇਟ (ਡੀ. ਸੀ.) ਵਲੋਂ ਕੀਤੀ ਉਸ ਕਾਰਵਾਈ ਕਰਕੇ ਆਇਆ ਹੈ ਜਿਸ 'ਚ ਅਸੀਂ ਉਸ ਨੂੰ ਛੋਟੇ ਪਰਦੇ 'ਤੇ ਇਕ ਸਧਾਰਣ ਮੁਲਾਜ਼ਮ 'ਤੇ ਥੱਪੜਾਂ ਦਾ ਮੀਂਹ ਵਰਾਉਂਦੇ ਵੇਖਿਆ ਹੈ। ਖਬਰਾਂ ਅਨੁਸਾਰ ਗੱਲ ਇਸ ਤਰ੍ਹਾਂ ਹੋਈ ਕਿ ਮੁਲਾਜ਼ਮਾਂ ਦੀ ਹੜਤਾਲ ਕਾਰਨ ਡੀ. ਐਮ. ਸਾਹਿਬ ਦਫਤਰਾਂ 'ਚ ਹਾਜ਼ਰੀ ਦੀ ਜਾਂਚ ਕਰਨ ਗਏ ਸਨ। ਇਸ ਦਫਤਰ ਦੇ ਮੁਲਾਜ਼ਮਾਂ ਨੇ ਪਹਿਲਾਂ ਕਦੇ ਸਾਹਿਬ ਨੂੰ ਵੇਖਿਆ ਹੀ ਨਹੀਂ ਸੀ। ਸੋ ਉਨ੍ਹਾਂ 'ਚੋਂ ਇਕ ਨੇ ਉਸ ਤੋਂ ਸ਼ਨਾਖਤੀ ਕਾਰਡ ਦੀ ਮੰਗ ਕਰ ਲਈ। ਬਸ ਫੇਰ ਕੀ ਸੀ ਉਸ ਮੁਲਾਜ਼ਮ ਨੂੰ ਖੁਦ ਡੀ. ਐਮ. ਨੇ 3-4 ਥੱਪੜ ਮਾਰ ਕੇ ਪੁਛਿਆ ਕਿ ਦੇਖ ਲਿਆ ਸ਼ਨਾਖਤੀ ਕਾਰਡ ਕਿ ਨਹੀਂ? ਗੱਲ ਇਥੇ ਹੀ ਨਹੀਂ ਖਤਮ ਹੋਈ, ਮੁੱਖ ਮੰਤਰੀ ਮਾਇਆਵਤੀ ਨੇ ਜਾਂਚ ਤਾਂ ਸ਼ੁਰੂ ਕਰਵਾ ਦਿੱਤੀ ਪਰ ਉਸ ਮੁਲਾਜ਼ਮ ਨੂੰ ਉਸੇ ਦਿਨ ਗ੍ਰਿਫਤਾਰ ਕਰਕੇ ਜੇਲ ਭੇਜ ਦਿੱਤਾ ਤੇ ਅਗਲੇ ਦਿਨ ਉਸ ਨੂੰ ਨੌਕਰੀਓਂ ਮੁਅੱਤਲ ਵੀ ਕਰ ਦਿੱਤਾ ਤੇ ਡੀ. ਐਮ. ਆਪਣੇ ਸ਼ਨਾਖਤੀ ਕਾਰਡ ਕੋਟ ਦੀਆਂ ਜੇਬਾਂ 'ਚ ਪਾਈ ਹੋਰ ਦਫਤਰਾਂ ਦੀ ਹਾਜ਼ਰੀ ਚੈਕ ਕਰਦਾ ਫਿਰਦਾ ਹੈ।

ਇਸੇ ਤਰ੍ਹਾਂ ਕਾਫੀ ਦੇਰ ਪਹਿਲਾਂ ਮਾਇਆਵਤੀ ਦੇ ਇਕ ਐਮ. ਐਲ. ਏ. ਨੇ ਮਾਇਆਵਤੀ ਦੇ ਜਨਮ ਦਿਨ ਤੇ ਬਣਦਾ ਤੋਹਫਾ ਨਾ ਦੇਣ 'ਤੇ ਇਕ ਐਸ. ਡੀ. ਓ. ਨੂੰ ਆਪਣੀ ਸ਼ਨਾਖਤ ਦਿੱਤੀ ਸੀ ਤੇ ਉਹ ਵਿਚਾਰਾ ਜਾਨ ਤੋਂ ਹੀ ਹੱਥ ਧੋ ਬੈਠਾ ਸੀ। ਅਜਿਹਾ ਨਹੀਂ ਕਿ ਇਹ ਕੁਝ ਮਾਇਆਵਤੀ ਦੇ ਲੀਡਰ ਤੇ ਅਫਸਰ ਹੀ ਕਰਦੇ ਹਨ। ਇਸ ਢੰਗ ਨਾਲ ਆਪਣੀ ਸ਼ਨਾਖਤ ਦਾ ਤੁਆਰਫ਼ ਕਰਵਾਉਣ ਦਾ ਇਹ ਰੁਝਾਨ ਬਾਕੀ ਪਾਰਟੀਆਂ ਦੇ ਕਾਰਕੁਨਾਂ 'ਚ ਵੀ ਇੰਨਾ ਹੀ ਪ੍ਰਬਲ ਹੈ। ਸਮਾਜਵਾਦੀ ਪਾਰਟੀ ਦੇ ਆਗੂ ਮੁਲਾਇਮ ਸਿੰਘ ਯਾਦਵ ਨੂੰ ਚੋਣਾਂ ਦੌਰਾਨ ਇਕ ਚੋਣ ਅਫਸਰ ਨੂੰ ਗਾਲੀ-ਗਲੋਚ ਕਰਦਾ ਵੀ ਅਸੀਂ ਵੇਖਿਆ ਹੈ। ਲਖਨਊ ਦਾ ਇਕ ਕਾਂਗਰਸੀ ਐਮ. ਐਲ. ਏ. ਤੇ ਇਸੇ ਕਾਂਗਰਸ ਦਾ ਆਂਧਰਾ ਦਾ ਇਕ ਐਮ. ਪੀ. ਮੁਲਾਜ਼ਮਾਂ ਦੀ ਕੁਟਾਈ ਕਰਦੇ ਟੀ. ਵੀ. 'ਤੇ ਸਭ ਨੇ ਦੇਖੇ ਹਨ। ਨਿਤੀਸ਼ ਕੁਮਾਰ ਦੀ ਪਾਰਟੀ ਦਾ ਇਹ ਐਮ. ਐਲ. ਏ. ਏਅਰਪੋਰਟ 'ਤੇ ਸ਼ਰਾਬੀ ਹਾਲਤ 'ਚ ਉਥੇ ਮੁਲਾਜ਼ਮਾਂ ਨਾਲ ਦੁਰਵਿਹਾਰ ਕਰਦਾ ਵੀ ਅਸੀਂ ਵੇਖਿਆ ਹੈ। ਜਥੇਦਾਰਾਂ ਦੇ ਇਕ ਕੌਂਸਲਰ ਤੇ ਉਸ ਦੇ ਸਾਥੀਆਂ ਨੇ ਲੁਧਿਆਣੇ ਦੇ ਤਹਿਸੀਲਦਾਰ ਮੇਜਰ ਬੈਨੀਪਾਲ ਨੂੰ ਐਸੀ ਸ਼ਨਾਖਤ ਦਿੱਤੀ ਕਿ ਉਸ ਨੂੰ ਕਈ ਦਿਨ ਹਸਪਤਾਲ 'ਚ ਰਹਿਣਾ ਪਿਆ। ਇਥੇ ਇਕ ਹੋਰ ਗੱਲ ਵੇਖਣ ਵਾਲੀ ਹੈ ਕਿ ਸਿਆਸੀ ਪਾਰਟੀਆਂ ਨੇ ਇਨ੍ਹਾਂ ਆਪਹੁਦਰੀਆਂ ਕਾਰਵਾਈਆਂ ਲਈ ਇਕ ਦੂਜੀ ਦਾ ਬਿਲਕੁਲ ਵੀ ਵਿਰੋਧ ਨਹੀਂ ਕੀਤਾ ਜਿਵੇਂ ਕਿਸੇ ਨੂੰ ਵੀ ਤੇ ਕਿਸੇ ਵੀ ਵੇਲੇ ਦੂਜੇ ਦੀ ਲੋੜ ਪੈ ਸਕਦੀ ਹੋਵੇ।

ਅਸੀਂ ਦੇਖਦੇ ਹਾਂ ਕਿ ਨਵਾਬ ਨਸਰਉਲਾ ਖਾਨ ਵਾਲੀ ਘਟਨਾ ਅਤੇ ਸਾਡੇ ਅਫਸਰਾਂ ਤੇ ਨੇਤਾਵਾਂ ਦਾ ਸਮਾਜਿਕ ਆਪ-ਹੁਦਰਾਪਣ ਸਰਕਾਰੀ ਸਿਸਟਮ ਦੇ ਦੋ ਬਿਲਕੁਲ ਵਿਰੋਧੀ ਕਿਰਦਾਰਾਂ ਨੂੰ ਰੂਪਮਾਨ ਕਰਦੇ ਹਨ। ਇਕ ਕਾਨੂੰਨ ਦੀ ਬਾਲਾਦਸਤੀ 'ਚ ਵਿਸ਼ਵਾਸ ਰੱਖਣ ਵਾਲਾ ਤੇ ਦੂਜਾ ਉਸੇ ਕਾਨੂੰਨ ਦੀ ਬਾਲਾਤਰੀ ਕਰਨ ਵਾਲਾ। ਕਿਉਂਕਿ ਕਾਨੂੰਨ ਕਿਸੇ ਵੀ ਦੇਸ਼ ਜਾਂ ਸਿਸਟਮ ਦੇ ਮਾੜੇ ਨਹੀਂ ਹੁੰਦੇ, ਇਸ ਲਈ ਲਾ-ਕਾਨੂੰਨੀ ਜਾਂ ਕਾਨੂੰਨ ਛਿੱਕੇ ਟੰਗ ਕੇ ਰੱਖਣ ਦਾ ਮਤਲਬ ਹੈ ਕਿ ਸਰਕਾਰ ਦਾ ਪ੍ਰਬੰਧਕੀ ਸਿਸਟਮ ਇਕ ਸ਼ਾਤਰਾਨਾ ਨਾਅਹਿਲੀਅਤ ਦਾ ਸ਼ਿਕਾਰ ਹੈ। ਫਿਰ ਇਹ ਗੱਲ ਸਿਰਫ ਇਥੇ ਹੀ ਨਹੀਂ ਰੁਕਦੀ ਇਸ ਨੇ ਅਮਰਵੇਲ ਵਾਂਗ ਫੈਲਣਾ ਹੁੰਦਾ ਹੈ। ਮਧੂ ਕੋੜਾ, ਸ਼ਿਬੂ ਸੂਰੇਨ, ਮਾਇਆਵਤੀ ਜਾਂ ਬੂਟਾ ਸਿੰਘ ਵਰਗੇ ਸਿਆਸੀ ਨੇਤਾ, ਰਵੀ ਸਿੱਧੂ ਜਾਂ ਰਾਠੌਰ ਵਰਗੇ ਬਿਊਰੋਕਰੈਟ, ਦੀਨਾਕਰਨ ਤੇ ਨਿਰਮਲ ਯਾਦਵ ਵਰਗੇ ਨਿਆਂਪਾਲਕ ਜਾਂ ਲੈਫਟੀਨੈਂਟ ਜਨਰਲ ਅਵਦੇਸ਼ ਪ੍ਰਕਾਸ਼ ਵਰਗੇ ਰੱਖਿਆ ਅਧਿਕਾਰੀ ਇਸੇ ਨਾਅਹਿਲੀਅਤ ਦੀ ਪੈਦਾਇਸ਼ ਹਨ ਜਿਨ੍ਹਾਂ ਭ੍ਰਿਸ਼ਟਾਚਾਰ ਨੂੰ ਨਵੀਆਂ ਤੇ ਅਲੋਕਾਰ ਨਿਵਾਣਾਂ ਤੱਕ ਪਹੁੰਚਾ ਦਿੱਤਾ ਹੈ। ਭਾਰਤ ਨੇ 60 ਸਾਲ ਪਹਿਲਾਂ ਆਜ਼ਾਦ ਹੋਏ ਆਪਣੇ ਦੂਜੇ ਸਾਥੀ ਮੁਲਕਾਂ ਨਾਲੋਂ ਤਾਂ ਹਰ ਖੇਤਰ 'ਚ ਵਧੇਰੇ ਤਰੱਕੀ ਕੀਤੀ ਹੈ ਪਰ ਇਥੋਂ ਦੇ ਗਰੀਬਾਂ ਦੀ ਹਾਲਤ 'ਚ ਕੋਈ ਬਹੁਤਾ ਸੁਧਾਰ ਨਹੀਂ ਹੋਇਆ ਹੈ ਜਿਸ ਦਾ ਮੁੱਖ ਕਾਰਨ ਹੈ ਕਿ ਇਸ ਤਰੱਕੀ ਨੇ ਕੁਝ ਚੋਣਵੇਂ ਖੇਤਰਾਂ ਤੱਕ ਹੀ ਰਸਾਈ ਕੀਤੀ ਹੈ ਜਿਨ੍ਹਾਂ 'ਚ ਵੇਲੇ ਵੇਲੇ ਦੇ ਸਿਆਸੀ ਸਰਦਾਰਾਂ ਦੀ ਦਿਲਚਸਪੀ ਸੀ। 1977 'ਚ ਦਿੱਲੀ ਤੇ ਕਾਂਗਰਸ ਦੀ ਅਜਾਰੇਦਾਰੀ ਟੁੱਟਣ ਤੋਂ ਬਾਅਦ ਹਰ ਵੰਨਗੀ ਦੇ ਲੋਕ ਸਰਕਾਰ ਦੇ ਮਾਲਕ ਬਣੇ ਤੇ ਉਨ੍ਹਾਂ ਇਸ ਉਲਝੀ ਤਾਣੀ ਨੂੰ ਸੁਲਝਾ ਦੇਣ ਦੇ ਵਾਅਦੇ ਵੀ ਕੀਤੇ, ਡੀਂਗਾਂ ਵੀ ਮਾਰੀਆਂ ਪਰ ਹਰ ਕੋਈ ਇਸ ਨੂੰ ਪਹਿਲਾਂ ਨਾਲੋਂ ਵੱਧ ਉਲਝਾ ਕੇ ਛੱਡ ਗਿਆ।



ਸ਼ਿਬੂ ਸੋਰੇਨ

ਇਹ ਵੀ ਨਹੀਂ ਕਿ ਖ਼ੁਸ਼ਹਾਲ ਤੇ ਵਿਕਸਤ ਦੇਸ਼ਾਂ ਦੀ ਸਿਆਸਤ 'ਚ ਜ਼ਰਾ ਵੀ ਖੋਟ ਨਹੀਂ ਹੁੰਦਾ ਜਾਂ ਉਹ ਸੌ ਫੀਸਦੀ ਕਾਨੂੰਨ ਦੇ ਪਾਬੰਦ ਰਹਿੰਦੇ ਹਨ। ਉਹ ਵੀ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਲਾ-ਕਾਨੂੰਨੀ ਦਾ ਸਹਾਰਾ ਲੈਂਦੇ ਹਨ ਪਰ ਉਹ ਇਹ ਕੁਝ ਆਪਣੀ ਜਨਤਾ ਦੀ ਕੀਮਤ 'ਤੇ ਨਹੀਂ ਕਰਦੇ ਸਗੋਂ ਉਨ੍ਹਾਂ ਦੇ ਭਲੇ ਲਈ ਕਰਦੇ ਹਨ। ਡੈਨਮਾਰਕ ਦੁਨੀਆਂ ਦਾ ਸਭ ਤੋਂ ਘੱਟ ਭ੍ਰਿਸ਼ਟ ਮੁਲਕ ਮੰਨਿਆ ਜਾਂਦਾ ਹੈ। ਉਥੇ ਵੀ ਸਿਆਸੀ ਤੌਰ 'ਤੇ ਕਾਨੂੰਨ ਦੀ ਉਲੰਘਣਾ ਦੀਆਂ ਉਦਾਹਰਣਾਂ ਹਨ। ਸਵਿਟਜਰਲੈਂਡ ਸੰਸਾਰ 'ਚ 'ਨਾ ਕਾਹੂੰ ਸੇ ਦੋਸਤੀ ਨਾ ਕਾਹੂੰ ਸੇ ਵੈਰ' ਦੇ ਸੰਤ ਸੁਭਾਅ ਵਾਲਾ ਦੇਸ਼ ਸਮਝਿਆ ਜਾਂਦਾ ਹੈ ਪਰ ਉਹ ਇਸ ਆੜ 'ਚ ਚੋਰਾਂ ਦਾ ਮਾਲ ਸਾਂਭੀ ਜਾਂਦਾ ਹੈ ਤੇ ਇਸ ਸੂਦਖੋਰੀ ਦੇ ਸਿਰ ਤੇ ਆਪਣੀ ਜਨਤਾ ਨੂੰ ਖ਼ੁਸ਼ਹਾਲ ਰੱਖ ਰਿਹਾ ਹੈ। ਅਮਰੀਕਾ ਨੂੰ ਸੰਸਾਰ ਦਾ ਸਭ ਤੋਂ ਅਮੀਰ ਮੁਲਕ ਕਿਹਾ ਜਾਂਦਾ ਹੈ ਤੇ ਇਸ ਦੇ ਸ਼ਹਿਰੀ ਇਸ ਗੱਲ 'ਤੇ ਪੂਰੇ ਖੁਸ਼ ਨੇ ਕਿ ਇਥੇ ਕਾਨੂੰਨ ਦੀ ਬਾਲਾਦਸਤੀ ਦਾ ਰਾਜ ਹੈ। ਪਰ ਜੇ ਸੰਸਾਰ 'ਚ ਇਸਦੇ ਵਿਰੋਧੀ ਦੇਸ਼ਾਂ ਦੀ ਗੱਲ ਸੁਣੋ ਜਾਂ ਹੁਣ ਰੀਪਬਲਿਕਨਾਂ ਦੀ ਗੱਲ ਸੁਣੀਏ ਤਾਂ ਉਹ ਤਫਸੀਲ ਨਾਲ ਦਸਦੇ ਹਨ ਕਿ ਇਥੇ ਵੀ ਸਰਕਾਰ ਬਥੇਰੀਆਂ ਕਾਨੂੰਨੀ ਉਲੰਘਣਾਵਾਂ ਕਰਦੀ ਹੈ। ਪਰ ਜਦ ਤੱਕ ਇਹ ਇਸ ਦੀ ਜਨਤਾ ਨੂੰ ਜ਼ਰਬ ਨਹੀਂ ਪਹੁਚਾਉਂਦੀ ਤਦ ਤੱਕ ਜਨਤਾ ਲਈ ਤਾਂ ਸਭ ਠੀਕ ਹੀ ਹੈ। ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਭਾਰਤੀ ਸਿਆਸਤ ਨਿਰਾ ਬੇਈਮਾਨਾਂ ਦਾ ਗੜ੍ਹ ਹੈ। ਇਸ ਦੇਸ਼ ਨੇ ਜੋ ਤਰੱਕੀ ਕੀਤੀ ਹੈ ਜਾਂ ਸੰਸਾਰ 'ਚ ਇਕ ਮਹੱਤਵਪੂਰਨ ਮੁਕਾਮ 'ਤੇ ਪਹੁੰਚਿਆ ਹੈ ਉਸ 'ਚ ਇਸ ਦੇ ਇਮਾਨਦਾਰ ਸਿਆਸਤਦਾਨਾਂ ਦਾ ਵੀ ਹੱਥ ਹੈ। ਬਿਊਰੋਕਰੇਟਾਂ ਦਾ ਵੀ ਤੇ ਕਾਰਪੋਰੇਟਾਂ ਦਾ ਵੀ। ਪਰ ਜੋ ਸਿਰੇ ਦੀ ਗਰੀਬੀ ਤੇ ਭ੍ਰਿਸ਼ਟਾਚਾਰ ਹੈ ਜਿਸ ਨੇ ਇਸ ਦੀ ਤੋਰ ਨੂੰ ਬਹੁਤ ਮੱਠਾ ਕਰ ਰੱਖਿਆ ਹੈ। ਇਹ ਸਬੂਤ ਹੈ ਕਿ ਇਸਦੇ ਹਰ ਖੇਤਰ 'ਚ ਭ੍ਰਿਸ਼ਟਾਚਾਰ ਤੇ ਲਾ-ਕਾਨੂੰਨੀ ਦੇ ਮੁਦੱਈਆਂ ਦਾ ਹੱਥ ਵੱਧ ਮਜ਼ਬੂਤ ਹੈ। ਭ੍ਰਿਸ਼ਟਾਚਾਰ ਦਾ ਸਾਹਮਣਾ ਕਰ ਰਹੇ ਜੱਜ ਦੀਨਾਕਰ ਦੀ ਉਦਾਹਰਣ ਹੀ ਲੈ ਲਓ। ਭ੍ਰਿਸ਼ਟ ਹੁੰਦਿਆਂ ਹੋਇਆਂ ਵੀ ਉਹ ਆਪਣਾ ਨਾਮ ਸੁਪਰੀਮ ਕੋਰਟ ਦੇ ਜੱਜ ਬਨਣ ਲਈ ਨਾਮਜ਼ਦ ਕਰਵਾ ਗਿਆ। ਸ਼ੋਰ ਸ਼ਰਾਬਾ ਪੈਣ 'ਤੇ ਉਹ ਨਾਂ ਰੋਕ ਲਿਆ ਗਿਆ। ਪਰ ਸੂਚੀ 'ਚੋਂ ਕੱਢਿਆ ਨਹੀਂ ਗਿਆ। ਫਿਰ ਵਿਰੋਧੀ ਧਿਰ ਵਲੋਂ ਉਸ ਦੀ ਇੰਪੀਚਮੈਂਟ ਕਰਨ ਦਾ ਮਤਾ ਰਾਜ ਸਭਾ 'ਚ ਆਇਆ ਜਿਸ ਲਈ ਰਾਜ ਸਭਾ ਦੇ ਚੇਅਰਮੈਨ ਅਨਸਾਰੀ ਨੇ ਤਿੰਨ ਜੱਜਾਂ ਦੀ ਕਮੇਟੀ ਬਣਾ ਦਿੱਤੀ। ਵਿਰੋਧੀ ਧਿਰ ਨੂੰ ਹੁਣ ਪਤਾ ਲੱਗਾ ਹੈ ਕਿ ਇਸ ਤਿੰਨ ਮੈਂਬਰੀ ਕਮੇਟੀ ਦੇ ਦੋ ਜੱਜ ਦੀਨਾਕਰ ਦੇ ਲੰਗੋਟੀਏ ਯਾਰ ਹਨ। ਇਸੇ ਤਰ੍ਹਾਂ ਸੁਖਨਾ ਜ਼ਮੀਨ ਘੁਟਾਲੇ 'ਚ ਮਿਲਟਰੀ ਸੈਕਟਰੀ ਲੈਫਟੀਨੈਂਟ ਜਨਰਲ ਅਵਦੇਸ਼ ਪ੍ਰਕਾਸ਼ ਤੇ ਤਿੰਨ ਹੋਰ ਇਸੇ ਰੈਂਕ ਦੇ ਜਨਰਲਾਂ ਦੇ ਨਾਂ ਸ਼ਾਮਲ ਹਨ। ਰੱਖਿਆ ਮੰਤਰੀ ਨੇ ਜਾਂਚ ਸੈਨਾ ਮੁਖੀ ਜਨਰਲ ਕਪੂਰ ਨੂੰ ਸੌਂਪ ਦਿੱਤੀ। ਪਰ ਜਨਰਲ ਕਪੂਰ ਨੇ ਆਪਣੇ ਮਿੱਤਰ ਅਵਦੇਸ਼ ਪ੍ਰਕਾਸ਼ ਲਈ ਮਾਮੂਲੀ ਸਜ਼ਾ (ਪ੍ਰਬੰਧਕੀ ਕਾਰਵਾਈ) ਦੀ ਸਿਫਾਰਸ਼ ਕਰ ਦਿੱਤੀ। ਰੱਖਿਆ ਮੰਤਰੀ ਨੇ ਵਿਚਲੀ ਗੱਲ ਭਾਂਪ ਲਈ ਤੇ ਸੈਨਾ-ਮੁਖੀ ਦੀ ਗੱਲ ਨਕਾਰਦਿਆਂ ਕੋਰਟ ਮਾਰਸ਼ਲ ਦਾ ਆਰਡਰ ਸੁਣਾ ਦਿੱਤਾ ਹੈ ਜਿਸ ਕਾਰਨ ਮੀਡੀਆ 'ਚ ਰੱਖਿਆ ਮੰਤਰੀ ਦੀ ਤਰੀਫ ਕੀਤੀ ਜਾ ਰਹੀ ਹੈ।

## ਚੱਲ ਸੋ ਚੱਲ

ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਭਾਰਤ ਸਰਕਾਰ ਨੂੰ ਚਲਾ ਰਹੀ ਮੁੱਖ ਟੀਮ 'ਚ ਕਾਫੀ ਲੋਕ ਇਮਾਨਦਾਰ, ਮਿਹਨਤੀ ਅਤੇ ਪਾਰਦਰਸ਼ੀ ਹਨ। ਉਹ ਕਾਨੂੰਨ ਅਨੁਸਾਰ ਕੰਮ ਕਰਨ ਦੀ ਇੱਛਾ ਵੀ ਰੱਖਦੇ ਹਨ ਅਤੇ ਆਲੋਚਨਾ ਨੂੰ ਖਿੜੇ ਮੱਥੇ ਸੁਣਨ ਦਾ ਜੇਰ੍ਹਾ ਵੀ। ਪਰ ਇਸ ਵਿਚ ਵੀ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਭਾਰਤੀ ਸਿਆਸਤ 'ਚ ਭ੍ਰਿਸ਼ਟਾਚਾਰ ਤੇ ਭਾਈ-ਭਤੀਜਾਵਾਦ ਨੂੰ ਜਾਰੀ ਰੱਖਣ ਦੇ ਚਾਹਵਾਨ ਲੋਕਾਂ ਦੀ ਗਿਣਤੀ ਤੇ ਤਾਕਤ ਕਿਤੇ ਵੱਧ ਹੈ, ਕਾਂਗਰਸ 'ਚ ਵੀ, ਇਸ ਦੇ ਭਾਈਵਾਲਾਂ 'ਚ ਵੀ ਅਤੇ ਵਿਰੋਧੀ ਪਾਰਟੀਆਂ 'ਚ ਵੀ। ਸੋਨੀਆ ਗਾਂਧੀ, ਮਨਮੋਹਨ ਸਿੰਘ, ਪ੍ਰਣਬ, ਚਿਦੰਬਰਮ, ਐਨਟਨੀ ਤੇ ਸਿੱਬਲ ਵਰਗੇ ਲੋਕ ਕੋਸ਼ਿਸ਼ ਤਾਂ ਕਰ ਰਹੇ ਹਨ ਕਿ ਜਨਤਾ ਨੂੰ ਪਾਰਦਰਸ਼ੀ ਅਤੇ ਕਾਨੂੰਨ ਦੀ ਬਾਲਾਦਸਤੀ ਵਾਲਾ ਰਾਜ ਭਾਗ ਦਿੱਤਾ ਜਾਵੇ। ਕਿਸੇ ਤਰ੍ਹਾਂ ਦਾਗੀ ਲੋਕਾਂ ਦਾ ਭਾਰਤੀ ਸਿਆਸਤ 'ਚ ਦਾਖਲਾ ਬੰਦ ਹੋਵੇ ਅਤੇ ਸਿਆਸਤ ਮਿਹਨਤੀ, ਇਮਾਨਦਾਰ ਅਤੇ ਜ਼ਹੀਨ ਲੋਕਾਂ ਲਈ ਖਿੱਚ ਦਾ ਕੇਂਦਰ ਬਣੇ ਪਰ ਤਾਣਾ-ਬਾਣਾ ਇੰਨਾ ਉਲਝਿਆ ਹੋਇਆ ਹੈ, ਕਾਨੂੰਨ ਵਿਚ ਇੰਨੀਆਂ ਚੋਰ ਮੋਰੀਆਂ ਹਨ ਅਤੇ ਹਰ ਸਿਆਸੀ ਪਾਰਟੀ ਕਿਸੇ ਨਾ ਕਿਸੇ ਤਰ੍ਹਾਂ ਇਨ੍ਹਾਂ ਭ੍ਰਿਸ਼ਟ ਤੇ ਸਮਾਜ ਵਿਰੋਧੀ ਤੱਤਾਂ 'ਤੇ ਇੰਨੀ ਨਿਰਭਰ ਹੈ ਕਿ ਫਿਲਹਾਲ ਨੇੜ-ਭਵਿੱਖ 'ਚ ਅਜਿਹਾ ਚਮਤਕਾਰ ਹੋਣਾ ਸੰਭਵ ਨਹੀਂ ਲਗਦਾ। ਉਦਾਹਰਣ ਵਜੋਂ ਹੁਣੇ-ਹੁਣੇ ਝਾਰਖੰਡ ਅਸੰਬਲੀ ਦੀਆਂ ਚੋਣਾਂ ਹੋਈਆਂ ਹਨ ਤੇ ਅੰਕੜੇ ਦਸਦੇ ਹਨ ਕਿ ਕੁਲ 81 ਵਿਧਾਨ ਸਭਾ ਮੈਂਬਰਾਂ 'ਚ 59 ਐਮ. ਐਲ. ਏ. ਯਾਨਿ 73% ਮੈਂਬਰ ਅਪਰਾਧੀ ਪਿਛੋਕੜ ਵਾਲੇ ਹਨ। ਇਨ੍ਹਾਂ ਵਿਚੋਂ 26 ਵਿਧਾਇਕਾਂ ਵਿਰੁਧ ਕਤਲ, ਅਗਵਾ ਤੇ ਕਤਲ ਦੀ ਸਾਜ਼ਿਸ਼ ਦੇ ਮੁਕੱਦਮੇ ਦਰਜ ਹਨ। 21 ਮੈਂਬਰ ਅਜਿਹੇ ਹਨ ਜਿਨ੍ਹਾਂ ਨੇ ਆਪਣੀ ਜਾਇਦਾਦ 'ਚ 2005 ਤੋਂ ਬਾਅਦ ਹੀ 262% ਵਾਧਾ ਕਰ ਲਿਆ ਹੈ। ਇਨ੍ਹਾਂ 'ਚ ਮਧੂ ਕੋੜਾ ਦੀ ਪਤਨੀ ਦਾ ਨਾਂ ਨਹੀਂ ਹੈ ਤੇ ਉਹ ਸਭ ਤੋਂ ਵੱਧ ਵੋਟਾਂ ਲੈ ਕੇ ਜਿੱਤੀ ਹੈ, ਮਧੂ ਕੋੜਾ ਦੇ ਨਾਂ 'ਤੇ ਹੀ। ਦੂਜੇ ਪਾਸੇ ਝਾਰਖੰਡ ਦੇ ਚੀਫ ਮਨਿਸਟਰ ਸ਼ਿਬੂ ਸੂਰੇਨ ਦਾ ਨਾਂ ਸਭ ਸੂਚੀਆਂ 'ਚ ਹੈ ਤੇ ਸਭ ਤੋਂ ਉਪਰ ਜਿਸ ਨੂੰ ਰਾਮ ਦੇ ਨਾਮ ਤੇ ਸਿਆਸਤ ਕਰਨ ਵਾਲੀ ਭਾਜਪਾ ਦੀ ਪੂਰੀ ਹਮਾਇਤ ਹਾਸਲ ਹੈ।

ਭਾਰਤੀ ਚੋਣ ਕਮਿਸ਼ਨ ਦੀ ਡਾਇਮੰਡ ਜੁਬਲੀ ਸਮਾਰੋਹਾਂ 'ਚ, ਜਿਥੇ ਭਾਰਤ ਦੇ ਸਾਰੇ ਸਿਆਸੀ ਨੇਤਾ ਤੇ ਰਾਜਾਂ ਦੇ ਚੀਫ ਮਨਿਸਟਰ ਹਾਜ਼ਰ ਸਨ, ਸਮੇਤ ਸ਼ਿਬੂ ਸੂਰੇਨ ਦੇ, ਮਨਮੋਹਨ ਸਿੰਘ ਅਪੀਲ ਕਰ ਰਿਹਾ ਸੀ ਕਿ ਰੱਬ ਦੇ ਵਾਸਤੇ ਮਿਹਨਤੀ, ਇਮਾਨਦਾਰ ਤੇ ਸਿਆਣੇ ਭਾਰਤੀਆਂ ਨੂੰ ਸਿਆਸਤ 'ਚ ਲਿਆਉਣ ਲਈ ਕੋਈ ਉਪਰਾਲਾ ਕੀਤਾ ਜਾਵੇ ਅਤੇ ਅਪਰਾਧੀ ਕਿਸਮ ਦੇ ਲੋਕਾਂ ਨੂੰ ਭਾਰਤੀ ਸਿਆਸਤ ਤੋਂ ਬਾਹਰ ਰੱਖਣ ਦੇ ਢੰਗ-ਤਰੀਕੇ ਸੋਚੇ ਜਾਣ। ਜ਼ਰਾ ਸੋਚੋ ਉਥੇ ਹਾਜ਼ਰ ਬਹੁਗਿਣਤੀ ਨੇਤਾਵਾਂ ਨੇ ਮਨਮੋਹਨ ਸਿੰਘ ਦੀ ਇਸ ਗੰਭੀਰ ਅਪੀਲ ਨੂੰ ਕਿੰਨੀ ਕੁ ਗੰਭੀਰਤਾ ਨਾਲ ਲਿਆ ਹੋਣਾ ਐ। ਇਸ ਸਬੰਧ 'ਚ ਉਰਦੂ ਦਾ ਇਹ ਸ਼ਿਅਰ ਹਾਜ਼ਰ ਹੈ-

ਬਹੁਤ ਮੁਸ਼ਕਲ ਹੈ ਹਾਲਾਤ ਕੀ ਗੁੱਥੀ ਸੁਲਝੇ,
ਅਕਲਮੰਦੋਂ ਨੇ ਬੜੀ ਤਰਕੀਬ ਸੇ ਉਲਝਾਈ ਹੈ।

# ਜਹਾਜ਼ ਅਗਵਾਕਾਰ ਸੈਣੀ ਭਾਰਤ ਹਵਾਲੇ , ਤਿਹਾੜ ਭੇਜਿਆ

**ਟੋਰਾਂਟੋ:** 1984 ਵਿਚ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਨੂੰ ਅਗਵਾ ਕਰਨ ਦੀ ਸਜ਼ਿਸ਼ ਰਚਣ ਵਾਲੇ ਪਰਮਿੰਦਰ ਸਿੰਘ ਸੈਣੀ ਨੂੰ ਕੈਨੇਡਾ ਸਰਕਾਰ ਨੇ ਭਾਰਤ ਹਵਾਲੇ ਕਰ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ 15 ਸਾਲ ਪਹਿਲਾਂ ਕੈਨੇਡਾ ਵਿਚ ਪਨਾਹ ਲੈਣ ਵਾਲੇ ਪਰਮਿੰਦਰ ਸਿੰਘ ਸੈਣੀ (46) ਨੂੰ ਬੀਤੀ 27 ਜਨਵਰੀ ਨੂੰ ਮੰਗਲਵਾਰ ਸਵੇਰੇ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਦੀ ਸੀਮਾ ਸੁਰੱਖਿਆ ਏਜੰਸੀ ਦੇ ਅਧਿਕਾਰੀਆਂ ਨੇ ਪਰਮਿੰਦਰ ਸਿੰਘ ਸੈਣੀ ਨੂੰ ਟੋਰਾਂਟੋ ਹਵਾਈ ਅੱਡੇ 'ਤੇ ਇੱਕ ਭਾਰਤੀ ਉਡਾਣ ਵਿਚ ਭੇਜਿਆ। ਪਰ ਇਸ ਗੱਲ ਦਾ ਪਤਾ ਨਹੀਂ ਚੱਲ ਸਕਿਆ ਕਿ ਕਿਸ ਏਅਰਲਾਈਨਜ਼ ਦੀ ਭਾਰਤ ਨੂੰ ਜਾਣ ਵਾਲੀ ਸਿੱਧੀ ਉਡਾਣ ਵਿਚ ਸੈਣੀ ਨੂੰ ਭੇਜਿਆ ਗਿਆ ਹੈ। ਦੱਸਣਾ ਬਣਦਾ ਹੈ ਕਿ 6 ਜੁਲਾਈ 1984 ਨੂੰ ਸ੍ਰੀਨਗਰ ਤੋਂ ਦਿੱਲੀ ਜਾ ਰਹੇ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਨੂੰ 5 ਸਿੱਖ ਨੌਜਵਾਨਾਂ ਨੇ ਅਗਵਾ ਕਰ ਲਿਆ ਸੀ ਤੇ ਸੈਣੀ ਇਨ੍ਹਾਂ ਦੇ ਆਗੂ ਸਨ। ਇਸ ਜਹਾਜ਼ ਵਿਚ 255 ਯਾਤਰੀ ਸਵਾਰ ਸਨ, ਜਿਨ੍ਹਾਂ ਨੂੰ ਅਗਵਾ ਕਰਕੇ ਲਾਹੌਰ ਲਜਾਇਆ ਗਿਆ ਸੀ। ਅਗਵਾਕਾਰਾਂ ਵਲੋਂ ਪਾਕਿਸਤਾਨੀ ਅਧਿਕਾਰੀਆਂ ਸਾਹਮਣੇ ਆਤਮ-ਸਮਰਪਣ ਕਰਨ ਤੋਂ ਬਾਅਦ 17 ਘੰਟੇ ਤੱਕ ਚਲੇ ਇਸ ਅਗਵਾ ਕਾਂਡ ਦਾ ਅੰਤ ਹੋ ਗਿਆ ਸੀ। ਇਸੇ ਦੌਰਾਨ ਪਾਕਿਸਤਾਨ 'ਚ ਚਲੇ ਮੁਕੱਦਮੇ ਵਿਚ ਸੈਣੀ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਪਰ ਬਾਅਦ ਵਿਚ ਉਸ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ। ਇਸ ਉਪਰੰਤ ਪਾਕਿਸਤਾਨ ਛੱਡਣ ਦੀ ਸ਼ਰਤ 'ਤੇ ਸੈਣੀ ਨੂੰ 10 ਸਾਲ ਬਾਅਦ ਰਿਹਾਅ ਕਰ ਦਿੱਤਾ ਗਿਆ। ਦੱਸਣਯੋਗ ਹੈ ਕਿ ਪਾਕਿਸਤਾਨੀ ਅਧਿਕਾਰੀਆਂ ਨੇ ਕੈਨੇਡਾ ਜਾਣ ਲਈ ਸੈਣੀ ਦੇ ਫਰਜ਼ੀ ਪਾਸਪੋਰਟ ਦਾ ਬੰਦੋਬਸਤ ਕੀਤਾ। ਸਾਲ 1995 ਵਿਚ ਇੱਕ ਫਰਜ਼ੀ ਉਡਾਣ ਪਾਸਪੋਰਟ ਦੇ ਸਹਾਰੇ ਸੈਣੀ ਕੈਨੇਡਾ ਵਿਚ ਦਾਖ਼ਲ ਹੋ ਗਿਆ, ਜਿਸ 'ਤੇ ਉਸ ਦਾ ਨਾਂ ਬਲਬੀਰ ਸਿੰਘ ਲਿਖਿਆ ਹੋਇਆ ਸੀ। ਦੂਜੇ ਪਾਸੇ ਸੈਣੀ ਨੇ ਕਿਹਾ ਕਿ ਭਾਰਤ ਵਾਪਸ ਭੇਜੇ ਜਾਣ ਦੇ ਡਰ ਤੋਂ ਉਸ ਨੇ ਆਪਣਾ ਨਾਂ ਗਲਤ ਦੱਸਿਆ। ਇਸੇ ਦੌਰਾਨ ਕੈਨੇਡਾ ਪਹੁੰਚ ਕੇ ਸੈਣੀ ਨੇ ਬੀ ਏ ਅਤੇ ਕਾਨੂੰਨ ਦੀ ਪੜ੍ਹਾਈ ਪੂਰੀ ਕੀਤੀ। ਪਰਮਿੰਦਰ ਸਿੰਘ ਸੈਣੀ ਨੇ ਪਿਛਲੇ ਸਾਲ ਕੈਨੇਡਾ ਦੀ ਲਾਅ ਸੁਸਾਇਟੀ ਤੋਂ ਵਕਾਲਤ ਕਰਨ ਦੀ ਇਜਾਜ਼ਤ ਮੰਗੀ ਸੀ, ਪਰ ਅਪਰਾਧਕ ਪਿਛੋਕੜ ਕਾਰਨ ਸੁਸਾਇਟੀ ਨੇ ਉਸਦਾ ਬਿਨੈ ਪੱਤਰ ਰੱਦ ਕਰ ਦਿੱਤਾ।

**ਤਿਹਾੜ ਭੇਜਿਆ :** ਸਾਕਾ ਨੀਲਾ ਤਾਰਾ ਤੋਂ ਦੁਖੀ ਹੋ ਕੇ ਜਹਾਜ਼ ਅਗਵਾ ਕਰਨ ਵਾਲੇ ਸਿੱਖ ਨੌਜਵਾਨ ਪਰਮਿੰਦਰ ਸਿੰਘ ਸੈਣੀ ਨੂੰ ਤਿਹਾੜ ਜੇਲ੍ਹ ਭੇਜ ਦਿਤਾ ਗਿਆ। ਉਨ੍ਹਾਂ ਤੋਂ ਸੀ.ਬੀ.ਆਈ. ਅਤੇ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੇ ਅਧਿਕਾਰੀਆਂ ਨੇ ਪੁੱਛਗਿੱਛ ਵੀ ਕੀਤੀ। ਸਰਕਾਰ ਵਲੋਂ ਪਰਮਿੰਦਰ ਸਿੰਘ ਅਤੇ ਉਸ ਦੇ ਚਾਰ ਸਾਥੀਆਂ ਵਿਰੁਧ ਤਾਜ਼ਾ ਇਲਜ਼ਾਮ ਲਗਾਏ ਜਾ ਸਕਦੇ ਹਨ। ਪਰਮਿੰਦਰ ਸਿੰਘ ਨੇ ਭਾਰਤ ਹਵਾਲੇ ਕੀਤੇ ਜਾਣ ਵਿਰੁਧ ਕਾਨੂੰਨੀ ਲੜਾਈ ਲੜੀ ਪਰ ਹਾਰ ਗਿਆ। ਉਸ ਨੇ ਦਲੀਲ ਦਿਤੀ ਸੀ ਕਿ ਉਸ ਨੂੰ ਸਾਧਾਰਣ ਜ਼ਿੰਦਗੀ ਜਿਊਣ ਦਾ ਮੌਕਾ ਮਿਲਣਾ ਚਾਹੀਦਾ ਹੈ। 5 ਜੁਲਾਈ 1984 ਨੂੰ ਇੰਡੀਅਨ ਏਅਰ ਲਾਈਨਜ਼ ਦੀ ਸ੍ਰੀਨਗਰ ਤੋਂ ਨਵੀਂ ਦਿੱਲੀ ਜਾ ਰਹੀ ਉਡਾਣ ਨੂੰ ਅਗਵਾ ਕਰ ਕੇ ਲਾਹੌਰ ਲੈ ਜਾਣ ਵਾਲੇ ਪਰਮਿੰਦਰ ਸਿੰਘ ਨੂੰ ਲਾਹੌਰ ਦੀ ਇਕ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ ਜਿਸ ਨੂੰ 1988 ਵਿਚ ਉਮਰ ਕੈਦ ਵਿਚ ਤਬਦੀਲ ਕਰ ਦਿਤਾ ਗਿਆ ਅਤੇ 1994 ਵਿਚ ਉਹ ਰਿਹਾਅ ਹੋ ਗਿਆ ਪਰ ਉਸ ਨੂੰ ਤੁਰਤ ਪਾਕਿਸਤਾਨ ਛੱਡਣ ਲਈ ਆਖਿਆ ਗਿਆ। ਬਲਬੀਰ ਸਿੰਘ ਦੇ ਨਾਂ 'ਤੇ ਜਾਅਲੀ ਪਾਸਪੋਰਟ ਬਣਵਾ ਕੇ ਉਹ ਕੈਨੇਡਾ ਪੁੱਜਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਪਰਮਿੰਦਰ ਸਿੰਘ ਸੈਣੀ ਨਾਲ ਨਰਮੀ ਵਰਤੀ ਜਾਵੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਰਮਿੰਦਰ ਸਿੰਘ 26 ਸਾਲ ਦਾ ਲੰਬਾ ਸਮਾਂ ਜਲਾਵਤਨੀ ਦੀ ਜ਼ਿੰਦਗੀ ਵਜੋਂ ਗੁਜ਼ਾਰ ਚੁੱਕਾ ਹੈ। ਉਸ ਨੇ 10 ਸਾਲ ਪਾਕਿਸਤਾਨ ਜੇਲ੍ਹ ਵਿਚ ਵੀ ਕੱਟੇ ਹਨ, ਇਸ ਲਈ ਇਕੋ ਮਾਮਲੇ 'ਚ ਦੂਹਰੀ ਸਜ਼ਾ ਨਾ ਦਿਤੀ ਜਾਵੇ।

# ਬੇਗਮਪੁਰਾ ਸਹਰ ਕੋ ਨਾਉ

ਡਾ. ਗੁਰਨਾਮ ਕੌਰ*

ਭਗਤੀ ਲਹਿਰ ਮੁੱਖ ਤੌਰ 'ਤੇ ਵੈਸ਼ਨਵ ਹਿੰਦੂ ਭਗਤਾਂ ਨਾਲ ਸੰਬੰਧਤ ਸੀ ਜਿਸ ਦਾ ਅਧਿਆਤਮਕ ਅਮਲ ਪ੍ਰੇਮਾ-ਭਗਤੀ ਸੀ। ਇਸ ਲਹਿਰ ਦੀ ਸ਼ੁਰੂਆਤ ਦੱਖਣ ਦੇ ਅਲਵਾਰਾਂ (ਸੰਤਾਂ) ਤੋਂ ਹੋਈ। ਦੱਖਣ ਵਿਚ ਇਸ ਦੇ ਦੋ ਤਰ੍ਹਾਂ ਦੇ ਪੈਰੋਕਾਰ ਸਨ- ਇੱਕ ਉਹ ਜਿਹੜੇ ਵੇਦਾਂ, ਉਪਨਿਸ਼ਦਾਂ ਅਤੇ ਹੋਰ ਭਾਰਤੀ ਦਰਸ਼ਨਾਂ ਵਿਚ ਮੁਹਾਰਤ ਰੱਖਦੇ ਸਨ। ਦੂਸਰੇ ਉਹ ਜਿਨ੍ਹਾਂ ਨੇ ਮਾਧਵਾਚਾਰੀਆ ਦੇ ਸੁਨੇਹੇ ਨੂੰ ਕੰਨੜ ਭਾਸ਼ਾ ਵਿਚ ਫੈਲਾਇਆ। ਮਾਧਵਾਚਾਰੀਆ ਦੇ ਫਲਸਫੇ ਨੂੰ ਵਿਆਸ ਤੀਰਥ ਅਤੇ ਨਰਹਰੀ ਤੀਰਥ ਵਰਗੇ ਚੇਲਿਆਂ ਨੇ ਸਾਂਭਿਆ ਅਤੇ ਅੱਗੇ ਪ੍ਰਚਾਰ ਕੀਤਾ। ਦੱਖਣ ਵਿਚ ਭਗਤੀ ਲਹਿਰ ਦੀਆਂ ਦੋ ਸ਼ਾਖਾਂ ਸਨ ਸ਼ੈਵ ਅਤੇ ਵੈਸ਼ਨਵ। ਉੱਤਰੀ ਭਾਰਤ ਵਲ ਭਗਤੀ ਲਹਿਰ ਜਦੋਂ ਫੈਲਣੀ ਸ਼ੁਰੂ ਹੋਈ, ਉਦੋਂ ਤੱਕ ਉੱਤਰੀ ਭਾਰਤ ਵਿਚ ਮੁਸਲਿਮ ਰਾਜ ਪੂਰੀ ਤਰ੍ਹਾਂ ਫੈਲ ਚੁੱਕਾ ਸੀ। ਦੱਖਣ ਦੀ ਤਰ੍ਹਾਂ ਉੱਤਰ ਵਿਚ ਭਗਤੀ ਲਹਿਰ ਦੋ ਸ਼ਾਖਾ ਸ਼ੈਵ ਅਤੇ ਵੈਸ਼ਨਵ ਵਿਚ ਵੰਡੀ ਹੋਈ ਨਹੀਂ ਸੀ। ਉੱਤਰ ਵਿਚ ਭਗਤੀ ਲਹਿਰ ਵਿਸ਼ਨੂੰ ਦੇ ਦੋ ਅਵਤਾਰਾਂ ਰਾਮ ਅਤੇ ਕ੍ਰਿਸ਼ਨ ਦੀ ਪ੍ਰੇਮਾ ਭਗਤੀ ਦੁਆਲੇ ਕੇਂਦਰਤ ਸੀ। ਭਗਤੀ ਲਹਿਰ ਧਾਰਮਿਕ ਕੱਟੜਤਾ, ਕਰਮ-ਕਾਂਡ, ਅਤੇ ਜਾਤ-ਪਾਤ ਦੇ ਖਿਲਾਫ ਉਭਰੀ ਅਤੇ ਉਹ ਆਪਸੀ ਪ੍ਰੇਮ-ਪਿਆਰ ਅਤੇ ਸ਼ਾਂਤੀ ਦੀ ਉਪਾਸ਼ਕ ਸੀ। ਮੁਕਤੀ ਪ੍ਰਾਪਤੀ ਲਈ ਧਾਰਮਿਕ ਕਰਮ ਕਾਂਡ ਨੂੰ ਜ਼ਰੂਰੀ ਨਹੀਂ ਸੀ ਸਮਝਿਆ ਜਾਂਦਾ। ਚੌਧਵੀਂ ਤੋਂ ਸਤਾਰਵੀਂ ਸਦੀ ਤਕ ਮੱਧ ਭਾਰਤ ਤੋਂ ਹੁੰਦੀ ਹੋਈ ਭਗਤੀ ਲਹਿਰ ਉੱਤਰੀ ਭਾਰਤ ਵਿਚ ਪੂਰੀ ਤਰ੍ਹਾਂ ਫੈਲ ਗਈ ਸੀ। ਚੈਤਨਿਆ ਮਹਾਂਪ੍ਰਭੂ, ਵੱਲਭ, ਸੂਰਦਾਸ, ਮੀਰਾ ਬਾਈ, ਕਬੀਰ, ਤੁਲਸੀਦਾਸ, ਰਵਿਦਾਸ, ਨਾਮਦੇਵ, ਤੁੱਕਾ ਰਾਮ ਅਤੇ ਹੋਰ ਭਗਤਾਂ ਨੇ ਭਗਤੀ ਲਹਿਰ ਨੂੰ ਉੱਤਰੀ ਭਾਰਤ ਵਿਚ ਫੈਲਾਇਆ। ਇਨ੍ਹਾਂ ਭਗਤਾਂ ਦਾ ਵਿਚਾਰ ਸੀ ਕਿ ਆਮ ਲੋਕ ਕਰਮ ਕਾਂਡ, ਜਾਤ-ਪਾਤ ਦੇ ਬੰਧਨ ਅਤੇ ਗੁੜ-ਦਰਸ਼ਨ ਤੋਂ ਛੁਟਕਾਰਾ ਪਾ ਕੇ ਪਰਮਾਤਮਾ ਦੇ ਪ੍ਰੇਮ ਰਾਹੀਂ ਮੁਕਤੀ ਪ੍ਰਾਪਤ ਕਰ ਸਕਦੇ ਹਨ। ਇਸ ਸਮੇਂ ਵਿਚ ਵੱਖ-ਵੱਖ ਭਗਤਾਂ ਨੇ ਆਪਣੇ ਆਪਣੇ ਪ੍ਰਾਂਤਾਂ ਦੀ ਆਮ ਬੋਲੀ ਜਾਣ ਵਾਲੀ ਬੋਲੀ ਵਿਚ ਬਹੁਤ ਸਾਰਾ ਭਗਤੀ ਸਾਹਿਤ ਰਚਿਆ। ਭਗਤੀ ਲਹਿਰ ਵਿਚ ਅੱਗੋਂ ਫਿਰ ਦੋ ਤਰ੍ਹਾਂ ਦੀ ਵਿਚਾਰਧਾਰਾ ਪ੍ਰਾਪਤ ਹੈ। ਸਰਗੁਣ ਤੇ ਨਿਰਗੁਣ। ਸਰਗੁਣ ਭਗਤੀ ਵਿਸ਼ਨੂੰ ਦੇ ਦੋ ਅਵਤਾਰਾਂ ਰਾਮ ਅਤੇ ਕ੍ਰਿਸ਼ਨ ਦੇ ਦੁਆਲੇ ਘੁੰਮਦੀ ਹੈ। ਮੀਰਾ ਬਾਈ ਦੀ ਕ੍ਰਿਸ਼ਨ ਭਗਤੀ ਤੇ ਤੁਲਸੀ ਦਾਸ ਦੀ ਰਾਮ ਭਗਤੀ ਇਸ ਦੀਆਂ ਦੋ ਉਦਾਹਰਣਾਂ ਹਨ। ਨਿਰਗੁਣ ਵਿਚਾਰਧਾਰਾ ਨਾਲ ਜੁੜੀ ਹੋਈ ਭਗਤੀ ਲਹਿਰ ਸਰਬ-ਸ਼ਕਤੀਮਾਨ ਬ੍ਰਹਮ ਜਾਂ ਪਰਮਾਤਮਾ ਨੂੰ ਨਿਰਾਕਾਰ, ਅਸੀਮ ਤੇ ਸਰਬ-ਵਿਆਪਕ ਮੰਨਦੀ ਹੈ, ਜਿਸਦਾ ਕੋਈ ਰੂਪ ਜਾਂ ਰੰਗ ਨਹੀਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਭਗਤਾਂ ਦੀ ਬਾਣੀ ਹੀ ਸ਼ਾਮਲ ਕੀਤੀ ਗਈ ਹੈ ਜਿਹੜੇ ਪਰਮਾਤਮਾ ਦੇ ਨਿਰਗੁਣ ਸਰੂਪ ਨੂੰ ਮੰਨਦੇ ਸਨ ਅਤੇ ਜਿਨ੍ਹਾਂ ਦੀ ਵਿਚਾਰਧਾਰਾ ਗੁਰਮਤਿ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਨਾ ਸਿਰਫ ਆਪਣੀ ਬਾਣੀ ਨੂੰ ਲਿਖਤੀ ਰੂਪ ਦਿੱਤਾ ਸਗੋਂ ਉਹ ਜਿਥੇ ਜਿਥੇ ਵੀ ਗਏ ਉਨ੍ਹਾਂ ਨੇ ਭਗਤ ਬਾਣੀ ਵੀ ਇਕੱਠੀ ਕੀਤੀ ਅਤੇ ਸਾਂਭੀ। ਆਪਣੀ ਬਾਣੀ ਅਤੇ ਭਗਤ ਬਾਣੀ ਗੁਰਗੱਦੀ ਦੇਣ ਵੇਲੇ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ। ਇਹ ਪਰੰਪਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਤੱਕ ਗੁਰੂ ਅਰਜਨ ਦੇਵ ਜੀ ਤੱਕ ਚੱਲੀ ਹੈ ਅਤੇ ਸਮੁੱਚੀ ਮਨੁੱਖਤਾ ਦਾ ਮਾਰਗ ਦਰਸ਼ਨ ਕਰਦੀ ਹੈ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਫੀ ਦਰਵੇਸ਼ਾਂ ਜਿਵੇਂ ਬਾਬਾ ਫਰੀਦ ਜੋ ਇਸਲਾਮ ਨੂੰ ਮੰਨਣ ਵਾਲੇ ਸੀ ਅਤੇ ਉਨ੍ਹਾਂ ਭਗਤਾਂ ਦੀ ਬਾਣੀ ਸ਼ਾਮਲ ਕੀਤੀ ਗਈ ਜਿਨ੍ਹਾਂ ਨੂੰ ਸਮਾਜ ਵਿਚ ਛੋਟੀਆਂ ਜਾਤਾਂ ਦੇ ਮੰਨਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਇਨ੍ਹਾਂ ਭਗਤਾਂ ਨਾਲ ਖੜ੍ਹੇ ਕਰਦਿਆਂ, "ਨੀਚਾ ਅੰਦਰਿ ਨੀਚ ਜਾਤਿ" ਕਿਹਾ ਹੈ। ਅਕਾਲ ਪੁਰਖ ਦੀ ਭਗਤੀ ਕਰਨ ਨਾਲ ਜਿਸ ਕਿਸਮ ਦੀ ਵਡਿਆਈ ਮਨੁੱਖ ਨੂੰ ਪ੍ਰਾਪਤ ਹੋ ਜਾਂਦੀ ਹੈ ਉਸ ਦਾ ਜ਼ਿਕਰ ਕਰਦਿਆਂ ਗੁਰੂ ਅਰਜਨ ਦੇਵ ਫੁਰਮਾਉਂਦੇ ਹਨ ਕਿ ਨਾਮ ਦੇਵ ਜੀ ਦਾ ਮਨ ਪਰਮਾਤਮਾ ਦੀ ਭਗਤੀ ਵਿਚ ਜੁੜਿਆ ਰਹਿੰਦਾ ਸੀ। ਭਗਤੀ ਰਾਹੀਂ ਉਸ ਗਰੀਬ ਛੀਂਬੇ ਨੇ ਆਤਮਕ ਉੱਚਤਾ ਪ੍ਰਾਪਤ ਕੀਤੀ ਅਤੇ ਅੱਧੀ ਕੌਡੀ ਤੋਂ ਲੱਖਾਂ ਦਾ ਹੋ ਗਿਆ। ਭਗਤ ਕਬੀਰ ਨੇ ਕਪੜਾ ਤਣਨਾ-ਬੁਣਨ ਦਾ ਕੰਮ ਛੱਡ ਕੇ ਆਪਣਾ ਮਨ ਪਰਮਾਤਮਾ ਦੇ ਚਰਨ-ਕੰਵਲਾਂ ਦੀ ਪ੍ਰੀਤ ਨਾਲ ਜੋੜ ਲਿਆ ਅਤੇ ਉਹ ਗਰੀਬ ਜੁਲਾਹਾ ਗੁਣਾਂ ਦਾ ਸਮੁੰਦਰ ਬਣ ਗਿਆ। ਰਵਿਦਾਸ ਹਰ ਰੋਜ਼ ਮਰੇ ਹੋਏ ਪਸ਼ੂ ਢੋਣ ਦਾ ਕੰਮ ਕਰਦਾ ਸੀ ਪਰ ਜਦੋਂ ਉਸਨੇ ਆਪਣਾ ਮਨ ਪਰਮਾਤਮਾ ਵਲ ਲਾਇਆ ਅਤੇ ਸਾਧ-ਸੰਗਤ ਵਿਚ ਰਹਿ ਕੇ ਉਸ ਦਾ ਨਾਮ ਉਘਾ ਹੋ ਗਿਆ ਅਤੇ ਪਰਮਾਤਮਾ ਦੀ ਭਗਤੀ ਕਰਨ ਨਾਲ ਉਹ ਘਰ-ਘਰ ਵਿਚ ਮਸ਼ਹੂਰ ਹੋ ਗਿਆ ਅਤੇ ਭਗਤਾਂ ਵਿਚ ਗਿਣਿਆ ਜਾਣ ਲੱਗ ਪਿਆ। ਇਨ੍ਹਾਂ ਭਗਤਾਂ ਦੀ ਸ਼ੋਭਾ ਸੁਣ ਕੇ ਗਰੀਬ ਜੱਟ ਧੰਨਾ ਵੀ ਉੱਠ ਕੇ ਭਗਤੀ ਕਰਨ ਲੱਗ ਪਿਆ ਅਤੇ ਉਸ ਨੂੰ ਪਰਮਾਤਮਾ ਦਾ ਦੀਦਾਰ ਹੋ ਗਿਆ, "ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥ ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥"

ਗੁਰੂ ਅਰਜਨ ਦੇਵ ਅੱਗੇ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਵਿਚ ਅਜਿਹੀ ਸ਼ਕਤੀ ਹੈ ਕਿ ਜੋ ਵੀ ਉਸ ਦੇ ਨਾਮ ਦੀ ਭਗਤੀ ਕਰਦਾ ਹੈ ਉਸਨੂੰ ਖਾਸ ਕਿਸਮ ਦੀ ਵਡਿਆਈ ਮਿਲਦੀ ਹੈ ਅਤੇ ਦੁਨੀਆਂ ਦਾ ਮਾਲਕ ਅਖਵਾਉਣ ਲੱਗਦਾ ਹੈ। ਪਰਮਾਤਮਾ ਦੇ ਨਾਮ ਦੀ ਸ਼ਕਤੀ ਨਾਲ ਵਿਕਾਰਾਂ ਵਿਚ ਗਿਰਿਆ ਹੋਇਆ ਮਨੁੱਖ ਵੀ ਉੱਚਾ ਉੱਠ ਜਾਂਦਾ ਹੈ। ਭਗਤੀ ਕਰਨ ਵਾਲਾ ਮਨੁੱਖ ਵਰਣ ਅਤੇ ਜਾਤ-ਪਾਤ ਦੇ ਬੰਧਨਾਂ ਤੋਂ ਉਤੇ ਹੋ ਜਾਂਦਾ ਹੈ। ਸਾਧ ਸੰਗਤਿ ਵਿਚ ਆ ਕੇ ਅਜਿਹੇ ਮਨੁੱਖ ਉੱਚੀ ਬੁੱਧੀ ਪ੍ਰਾਪਤ ਕਰ ਲੈਂਦੇ ਹਨ। ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਨਾ ਉਨ੍ਹਾਂ ਦੀ ਜ਼ਿੰਦਗੀ ਦਾ ਆਸਰਾ ਬਣ ਜਾਂਦਾ ਹੈ। ਸਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨ ਆਧਾਰੋ॥ ਨਾਮਦੇਉ ਤ੍ਰਿਲੋਚਨ ਕਬੀਰ ਦਾਸਰੋ ਮੁਕਤਿ ਭਇਓ ਚਮਿਆਰੋ॥ (ਪੰਨਾ 498)

ਭਗਤ ਰਵਿਦਾਸ ਦੇ ਜਨਮ ਬਾਰੇ ਭਾਵੇਂ ਬਹੁਤ ਜਾਣਕਾਰੀ ਨਹੀਂ ਮਿਲਦੀ ਪਰ ਫਿਰ ਵੀ ਉਨ੍ਹਾਂ ਦਾ ਜਨਮ 1399 ਈ. ਵਿਚ ਹੋਇਆ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਜਨਮ ਕਾਸ਼ੀ (ਬਨਾਰਸ) ਵਿਚ ਹੋਇਆ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਮਾਤਾ-ਪਿਤਾ ਚਮੜੇ ਦੇ ਵਪਾਰੀ ਸੀ ਅਤੇ ਚੰਗਾ ਸਥਾਪਤ ਪਰਿਵਾਰ ਸੀ। ਆਮ ਤੌਰ 'ਤੇ ਅਧਿਆਤਮਕ ਰਸਤੇ 'ਤੇ ਚੱਲਣ ਵਾਲੇ ਇਨਸਾਨਾਂ ਨੂੰ ਘਰ ਅਤੇ ਸਮਾਜ ਦੀ ਵਿਰੋਧਤਾ ਕਈ ਵਾਰ ਸਹਿਣੀ ਪੈ ਜਾਂਦੀ ਹੈ। ਸ਼ਾਇਦ ਇਸੇ ਕਾਰਨ ਭਗਤ ਰਵਿਦਾਸ ਨੇ ਵੀ ਅਜਿਹੀ ਵਿਰੋਧਤਾ ਕਾਰਨ ਛੇਤੀ ਹੀ ਘਰ ਤਿਆਗ ਦਿੱਤਾ ਅਤੇ ਆਪਣੀ ਪਤਨੀ ਸਮੇਤ ਅਲੱਗ ਰਹਿਣ ਲੱਗ ਪਏ ਅਤੇ ਪਰਮਾਤਮਾ ਦੀ ਭਗਤੀ 'ਚ ਲੱਗ ਗਏ। ਆਪਣੇ ਗੁਜ਼ਾਰੇ ਲਈ ਭਗਤ ਰਵਿਦਾਸ ਜੁੱਤੀਆਂ ਗੰਢਣ ਦਾ ਕੰਮ ਕਰਨ ਲੱਗ ਪਏ।

ਭਗਤ ਰਵਿਦਾਸ ਦੇ ਜੀਵਨ ਬਾਰੇ ਜਾਣਕਾਰੀ ਸਾਨੂੰ ਉਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚੋਂ ਵੀ ਮਿਲਦੀ ਹੈ। ਜਦੋਂ ਉਹ ਕਹਿੰਦੇ ਹਨ-

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਨਾਰਸੀ ਆਸ ਪਾਸਾ॥
ਅਬ ਬਿਪ੍ਰ ਪ੍ਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥ (ਪੰਨਾ 1293)

ਭਗਤ ਰਵਿਦਾਸ ਦੀ ਬਾਣੀ ਤੋਂ ਉਨ੍ਹਾਂ ਦਾ ਸਮਾਂ ਵੀ ਸਪਸ਼ਟ ਹੋ ਜਾਂਦਾ ਹੈ। ਉਹ ਭਗਤ ਕਬੀਰ ਦੇ ਸਮਕਾਲੀ ਸਨ। ਉਹ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ, "ਨਾਮਦੇਵ ਕਬੀਰ ਤਿਲੋਚਨ ਸਧਨਾ ਸੈਣ ਤਰੈ॥ ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿਜੀਉ ਤੇ ਸਭੈ ਸਰੈ॥" (ਪੰਨਾ 1106) ਭਗਤ ਰਵਿਦਾਸ ਦੀ ਬਾਣੀ ਤੋਂ ਇਉਂ ਜਾਪਦਾ ਹੈ ਜਿਵੇਂ ਭਗਤ ਕਬੀਰ ਭਗਤ ਰਵਿਦਾਸ ਤੋਂ ਪਹਿਲਾਂ ਹੋਏ ਹੋਣ, ਜਿਵੇਂ, "ਹਰਿ ਕੇ ਨਾਮ ਕਬੀਰ ਉਜਾਗਰ॥ ਜਨਮ ਜਨਮ ਕੇ ਕਾਟੇ ਕਾਗਰ॥" ਪਰ ਭਗਤ ਕਬੀਰ ਵੀ ਆਪਣੀ ਬਾਣੀ ਵਿਚ ਭਗਤ ਰਵਿਦਾਸ ਦਾ ਜ਼ਿਕਰ ਕਰਦੇ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਭਗਤ ਕਬੀਰ ਅਤੇ ਭਗਤ ਰਵਿਦਾਸ ਸਮਕਾਲੀ ਸਨ, "ਹਰਿ ਸਿਉ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥" (ਪੰਨਾ 1370) ਅਤੇ ਦੋਵੇਂ ਭਗਤ ਬਨਾਰਸ ਦੇ ਰਹਿਣ ਵਾਲੇ ਸਨ, "ਅਬ ਕਹੁ ਰਾਮ ਕਵਨ ਗਤਿ ਮੋਰੀ॥ ਤਜੀਲੇ ਬਨਾਰਸਿ ਮਤਿ ਭਈ ਥੋਰੀ॥ ਰਹਾਉ॥ (ਪੰਨਾ 326) ਕਿਹਾ ਜਾਂਦਾ ਹੈ ਕਿ ਬਨਾਰਸ ਵਿਚ ਰਹਿਣ ਵਾਲਿਆਂ ਦੀ ਮੁਕਤੀ ਹੋ ਜਾਂਦੀ ਹੈ। ਭਗਤ ਕਬੀਰ ਇਸੇ ਮਿੱਥ ਦਾ ਖੰਡਨ ਕਰਨ ਲਈ ਵਿਅੰਗ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ 'ਚ ਭਗਤ ਰਵਿਦਾਸ ਦੇ ਚਾਲੀ ਸ਼ਬਦ ਦਰਜ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਪ੍ਰਮਾਣੀਕ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਬਾਣੀ ਵਿਚ ਰਲਾ ਦੀ ਸੰਭਾਵਨਾ ਹੈ ਕਿਉਂਕਿ ਆਮ ਤੌਰ 'ਤੇ ਭਗਤਾਂ ਦੇ ਚੇਲਿਆਂ ਵਲੋਂ ਭਗਤਾਂ ਦੇ ਨਾਮ ਹੇਠ ਹੀ ਬਾਣੀ ਰਚ ਲਈ ਜਾਂਦੀ ਰਹੀ ਹੈ। ਭਗਤ ਰਵਿਦਾਸ ਮਨੁੱਖ ਨੂੰ ਪਰਮਾਤਮਾ ਦਾ ਨਾਮ ਜਪਣ ਦੀ ਪ੍ਰੇਰਨਾ ਕਰਦੇ ਹਨ ਤੇ ਪਰਮਾਤਮਾ ਜੋਤਿ ਨੂੰ ਹਰ ਥਾਂ ਵਿਆਪਕ ਮੰਨਦੇ ਹਨ:

"ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮ ਤੇਰਾ ਤੁਹੀ ਚਵਰ ਢੋਲਾਰੇ॥...
ਕਹਿ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ॥4॥ (ਪੰਨਾ 694)

ਨਿਰਗੁਣ ਭਗਤੀ ਲਹਿਰ ਦੇ ਭਗਤ ਧਾਰਮਿਕ ਕਰਮਕਾਂਡ ਅਤੇ ਮੂਰਤੀ ਪੂਜਾ ਦੇ ਖ਼ਿਲਾਫ ਸਨ। ਭਗਤ ਰਵਿਦਾਸ ਵੀ ਆਪਣੀ ਬਾਣੀ ਵਿਚ ਮੂਰਤੀ ਪੂਜਾ ਦਾ ਖੰਡਨ ਕਰਦੇ ਹਨ ਅਤੇ ਸਿਰਫ ਤੇ ਸਿਰਫ ਪਰਮਾਤਮਾ ਦਾ ਨਾਮ ਜਪਣ 'ਤੇ ਜ਼ੋਰ ਦਿੰਦੇ ਹਨ। ਮੂਰਤੀ ਪੂਜਾ ਕਰਨ ਵੇਲੇ ਮੂਰਤੀ ਅੱਗੇ ਦੁੱਧ, ਫਲ, ਜਲ, ਚੰਦਨ ਅਤੇ ਧੂਪ ਆਦਿ ਦਾ ਅਰਪਣ ਕੀਤਾ ਜਾਂਦਾ ਹੈ। ਇਸ ਕਰਮ-ਕਾਂਡ ਦੀ ਥਾਂ ਭਗਤ ਰਵਿਦਾਸ ਮਨੁੱਖ ਨੂੰ ਪਰਮਾਤਮਾ ਅੱਗੇ ਤਨ ਤੇ ਮਨ ਨਾਲ ਆਪਣੇ ਆਪ ਨੂੰ ਸਮਰਪਣ ਕਰਨ ਲਈ ਕਹਿੰਦੇ ਹਨ। ਮੂਰਤੀ ਪੂਜਾ ਦੇ ਖੋਖਲੇਪਨ ਨੂੰ ਉਜਾਗਰ ਕਰਦੇ ਹੋਏ ਕਹਿੰਦੇ ਹਨ ਕਿ ਦੁੱਧ ਪਹਿਲਾਂ ਹੀ ਵੱਛੇ ਨੇ ਜੂਠਾ ਕੀਤਾ ਹੈ, ਫੁੱਲ ਭੌਰੇ ਨੇ, ਜਲ ਮੱਛੀ ਨੇ ਅਤੇ ਚੰਦਨ ਸੱਪ ਨੇ ਜੂਠਾ ਕਰ ਦਿੱਤਾ ਹੈ। ਕਿਸ ਚੀਜ਼ ਨਾਲ ਪੂਜਾ ਕੀਤੀ ਜਾਵੇ:

"ਦੂਧੁ ਤ ਬਛਰੈ ਥਨਹੁ ਬਿਟਾਰਿਓ॥1॥
ਫੂਲ ਭਵਰਿ ਜਲ ਮੀਨਿ ਬਿਗਾਰਿਓ।।
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥
ਅਵਰੁ ਨ ਫੂਲੁ ਅਨੂਪੁ ਨ ਪਾਵਉ॥1॥ ਰਹਾਉ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥2॥
ਧੂਪ ਦੀਪ ਨਈਬੇਦਹਿ ਬਾਸਾ॥
ਕੈਸੇ ਪੂਜ ਕਰਹਿ ਤੇਰੀ ਦਾਸਾ॥3॥
ਤਨੁ ਮਨੁ ਅਰਪਉ ਪੂਜ ਚਰਾਵਉ॥
ਗੁਰ ਪਰਸਾਦਿ ਨਿਰੰਜਨੁ ਪਾਵਉ॥4॥
ਪੂਜਾ ਅਰਚਾ ਆਹਿ ਨ ਤੋਰੀ॥
ਕਹਿ ਰਵਿਦਾਸ ਕਵਨ ਗਤਿ ਮੋਰੀ॥ (ਪੰਨਾ 525॥

ਭਗਤ ਜੀ ਕਹਿੰਦੇ ਹਨ ਕਿ ਹੇ ਮਾਂ ਪੂਜਾ ਕਰਨ ਲਈ ਕਿਹੜੀ ਚੀਜ਼ ਲੈ ਕੇ ਭੇਟ ਕਰਾਂਗਾ? ਸੁਗੰਧੀ ਨਾਲ ਧੂਪ ਦੀਪ ਅਤੇ ਨੈਵੇਦ ਵੀ ਜੂਠੇ ਹੋ ਜਾਂਦੇ ਹਨ। ਕੋਈ ਹੋਰ ਫੁੱਲ ਨਹੀਂ। ਤਾਂ ਕੀ ਮੈਂ ਉਸ ਪਰਮਾਤਮਾ ਨੂੰ ਨਹੀਂ ਪਾ ਸਕਾਂਗਾ? ਮੈਂ ਆਪਣਾ ਤਨ ਤੇ ਮਨ ਤੇਰੇ ਅੱਗੇ ਅਰਪਣ ਕਰਦਾ ਹਾਂ। ਸਤਿਗੁਰੂ ਦੀ ਮਿਹਰ ਨਾਲ ਤੈਨੂੰ ਨਿਰੰਜਨ ਨੂੰ ਲੱਭ ਸਕਦਾ ਹਾਂ।

ਭਗਤ ਰਵਿਦਾਸ ਨੇ ਵੀ ਮਨੁੱਖਾ-ਜਨਮ ਨੂੰ ਦੁਰਲੱਭ ਮੰਨਿਆ ਹੈ ਜੋ ਚੰਗੇ ਕਰਮ ਕਰਨ ਕਰਕੇ ਪ੍ਰਾਪਤ ਹੁੰਦਾ ਹੈ ਪਰ ਅਗਿਆਨ ਕਾਰਨ ਅਸੀਂ ਇਸ ਨੂੰ ਗੁਆ ਲੈਂਦੇ ਹਾਂ। ਪਰਮਾਤਮਾ ਦੀ ਬੰਦਗੀ ਤੋਂ ਬਿਨਾ ਮਹਿਲ-ਮਾੜੀਆਂ ਵੀ ਕਿਸੇ ਕੰਮ ਦੀਆਂ ਨਹੀਂ। ਅਸੀਂ ਆਪਣੀਆਂ ਵਾਸ਼ਨਾਵਾਂ ਕਾਰਨ ਆਪਣੀ ਜ਼ਿੰਦਗੀ ਦੇ ਅਸਲੀ ਮਕਸਦ ਨੂੰ ਭੁੱਲ ਜਾਂਦੇ ਹਾਂ। ਗੁਰਬਾਣੀ ਵਿਚ ਮਨੁੱਖਾ ਜਨਮ ਨੂੰ ਪਰਮਾਤਮਾ ਨੂੰ ਮਿਲਣ ਦਾ ਇੱਕ ਮੌਕਾ ਕਿਹਾ ਹੈ, "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ"। ਕਈ ਵਿਦਵਾਨਾਂ, ਖਾਸ ਕਰਕੇ ਉਹ ਸੰਪਰਦਾਈ ਵਿਦਵਾਨ ਜਿਹੜੇ ਭਗਤ ਬਾਣੀ ਦੇ ਖਿਲਾਫ ਹਨ, ਦਾ ਵਿਚਾਰ ਹੈ ਕਿ ਭਗਤ ਰਵਿਦਾਸ ਜਾਤ-ਪਾਤ ਦੇ ਵਖਰੇਵਿਆਂ ਦੇ ਹਾਮੀ ਸਨ ਅਤੇ ਵਾਰ ਵਾਰ ਉਨ੍ਹਾਂ ਨੇ ਆਪਣੀ ਜਾਤ ਦਾ ਜ਼ਿਕਰ ਕੀਤਾ ਹੈ ਜਿਵੇਂ, "ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥ ਰਹਾਉ॥" ਆਦਿ। ਭਗਤ ਜੀ ਬਾਰੇ ਇਹ ਧਾਰਨਾ ਸਹੀ ਨਹੀਂ ਹੈ। ਅਸਲੀਅਤ ਇਹ ਹੈ ਕਿ ਭਗਤ ਰਵਿਦਾਸ ਕਾਸ਼ੀ (ਬਨਾਰਸ) ਵਿਚ ਪੈਦਾ ਹੋਏ ਅਤੇ ਉਥੇ ਹੀ ਰਹੇ। ਬਨਾਰਸ ਬ੍ਰਾਹਮਣ ਵਿਦਵਾਨਾਂ ਦਾ ਕੇਂਦਰ ਰਿਹਾ ਹੈ। ਇਥੇ ਬ੍ਰਾਹਮਣੀ ਕਰਮ-ਕਾਂਡ ਜਿਵੇਂ ਮੂਰਤੀ ਪੂਜਾ, ਜਾਤ-ਪਾਤ ਦੀ ਵੰਡ ਆਦਿ ਦੀ ਕੱਟੜਤਾ ਦਾ ਬੋਲ ਬਾਲਾ ਹੋਣਾ ਲਾਜ਼ਮੀ ਸੀ। ਦੂਸਰੇ ਪਾਸੇ ਭਗਤ ਜੀ ਇੱਕ ਅਜਿਹੀ ਜਾਤ ਵਿਚੋਂ ਸਨ ਜਿਸਨੂੰ ਬ੍ਰਾਹਮਣੀ ਵਿਚਾਰਧਾਰਾ ਵਿਚ ਨੀਵੀਂ ਸਮਝਿਆ ਜਾਂਦਾ ਸੀ। ਅਜਿਹੀ ਜਾਤ ਵਿਚੋਂ ਹੋ ਕੇ ਵੀ ਉਹ ਨਿਰਾਕਾਰ ਪਰਮਾਤਮਾ ਦੀ ਭਗਤੀ ਕਰਦੇ ਅਤੇ ਆਪਣੀ ਬਾਣੀ ਵਿਚ ਇਕ ਪਰਮਾਤਮਾ ਦੇ ਨਾਮ ਸਿਮਰਨ ਦੀ ਪ੍ਰੇਰਣਾ ਕਰਦੇ ਸੀ। ਉਚੀ ਜਾਤ ਦੇ ਬ੍ਰਾਹਮਣ ਵਿਦਵਾਨਾਂ ਵਲੋਂ ਉਨ੍ਹਾਂ ਸਮਿਆਂ ਵਿਚ ਭਗਤ ਜੀ ਦਾ ਮਖੌਲ ਉਡਾਉਣਾ ਇਕ ਸੁਭਾਵਿਕ ਅਮਲ ਹੋ ਸਕਦਾ ਹੈ। ਇਸ ਸ਼ਬਦ ਵਿਚ ਭਗਤ ਜੀ ਵਲੋਂ ਇਕ ਤਰ੍ਹਾਂ ਨਾਲ ਉਨ੍ਹਾਂ ਮਖੌਲਾਂ ਦਾ ਉੱਤਰ ਦਿੱਤਾ ਗਿਆ ਹੈ। ਭਗਤ ਜੀ ਜਾਤ-ਪਾਤ ਦੇ ਹਾਮੀ ਨਹੀਂ ਸਨ। ਪਰਮਾਤਮਾ ਨੂੰ ਹਰ ਸਰੀਰ ਵਿਚ ਵਿਆਪਕ ਮੰਨਦੇ ਸੀ।

ਗੁਰਮਤਿ ਵਿਚਾਰਧਾਰਾ ਵਿਚ ਕਿਸੇ ਨਰਕ ਜਾਂ ਸਵਰਗ ਨੂੰ ਨਹੀਂ ਮੰਨਿਆ ਗਿਆ। ਇਸ ਦੀ ਥਾਂ ਜੀਵਨ-ਮੁਕਤੀ ਦਾ ਸੰਕਲਪ ਦਿੱਤਾ ਗਿਆ ਹੈ ਜੋ ਇੱਕ ਉੱਚੀ ਆਤਮਕ ਅਵਸਥਾ ਹੈ ਜਿਸਨੂੰ ਇਸੇ ਜੀਵਨ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸਨੂੰ "ਹਰਿਪ੍ਰੀਤਿ ਚਰਨ ਕੰਵਲਾਰੇ" ਵੀ ਕਿਹਾ ਹੈ। ਇਸ ਅਵਸਥਾ ਵਿਚ ਮਨੁੱਖ ਹਰ ਤਰ੍ਹਾਂ ਦੇ ਗਮ, ਚਿੰਤਾ, ਦੁੱਖ ਅਤੇ ਸੁੱਖ ਤੋਂ ਉਤੇ ਉੱਠ ਜਾਂਦਾ ਹੈ। ਇਹ ਅਵਸਥਾ ਸਾਧ-ਸੰਗਤ ਵਿਚ ਨਾਮ ਸਿਮਰਨ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਭਗਤ ਰਵਿਦਾਸ ਵੀ, "ਬੇਗਮਪੁਰਾ ਸਹਰ ਕੋ ਨਾਉ।" (ਪੰਨਾ 1345) ਵਿਚ ਇਸ ਅਵਸਥਾ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਮੈਂ ਹੁਣ ਉਸ ਸ਼ਹਿਰ ਭਾਵ ਆਤਮਕ-ਅਵਸਥਾ ਦਾ ਵਾਸੀ ਹੋ ਗਿਆ ਹਾਂ ਜਿਥੇ ਨਾ ਕੋਈ ਦੁੱਖ ਹੈ, ਨਾ ਚਿੰਤਾ ਹੈ। ਉਥੇ ਦੁਨੀਆਂ ਵਾਲੀ ਨਾ ਕੋਈ ਜਾਇਦਾਦ ਹੈ ਨਾ ਉਸ 'ਤੇ ਕੋਈ ਮਸੂਲ ਲਗਦਾ ਹੈ। ਉਸ ਅਵਸਥਾ ਵਿਚ ਮਨੁੱਖ ਨੂੰ ਕਿਸੇ ਪਾਪ-ਕਰਮ ਕਰਨ ਦਾ ਖਤਰਾ, ਕੋਈ ਡਰ-ਭੈ ਨਹੀਂ ਰਹਿੰਦਾ। ਇਹ ਪਾਤਿਸ਼ਾਹੀ ਸਦੀਵੀ ਸਥਿਰ ਰਹਿਣ ਵਾਲੀ ਹੈ ਜਿਥੇ ਕਿਸੇ ਦਾ ਦੂਜਾ ਜਾਂ ਤੀਜਾ ਦਰਜਾ ਨਹੀਂ (ਭਾਵ ਸਭ ਬਰਾਬਰ ਹਨ)। ਇਹ ਸ਼ਹਿਰ ਸਦਾ ਉਘਾ ਅਤੇ ਵੱਸਦਾ-ਰੱਸਦਾ ਹੈ ਜਿਥੇ ਕੋਈ ਵਿਤਕਰਾ ਨਹੀਂ ਤੇ ਸਦੀਵੀ ਅਨੰਦ ਹੈ। ਭਗਤ ਰਵਿਦਾਸ ਅਨੁਸਾਰ ਅਜਿਹੀ ਆਤਮਕ ਅਵਸਥਾ 'ਚ ਵਿਚਰ ਰਿਹਾ ਮਨੁੱਖ (ਇਸ ਸ਼ਹਿਰ ਦਾ ਵਾਸੀ) ਜੋ ਸਾਡਾ ਸਤਸੰਗੀ ਹੈ ਸਾਡਾ ਮਿੱਤਰ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤਬਾਣੀ ਸ਼ਬਦ ਗੁਰੂ ਦਾ ਹਿੱਸਾ ਹੈ। ਉਸ ਬਾਣੀ ਨੂੰ ਉਹੀ ਸਤਿਕਾਰ ਪ੍ਰਾਪਤ ਹੈ ਜੋ ਗੁਰਬਾਣੀ ਨੂੰ ਹੈ। ਗੁਰੂ ਸਾਹਿਬਾਨ ਨੇ ਭਗਤ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਬਣਾ ਕੇ ਹਰ ਤਰ੍ਹਾਂ ਦੀ ਧਾਰਮਿਕ ਅਤੇ ਵਰਣ-ਵੰਡ ਦੀਆਂ ਹੱਦ-ਬੰਦੀਆਂ ਨੂੰ ਪਾਰ ਕੀਤਾ ਹੈ ਅਤੇ ਭਗਤ ਬਾਣੀ ਨੂੰ ਸਤਿਕਾਰ ਦਿੱਤਾ ਹੈ। ਅੱਜ ਅਸੀਂ ਸੌੜੇ ਰਾਜਸੀ ਹਿਤਾਂ ਕਾਰਨ ਭਗਤ ਰਵਿਦਾਸ ਦੇ ਨਾਂ 'ਤੇ ਰਾਜਨੀਤੀ ਕਰਕੇ ਉਨ੍ਹਾਂ ਦੀ ਵਿਚਾਰਧਾਰਾ ਵਲ ਪਿੱਠ ਕਰ ਰਹੇ ਹਾਂ। ਜੋ ਸਤਿਕਾਰ ਅਸੀਂ, "ਜੋ ਹਮ ਸਹਰੀ ਸੋ ਮੀਤ ਹਮਾਰਾ" ਹੋ ਕੇ ਭਗਤ ਜੀ ਨੂੰ ਦੇ ਸਕਦੇ ਹਾਂ ਉਹ ਸਤਿਕਾਰ ਉਨ੍ਹਾਂ ਦੇ ਨਾਂ 'ਤੇ ਵੰਡੀਆਂ ਪਾ ਕੇ ਨਹੀਂ ਦੇ ਸਕਦੇ। ਉਨ੍ਹਾਂ ਦੀ ਵਿਚਾਰਧਾਰਾ ਦੇ ਉਲਟ ਜਾਣਾ ਉਨ੍ਹਾਂ ਦਾ ਨਿਰਾਦਰ ਕਰਨਾ ਹੈ।


ਗੁਰਬਾਣੀ ਘਰ ਘਰ ਪਹੁੰਚਾਉਣ ਦਾ ਉਪਰਾਲਾ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪਿਆਰੀ ਸਾਧ ਸੰਗਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਕਥਾ 600 ਘੰਟੇ ਦੀ ਹੈ ਜਿਹੜੀ ਕਿ ਪਹਿਲੀ ਵਾਰ ਦੋ DVD ਵਿੱਚ ਸੰਪੂਰਨ ਕੀਤੀ ਹੈ। ਜੋ ਕਿ ਸਿਰਫ (Audio)ਆਡੀਉ ਵਿੱਚ ਹਨ ਸੰਨ 2000 ਵਿੱਚ ਸਭ ਤੋ ਪਹਿਲਾ ਪਾਠ ਦੀਆਂ 55CD ਸੀਡੀਆਂ ਦੀਆਂ 2 Mp3CD ਅਤੇ 400 ਘੰਟੇ ਦੀ ਕਥਾ ਨੂੰ 12CDਸੀਡੀਆਂ ਰਲੀਜ਼ ਕੀਤੀਆਂ ਸੀ। ਜਿਸ ਦਾ ਨਾਂ ਅੰਮ੍ਰਿਤ ਬਾਣੀ ਸੀ। ਵਾਹਿਗੁਰੂ ਦੀ ਕ੍ਰਿਪਾ ਦੁਆਰਾ ਗਿਆਨੀ ਠਾਕੁਰ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੰਪੂਰਨ ਕੀਤੀ ਸੀ। ਇਸ ਤੋਂ ਇਲਾਵਾ ਗੁਰਬਾਣੀ ਸੇਵਾ.COM ਨੇ ਨਿਤਨੇਮ ਤੇ ਸੁਖਮਣੀ ਸਾਹਿਬ ਦਾ English ਵਿੱਚ ਅਨੁਵਾਦ ਕੀਤਾ। ਪਿਛਲੇ 10 ਸਾਲਾਂ ਵਿੱਚ ਜੋ ਸਾਨੂੰ ਟੈਲੀਫੋਨ ਤੇ eMail ਆਏ ਹਨ, ਉਹਨਾਂ ਤੋਂ ਪਤਾ ਲਗਦਾ ਹੈ ਕਿ ਲੱਖਾਂ ਦੇ ਜੀਵਨ ਵਿੱਚ ਸੁਧਾਰ ਆਇਆ ਤੇ ਹਜਾਰਾਂ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤੇ ਤੇ ਆਪਣਾ ਜੀਵਨ ਗੁਰੂ ਦੇ ਲੜ ਲਾਇਆ ਅਤੇ ਤੁਸੀਂ www.Gurbanisewa.Com ਤੋ Free Download ਵੀ ਕਰ ਸਕਦੇ ਹੋ। ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਸਾਨੂੰ ਤੁਸੀਂ ਅਪਣਾ Email Address ਭੇਜੋ ਤਾਂ ਜੋ ਅਸੀ ਤੁਹਾਨੂੰ ਕਥਾ ਦੀਆਂ Free CD ਸੀਡੀਆਂ ਭੇਜ ਸਕੀਏ। ਦਾਸ: ਗੁਰਸੇਵਕ ਸਿੰਘ (ਡੈਲਸ) ਟੈਕਸਸ



Phone : 972 - 234 - 4111 - eMail : SVFoundation@Yahoo.com

# ਇੱਕ ਨੇ ਪੰਜ ਪਾਲੇ, ਪੰਜਾਂ ਤੋਂ ਇਕ ਨਹੀਂ ਪਲਿਆ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਉਹ ਇਨਸਾਨ ਆਪਣੀ ਸਾਰੀ ਜ਼ਿੰਦਗੀ ਕਦੇ ਧੋਖਾ ਨਹੀਂ ਖਾਂਦਾ ਜਿਸਨੇ ਆਪਣੀ ਜਵਾਨੀ ਦੇ ਜੇਠ ਦੀ ਦੁਪਹਿਰ ਵਰਗੇ ਦਿਨ ਬੋਹੜਾਂ ਦੀ ਛਾਂ ਵਰਗੇ ਬਜ਼ੁਰਗਾਂ ਦੀ ਛਾਂਵੇਂ ਬਤਾਏ ਹੋਣ। ਸਕੂਲੀ ਵਿਦਿਆ ਦੇ ਨਾਲ-ਨਾਲ ਬਜ਼ੁਰਗਾਂ ਦੀ ਤਜਰਬੇ ਵਾਲੀ ਕਿਤਾਬ ਪੜ੍ਹਨੀ ਵੀ ਜ਼ਰੂਰੀ ਹੁੰਦੀ ਹੈ। ਇੱਕ ਸੱਠ-ਸੱਤਰ ਸਾਲ ਦੇ ਬਜ਼ੁਰਗ ਕੋਲੋਂ ਤੁਸੀਂ ਆਪਣੇ ਪਿੰਡ ਇਲਾਕੇ ਦਾ ਇਕ ਸੋ ਵੀਹ ਸਾਲ ਦਾ ਇਤਿਹਾਸ ਤੇ ਤਜਰਬਾ ਹਾਸਲ ਕਰ ਸਕਦੇ ਹੋ। ਜੇ ਬੱਚੇ ਮਾਪਿਆਂ ਦੀ ਗੋਦ ਦਾ ਸ਼ਿੰਗਾਰ ਹੁੰਦੇ ਨੇ ਤਾਂ ਬਜ਼ੁਰਗ ਘਰ ਦੀ ਰੌਣਕ ਹੁੰਦੇ ਨੇ। ਆਪਣੇ ਬੱਚਿਆਂ ਨੂੰ ਪਿਆਰ ਕਰਦੇ ਹੋਏ ਕਦੇ ਸੋਚਿਉ ਕਿ ਕਦੇ ਸਾਡੇ ਮਾਤਾ ਪਿਤਾ ਵੀ ਸਾਨੂੰ ਇੰਨਾ ਹੀ ਪਿਆਰ ਕਰਦੇ ਸੀ ਜੋ ਅੱਜ ਸਾਡੇ ਇਕ ਪਿਆਰ ਭਰੇ ਬੋਲ ਨੂੰ ਸੁਣਨ ਲਈ ਤਰਸ ਰਹੇ ਹਨ। ਜੇ ਬਜ਼ੁਰਗਾਂ ਦੀਆਂ ਗੱਲਾਂ 'ਤੇ ਚਲੀਏ ਤਾਂ ਸ਼ਾਇਦ ਆਪਣੇ ਅੰਦਰ ਨਫਰਤ ਦੀ ਥਾਂ ਪਿਆਰ ਪੈਦਾ ਹੋ ਜਾਵੇ। ਦਿਲਾਂ ਵਿਚ ਉੱਠੀ ਲਾਲਚ ਦੀ ਲਹਿਰ ਬਿਰਧ ਆਸ਼ਰਮਾਂ ਨੂੰ ਉਸਾਰਦੀ ਹੈ। ਪੰਜ ਪੁੱਤਰਾਂ ਦਾ ਪਿਉ ਕਿਸੇ ਦੇ ਮੋਢੇ ਦਾ ਸਹਾਰਾ ਲੈ ਕੇ ਤੁਰਦਾ ਹੈ। ਇਸ ਪਿਉ ਨੇ ਪੰਜੇ ਪੁੱਤਰ ਮੋਢੇ ਬਿਠਾ ਕੇ ਪਾਲੇ ਸਨ। ਜੋ ਅੱਜ ਅਸੀਂ ਬਜ਼ੁਰਗਾਂ ਨਾਲ ਕਰਾਂਗੇ ਉਹ ਸਾਨੂੰ ਵੀ ਆਪਣੀ ਔਲਾਦ ਕੋਲੋਂ ਮਿਲੇਗਾ।



ਤਸਵੀਰ:ਜਨਮੇਜਾ ਸਿੰਘ ਜੌਹਲ

ਬਚਪਨ ਵਿਚ ਜਦੋਂ ਦਾਦਾ ਜੀ ਖੇਤ ਬਲਦਾਂ ਨਾਲ (ਸੁਹਾਗੀ) ਫੇਰਦੇ ਸਨ ਤਾਂ ਮੈਂ ਦਾਦਾ ਜੀ ਦੀਆਂ ਲੱਤਾਂ ਫੜ੍ਹ ਸੁਰਗਾਂ ਤੇ ਬੈਠ ਝੂਟੇ ਲੈਂਦਾ। ਇਕ ਦੋ ਗੇੜਿਆਂ ਬਾਅਦ ਦਾਦਾ ਜੀ ਨੇ ਉਤਾਰ ਦੇਣਾ, ਕਹਿਣਾ ਮੱਟੀਆ ਤੇਰਾ ਭਾਰ ਜਿਆਦਾ ਏ, ਮੇਰੇ ਪੁੱਤਰਾਂ ਨਾਲੋਂ ਪਿਆਰੇ ਨਾਰੇ ਤੇ ਬੱਗੇ ਤੋਂ ਤੇਰਾ ਭਾਰ ਨਹੀਂ ਖਿੱਚ ਹੁੰਦਾ। ਜੇ ਮੈਂ ਰੋਣਾ ਤਾਂ ਪਿਆਰ ਨਾਲ ਚੁੱਪ ਕਰਾ ਖੇਤ ਦੇ ਵਿਚਾਲੇ ਪੱਲੀ ਵਿਛਾ ਬਿਠਾ ਦੇਣਾ। ਜਦੋਂ ਕਿਸੇ ਨੇ ਘਰੋਂ ਰੋਟੀ ਲੈ ਕੇ ਜਾਣਾ ਤਾਂ ਦਾਦਾ ਜੀ ਨੇ ਪਹਿਲਾਂ ਬਲਦਾਂ ਨੂੰ ਪੰਜਾਲੀ ਵਿਚੋਂ ਕੱਢ ਕੇ ਉਨ੍ਹਾਂ ਦੇ ਸਰੀਰ 'ਤੇ ਦੋਵਾਂ ਹੱਥਾਂ ਨਾਲ ਮਾਲਸ਼ ਕਰਨੀ, ਫਿਰ ਇਕ ਇਕ ਰੋਟੀ ਤੇ ਗੁੜ ਦੀ ਰੋੜੀ ਬਲਦਾਂ ਨੂੰ ਦੇ ਕੇ ਫਿਰ ਆਪ ਰੋਟੀ ਖਾਣੀ। ਬਲਦ ਵੀ ਦਾਦਾ ਜੀ ਦੀਆਂ ਗੱਲਾਂ ਸਮਝਦੇ ਸਨ। ਜੇ ਦਾਦਾ ਜੀ ਨੇ ਆਖਣਾ ਸ਼ੇਰਾ ਹੁਣ ਬੈਠ ਜਾਉ ਆਪਾਂ ਦਮ ਲੈ ਲਈਏ ਤਾਂ ਉਹ ਸੱਚੀਂ ਹੀ ਬੈਠ ਜਾਂਦੇ।

ਜਦੋਂ ਬਲਦਾਂ ਤੇ ਬੀਜ ਬਜਾਈ ਦਾ ਕੰਮ ਜ਼ਿਆਦਾ ਹੋਣਾ ਤਾਂ ਦਾਦਾ ਜੀ ਨੇ ਬਲਦਾਂ ਨੂੰ ਕੋਸਾ ਕਰਕੇ ਦੁੱਧ ਪਿਲਾਉਣਾ, ਦਾਦਾ ਜੀ ਨੇ ਜਿੱਥੇ ਪੰਜ ਪੁੱਤ ਤੇ ਇੱਕ ਧੀ ਨੂੰ ਪਾਲਿਆ ਸੀ ਉਥੇ ਨਾਲ ਹੀ ਦੋ ਬਲਦਾਂ ਨੂੰ ਵੀ ਪੁੱਤਾਂ ਵਾਂਗ ਪਾਲਿਆ ਸੀ। ਸਾਰਾ ਪਰਿਵਾਰ ਕੰਜੂਸ ਤੇ ਕਿਰਸੀ ਹੋਣ ਕਰਕੇ ਸੰਨ ਅੱਸੀ ਵਿਚ ਫੋਰਡ ਟਰੈਕਟਰ ਲੈ ਆਂਦਾ। ਜਦ ਹੀ ਟਰਾਲੀ ਬਣਾ ਲਈ, ਵਾਹੀ ਬਿਜਾਈ ਹੁਣ ਟਰੈਕਟਰ ਨੇ ਲੈ ਲਈ। ਚਾਚੇ ਹੋਰਾਂ ਨੂੰ ਦੋ ਬਲਦ ਹੁਣ ਫਾਲਤੂ ਲੱਗਣ ਲੱਗੇ, ਦਾਦਾ ਜੀ ਨੂੰ ਕਹਿੰਦੇ ਕਿ ਆਪਾਂ ਦੋ ਬਲਦ ਤੇ ਰੇੜ੍ਹੀ ਵੇਚ ਕੇ ਇੱਕ ਵੱਛੇ ਵਾਲਾ ਰੇਹੜਾ ਬਣਾ ਲਈਏ। ਹੁਣ ਬਲਦਾਂ ਦੀ ਲੋੜ ਨਹੀਂ। ਦਾਦਾ ਜੀ ਇਹ ਸੁਣ ਕੇ ਗੁੱਸੇ ਵਿਚ ਲਾਲ ਹੋ ਗਏ, ਕਹਿੰਦੇ ਤੁਸੀਂ ਵੀ ਘਰੋਂ ਜਾਵੋਂ, ਮੈਨੂੰ ਤੁਹਾਡੀ ਵੀ ਲੋੜ ਨਹੀਂ, ਜਿਹੜੇ ਗਊ ਦੇ ਜਾਇਆਂ ਨੇ ਕਮਾਈ ਕਰਕੇ ਤੁਹਾਨੂੰ ਫੋਰਡ 'ਤੇ ਬਿਠਾਇਆ ਹੁਣ ਇਨ੍ਹਾਂ ਨੂੰ ਘਰੋਂ ਕੱਢੋਗੇ ਮੈਨੂੰ ਵੀ ਨਾਲ ਹੀ ਕੱਢ ਦਿਉ।

ਦਾਦਾ ਜੀ ਦੇ ਗੁੱਸੇ ਅੱਗੇ ਸਾਰੇ ਚੁੱਪ ਹੋ ਗਏ। ਫਿਰ ਕਦੇ ਬਲਦ ਵੇਚਣ ਦੀ ਗੱਲ ਨਾ ਤੁਰੀ ਤੇ ਦਾਦਾ ਜੀ ਕਣਕ ਦੀ ਬਿਜਾਈ ਤੋਂ ਬਾਅਦ ਆਪ ਬਲਦਾਂ ਨਾਲ ਸੁਹਾਗੀ ਫੇਰਦੇ ਤੇ ਆਖਦੇ ਟਰੈਕਟਰ ਨਾਲ ਸੁਹਾਗਾ ਫੇਰੇ ਤੋਂ ਕਣਕ ਦੱਬੀ ਜਾਂਦੀ ਹੈ ਤੇ ਅਨਾਜ ਘੱਟ ਹਰਾ ਹੁੰਦਾ ਹੈ। ਆਖਰੀ ਸਾਹ ਤੱਕ ਦਾਦਾ ਜੀ ਨੇ ਬਲਦ ਘਰੋਂ ਨਹੀਂ ਕੱਢਣ ਦਿੱਤੇ। ਜਿਸ ਦਿਨ ਦਾਦਾ ਜੀ ਦਾ ਸੁਰਗਵਾਸ ਹੋਇਆ ਉਸ ਦਿਨ ਦੋਵਾਂ ਬਲਦਾਂ ਨੇ ਪੱਠਿਆਂ ਤੇ ਪਾਣੀ ਨੂੰ ਮੂੰਹ ਨਹੀਂ ਲਾਇਆ। ਬਲਦਾਂ ਨੂੰ ਵੇਖ ਕੇ ਪੱਥਰ ਦਿਲ ਵੀ ਮੋਮ ਬਣ ਪਿਘਰ ਰਿਹਾ ਸੀ। ਦਾਦਾ ਜੀ ਬਲਦਾਂ ਦੀ ਕਦਰ ਕਰਦੇ ਸਨ ਕਿ ਉਹ ਸਾਨੂੰ ਕਮਾਈ ਕਰਕੇ ਖਵਾਉਣ ਵਾਲੇ ਹਨ।

ਪਰ ਅੱਜ ਜ਼ਮਾਨਾ ਬਦਲ ਗਿਆ ਹੈ। ਹੁਣ ਤਾਂ ਕੋਈ ਜੱਗ ਵਿਖਾਉਣ ਵਾਲਿਆਂ ਦੀ ਕੋਈ ਕਦਰ ਨਹੀਂ ਕਰਦਾ। ਹੁਣ ਘਰਾਂ ਦੀਆਂ ਤੰਗੀਆਂ ਤੇ ਲੋੜੋਂ ਵੱਧ ਸਹੇੜੀਆਂ ਸਹੂਲਤਾਂ ਪਿਆਰ ਅਤੇ ਏਕਤਾ ਨੂੰ ਘੁਣ ਵਾਂਗ ਖਾ ਰਹੀਆਂ ਹਨ। ਬਲਦਾਂ ਦੀ ਗੱਲ ਦੂਰ ਹੁਣ ਤਾਂ ਜੱਗ ਵਖਾਉਣ ਵਾਲਾ ਬਾਪੂ ਵੀ ਵਾਧੂ ਦੀ ਟੈਨਸ਼ਨ ਲੱਗਣ ਲੱਗ ਪਿਆ ਹੈ ਜਿਵੇਂ ਕਰਨੈਲ ਸਿਉਂ ਪੰਜ ਪੁੱਤਰਾਂ ਲਈ ਵਾਧੂ ਦੀ ਟੈਨਸ਼ਨ ਤੇ ਬੇਲੋੜੀ ਚੀਜ ਲੱਗਣ ਲੱਗ ਗਿਆ।

ਕਰਨੈਲ ਸਿਉਂ ਨੇ ਗਰੀਬੀ ਵਿਚ ਕਿਰਸਾਨੀ ਕਰਕੇ ਆਪਣੇ ਪੰਜ ਪੁੱਤਰਾਂ ਤੇ ਇੱਕ ਧੀ ਨੂੰ ਪਾਲਿਆ। ਆਪਣੇ ਕਿਸੇ ਰਿਸ਼ਤੇਦਾਰ ਦੀ ਲੋੜੋਂ ਵੱਧ ਚਾਕਰੀ ਕਰਕੇ ਵੱਡੇ ਪੁੱਤ ਨੂੰ ਕੱਚੇ ਕੋਠੇ ਵਿਚੋਂ ਕੱਢ ਕੇ ਅਮਰੀਕਾ ਵਰਗੇ ਵੱਡੇ ਦੇਸ਼ ਵਾੜਿਆ। ਆਪਣੇ ਦੇਸੀ ਦਿਮਾਗ ਨਾਲ ਸਕੀਮਾਂ ਘੜ-ਘੜ ਕੇ ਸਾਰਾ ਪਰਿਵਾਰ ਹੀ ਅਮਰੀਕਾ ਸੈਟ ਕਰ ਦਿੱਤਾ। ਪੰਜੇ ਪੁੱਤ ਤੇ ਧੀ ਅਮਰੀਕਾ ਆ ਕੇ ਵਿਆਹੇ ਗਏ। ਆਪੋ-ਆਪਣੀ ਥਾਈਂ ਸੈਟ ਹੋ ਗਏ। ਵੱਡੇ ਪੁੱਤ ਨੇ ਕਰਨੈਲ ਸਿਉਂ ਤੇ ਆਪਣੀ ਮਾਤਾ ਜੀ ਦੇ ਪੇਪਰ ਭਰ ਦਿੱਤੇ। ਰੱਬ ਦੀ ਕੁਦਰਤ ਮਾਤਾ ਜੀ ਆਉਣ ਤੋਂ ਪਹਿਲਾਂ ਹੀ ਪਿੰਡ ਸੁਰਗਵਾਸ ਹੋ ਗਏ। ਕਰਨੈਲ ਸਿਉਂ ਨੇ ਇਕੱਲਿਆਂ ਹੀ ਜੀਵਨ ਸਾਥਣ ਨੂੰ ਕੀਰਤਪੁਰ ਜਲ ਪ੍ਰਵਾਹ ਕਰ ਦਿੱਤਾ, ਪੁਤਰਾਂ ਤੋਂ ਤਾਂ ਜਾਂਦੀ ਵਾਰੀ ਕਾਨੀ ਵੀ ਨਾ ਲੱਗ ਹੋਇਆ। ਕਰਨੈਲ ਸਿਉਂ ਨੇ ਘਰ ਨੂੰ ਜਿੰਦਰਾ ਮਾਰ ਕੇ ਵੱਡੇ ਪੁੱਤ ਦੇ ਆਲੀਸ਼ਾਨ ਮਹਿਲ ਦਾ ਬੂਹਾ ਖੜਕਾਇਆ।

ਥੋੜਾ ਟਾਈਮ ਤਾਂ ਵਧੀਆ ਲੰਘਿਆ ਪਰ ਹੌਲੀ ਹੌਲੀ ਕਰਨੈਲ ਸਿੰਘ ਆਪਣੇ ਪੋਤਾ-ਪੋਤੀ ਨੂੰ ਬੁੱਢਾ ਦਾਦਾ ਜੀ ਚੰਗਾ ਲੱਗਣੋਂ ਹੱਟ ਗਿਆ। ਨੂੰਹ ਰਾਣੀ ਨੂੰ ਬਾਪੂ ਦੀ ਖੰਘ ਤੋਂ ਅਲਰਜੀ ਹੋਣ ਲੱਗੀ। ਪੁੱਤ ਨੇ ਕਹਾਣੀਆਂ ਪਾ ਕੇ ਬਾਪੂ ਨੂੰ ਦੂਜੇ ਨੰਬਰ ਵਾਲੇ ਪੁੱਤ ਦੇ ਉਤਾਰ ਦਿੱਤਾ। ਥੋੜਾ ਟਾਈਮ ਬੀਤਿਆ ਤਾਂ ਨੂੰਹ ਰਾਣੀ ਦੇ ਆਪਣੇ ਬੇਬੇ-ਬਾਪੂ ਆ ਗਏ, ਤਿੰਨ ਬੈਡਰੂਮਾਂ ਵਾਲੇ ਘਰ ਵਿਚ ਬਾਪੂ ਲਈ ਜਗ੍ਹਾ ਨਾ ਬਚੀ। ਬਾਪੂ ਪਹੁੰਚਿਆ ਝੋਲਾ ਚੁੱਕ ਤੀਜੇ ਦੇ, ਪੁੱਤ ਤੇ ਨੂੰਹ ਨੇ ਸੇਵਾ ਕੀਤੀ ਤੇ ਬਾਪੂ ਤੋਂ ਸਬਜ਼ੀ ਲਗਵਾਉਣ ਲੱਗੇ, ਸਬਜ਼ੀ ਫਲ ਦੇਣ ਵਾਲੀ ਹੋਣ ਤੇ ਬਾਪੂ ਨੂੰ ਰੋਟੀ ਤੋਂ ਵਾਂਝਾ ਕਰ, ਚੌਥੇ ਦੇ ਘਰੇ ਭੇਜ ਦਿੱਤਾ।

ਚੌਥੇ ਪੁੱਤ ਦੇ ਘਰ ਆ ਕੇ ਬਾਪੂ ਨੇ ਝੋਲੇ ਵਿਚੋਂ ਕੱਪੜੇ ਅਜੇ ਕੱਢੇ ਨਹੀਂ ਸਨ ਕਿ ਨੂੰਹ ਰਾਣੀ ਨੇ ਬਾਪੂ ਤੋਂ ਪਿਛਲੇ ਪੰਜਾਂ ਸਾਲਾਂ ਦਾ ਜਮੀਨ ਦਾ ਮਾਮਲਾ ਮੰਗ ਲਿਆ। ਇਹ ਦੇਸ ਔਰਤ ਪ੍ਰਧਾਨ ਹੋਣ ਕਰਕੇ ਆਦਮੀ ਚਾਹੁੰਦਾ ਹੋਇਆ ਵੀ ਆਪਣੀ ਘਰ ਵਾਲੀ ਦੀ ਗੁੱਤ ਨਹੀਂ ਫੜ ਸਕਦਾ, ਪੁੱਤ ਵੀ ਬੇਬਸ ਹੋ ਗਿਆ। ਬਾਪੂ ਨੇ ਪੰਜਵੇਂ ਦੇ ਜਾ ਬੈਲ ਖੜਕਾਈ, ਉਸਨੇ ਚਾਰ ਦਿਨ ਚੰਗਾ ਜੱਗ ਲਾਇਆ। ਫੇਰ ਮੰਗ ਬੈਠਾ ਪੰਜਾਬ ਵਾਲੀ ਚਾਰ ਕਿਲੇ ਜਮੀਨ ਜਿਹੜੀ ਨਵੀਂ ਲਿੰਕ ਰੋਡ ਦੇ ਉੱਤੇ ਸੀ। ਪੁੱਤ ਕਹੇ ਬਾਪੂ ਜੀ ਜ਼ਮੀਨ ਮੇਰੇ ਨਾਂ ਲਵਾ ਦੇ ਤੇ ਉਪਰਲਾ ਮਾਸਟਰ ਰੂਮ (ਕਿੰਗਰੂਮ) ਤੇਰਾ। ਪਰ ਕਰਨੈਲ ਸਿਉਂ ਨੂੰ ਆਪਣੇ ਦੂਜੇ ਪੁੱਤਾਂ ਨਾਲ ਧੱਕਾ ਹੁੰਦਾ ਜਾਪਿਆ। ਕਹਿੰਦੇ ਨੇ ਪੁੱਤ ਕਪੁੱਤ ਹੋ ਸਕਦੇ ਹਨ ਪਰ ਕਦੇ ਮਾਪੇ ਕੁਮਾਪੇ ਨਹੀਂ ਹੁੰਦੇ, ਔਲਾਦ ਕਿਹੋ ਜੇਹੀ ਵੀ ਕਿਉਂ ਨਾ ਹੋਵੇ। ਬਾਪੂ ਦੀ ਇਥੇ ਵੀ ਨਾ ਗੱਲ ਬਣੀ, ਫਿਰ ਬਾਕੀ ਧੀ ਦੀ ਸੇਵਾ ਰਹਿੰਦੀ ਸੀ। ਦੋ ਦਿਨ ਧੀ ਨੇ ਖਵਾਇਆ ਤੇ ਜਵਾਈ ਨੇ ਰੌਲਾ ਪਾ ਲਿਆ, ਕਹੇ ਜਦੋਂ ਬਾਪੂ ਦੇ ਪੁੱਤ ਨਹੀਂ ਸਾਂਭਦੇ ਤੈਨੂੰ ਬਾਪੂ ਦਾ ਜ਼ਿਆਦਾ ਫਿਕਰ ਹੈ। ਜਵਾਈ ਨੇ ਬਾਪੂ ਨੂੰ ਗੁਰਦੁਆਰੇ ਦੇ ਗੇਟ ਅੱਗੇ ਉਤਾਰ ਦਿੱਤਾ। ਬਾਪੂ ਨੇ ਪੁੱਤਰਾਂ ਦੇ ਸਰਬੰਸਦਾਨੀ ਅੱਗੇ ਪੁੱਤਰਾਂ ਦੀ ਸ਼ੈਤਾਨੀ ਦੇ ਦੁੱਖ ਰੋਏ। ਪਹਿਲੀ ਵਾਰ ਕਰਨੈਲ ਸਿਉਂ ਨੇ ਆਖਿਆ ਏਹੋ ਜਿਹੀ ਔਲਾਦ ਨਾਲੋਂ ਤਾਂ ਔਂਤ ਹੀ ਮੁੱਕ ਜਾਂਦਾ ਤਾਂ ਚੰਗਾ ਸੀ।

ਬਾਪੂ ਨੂੰ ਪੁੱਤ ਮੋਢਿਆਂ ਤੇ ਚੁੱਕ ਕੇ ਖਿਡਾਏ ਯਾਦ ਆਉਂਦੇ, ਪਰ ਪੁੱਤਰਾਂ ਨੇ ਆਖਰੀ ਵਾਰ ਵੀ ਬਾਪੂ ਨੂੰ ਮੋਢਾ ਨਾ ਦਿੱਤਾ। ਕਿਸੇ ਲੋ ਇਨਕਮ ਵਾਲੀ ਅਪਾਰਟਮੈਂਟ ਵਿਚ ਬਾਪੂ ਪੂਰਾ ਹੋ ਚੁੱਕਿਆ ਸੀ। ਸਸਕਾਰ ਵਾਲੇ ਦਿਨ ਫਿਉਨਰਲ ਹੋਮ ਵਿਚ ਪੁੱਤ-ਨੂੰਹਾਂ ਇਕ ਦੂਜੇ ਦੇ ਮੋਢੇ ਗਿੱਲੇ ਕਰੀ ਜਾਂਦੇ ਸਨ। ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਦਾਦਾ ਜੀ ਨਾਨਾ ਜੀ ਦਾ ਅਲਾਪ ਕਰੀ ਜਾਂਦੇ ਸਨ ਜਿਵੇਂ ਕਿਸੇ ਨੇ ਵਿਸ਼ੇਸ਼ ਟਰੇਨਿੰਗ ਦਿੱਤੀ ਹੋਵੇ।

ਗੁਰਦੁਆਰੇ ਵਿਚ ਭਾਈ ਪਾਠੀ ਸਿੰਘ ਕਰਨੈਲ ਸਿਉਂ ਦੇ ਪੁੱਤਰਾਂ ਦੇ ਬਿਜਨੈਸ ਦੀ ਤਰੀਫ ਕਰਦਾ ਨਹੀਂ ਸੀ ਥੱਕਦਾ। ਵੱਡੇ ਪੁੱਤ ਨੇ ਸਪੀਚ ਦਿੱਤੀ ਕਿ ਅਸੀਂ ਹਰੇਕ ਸਾਲ ਬਾਪੂ ਜੀ ਦੀ ਬਰਸੀ ਇਸੇ ਦਿਨ ਇਸੇ ਗੁਰਦੁਆਰੇ ਮਨਾਇਆ ਕਰਾਂਗੇ। ਨੂੰਹਾਂ ਆਪੋ-ਆਪਣੇ ਰਿਸ਼ਤੇਦਾਰਾਂ ਨੂੰ ਗਰਮਾ-ਗਰਮ ਜਲੇਬੀਆਂ ਦੇ ਡੱਬੇ ਭਰ-ਭਰ ਫੜਾ ਰਹੀਆਂ ਸਨ ਤੇ ਅਗਲੇ ਸਾਲ ਜਰੂਰ ਆਉਣਾ ਵੀ ਆਖ ਰਹੀਆਂ ਸਨ।

ਕੀ ਇਹੀ ਦਿਖਾਵਾ ਰਹਿ ਗਿਆ ਸਾਡੇ ਕੋਲ? ਬਜੁਰਗਾਂ ਨੂੰ ਘਰ ਦਾ ਗਹਿਣਾ ਬਣਾਈਏ, ਦਰ-ਦਰ ਭਟਕਣ ਨਾ ਦੇਈਏ, ਵਾਰੀ ਆਪਣੀ ਵੀ ਆ ਜਾਣੀ ਹੈ। ਜੇ ਮੱਥੇ ਸਿਹਰੇ ਬੰਨੇ ਤੇ ਅਰਥੀ 'ਤੇ ਵੀ ਪੈਣਾ ਹੈ। ਜਿਨ੍ਹਾਂ ਦੇ ਮਾਪੇ ਜਿਉਂਦੇ ਹਨ ਉਹ ਉਨ੍ਹਾਂ ਦੀ ਸੇਵਾ ਕਰਨ ਤੀਰਥਾਂ ਦੀ ਲੋੜ ਨਹੀਂ ਰਹਿੰਦੀ। ਪਿੱਛੋ ਜਲੇਬੀਆਂ ਖਵਾਈਆਂ ਦਾ ਕੋਈ ਸਹਾਰਾ ਨਹੀਂ। ਜਿਉਂਦਿਆ ਦੀ ਸੇਵਾ ਕਰੋ ਫਿਰ ਮੇਵਾ ਤੁਹਾਨੂੰ ਤੁਹਾਡੇ ਬੱਚੇ ਆਪਣੇ ਆਪ ਦੇਣਗੇ।

## ਬੇਮੁਖ

ਪੀਲੇ ਪੱਤਿਆਂ ਨੂੰ ਕੋਈ ਪੁੱਛੇ
ਖੁਸ਼ ਹਨ ਕੀ ਉਹ ਝਾੜਾਂ 'ਤੇ?
ਰੁਲਦੇ ਰਹਿੰਦੇ, ਟੁੱਟ ਜਾਂਦੇ ਜੋ
ਪੱਤਰ ਰੋਣ ਪਹਾੜਾਂ ਦੇ।

ਪੈਰਾਂ ਥੱਲੇ ਮੈਲ ਪਲੀਤੀ
ਹੁਣ ਇਥੇ ਨਾ ਉਥੇ ਦੇ
ਨਾ ਇਥੇ ਦੇ, ਨਾ ਉਥੇ ਦੇ
ਠੁੱਡੇ ਖਾਂਦੇ ਥਾਂ ਥਾਂ 'ਤੇ

ਪਥਰੀਲੀ ਮਿੱਟੀ ਦੀ ਖੁਸ਼ਬੂ
ਛਾ ਗਈ, ਬੂੰਦਾਂ ਪਈਆਂ ਜੋ
ਕੁੜ ਕੁੜ ਕਰਦੇ, ਜਾ ਰਹਿੰਦੇ ਨੇ
ਪਾਣੀ ਨਾਲ ਮੈਦਾਨਾਂ 'ਤੇ

ਹਾਏ ਉਹ ਵਤਨਾਂ ਦੀ ਮਿੱਟੀ
ਤੈਥੋਂ ਦੂਰ ਸੀ ਹੋਏ ਕਿਉਂ
ਹਾਏ ਉਹ ਬਾਬਲ ਦਾ ਵਿਹੜਾ
ਛੱਡ ਕੇ ਬੇਮੁਖ ਹੋਏ ਕਿਉਂ

ਪੀਲੇ ਪੱਤਿਆਂ ਨੂੰ ਕੀ ਪੁਛਣਾ
ਸਾਡੇ ਨਾਲੋਂ ਚੰਗੇ ਨੇ
ਪੀਲੇ ਬਦਰੰਗੇ ਹੋ ਕੇ ਵੀ ਜੋ
ਆਪਣਿਆਂ ਨਾਲ ਟੰਗੇ ਨੇ।

-ਕਿਰਨਜੀਤ ਕੌਰ, ਸੱਦਵਾਲ

## ਸਿਰਖਾਣੇ

ਮਨਦੀਪ ਮਾਨ

ਜਿਸ ਤਰ੍ਹਾਂ ਇਸ ਧਰਤੀ ਉਪਰ ਵੱਖ ਵੱਖ ਜੀਵ ਜੰਤੂਆਂ ਦੀਆਂ ਵੱਖ ਵੱਖ ਕਿਸਮਾਂ ਪਾਈਆਂ ਜਾਂਦੀਆਂ ਹਨ ਉਸੇ ਤਰ੍ਹਾਂ ਹੀ ਸਾਡੇ ਸਮਾਜ ਵਿਚ ਵੱਖ ਵੱਖ ਨਸਲਾਂ ਦੇ ਵਿਅਕਤੀ ਪਾਏ ਜਾਂਦੇ ਹਨ। ਜਿਵੇਂ ਕਿ ਆਕੜਖੋਰ, ਗੁੱਸੇਖੋਰ, ਕੰਮਚੋਰ, ਫੁਕਰੇ, ਨਿਕੰਮੇ, ਕਾਹਲੇ, ਠੰਡੇ, ਆਲਸੀ, ਹਿੰਮਤੀ, ਦਲੇਰ, ਝਗੜਾਲੂ, ਡਰਪੋਕ, ਕੰਜੂਸ, ਸੜੀਅਲ, ਅੜੀਅਲ, ਹੰਕਾਰੀ, ਮਦਾਰੀ, ਲਾਲਚੀ, ਹੱਸਮੁੱਖ, ਬੂਝੜ, ਸੰਜਮੀ, ਵੈਲੀ, ਸ਼ਰਾਬੀ, ਅਮਲੀ, ਅਫੀਮਚੀ, ਚਮਚੇ, ਖੁਸ਼ਾਮਦੀ, ਮੂਰਖ, ਮਸਤ, ਬੇਗੈਰਤ, ਸੂਰਮੇ, ਅਣਖੀ ਵਗੈਰਾ ਵਗੈਰਾ। ਅਜਿਹੀ ਹੀ ਇਕ ਹੋਰ ਕਿਸਮ ਹੈ ਸਿਰਖਾਣੇ।

ਉਪਰੋਕਤ ਕਿਸਮਾਂ ਵਿਚੋਂ ਸਭ ਤੋਂ ਗੰਦੇ ਤੇ ਅਕਾਊ ਸਿਰਖਾਣੇ ਹੁੰਦੇ ਹਨ ਜਿਨ੍ਹਾਂ ਦਾ ਕੰਮ ਸਿਰਫ ਦੂਜਿਆਂ ਦੇ ਨੁਕਸ ਲੱਭਣੇ, ਦੂਜਿਆਂ ਦੀ ਨਿੰਦਾ ਕਰਨੀ ਅਤੇ ਉਨ੍ਹਾਂ ਦਾ ਸਿਰ ਖਾਣਾ ਹੁੰਦਾ ਹੈ। ਇਸ ਕਿਸਮ ਦੇ ਲੋਕ ਸਵੇਰੇ ਜਾਗਣ ਵੇਲੇ ਤੋਂ ਹੀ ਆਪਣੇ ਸ਼ਿਕਾਰ ਨੂੰ ਲੱਭਣ ਤੁਰ ਪੈਂਦੇ ਹਨ ਅਤੇ ਸ਼ਾਮ ਤੱਕ ਆਪੋ ਆਪਣੀ ਸਮਰਥਾ ਅਨੁਸਾਰ ਇਕ ਜਾਂ ਕਈਆਂ ਦਾ ਸਿਰ ਖਾਣ ਦਾ ਕਾਰਾ ਕਰ ਚੁੱਕੇ ਹੁੰਦੇ ਹਨ। ਜਦ ਤੱਕ ਇਹ ਲੋਕ ਕਿਸੇ ਨਾ ਕਿਸੇ ਦਾ ਸਿਰ ਨਾ ਖਾ ਲੈਣ ਇਨ੍ਹਾਂ ਨੂੰ ਰੋਟੀ ਨਹੀਂ ਪਚਦੀ। ਦੂਜਿਆਂ ਦੇ ਕੰਮ ਵਿਚ ਖਾਹਮਖਾਹ ਲੱਤ ਅੜਾਉਣਾ, ਖਾਹਮਖਾਹ ਨਸੀਹਤਾਂ ਦੇਣਾ ਅਤੇ ਉਘ ਦੀ ਪਤਾਲ ਲਾ ਕੇ ਆਪਣੀ ਅਹਿਮੀਅਤ ਅਤੇ ਸਿਆਣਪ ਦਾ ਸਿੱਕਾ ਜਮਾਉਣ ਦੀ ਕੋਸ਼ਿਸ਼ ਕਰਨਾ ਇਨ੍ਹਾਂ ਦਾ ਮਨ ਭਾਉਂਦਾ ਸ਼ੌਕ ਹੈ। ਇਸ ਸ਼ੌਕ ਸ਼ੌਕ ਵਿਚ ਕਈ ਵਾਰ ਤਾਂ ਇਹ ਲੋਕ ਕਿਸੇ ਦਾ ਦਿਨ ਭਰ ਦਾ ਅਮਨ ਚੈਨ ਭੰਗ ਕਰ ਦਿੰਦੇ ਹਨ ਅਤੇ ਕਿਸੇ ਦੇ ਘਰ ਪੁਆੜਾ ਵੀ ਪਾ ਦਿੰਦੇ ਹਨ।

ਇਨ੍ਹਾਂ ਸਿਰਖਾਣਿਆਂ ਵਿਚੋਂ ਵੀ ਇਕ ਕਿਸਮ ਅਜਿਹੇ ਸਿਰਖਾਣਿਆਂ ਦੀ ਹੈ ਜੋ ਸਿਰਫ ਪੰਜਾਬੀ ਅਖਬਾਰਾਂ ਦੇ ਸੰਪਾਦਕਾਂ, ਉਨ੍ਹਾਂ 'ਚ ਛਪਦੇ ਕਾਲਮਨਵੀਸਾਂ, ਕਵੀਆਂ, ਗੀਤਕਾਰਾਂ, ਕਹਾਣੀਕਾਰਾਂ, ਲੇਖਕਾਂ ਅਤੇ ਰਿਪੋਰਟਰਾਂ ਦਾ ਸਿਰ ਖਾਣ ਦੇ ਸ਼ੌਕੀਨ ਹੁੰਦੇ ਹਨ। ਕੋਈ ਮੰਨੇ ਭਾਵੇ ਨਾ ਮੰਨੇ ਇਨ੍ਹਾਂ ਦਾ ਇਕ ਸ਼ੌਕ ਸੰਪਾਦਕ ਕੋਲੇ ਕਾਲਮਨਵੀਸਾਂ ਨੂੰ ਨਿੰਦਣਾ ਅਤੇ ਕਾਲਮਨਵੀਸਾਂ ਕੋਲੇ ਕਿਸੇ ਹੋਰ ਨੂੰ ਨਿੰਦਣਾ ਹੈ। ਜਿਵੇਂ ਭਾਰਤ ਦਾ ਰਾਸ਼ਟਰਪਤੀ ਮਹਾਵੀਰ ਚੱਕਰ, ਵੀਰ ਚੱਕਰ, ਪਦਮਭੂਸ਼ਣ ਅਤੇ ਅਜਿਹੇ ਹੋਰ ਸਨਮਾਨ ਦਿੰਦਾ ਹੈ, ਇਸੇ ਤਰ੍ਹਾਂ ਸਿਰਖਾਣੇ ਤੋਹਮਤਾਂ ਦੇ ਸਰਟੀਫਿਕੇਟ ਦਿੰਦੇ ਹਨ। ਫਲਾਣਾ ਸਿਉਂ ਪਿਛਲੇ ਵੀਹ ਸਾਲ ਤੋਂ ਚੋਰੀ ਕਰਕੇ ਲਿਖ ਰਿਹਾ ਹੈ, ਫਲਾਣਾ ਸ਼ਰਾਬੀ ਹੈ ਅਤੇ ਫਲਾਣਾ ਬਹੁਤ ਘਟੀਆ ਹੈ।

ਅਜਿਹਾ ਹੀ ਇਕ ਸਿਰਖਾਣਾ ਅਕਸਰ ਅਖਬਾਰਾਂ ਦੇ ਸੰਪਾਦਕਾਂ ਅਤੇ ਉਨ੍ਹਾਂ ਦੇ ਲੇਖਕਾਂ ਨੂੰ ਫੋਨ ਕਰਦਾ ਰਹਿੰਦਾ ਹੈ। ਲੇਖਕ ਕੋਈ ਵੀ ਹੋਵੇ ਉਸ ਨੇ ਇਹ ਗੱਲ ਲਾਜ਼ਮੀ ਕਹਿਣੀ ਹੈ, "ਹਾਂ, ਉਹ ਤੇ ਮੇਰੇ ਨਾਲ ਪੜ੍ਹਦਾ ਰਿਹਾ ਹੈ, ਹਾਂ, ਉਹਦਾ ਭਰਾ ਮੇਰੇ ਕੋਲੇ ਪੜ੍ਹਦਾ ਰਿਹਾ ਹੈ, ਹਾਂ, ਉਹ ਤੇ ਮੈਂ ਇਕੱਠੇ ਸਕੂਲ ਜਾਂਦੇ ਰਹੇ ਹਾਂ।" ਗੱਲ ਕੀ ਲੇਖਕ ਭਾਵੇਂ ਸੱਠ ਸਾਲ ਦਾ ਹੋਵੇ ਤੇ ਭਾਵੇਂ ਪੱਚੀ ਸਾਲ ਦਾ, ਉਸ ਨੇ ਕੋਈ ਨਾ ਕੋਈ ਰਿਸ਼ਤਾ ਜੋੜ ਹੀ ਲੈਣਾ ਹੈ।

ਇਕ ਦਿਨ ਇਸ ਸਿਰਖਾਣੇ ਦਾ ਫੋਨ ਮੈਨੂੰ ਆਇਆ। ਕਹਿਣ ਲੱਗਾ, ਸੁਰਜੀਤ ਹਾਕੀ ਵਾਲੇ 'ਤੇ ਆਰਟੀਕਲ ਤੂੰ ਲਿਖਿਐ? ਮੇਰਾ ਜਵਾਬ ਸੀ, ਧਿਆਨ ਨਾਲ ਦੇਖੋ ਲੇਖਕ ਦਾ ਨਾਂ ਸੁਰਜੀਤ ਮਾਨ ਹੈ ਅਤੇ ਮੈਂ ਮਨਦੀਪ ਮਾਨ ਹਾਂ। ਬਿਨਾ ਕੋਈ ਝੇਂਪ ਮੰਨਿਆਂ ਸਿਰਖਾਣਾ ਫਿਰ ਬੋਲਿਆ, ਇਹ ਜਿਹੜਾ ਹਾਕੀ ਵਾਲਾ ਸੁਰਜੀਤ ਸੀ ਨਾ ਮੇਰੇ ਨਾਲ ਹੀ ਪੜ੍ਹਦਾ ਸੀ। ਇਸ ਨੂੰ ਮੈਂ ਕਈ ਵਾਰ ਹਾਕੀ ਲੈ ਕੇ ਦਿੱਤੀ ਅਤੇ ਫਿਰ ਉਹ ਹੋਰ ਵੀ ਕਈ ਕੁਝ ਬੋਲੀ ਗਿਆ।

ਇਹ ਗੱਲ ਅਜੇ ਮੁੱਕੀ ਨਹੀਂ ਸੀ ਤੇ ਕਹਿਣ ਲੱਗਾ, "ਮੈਂ ਨਾਨਕਸ਼ਾਹੀ ਕੈਲੰਡਰ ਵਾਲੇ ਸ. ਪੁਰੇਵਾਲ ਕੋਲੇ ਪੜ੍ਹਦਾ ਰਿਹਾਂ।" ਮੈਂ ਟੋਕਿਆ, "ਯਾਰ ਇਕ ਗੱਲ ਤਾਂ ਸਿਰੇ ਲਾ ਲਿਆ ਕਰ, ਫਿਰ ਦੂਜੀ ਛਡਿਆ ਕਰ।" ਪਰ ਉਹ ਸਿਰਖਾਣਾ ਚੜ੍ਹੀ-ਲੱਥੀ ਤੋਂ ਬੇਨਿਆਜ ਸੀ। ਉਸ ਦਾ ਟੇਪਰਿਕਾਰਡਰ ਜਾਰੀ ਸੀ, "ਆਹ ਫਲਾਣਾ ਸੰਪਾਦਕ ਤੇ ਟੈਕਸੀ ਚਲਾਉਂਦਾ ਚਲਾਉਂਦਾ ਅਖਬਾਰ ਕੱਢਣ ਲੱਗ ਪਿਆ, ਫਲਾਣਾ ਫੋਟੋਆਂ ਖਿੱਚਦਾ ਅਖਬਾਰ ਕੱਢ ਬੈਠਾ, ਫਲਾਣਾ ਤੇ ਪੱਤਰਕਾਰ ਲੱਗਦਾ ਈ ਨਹੀਂ, ਫਲਾਣਾ ਮੈਕਡਾਨਲਡ 'ਤੇ ਕੰਮ ਕਰਦਾ ਹੁਣ ਵੱਡਾ ਕਾਲਮਨਵੀਸ ਬਣਿਆ ਫਿਰਦਾ, ਫਲਾਣਾ ਤੇ ਖੁਸਰਿਆਂ ਨਾਲ ਢੋਲਕੀ ਵਜਾਉਂਦਾ ਸੀ ਹੁਣ ਆਪਣੇ ਆਪ ਨੂੰ ਵੱਡਾ ਲੇਖਕ ਅਖਵਾਉਂਦਾ, ਫਲਾਣਾ ਪੰਥ ਦਾ ਭਗੌੜਾ ਹੁਣ ਵੱਡਾ ਸਾਹਿਤਕਾਰ ਬਣਿਆ ਫਿਰਦਾ। ਮੈਂ ਇਨ੍ਹਾਂ ਦਾ ਕਈ ਵਾਰ 'ਮਾਣ-ਸਤਿਕਾਰ' ਵੀ ਕਰ ਚੁਕਿਆਂ।" ਮੈਂ ਪੁਛਿਆ, "ਕੀ ਮਿਲਦਾ ਤੁਹਾਨੂੰ ਇੰਜ ਕਰ ਕੇ?" ਕਹਿੰਦਾ, "ਮੈਂ ਇਕ ਸਾਹਿਤਕ ਆਲੋਚਕ ਹਾਂ।" ਮੈਂ ਕਿਹਾ, "ਤੁਸੀਂ ਸਾਹਿਤਕ ਆਲੋਚਕ ਘੱਟ ਤੇ ਬੰਦੇ ਆਲੋਚਕ ਜਿਆਦਾ ਓ।" ਜਵਾਬ ਸੀ, "ਤੁਸੀਂ ਨਹੀਂ ਮੈਨੂੰ ਜਾਣਦੇ। ਮੈਂ ਤੇ ਲਿਆ ਦੂੰ ਨੇਰੀਆਂ।" ਇਸ ਤੋਂ ਪਹਿਲਾਂ ਕਿ ਉਸ ਦੀ ਸੂਈ ਹੋਰ ਰਿਕਾਰਡ ਵਜਾਉਂਦੀ ਮੇਰੇ ਸਬਰ ਦਾ ਪਿਆਲਾ ਭਰ ਚੁੱਕਾ ਸੀ।

ਅਖੀਰ ਮੇਰੇ ਸਬਰ ਦਾ ਪਿਆਲਾ ਭਰ ਗਿਆ। ਮੈਂ ਵੀ ਫਿਰ ਮਿੱਤਰੋ ਦੇ ਦਿੱਤਾ ਉਸ ਨੂੰ ਚਾਹ ਨਾਲ ਆਂਡਾ। ਆਪਣਾ ਬਣਦਾ ਹੱਕ ਲੈਣ ਤੋਂ ਪਿਛੋਂ ਬੜੀ ਤਸੱਲੀ ਨਾਲ ਇਹ ਸਿਰਖਾਣਾ ਬੋਲਿਆ, "ਲਓ ਜੀ ਤੁਸੀਂ ਤੇ ਗੁੱਸਾ ਕਰ ਗਏ, ਮੈਂ ਤੇ ਸੁਭੈਕੀ ਗੱਲ ਕੀਤੀ ਸੀ।" ਮੇਰਾ ਜਵਾਬ ਸੀ, 'ਸੁਭੈਕੀ ਕੀਤੀ ਜਾਂ ਹੁਣ ਛਾਂਦਾ ਮਿਲਣ ਪਿਛੋਂ ਤਸੱਲੀ ਹੋ ਗਈ?" ਉਹ ਹੀ...ਹੀ...ਦੰਦੀਆਂ ਕੱਢਣ ਲੱਗ ਪਿਆ ਪਰ ਮੈਂ ਉਸ ਨੂੰ ਸਰਤਾਜ ਦਾ ਇਹ ਸ਼ਿਅਰ ਸੁਣਾ ਕੇ ਫੋਨ ਕੱਟਿਆ:

ਜੇ ਕੋਈ ਦੱਸੇ ਗੱਲ ਤਜ਼ੁਰਬੇ ਵਾਲੀ
ਤਾਂ ਸੁਣ ਲਈਏ, ਗਲ ਨਾ ਪਈਏ।
ਬਣ ਜਾਈਏ ਉਸਤਾਦ ਜੀ ਭਾਵੇ
ਤਾਂ ਵੀ ਸਿੱਖਦੇ ਰਹੀਏ, ਨੀਂਵੇਂ ਬਹੀਏ।

ਮੇਰੀ ਗੱਲ ਦੀ ਪਰਵਾਹ ਕੀਤੇ ਬਿਨਾ ਉਸ ਦੀ ਫਰੰਟੀਅਰ ਮੇਲ ਜਾਰੀ ਸੀ, ਕਹਿੰਦਾ "ਮੈਂ ਤੇ ਲਿਆ ਦੂੰ 'ਨੇਰੀਆਂ।" ਮੈਂ ਪੁੱਛਿਆ, "ਕਿਹੜੀ ਖੁਸ਼ੀ 'ਚ?" ਜਵਾਬ ਸੀ, "ਨੇਰੀਆਂ ਲਿਆਉਣ ਲਈ ਖੁਸ਼ੀ ਦੀ ਕਾਹਦੀ ਉਡੀਕ" ਪਰ ਉਹ ਆਪਣੀਆਂ ਯੱਬਲੀਆਂ ਮਾਰੀ ਚਲਾ ਗਿਆ।

ਮੈਂ ਟੋਕਿਆ, "ਉਹ ਭਾਈ ਤੂੰ ਕਿਸੇ ਨੂੰ ਬਖ਼ਸ਼ੇਂਗਾ ਵੀ?"

# ਮੱਛਰਦਾਨੀ ਲੈ ਦੇ ਵੇ ਮੱਛਰ ਨੇ ਖਾ ਲੀ ਤੋੜ ਕੇ...

*ਗੱਲੀਂ-ਬਾਤੀਂ*



**ਐਸ. ਅਸ਼ੋਕ ਭੌਰਾ**

*ਫੋਨ: 925-752-8025*

***ਦੁਨੀਆਂ ਵਿਚ ਹਾਲੇ ਤੀਕਰ ਕੋਈ ਬੱਚਾ ਮਾਂ ਦੀ ਕੁੱਟ ਨਾਲ ਬਿਮਾਰ ਨਹੀਂ ਹੋਇਆ। ਮੇਲਿਆਂ ਦਾ ਪ੍ਰਬੰਧ ਭਾਵੇਂ ਮਰਦਾਂ ਦੇ ਹੱਥਾਂ ਵਿਚ ਰਿਹਾ ਹੈ ਪਰ ਹਰ ਕੋਈ ਜਾਣਦੈ ਕਿ ਰੌਣਕ ਵਧਾਉਣ ਲਈ ਉਡੀਕ ਕਿਨ੍ਹਾਂ ਦੀ ਕਰਨੀ ਪੈਂਦੀ ਹੈ? ਕਈ ਬੰਦੇ ਗੱਲ ਤਾਂ ਮੂੰਹ ‘ਚੋਂ ਫਰਾਟੇ ਵਾਂਗ ਪਟਾਕ ਦੇਣੀ ਬਾਹਰ ਕੱਢ ਦੇਣਗੇ ਪਰ ਇਹਦੇ ਮਤਲਬ ਤੇ ਅਰਥ ਗਿਆਨ ਦੇ ਖਾਨੇ ਵਿਚ ਨਹੀਂ ਹੁੰਦੇ। ਧੁੱਪ ਚਮਕਾਂ ਮਾਰੇ ਤੇ ਪਾਸੇ ਤੋਂ ਨਿਕਲੀ ਬੱਦਲੀ ਜਲ-ਥਲ ਕਰ ਦੇਵੇ ਤਾਂ ਲੋਕ ਕਹਾਵਤ ਸੁਣਾਉਂਦੇ ਹਨ ਗਿੱਦੜ-ਗਿੱਦੜੀ ਦਾ ਵਿਆਹ ਹੋ ਰਿਹੈ ਜਾਂ ਅੰਨ੍ਹੀ ਗਿੱਦੜੀ ਵਿਆਹੀ ਜਾ ਰਹੀ ਹੈ। ਵਿਚਲਾ ਭੇਦ ਹਾਲੇ ਵੀ ਬਹੁਤ ਘੱਟ ਲੋਕਾਂ ਨੂੰ ਪਤੈ। ਜੰਗਲ ਵਿਚ ਨਰ ਸ਼ੇਰ ਤੇ ਮਾਦਾ ਸ਼ੇਰ ਦਾ ਅਨੁਪਾਤ ਲੱਗਭਗ ਇਕੋ ਜਿਹਾ ਹੁੰਦਾ ਹੈ। ਸ਼ੇਰਨੀ ਬਹੁਤਾ ਕਰਕੇ ਦੋ ਬੱਚਿਆਂ ਨੂੰ ਹੀ ਜਨਮ ਦੇਂਦੀ ਹੈ ਤੇ ਜੀਵ ਵਿਗਿਆਨੀਆਂ ਅਨੁਸਾਰ ਇਨ੍ਹਾਂ ‘ਚ ਅਕਸਰ ਇਕ ਨਰ ਤੇ ਮਾਦਾ ਹੀ ਹੁੰਦਾ ਹੈ। ਸ਼ੇਰ ਜੰਗਲ ਦਾ ਬਾਦਸ਼ਾਹ ਹੈ ਪਰ ਜੰਗਲ ‘ਚ ਦਸ ਗਿੱਦੜਾਂ ਦੇ ਮੁਕਾਬਲੇ ਚਾਰ ਗਿੱਦੜੀਆਂ ਹੀ ਹੁੰਦੀਆਂ ਹਨ ਇਸੇ ਲਈ ਵਿਆਹ ਦਾ ਚਾਅ ਪੂਰਾ ਕਰਨ ਵਿਚ ਕਈਆਂ ਦੀ ਉਮਰ ਲੰਘ ਜਾਂਦੀ ਹੈ। ਜੰਗਲ ਦੇ ਰਾਜ ਵਿਚ ਜੇ ਚਿਰਾਂ ਪਿਛੋਂ ਕੋਈ ਘਟਨਾ ਹੁੰਦੀ ਹੈ ਤਾਂ ਉਹ ਇਹੋ ਵਿਆਹ ਦਾ ਜਸ਼ਨ ਹੁੰਦਾ ਹੈ। ਇਸੇ ਲਈ ਉਪਰੋਕਤ ਕਹਾਵਤ ਦੇ ਖਾਸ ਅਰਥ ਹਨ ਤੇ ਜਿਸ ਅਨੁਪਾਤ ਵਿਚ ਆਪਣੇ ਪੰਜਾਬ ਵਿਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਘੱਟ ਰਹੀ ਹੈ, ਲਗਦਾ ਨਹੀਂ ਕਹਾਵਤ ਬਦਲ ਜਾਵੇਗੀ? ‘ਕਿੱਕਰ ’ਤੇ ਕਾਟੋ ਰਹਿੰਦੀ’ ਬੇਤੁਕੀ ਬੋਲੀ ਹੈ ਪਰ ਛੜਿਆਂ ਦੇ ਘਰ ‘ਚ ਬੱਕਰੀ ਸੂਣ ਤੇ ਲੋਹੜੀ ਵੰਡਣ ਦੀ ਗੱਲ ਸੱਚੀ ਹੋ ਸਕਦੀ ਹੈ। ਸਾਰੀ ਉਮਰ ‘ਕੱਲੇ ਰਹਿਣ ਦੇ ਸੰਤਾਪ ਤੋਂ ਅੱਕੇ ਛੜੇ ਕੱਟੇ ਦੇ ਪੈਰਾਂ ‘ਚ ਝਾਂਜਰਾਂ ਪਾ ਕੇ ਸ਼ਗਨ ਮਨਾ ਵੀ ਸਕਦੇ ਹਨ। ਕੁਰਾਹੇ ਪਏ ਨੂੰ ਧੱਕਾ ਮਾਰਨ ਵਾਲੇ ਆਮ ਕਰਕੇ ਵਧ ਹੁੰਦੇ ਨੇ, ਰਾਹੇ ਪਾਉਣ ਵਾਲੇ ਘੱਟ। ਮਨੁੱਖ ਲੱਖ ਚਲਾਕੀਆਂ ਕਰੇ ਪਰ ਕੁਦਰਤ ਘੇਰ ਘੇਰ ਕੇ ਲਿਆਉਂਦੀ ਹੈ ਕਿ ਏਧਰ ਆ। ਜਾਨਵਰਾਂ ਵਿਚ ‘ਬੱਕਰੇ ਦੀ ਮਾਂ ਬਹੁਤ ਚਿਰ ਦੀ ਭੁੱਲ ਚੁੱਕੀ ਹੈ ਕਿ ਪੁੱਤ ਦੇ ਬਚਣ ਦੀ ਉਮੀਦ ਨਹੀਂ।’ ਮੁਰਗੀ ਰੋਜ ਆਂਡਾ ਦੇ ਕੇ ਵੀ ਖਾਮੋਸ਼ ਇਸ ਕਰਕੇ ਰਹਿੰਦੀ ਹੈ ਕਿ ਆਂਡਾ, ਆਂਡਾ ਰਹੇ ਜਾਂ ਇਹਦੇ ‘ਚੋਂ ਬੱਚਾ ਨਿਕਲੇ ਮੇਰੇ ਸਮੇਤ ਸਾਰਿਆਂ ਨੇ ਟਿਕਣਾ ਤਾਂ ਅਕਸਰ ਮਨੁੱਖ ਦੀ ਜੀਭ ‘ਤੇ ਹੀ ਹੈ। ਮਨੁੱਖ ਦੁਸ਼ਮਣਾਂ ਤੋਂ ਬਚਣ ਲਈ ਰਫਲਾਂ ਤੇ ਰਿਵਾਲਵਰ ਚੁੱਕੀ ਫਿਰਦਾ ਹੈ ਪਰ ਮੱਛਰ ਮੰਤਰੀਆਂ ਦੇ ਵੀ ਟਿਕਾ ਕੇ ਦੰਦੀ ਵੱਢਦਾ ਹੈ। ਵਿਗਿਆਨ ਨੇ ਦੁਨੀਆਂ ਮੁੱਠੀ ‘ਚ ਬੰਦ ਕਰ ਲਈ ਪਰ ਸਿਹਤ ਵਿਗਿਆਨੀਆਂ ਤੋਂ ਮੱਛਰ ਨਹੀਂ ਕਾਬੂ ਆ ਰਿਹਾ-ਇਸ ਕਰਕੇ...।***

ਬੰਦੇ ਨੂੰ ਐਵੇਂ ਭਰਮ ਹੈ ਕਿ ਮੈਂ ਕਿਸੇ ਨੂੰ ਸੋਹਣਾ ਲਗਦਾ ਹਾਂ, ਕੋਈ ਮੇਰੇ ਵਲ ਵੇਖ ਕੇ ਖੁਸ਼ ਹੁੰਦਾ ਹੈ ਜਦੋਂਕਿ ਮੰਨਣ ਵਾਲੀ ਗੱਲ ਇਹ ਹੈ ਕਿ ਔਰਤਾਂ ਨੂੰ ਗਹਿਣਿਆਂ ਤੋਂ ਵੱਧ ਕਿਸੇ ਵਿਚ ਵੀ ਦਿਲਚਸਪੀ ਨਹੀਂ ਹੁੰਦੀ। ਹਾਲੇ ਤੀਕਰ ਪਾਟਿਆਂ ਕੱਪੜਿਆਂ ਨੂੰ ਨਵੇਂ ਬਟਨ ਲਾਉਣ ਦੀ ਗਲਤੀ ਕਿਸੇ ਵੀ ਸਿਆਣੇ ਬੰਦੇ ਨੇ ਨਹੀਂ ਕੀਤੀ। ਮੈਲੇ ਕੁਚੈਲੇ ਕੱਪੜਿਆਂ ਵਾਲੇ ਮੰਗਤਿਆਂ ਨੂੰ ਕਿਸੇ ਨੇ ਵੀ ਚਾਨਣੀ ਵਰਗੀ ਚਿੱਟੀ ਚਾਦਰ ਵਿਚ ਸੁੱਤੇ ਪਿਆ ਨਹੀਂ ਵੇਖਿਆ। ਕਹਿਣ ਤੋਂ ਭਾਵ ਹੈ ਕਿ ਗੱਲਾਂ ਕਈ ਸਾਧਾਰਣ ਹੁੰਦੀਆਂ ਨੇ ਕਈ ਵਾਰ ਅਰਥ ਬੜੇ ਡੂੰਘੇ ਛੱਡ ਜਾਂਦੀਆਂ ਨੇ। ਆਮ ਕਰਕੇ ਭਾਰਤੀ ਲੋਕਾਂ ਤੇ ਖਾਸ ਕਰਕੇ ਪੰਜਾਬੀ ਲੋਕਾਂ ‘ਚੋਂ ਕੋਈ ਇਹ ਨਹੀਂ ਕਹਿ ਸਕਦਾ ਕਿ ਉਸਦਾ ਕਦੇ ਮੱਛਰ ਨਾਲ ਟਾਕਰਾ ਨਹੀਂ ਹੋਇਆ। ਕਿਸੇ ਨੇ ਭਾਵੇਂ ਟੀਕਾ ਨਾ ਵੀ ਲੁਆਇਆ ਹੋਵੇ ਪਰ ਮੱਛਰ ਦਾ ਡੰਗ ਜ਼ਰੂਰ ਖਾਧਾ ਹੋਵੇਗਾ। ਤੇ ਮੰਨੋਗੇ ਕਿ ਜੂੰ ਜਿੱਡਾ ਕੁਦਰਤ ਦਾ ਇਹ ਜੀਵ ਲੋਕਾਂ ਨੂੰ ਹੀ ਨਹੀਂ ਸਰਕਾਰਾਂ ਨੂੰ ਕਿੰਨਾ ਮਹਿੰਗਾ ਪੈਂਦਾ ਹੈ? ਮੱਛਰ ਦੇ ਸਿਰ ‘ਤੇ ਹਰ ਸਾਲ ਕਰੋੜਾਂ ਰੁਪਏ ਦਾ ਕਾਰੋਬਾਰ ਹੁੰਦਾ ਹੈ। ਤੇ ਜਿਨ੍ਹਾਂ ਜੇਠ ਹਾੜ ਦੀਆਂ ਰਾਤਾਂ ਨੂੰ ਜਦੋਂ ‘ਵਾ ਦਾ ਬੁੱਲ੍ਹਾ ਨਾ ਵਗਦਾ ਹੋਵੇ, ਜਾਂ ਆਪਣੇ ਮੁਲਕ ਦੀ ਦੇਵੀ ਬਿਜਲੀ ‘ਜੈ ਹਿੰਦ’ ਕਹਿ ਗਈ ਹੋਵੇ, ਮੰਜਾ ਖੁੱਲ੍ਹੇ ਆਂਗਣ ਵਿਚ ਡੱਠਾ ਹੋਵੇ ਤੇ ਜਿਵੇਂ ਅਮਰੀਕੀ ਤੇ ਨਾਟੋ ਫੌਜਾਂ ਨੂੰ ਤਾਲਿਬਾਨ ਨਾਲ ਦੋ ਹੱਥ ਕਰਨ ਲਈ ਤੀਂਘੜਨਾ ਪੈ ਰਿਹਾ ਹੈ, ਇਵੇਂ ਮੱਛਰ ਦੁਆਲੇ ਪਟਾਕੀਆਂ ਵਜਾਉਂਦਿਆਂ ਸਾਰੀ ਰਾਤ ਅੱਖਾਂ ਵਿਚ ਲੰਘ ਜਾਂਦੀ ਹੈ ਤੇ ਜੀਹਨੇ ਕਦੇ ਪੈਰ ਨ੍ਹੀਂ ਚੱਕ ਕੇ ਵੇਖਿਆ ਉਹ ਵੀ ਸਾਰੀ ਰਾਤ ਬ੍ਰੇਕ ਡਾਂਸ ਕਰਦਿਆਂ ਮੱਛਰੇ ਹੋਏ ਮੱਛਰ ਨਾਲ ਭਲਵਾਨੀ ਘੋਲ ਕਰਦਾ ਹੈ। ਹਿੰਦੋਸਤਾਨ ਦਾ ਸਿਹਤ ਮੰਤਰਾਲਾ, ਰਾਜਾਂ ਦੇ ਸਿਹਤ ਵਿਭਾਗ ਮੱਛਰਾਂ ਨਾਲ ਕਿਵੇਂ ਉਲਝੇ ਰਹਿੰਦੇ ਨੇ। ਸਾਧਾਰਣ ਲੋਕਾਂ ਨੂੰ ਵੀ ਪਤਾ ਹੈ ਕਿ ਉੱਲੂ ਵਾਂਗ ਦਿਨ ਚੜ੍ਹਦੇ ਨੂੰ ਮੱਛਰ ਭੱਜ ਜਾਂਦੇ ਨੇ ਤੇ ਮੱਖੀਆਂ ਸਵਾਗਤ ਕਰਨ ਲਈ ਘੇਰਾ ਘੱਤ ਲੈਂਦੀਆਂ ਹਨ। ਆਪਣੇ ਮੁਲਕ ਵਿਚ ਮੱਛਰ ਕਿੰਨਾ ਮਹਾਨ ਤੇ ਖਾਸ ਬਣ ਚੁੱਕਾ ਹੈ, ਆਮ ਨਾਗਰਿਕ ਦੇ ਮੁਕਾਬਲੇ ਸਰਕਾਰਾਂ ਉਹਦੇ ‘ਤੇ ਕਿੰਨੇ ਪੈਸੇ ਖਰਚ ਕਰਦੀਆਂ ਹਨ, ਇਸ ਵਿਸ਼ਲੇਸ਼ਣ ਵਲ ਜਾਣ ਤੋਂ ਪਹਿਲਾਂ ਮੱਛਰ ਦੀ ਰੋਕਥਾਮ ਲਈ ਸਭ ਤੋਂ ਪਹਿਲਾ ਹਥਿਆਰ ਸਮਝੀ ਜਾਂਦੀ ਮੱਛਰਦਾਨੀ ਦੀ ਚਰਚਾ ‘ਚ ਚਲਦੇ ਹਾਂ।

ਸਾਡੇ ਗੀਤਾਂ ਵਿਚ ਟਰੱਕ, ਟਾਂਗੇ, ਬੈਲ ਗੱਡੀਆਂ, ਬੱਸਾਂ ਭੱਜੀਆਂ ਫਿਰਦੀਆਂ ਰਹੀਆਂ ਹਨ, ਇਵੇਂ ਮੱਛਰ ਤੇ ਮੱਛਰਦਾਨੀ ਦਾ ਜਿਕਰ ਹੋਣੋ ਕਿਵੇਂ ਰਹਿ ਸਕਦਾ ਸੀ? ਜੇ ਪੰਜਾਬ ਦੀ ਕੋਇਲ ਕਰਕੇ ਜਾਣੀ ਜਾਂਦੀ ਸੁਰਿੰਦਰ ਕੌਰ ਦੇ ਗੀਤਾਂ ਨੂੰ ਗਹੁ ਨਾਲ ਸੁਣਿਆ ਤੇ ਚੇਤੇ ਰੱਖਿਆ ਹੈ ਤਾਂ ਉਹਦਾ ਇਕ ਰੰਗੀਲੇ ਜੱਟ ਨਾਲ ਦੋ-ਗਾਣਾ ਬੜਾ ਹਿੱਟ ਸੀ ਤੇ ਇਹ ਗੀਤ ਫੌਜੀਆਂ ਦੀਆਂ ਬੈਰਕਾਂ ਵਿਚ ਬੜੇ ਸਾਲ ਵੱਜਿਆ। ਵਿਆਹ ਸ਼ਾਦੀ ਵਾਲੇ ਦਿਨਾਂ ਵਿਚ ਮੰਜੇ ਜੋੜ ਕੇ ਲਟਕਦੇ ਸਪੀਕਰ ਨੇ ਇਸ ਗੀਤ ਦਾ ਬੜਾ ਕਚੂਮਰ ਕੱਢਿਆ। ਗੀਤ ਦੇ ਬੋਲ ਸਨ-

ਪੰਜ ਰੁਪਈਏ ਰੱਖੇ ਨੇ
ਬੇਬੇ ਨੇ ਚੋਰੀ ਜੋੜ ਕੇ
ਮੱਛਰਦਾਨੀ ਲੈ ਦੇ ਵੇ
ਮੱਛਰ ਨੇ ਖਾ ਲਈ ਤੋੜ ਕੇ।

‘ਰਾਮ ਨਾਲ ਸੌਂ ਜਾ ਨੀ
ਚਾਦਰ ਦਾ ਪੱਲਾ ਮੋੜ ਕੇ...’

ਉਨ੍ਹਾਂ ਦਿਨਾਂ ਵਿਚ ਜਿਨ੍ਹਾਂ ਘਰ ‘ਚ ਮੱਛਰਦਾਨੀ ਹੁੰਦੀ ਸੀ ਉਹ ਆਮ ਨਹੀਂ ਖਾਸ ਹੁੰਦੇ ਸਨ। ਪਰ ਪਿੰਡਾਂ ਤੱਕ ਮੱਛਰਦਾਨੀ ਸਭ ਤੋਂ ਪਹਿਲਾਂ ਫੌਜੀ ਪਰਿਵਾਰਾਂ ਵਿਚ ਆਈ। ਹਾਲੇ ਵੀ ਭਾਵੇਂ ਦਿੱਲੀ, ਮੁੰਬਈ ਤੇ ਕਲਕੱਤੇ ਵਰਗੇ ਮਹਾਂਨਗਰਾਂ ਵਿਚ ਰੇਲਵੇ ਲਾਈਨਾਂ ਨੇੜੇ ਝੁੱਗੀਆਂ ‘ਚ ਵਸਦੇ ਲੋਕਾਂ ਦੇ ਵਿਹੜੇ ‘ਚ ਗਰਮੀਆਂ ਦੇ ਦਿਨਾਂ ‘ਚ ਸਵੇਰ ਵੇਲੇ ਮੱਛਰਦਾਨੀਆਂ ਲੱਗੀਆਂ ਵੇਖੀਆਂ ਜਾ ਸਕਦੀਆਂ ਹਨ ਪਰ ਕਦੇ ਪੰਜਾਬ ਦੇ ਪਿੰਡਾਂ ਦੀ ਸਵੇਰ ਵੇਖ ਕੇ ਜਦੋਂ ਹਰ ਤੀਜੇ ਘਰ ਦੀ ਛੱਤ ’ਤੇ ਮੱਛਰਦਾਨੀ ਲੱਗੀ ਹੁੰਦੀ ਸੀ ਤਾਂ ਇਕ ਵੱਖਰਾ ਨਜ਼ਾਰਾ ਹੁੰਦਾ ਸੀ ਜਿਵੇਂ ਨਿੱਕਾ ਚੁਬਾਰਾ ਪਾ ਲਿਆ ਹੋਵੇ। ਪਰ ਹੌਲੀ ਹੌਲੀ ਪਿੰਡਾਂ ਤੱਕ ਬਿਜਲੀ ਪੁੱਜੀ ਤੇ ਪੱਖਿਆਂ ਤੋਂ ਬਾਅਦ ਕੂਲਰ ਤੇ ਏ.ਸੀ. ਆਉਣ ਨਾਲ ਇਹ ਸ਼ਿੰਗਾਰ ਫਿੱਕਾ ਪੈਂਦਾ ਗਿਆ। ਯਕੀਨ ਕਰੋ ਕਿ ਹਾਲੇ ਵੀ ਭਾਰਤੀ ਫੌਜ ਵਿਚ ਆਏ ਸਾਲ ਕਰੋੜਾਂ ਰੁਪਏ ਦਾ ਬਜਟ ਮੱਛਰਦਾਨੀਆਂ ਖਰੀਦਣ ਲਈ ਰੱਖਿਆ ਜਾਂਦਾ ਹੈ ਤਾਂ ਕਿ ਹੱਦਾਂ ਸਰਹੱਦਾਂ ’ਤੇ ਬੈਠੇ ਫੌਜੀ ਦੁਸ਼ਮਣ ਦੇ ਹਮਲੇ ਤੋਂ ਪਹਿਲਾਂ ਮੱਛਰ ਦੇ ਹਮਲੇ ਤੋਂ ਬੱਚ ਸਕਣ। ਫਿੱਕੇ ਰੰਗ ਦੀਆਂ ਬਿਸਕੁਟੀ ਮੱਛਰਦਾਨੀਆਂ ਫੌਜ ਦਾ ਰਾਖਵਾਂ ਰੰਗ ਹੈ। ਹਾਲਾਂਕਿ 6×3 ਫੁੱਟੀ ਮੱਛਰਦਾਨੀ ਜੋ ਬਾਜ਼ਾਰ ‘ਚੋਂ ਮਿਲਦੀ ਹੈ ਜਿਹਦੀ ਹੁਣ ਕੀਮਤ ਹਜ਼ਾਰ ਰੁਪਏ ਤੋਂ ਵੱਧ ਗਈ ਹੈ ਬੜੇ ਰੰਗਾਂ ‘ਚ ਮਿਲਦੀ ਹੈ। ਚਾਰ ਡੰਡਿਆਂ ਨਾਲ ਮੰਜੇ ਦੇ ਚਾਰ ਪਾਵਿਆਂ ‘ਚ ਕਰਾਸ ਢੰਗ ਨਾਲ ਮੱਛਰਦਾਨੀ ਲਗਾਈ ਜਾਂਦੀ ਰਹੀ ਹੈ। ਜਦੋਂ ਪਹਿਲਾਂ ਮੱਛਰਦਾਨੀ ਹੋਂਦ ਵਿਚ ਆਈ ਤਾਂ ਇਸ ਦੀ ਕੀਮਤ ਸਿਰਫ ਸਵਾ ਛੇ ਆਨੇ ਹੁੰਦੀ ਸੀ।

ਮੱਛਰ ਤੇ ਮੱਛਰਦਾਨੀ ਨੂੰ ਅਲਹਿਦਾ ਕਰਕੇ ਨਹੀਂ ਵੇਖਿਆ ਜਾ ਸਕਦਾ। ਉਵੇਂ ਜਿਵੇਂ ਡਾਕਟਰ ਤੇ ਮਰੀਜ਼ ਦਾ ਰਿਸ਼ਤਾ ਹੁੰਦਾ ਹੈ। ਮੱਛਰ ਭਾਵੇਂ ਗੰਦਗੀ ਤੋਂ ਪੈਦਾ ਹੋਣ ਵਾਲਾ ਜੀਵ ਹੈ ਪਰ ਸੱਪ ਵਾਂਗ ਡੂੰਘਾ ਟੀਕਾ ਲਾਉਣ ਵੇਲੇ ਇਹ ਨਹੀਂ ਵੇਖਦਾ ਕਿ ਬੰਦਾ ਰੰਗ ਦਾ ਕਾਲਾ ਹੈ ਜਾਂ ਗੋਰਾ, ਮਰਦ ਹੈ ਕਿ ਔਰਤ, ਬੁੱਢਾ ਹੈ ਕਿ ਬੱਚਾ ਤੇ ਬਿਮਾਰ ਹੈ ਜਾਂ ਤੰਦਰੁਸਤ। ਡਾਕਟਰੀ ਅਰਥਾਂ ਵਿਚ ਮਨੁੱਖ ਦਾ ਖੂਨ ਮੱਛਰ ਲਈ ਉਵੇਂ ਹੀ ਹੈ ਜਿਵੇਂ ਭਲਵਾਨ ਲਈ ਦੇਸੀ ਘੀ ਤੇ ਬਦਾਮ ਹੁੰਦੇ ਨੇ। ਹਾਲੇ ਤੱਕ ਇਹ ਨਹੀਂ ਸਮਝ ਆਈ ਕਿ ਇਕ ਮਾਦਾ ਮੱਛਰ ਤੇਰਾਂ ਦਿਨਾਂ ਪਿੱਛੋਂ ਚਾਲੀ ਤੋਂ ਸੱਠ ਬੱਚਿਆਂ ਨੂੰ ਕਿਵੇਂ ਜਨਮ ਦਿੰਦਾ ਹੈ। ਮਲੇਰੀਏ ਦੀ ਬਿਮਾਰੀ ਮੱਛਰ ਦਾ ਲੋਕ ਗੀਤ ਹੈ, ਫਿਰ ਹੋਰ ਹੱਲਾ ਡੇਂਗੂ ਦੇ ਰੂਪ ਵਿਚ ਕਰਕੇ ਮਨੁੱਖ ਲਈ ਮੌਤਾਂ ਦਾ ਅਖਾੜਾ ਲਗਾਇਆ ਹੈ ਤੇ ਏਡਜ਼ ਦੇ ਮਰੀਜ਼ਾਂ ਤੋਂ ਐਚ ਆਈ ਵੀ ਪਾਜੀਟੇਵ ਦੇ ਮਨੁੱਖ ਨੂੰ ਤੋਹਫੇ ਵੰਡਣ ਵਿਚ ਮੱਛਰ ਅਹਿਮ ਭੂਮਿਕਾ ਨਿਭਾ ਰਿਹਾ ਹੈ। ਹੋਰ ਭਾਵੇਂ ਕਿਸੇ ਦੁਆਈ ਦਾ ਕਿਸੇ ਨੂੰ ਪਤਾ ਹੋਵੇ ਜਾਂ ਨਾ ਪਰ ਹਰ ਕੋਈ ਇਹ ਜਰੂਰ ਜਾਣਦਾ ਹੈ ਕਿ ਮਲੇਰੀਏ ਦੀ ਗੋਲੀ ਦਾ ਨਾਂ ‘ਕਲੋਰੋ ਕੁਈਨ’ ਹੁੰਦਾ ਹੈ।



ਜਿਵੇਂ ਜਿਵੇਂ ਸਿਹਤ ਵਿਗਿਆਨ ਵਿਕਸਤ ਹੋਇਆ ਮੱਛਰਾਂ ਤੋਂ ਬਚਣ ਦੇ ਹੋਰ ਬੜੇ ਹੀਲੇ ਵਸੀਲੇ ਆਉਂਦੇ ਰਹੇ। ਕੇਂਦਰ ਸਰਕਾਰ ਮੱਛਰ ਮਾਰਨ ਤੇ ਮਲੇਰੀਏ ਤੋਂ ਬਚਣ ਲਈ ਆਏ ਸਾਲ ਕਰੋੜਾਂ ਰੁਪਏ ਦੀ ਵਿਵਸਥਾ ਬਜਟ ਵਿਚ ਕਰਦੀ ਹੈ, ਰਾਜ ਸਰਕਾਰਾਂ ਦਾ ਬਜਟ ਵੀ ਨੌਂ ਅੰਕੜਿਆਂ ‘ਚ ਹੀ ਹੁੰਦਾ ਹੈ। ਡੀ.ਡੀ.ਟੀ. ਜਾਂ ਮੱਛਰਮਾਰ ਦਵਾਈ ਦੇ ਛਿੜਕਾਉਣ ਤੇ ਜਿੰਨਾ ਖਰਚ ਹੁੰਦਾ ਹੈ, ਉਸ ਤੋਂ ਅੱਧਾ ਅਫਸਰਾਂ ਦੀ ਜੇਬ ਵਿਚ ਚੁੱਪਚਾਪ ਚਲਾ ਜਾਂਦਾ ਹੈ। ਮੁੱਕਦੀ ਗੱਲ ਇਹ ਹੈ ਕਿ ਮੱਛਰਾਂ ’ਤੇ ਜਿਹੜਾ ਅਰਬਾਂ ਰੁਪਿਆ ਖਰਚ ਹੋ ਰਿਹਾ ਹੈ, ਜੇ ਕੁਦਰਤ ਮਿਹਰਬਾਨ ਹੋ ਕੇ ਇਨ੍ਹਾਂ ਦਾ ਬੀਜਨਾਸ ਕਰ ਦੇਵੇ ਤਾਂ ਭਾਰਤ ਦੀ ਕੁੱਲ ਆਬਾਦੀ ਦਾ ਡੇਢ ਫੀਸਦੀ ਹਿੱਸਾ ਆਏ ਸਾਲ ਰੋਟੀ, ਕੱਪੜੇ ਤੇ ਮਕਾਨ ਤੋਂ ਚਿੰਤਾ ਮੁਕਤ ਹੋ ਸਕਦਾ ਹੈ। ਮੱਛਰਦਾਨੀ ਤੋਂ ਬਾਅਦ ਡਾਕਟਰੀ ਤੌਰ ’ਤੇ ਜਿਹੜੇ ਹੱਥ-ਕੰਡੇ ਵਰਤੇ ਜਾਣ ਲੱਗੇ ਜ਼ਰਾ ਉਨ੍ਹਾਂ ਦੇ ਆਂਕੜੇ ਵੇਖੋ। ਭਾਰਤ ਵਿਚ ਕੁਲ ਡੇਢ ਅਰਬ ਰੁਪਏ ਦਾ ਕਛੂਆ ਛਾਪ ਵਿਕ ਜਾਂਦਾ ਹੈ, ਇੰਨੇ ਕੁ ਆਡੋਮਾਸ ਕਰੀਮ ਤੇ ਟਿੱਕੀਆਂ ਤੇ ਹੋਰ ਕਈ ਕੁਝ ਹਿਸਾਬ ਤੋਂ ਬਾਹਰ ਹੈ। ਜੇ ਔਸਤਨ ਅੰਦਾਜ਼ਾ ਲਗਾ ਲਈਏ ਆਏ ਸਾਲ ਹਰ ਆਦਮੀ ਨੂੰ ਆਪਣੀ ਜੇਬ੍ਹ ‘ਚੋਂ ਕਰੀਬ ਤਿੰਨ ਸੌ ਰੁਪਿਆ ਮੱਛਰ ਦੇਵਤੇ ਮੂਹਰੇ ਰਹਿਮ ਦੀ ਅਰਦਾਸ ਕਰਨ ਲਈ ਚੜ੍ਹਾਵੇ ਵਜੋਂ ਮਜਬੂਰਨ ਚੜ੍ਹਾਉਣਾ ਹੀ ਪੈਂਦਾ ਹੈ। ਮਲੇਰੀਏ ਤੇ ਡੇਂਗੂ ਦੀਆਂ ਦਵਾਈਆਂ ਲਈ ਔਸਤਨ ਹਰ ਭਾਰਤੀ ਨਾਗਰਿਕ ਦੀ ਜੇਬ ‘ਚੋਂ ਸਾਲਾਨਾ ਡੇਢ ਸੌ ਰੁਪਏ ਆਪਣੇ ਆਪ ਨਿਕਲ ਜਾਂਦਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਨਾ ਮੱਛਰ ਮਨੁੱਖ ਦਾ ਪਿੱਛਾ ਛੱਡ ਰਿਹਾ ਹੈ ਨਾ ਮਲੇਰੀਆ ਤੇ ਸਾਧਾਰਣ ਲੋਕ ਗਰਮੀਆਂ ‘ਚ ਮੱਛਰ ਦੇ ਸਿਤਮ ਤੋਂ ਰੱਜ ਕੇ ਡਰੇ ਰਹਿੰਦੇ ਨੇ।

ਵਿਸ਼ੇ ਨੂੰ ਥੋੜਾ ਦਿਲਚਸਪੀ ਵਲ ਮੋੜਦੇ ਹਾਂ ਕਿ ਮੱਛਰ ਤੇ ਅਮਲੀਆਂ ਦਾ ਰਿਸ਼ਤਾ ਵੀ ਬਹੁਤ ਗੂੜਾ ਹੈ। ਇਕ ਵਾਰ ਤਿੰਨ ਅਮਲੀ ਠਾਕੁਰ, ਜੈਲਾ ਤੇ ਭਜਨਾ ਇਕੱਠੇ ਹੋ ਕੇ ਪਿੰਡ ਦੇ ਫੌਜੀ ਕੋਲ ਜਾ ਪਹੁੰਚੇ। ਕਹਿਣ ਲੱਗੇ ‘ਫੌਜੀਆਂ ਟੈਂਟ ਚਾਹੀਦਾ’। ‘ਅਮਲੀਓ ਟੈਂਟ? ਛਾਉਣੀ ਪੌਣੀ ਆ?’।

‘ਸਾਲਾ ਮੱਛਰ ਨੀ ਸੌਣ ਦਿੰਦਾ ਸਾਰੀ ਰਾਤ, ਆਂਹਦੇ ਤੇਰੇ ਕੋਲ ਮੱਛਰ ਭਜਾਉਣ ਵਾਲਾ ਟੈਂਟ ਹੈਗਾ’’।

‘ਮੱਛਰਦਾਨੀ ਕਹੋ’।

‘ਆਹ ਲੈ ਪੰਜ ਰੁਪਈਏ ਜੋ ਮਰਜੀ ਕਹਿ ਹੁਣੇ ਦੇਹ। ਰਾਤ ਅੱਜ ਇਹਦੇ ਥੱਲੇ ਕੱਟਣੀ ਆਂ।’ ਤੇ ਫੌਜੀ ਵਿਚਾਰੇ ਨੇ ਅਮਲੀਆਂ ਉਤੇ ਤਰਸ ਕਰਕੇ ਮੁਫਤ ‘ਚ ਹੀ ਦੇ ਦਿੱਤੀ। ਅਮਲੀ ਤੋਂ ਚਾਅ ਨਾ ਸਾਂਭਿਆ ਜਾਵੇ। ਤਿੰਨਾਂ ਨੇ ਪਹਿਲਾਂ ਭੁੱਕੀ ਦਾ ਛੰਨਾ ਛੱਕਿਆ ਤੇ ਫਿਰ ਲੰਬੜਾਂ ਆਲੇ ਖੂਹ ‘ਤੇ ਲੰਬੜਦਾਰ ਤੋਂ ਘਰਦੀ ਕੱਢੀ ਦਾ ਸੁਆਦ ਦੇਖਣ ਚਲੇ ਗਏ। ਨਾਲੇ ਕਹੀ ਜਾਣ ਅੱਜ ਰੱਜ ਕੇ ਸੌਣੈ। ਵੱਢ ਤਾ ਫਾਹ, ਸਾਲੇ ਮੱਛਰ ਦਾ। ਠਾਕੁਰ ਵਿਚੋਂ ਸ਼ੈਤਾਨ ਅੱਖ ਬਚਾ ਕੇ ਭੱਜ ਆਇਆ ਕਿ ਘਰੇ ਚਲ ਕੇ ਅਰਾਮ ਨਾਲ ਸੌਂਨਾਂ ਮੱਛਰਦਾਨੀ ਤਾਣ ਕੇ। ਉਧਰ ਜੈਲੇ ਤੇ ਭਜਨੇ ਨੂੰ ਪੀਤੀ ਖਾਧੀ ‘ਚ ਭੁਲ ਗਿਆ ਚੇਤਾ। ਉਹ ਜਦੋਂ ਤਿੰਨੇ ਝੋਲੇ ਖਾਂਦੇ ਘਰੇ ਪਹੁੰਚੇ ਤਾਂ ਵਿਹੜੇ ‘ਚ ਨਵਾਂ ਚੰਦ ਵੇਖ ਕੇ ਰਹਿ ਗਏ ਹੱਕੇ ਬੱਕੇ।

‘ਜੈਲਿਆ ਇਹ ਸਾਲਾ ਕੋਠਾ ਕਿਵੇਂ ਬਣ ਗਿਆ। ਦੋ ਚਾਰ ਘੰਟਿਆਂ ‘ਚ।’

‘ਭਜਨਿਆਂ ਹਾਲੇ ਪੈੜਾਂ ਈ ਕੀਤੀਆਂ ਲਗਦੀਆਂ ਨੇ।’ ਜੈਲਾ ਬਾਂਸ ਦੀਆਂ ਲਾਠੀਆਂ ਨੂੰ ਹੱਥ ਲਾ ਲਾ ਦੇਖੇ।

‘ਸਾਲਿਆਂ ਛਿੱਕੂਆ ਜਿਹਾ ਉਪਰ ਛੱਤ ਪਈ।’

‘ਚੱਲ ਫਿਰ ਕੋਠੇ ‘ਤੇ ਸੌਨੇ ਆਂ ਅੱਜ।’

‘ਚੜੀਏ ਕਿਦਾਂ ਮਿਸਤਰੀ ਨੇ ਪੌੜੀ ਤਾਂ ਚੜਾਈ ਨੀ।’

‘ਇਹ ਕੋਈ ਔਖਾ ਕੰਮ ਐ ਬਲਦਾਂ ਵਾਲੀ ਪੰਜਾਲੀ ਚੁੱਕ ਲਿਆ।’

‘ਬਈ ਸਿਆਣਾ ਤੂੰ ਬੜਾ’ ਤੇ ਮੱਛਰਦਾਨੀ ਨੂੰ ਕੋਠਾ ਸਮਝ ਕੇ ਪੰਜਾਲੀ ਨਾਲ ਉੱਪਰ ਚੜਦੇ ਅਮਲੀ ਦੂਜੇ ਪਾਸੇ ਨਾਨਕਸ਼ਾਹੀ ਇੱਟਾਂ ਦੇ ਢੇਰ ਉਤੇ ਸਿਰ ਭਾਰ ਜਾ ਪਏ।

‘ਮਰ ਗਏ ਉਏ ਕਹਿ ਕੇ ਚੁੱਪ ਛਾ ਗਈ।’ ਵਿਚੋਂ ਜਦੋਂ ਠਾਕਰ ਨਿਕਲਿਆ ਤਾਂ ਉਸ ਨੇ ਦੋਨਾਂ ਦੀ ਨਬਜ਼ ਵੇਖੀ। ਨਾ ਸਾਹ ਨਾ ਸੱਤ। ਅੱਧੀ ਕੁ ਉਹਦੀ ਪੀਨਕ ਲੱਗੀ ਹੋਈ ਸੀ। ਸਿੱਧਾ ਜਾ ਬੂਹਾ ਖੜਕਾਇਆ ਸਰਪੰਚ ਦਾ। ਆਂਹਦਾ ‘ਜੈਲਾ ਤੇ ਭਜਨਾ ਮਰ ਗਏ।’

ਤੇ ਸਰਪੰਚ ਨੇ ਵੀ ਪਾਧਾ ਨੀ ਪੁਛਿਆ ਕਰ ਦਿੱਤਾ ਥਾਣੇ ਫੋਨ। ਆ ਗਿਆ ਛੋਟਾ ਥਾਣੇਦਾਰ ਪਲਟਨ ਲੈ ਕੇ। ਮਾੜੀ ਕਿਸਮਤ ਕਿ ਉਦੋਂ ਤੱਕ ਵਿਚਾਰੇ ਹੋਸ਼ ‘ਚ ਆ ਗਏ। ਇਕ ਦੀ ਡੱਬੀ ‘ਚੋਂ ਪਾਈਆ ਭੁੱਕੀ ਤੇ ਦੂਜੇ ਦੇ ਸਾਫੇ ‘ਚੋਂ ਤੋਲਾ ਅਫੀਮ ਫੜੀ ਗਈ। ਲੈ ਗਏ ਬੰਨ ਕੇ ਮੁਸ਼ਕਾਂ ਥਾਣੇ। ਢਾਈ ਸਾਲੀ ਹੋ ਗਈ ਵਿਚਾਰਿਆਂ ਨੂੰ। ਕਿਤੇ ਛਿਆਂ ਕੁ ਮਹੀਨਿਆਂ ਪਿਛੋਂ ਠਾਕਰ ਗਿਆ। ਦੋਹਾਂ ਨੂੰ ਜੇਲ੍ਹ ਮਿਲਣ। ਭਜਨਾ ਆਖੇ, ‘ਫੌਜੀ ਸਾਲਾ ਮਰਿਆ ਕਿ ਨਹੀਂ।’

‘ਉਹਨੂੰ ਕਾਹਨੂੰ ਗਾਲਾਂ ਕੱਢਦੇ ਆਂ।’

‘ਸਾਲੇ ਦੀ ਮੁਫਤ ਦੀ ਮੱਛਰਦਾਨੀ ਨੇ ਜੇਲ ਖੁਆਤੀ। ਇਥੇ ਹੁਣ ਮੱਖੀਆਂ ਵਰਗਾ ਮੱਛਰ ਪੀਂਦਾ ਖੂਨ ਸਾਰੀ ਰਾਤ। ਹੁਣ ਕੀਹਦੀ ਮਾਂ ਨੂੰ ਮਾਸੀ ਕਹੀਏ। ਨਾ ਨਾਗਣੀ ਮਿਲਦੀ ਏ ਨਾ ਪੱਤੇ।’

ਤੁਹਾਨੂੰ ਅਗਲੀ ਗੱਲ ਦਾ ਯਕੀਨ ਆਵੇ ਜਾਂ ਨਾ ਆਵੇ ਪਰ ਇਹ ਘਟਨਾ ਮਾਲਵੇ ਦੀ ਜਗਰਾਓਂ ਤਹਿਸੀਲ ਦੇ ਇਕ ਪਿੰਡ ਦੀ ਹੈ। ਅਮਲੀ ਜਾਗਰ ਲਿਆਇਆ ਸ਼ਹਿਰੋਂ ਆਪਣੀ ਘਰਵਾਲੀ ਬਚਨੀ ਨੂੰ ਖੁਸ਼ ਕਰਨ ਲਈ ਪੂਰੇ ਢਾਈ ਸੌ ਦੀ ਮੱਛਰਦਾਨੀ। ਤੇ ਦਿਨੇ ਨਿਆਣੇ ਲੈ ਕੇ ਮੱਛਰਦਾਨੀ ‘ਚ ਜਾ ਵੜਿਆ ਕਰੇ। ਇਕ ਦਿਨ ਕਿਤੇ ਨੇਰ੍ਹੇ ਹੋਏ ਨਸ਼ੇ ਦੀ ਲੋਰ ਵਿਚ ਘਰੇ ਵੜਿਆ ਤਾਂ ਬਚਨੀ ਕਹਿਣ ਲੱਗੀ, ‘ਪਹਿਲਾਂ ਮੱਝ ’ਚੋ ਲੈ।’

‘ਤੇਰੇ ਖੁਰਕ ਪਈ ਐ। ਅੱਧੀ ਰਾਤ ਹੋਣ ਲੱਗੀ ਏ ਅਖੇ, ਮੱਝ ਚੋ ਲੈ।’

‘ਥੇਹ ਪੈਣਿਆਂ ਮੈਂ ਆਈ ਹਾਂ ਜੈਲਦਾਰਾਂ ਦਿਓਂ ਵਧਾਈਆਂ ਦੇ ਕੇ, ਉਹਨਾਂ ਦਾ ਮੁੰਡਾ ਠੇਕੇ ਤੇ ਲੱਗ ਗਿਆ।’

‘ਪਾਲਾ’! ਉਹ ਤਾਂ ਮੁੰਡਾ ਬਹੁਤ ਪੜ੍ਹਿਆ ਲਿਖਿਆ ਸੀ, ਆਂਹਦੇ ਤਾਂ ਸੀ ਮਾਸਟਰ ਲਗਣਾ। ਠੇਕੇ ਤੇ ਲੱਗ ਗਿਆ?’

‘ਖੋਤਿਆ ਦਿਮਾਗਾ ਮਾਹਟਰ ਹੀ ਲੱਗਿਆ। ਠੇਕੇ ਤੇ ਨਿਆਣੇ ਪੜਾਊ।’

‘ਚੱਲ ਚੰਗਾ! ਪਾਲਾ ਮੁੰਡਾ ਬੜੀ ਦੀਦ ਕਰਦਾ। ਪੰਜ ਸੱਤ ਰੁਪਏ ਅਧੀਆ ਸਸਤਾ ਦਿਆ ਕਰੂ।

‘ਅਕਲ ਦਿਆ ਅਨ੍ਹਿਆਂ ਤੇਰੇ ਠੇਕੇ ਉਤੇ ਨ੍ਹੀਂ। ਸਕੂਲ ‘ਚ ਪੰਜ ਹਜਾਰ ਨੂੰ ਉੱਕੀ ਪੁੱਕੀ ਤਨਖਾਹ ’ਤੇ ਰੱਖ ਲਿਆ। ਤਾਂ ਠੇਕੇ ਤੇ ਆਂਹਦੇ ਨੇ।’

‘ਹਇਦਾਂ ਭੌਂਕ ਫਿਰ।’

‘ਮੈਂ ਤਾਂ ਖੁਸ਼ ਬਾਹਲਾ ਹੋ ਗਿਆ ਸੀ।’ ਤੇ ਜਾਗਰ ਅਮਲੀ ਨੇ ਚੱਕੀ ਬਾਲਟੀ, ਛੱਡਿਆ ਕੱਟੜੂ ਤੇ ਪਸਮਾ ਲਈ ਮੱਝ। ਕੁਤੜੀ ਤੇ ਮੱਛਰ ਮੱਝ ਨੂੰ ਵੱਢ ਵੱਢ ਖਾ ਗਏ। ਉਹ ਔਹ ਗਈ ਟੱਪ ਕੇ। ਜਾਗਰ ਨੂੰ ਆ ਗਿਆ ਚੇਤਾ ਪਈ ਮੱਛਰਦਾਨੀ ਕਾਹਦੇ ਵਾਸਤੇ ਏ। ਇਹ ਉਪਰ ਪਾ ਕੇ ਚੋ ਲੈਂਦੇ ਆ। ਉਹ ਅੰਦਰ ਗਿਆ ਮੱਛਰਦਾਨੀ ਲੈਣ। ਤੇ ਨਾਲੇ ਬਿਜਲੀ ਗੁੱਲ। ਮੱਛਰਦਾਨੀ ਪਾ ਕੇ ਜਦੋਂ ਹੇਠਾਂ ਬਾਲਟੀ ਲੈ ਕੇ ਬੈਠਾ ਤਾਂ ਪਾ ਦਿੱਤੀ ਦੁਹਾਈ।

‘ਬਚਨੀਏ ਭੱਜ ਕੇ। ਬਹਿ ਗਿਆ ਬੇੜਾ। ਇਹ ਸਾਰਾ ਕਾਰਾ ਕੀਤਾ ਜਾਦੂ ਟੂਣੇ ਕਰਨ ਵਾਲੇ ਬੰਤੇ ਨੇ, ਜਿਹਨੂੰ ਤੂੰ ਕੱਲ ਦੁੱਧ ਦਾ ਗਿਲਾਸ ਨੀ ਦਿੱਤਾ।’

‘ਵੇ ਗੱਲ ਕੀ ਹੋਈ?’ ‘ਹੁਣੇ ਮੈਂ ਹਾਲੇ ਦੁੱਧ ਨਾਲ ਪਸਮਾ ਕੇ ਗਿਆ ਸੀ।’ ਚਾਰੇ ਥਣ ਜੁੜ ਗਏ।

‘ਹਾਏ ਤੇਰਾ ਬਹਿ ਜਾਏ ਬੇੜਾ ਬੰਤਿਆ।’

‘ਤੈਂ ਇਸ ਬੇਜ਼ੁਬਾਨ ਨਾਲ ਜ਼ੁਲਮ ਕੀਤਾ।’


‘ਤੇਰਾ ਫੱਕਾ ਨਾ ਰਹੇ।’

‘ਠਹਿਰ ਜਾ ਮੈਂ ਅੰਦਰੋਂ ਦੀਵਾ ਲੈ ਕੇ ਆਉਨੀ ਆਂ ਤੇ ਚੱਕ ਲਈ ਖੁੰਡੀ ਬਚਨੀ ਨੇ।

‘ਲੱਖ ਲਾਹਨਤ ਤੇਰੇ ਇਨ੍ਹਾਂ ਨਸ਼ਿਆਂ ਪੱਤਿਆ ਦੇ, ਟੁੱਟ ਪੈਣਿਆ ਮੱਛਰਦਾਨੀ ਤਾਂ ਤੂੰ ਝੋਟੇ ਤੇ ਪਾਈ ਫਿਰਦਾਂ। ਮੱਝ ਤਾਂ ਇਧਰ ਅੜਿੰਗਦੀ ਆ।’ ਤੇ ਉਦੋਂ ਤੱਕ ਜਾਗਰ ਦੌਣ ‘ਚ ਸਿਰ ਫਸਾਈ ਅੱਧਾ ਮੰਜੇ ਤੋਂ ਹੇਠਾਂ ਲਟਕਿਆ ਪਿਆ ਸੀ। ਮੰਨਦੇ ਹੋ ਕੱਚੀ ਲੱਸੀ ਦੁੱਧ ਤੋਂ ਹੀ ਬਣਦੀ ਹੈ ਪਰ ਦੋਹਾਂ ਵਿਚ ਅੰਤਰ ਖਾਸ ਤੇ ਸਾਧਾਰਣ ਵਿਚਲਾ ਹੀ ਹੁੰਦਾ ਹੈ।

# 1947 ਤੋਂ ਪਹਿਲਾਂ ਅਤੇ ਬਾਅਦ ਦੀ ਸਿੱਖ ਸਿਆਸਤ

ਖਾਲਸਾ ਪੰਥ



ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ

ਸ੍ਰੀ ਐਸ. ਐਸ. ਧਨੋਆ, ਸ੍ਰੀ ਦਲਜੀਤ ਸਿੰਘ, ਸ੍ਰੀ ਸਰਨ ਸਿੰਘ ਅਤੇ ਸ੍ਰੀ ਐਸ. ਐਸ. ਗਿੱਲ ਆਦਿ ਉਨ੍ਹਾਂ ਉਂਗਲਾ 'ਤੇ ਗਿਣੇ ਜਾਣ ਜੋਗੇ ਸਿੱਖ ਵਿਦਵਾਨਾਂ ਵਿਚੋਂ ਹਨ, ਜਿਨ੍ਹਾਂ ਨੇ ਭਾਰਤੀ ਸਿਵਿਲ ਸਰਵਿਸਜ਼ ਵਿਚ ਰਹਿਣ ਦੇ ਬਾਵਜੂਦ ਸਿੱਖ ਧਰਮ, ਦਰਸ਼ਨ, ਰਾਜਨੀਤੀ ਅਤੇ ਆਪਣੇ ਭਾਈਚਾਰੇ ਦੇ ਲੋਕਾਂ ਨਾਲ ਸਬੰਧਤ ਸਰੋਕਾਰਾਂ ਵਿਚ ਲਗਾਤਾਰ ਪੂਰੀ ਤਨਦੇਹੀ ਨਾਲ ਦਿਲਚਸਪੀ ਲੈਣੀ ਜਾਰੀ ਰੱਖੀ। ਇਨ੍ਹਾਂ ਦੇ ਵਿਚਾਰਾਂ ਨਾਲ ਕਿਸੇ ਦੀ ਸਹਿਮਤੀ ਹੋਵੇ ਜਾਂ ਨਾ ਹੋਵੇ ਪ੍ਰੰਤੂ ਉਨ੍ਹਾਂ ਦੀਆਂ ਲਿਖਤਾਂ ਨੂੰ ਠੰਡੇ ਮਨ ਨਾਲ ਵਾਚਣ ਤੋਂ ਬਾਅਦ ਉਨ੍ਹਾਂ ਦੀ ਸੁਹਿਰਦਤਾ ਤੇ ਸ਼ੱਕ ਕਰਨਾ ਬਹੁਤ ਮੁਸ਼ਕਲ ਹੋ ਜਾਵੇਗਾ। ਖਰੜ ਤਹਿਸੀਲ ਦੇ ਛੋਟੇ ਜਿਹੇ ਪਿੰਡ ਘੜੂੰਆਂ ਦੇ ਜੰਮਪਲ ਸ੍ਰੀ ਸੁਰੈਣ ਸਿੰਘ ਧਨੋਆ ਨੇ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਦੋ ਵਰ੍ਹਿਆਂ ਵਿਚ ਐਮ. ਏ. ਰਾਜਨੀਤੀ ਸ਼ਾਸਤਰ ਅਤੇ ਐਲ. ਐਲ. ਬੀ. ਦੀਆਂ ਡਿਗਰੀਆਂ ਅਲੀਗੜ੍ਹ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀਆਂ ਅਤੇ ਬਾਅਦ ਵਿਚ ਆਈ. ਏ. ਐਸ. ਦਾ ਇਮਤਿਹਾਨ ਪਾਸ ਕਰਕੇ ਬਿਹਾਰ ਕੇਡਰ ਲਈ ਚੁਣੇ ਗਏ। ਉਨ੍ਹਾਂ ਦੀ ਸਰਵਿਸ ਦਾ ਜ਼ਿਆਦਾ ਸਮਾਂ ਬਿਹਾਰ ਵਿਚ ਹੀ ਗੁਜ਼ਰਿਆ, ਪ੍ਰੰਤੂ ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਉਨ੍ਹਾਂ ਨੂੰ ਪੰਜਾਬ ਵਿਚ ਪਹਿਲਾਂ ਮੁੱਖ ਸਕੱਤਰ ਦੇ ਅਹੁਦੇ 'ਤੇ ਲਗਾਇਆ ਗਿਆ ਅਤੇ ਫਿਰ ਰਾਜਪਾਲ ਦਾ ਸਲਾਹਕਾਰ ਬਣਾ ਦਿਤਾ ਗਿਆ।

ਪੰਜਾਬ ਵਿਚ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਦੇ ਸਹੁੰ ਚੁੱਕਣ ਸਾਰ ਹੀ ਉਹ ਦਿੱਲੀ ਚਲੇ ਗਏ ਜਿਥੇ ਕਿ ਉਨ੍ਹਾਂ ਨੇ ਸਿਹਤ ਸਕੱਤਰ ਦੇ ਅਹੁਦੇ 'ਤੇ ਕੰਮ ਕਰਦਿਆਂ ਆਪਣੀ ਪ੍ਰਤਿਭਾ ਦਾ ਸਿੱਕਾ ਜਮਾਇਆ। ਸਾਲ 1989 'ਚ ਜਦੋਂ ਇਕ ਮੈਂਬਰੀ ਮੁੱਖ ਚੋਣ ਕਮਿਸ਼ਨ ਦਾ ਵਿਸਥਾਰ ਕੀਤਾ ਗਿਆ ਤਾਂ ਉਨ੍ਹਾਂ ਨੂੰ ਤਿੰਨ ਮੈਂਬਰੀ ਕਮਿਸ਼ਨ ਵਿਚ ਨਿਯੁਕਤੀ ਮਿਲੀ। ਬੇਸ਼ੱਕ ਬਾਅਦ ਵਿਚ ਸੌੜੇ ਰਾਜਨੀਤਕ ਤਕਾਜ਼ਿਆਂ ਤਹਿਤ ਵੀ. ਪੀ. ਸਰਕਾਰ ਵਲੋਂ ਉਨ੍ਹਾਂ ਨੂੰ ਅਹੁਦੇ ਤੋਂ ਅਲੱਗ ਕਰ ਦਿੱਤਾ ਗਿਆ ਸੀ। ਉਨ੍ਹਾਂ ਆਪਣੇ ਹੱਕ ਲਈ ਕੇਸ ਲੜਿਆ। ਉਹ ਕੇਸ ਭਾਵੇਂ ਹਾਰ ਗਏ ਪਰ ਸੁਪਰੀਮ ਕੋਰਟ ਦੇ ਜੱਜਾਂ ਨੇ ਉਨ੍ਹਾਂ ਵਲੋਂ ਉਠਾਏ ਕੁਝ ਅਹਿਮ ਨੁਕਤਿਆਂ ਨੂੰ ਸਵੀਕਾਰ ਕਰ ਲਿਆ। ਇਸ ਗੱਲ 'ਚ ਕੋਈ ਹੈਰਾਨੀ ਨਹੀਂ ਹੈ ਕਿ ਸਰਕਾਰ ਵਲੋਂ ਸੁਪਰੀਮ ਕੋਰਟ ਦੇ ਉਸ ਫੈਸਲੇ ਦਾ ਸਹਾਰਾ ਲੈ ਕੇ ਪਿਛਲੇ ਸਾਲ ਚੋਣ ਕਮਿਸ਼ਨ ਦਾ ਵਿਸਥਾਰ ਕੀਤਾ ਗਿਆ ਹੈ। ਚੋਣ ਕਮਿਸ਼ਨ ਦੇ ਕੰਮ ਤੋਂ ਲਾਂਭੇ ਹੁੰਦਿਆ ਹੀ ਉਹ ਸਿੱਖ ਧਰਮ ਸ਼ਾਸਤਰ ਅਤੇ ਸਿੱਖ ਸਿਆਸਤ ਬਾਰੇ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਆਲ ਇੰਡੀਆ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼ ਸ਼ਿਮਲਾ ਚਲੇ ਗਏ। ਕੁਝ ਸਮਾਂ ਉਥੇ ਲਗਾਉਣ ਤੋਂ ਬਾਅਦ ਪਿਛਲੇ 4-5 ਵਰ੍ਹਿਆਂ ਤੋਂ ਉਹ ਨਵੀਂ ਦਿੱਲੀ ਸਥਿੱਤ ਆਪਣੇ ਫਲੈਟ ਵਿਚ ਆਪਣੀ ਰਿਟਾਇਰਡ ਜ਼ਿੰਦਗੀ ਗੁਜ਼ਾਰ ਰਹੇ ਹਨ ਅਤੇ ਸਮੇਂ ਸਮੇਂ ਵੱਖ-ਵੱਖ ਅਖ਼ਬਾਰਾਂ-ਰਸਾਲਿਆਂ ਵਿਚ ਸਮਕਾਲੀ ਸਿੱਖ ਰਾਜਨੀਤੀ ਬਾਰੇ ਉਨ੍ਹਾਂ ਦੇ ਲੇਖ ਵੀ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਉਨ੍ਹਾਂ 'ਚ ਸਿੱਖ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਹੈ, ਆਪਣੇ ਭਾਈਚਾਰੇ ਨਾਲ ਬਹੁਤ ਹੀ ਡੂੰਘਾ ਸਰੋਕਾਰ ਹੈ। ਪ੍ਰੰਤੂ ਸਿੱਖ ਧਰਮ ਦੇ ਸੰਦੇਸ਼ ਬਾਰੇ ਉਨ੍ਹਾਂ ਦੀ ਸਮਝ ਕਿਸੇ ਵੀ ਸਮਕਾਲੀ ਸਿੱਖ ਵਿਦਵਾਨ ਨਾਲ ਨਹੀਂ ਮਿਲਦੀ। ਜ਼ਾਹਰ ਹੈ ਕਿ ਜਿਥੇ ਸ੍ਰੀ ਦਲਜੀਤ ਸਿੰਘ ਅਤੇ ਸ੍ਰੀ ਸੰਗਤ ਸਿੰਘ ਗੁਰਬਾਣੀ ਨੂੰ ਇਲਹਾਮ ਮੰਨਦੇ ਹੋਏ, ਸਿੱਖ ਧਰਮ ਦੀ ਵਿਲੱਖਣਤਾ 'ਤੇ ਜ਼ੋਰ ਦਿੰਦੇ ਹਨ ਅਤੇ ਆਪਣੀ ਸਾਰੀ ਤਾਕਤ ਇਸ ਵਿਲੱਖਣਤਾ ਨੂੰ ਦ੍ਰਿੜਾਉਣ ਅਤੇ ਸਿੱਖ ਧਰਮ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਲਗਾਉਂਦੇ ਹਨ, ਉਥੇ ਐਸ. ਐਸ. ਧਨੋਆ ਦਾ ਇਨ੍ਹਾਂ ਮੂਲ-ਮਨੌਤਾਂ ਨਾਲ ਮੁਕੰਮਲ ਸਹਿਮਤੀ ਹੋਣ ਦੇ ਬਾਵਜੂਦ ਦ੍ਰਿੜ ਨਿਸ਼ਚਾ ਹੈ ਕਿ ਸਿੱਖ ਧਰਮ ਨੂੰ 'ਖਤਰਾ ਬਾਹਰੋਂ' ਨਹੀਂ ਬਲਕਿ ਅੰਦਰੋਂ ਹੈ। ਸਿੱਖਾਂ ਦੀ ਪਿਛਲੇ ਵਰ੍ਹਿਆਂ ਦੀ ਬਿਪਤਾ ਲਈ ਵੀ ਉਹ ਕਿਸੇ ਬਾਹਰੀ ਦੁਸ਼ਮਣ ਨੂੰ ਜ਼ਿੰਮੇਵਾਰ ਮੰਨਣ ਲਈ ਤਿਆਰ ਨਹੀਂ ਹਨ ਬਲਕਿ ਉਨ੍ਹਾਂ ਦਾ ਵਿਚਾਰ ਇਹ ਹੈ ਕਿ ਸਿੱਖਾਂ ਨੂੰ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਨੂੰ ਪਿੱਠ ਦੇ ਜਾਣ ਕਾਰਨ ਹੀ ਇਸ ਸਭ ਕਾਸੇ ਦਾ ਸਾਹਮਣਾ ਕਰਨਾ ਪਿਆ ਹੈ।

'ਪੰਜਾਬ ਟਾਈਮਜ਼' ਵਲੋਂ ਇਹ ਇੰਟਰਵਿਊ ਉਨ੍ਹਾਂ ਨਾਲ ਆਪਣੇ ਪ੍ਰਕਾਸ਼ਨ ਦੇ ਸ਼ੁਰੂਆਤੀ ਦੌਰ ਵਿਚ ਕੀਤੀ ਗਈ ਸੀ ਪਰ ਕਿਸੇ ਵਜ੍ਹਾ ਕਾਰਨ ਅਸੀਂ ਇਹ ਇੰਟਰਵਿਊ ਛਾਪ ਨਹੀਂ ਸਾਂ ਸਕੇ। ਹੁਣ ਅਸੀਂ ਇਹ ਇੰਟਰਵਿਊ ਛਾਪਣ ਦੀ ਖੁਸ਼ੀ ਲੈ ਰਹੇ ਹਾਂ ਜਿਸ ਨਾਲ ਸਾਡੇ ਪਾਠਕ ਸਿੱਖ ਮੱਤ ਬਾਰੇ ਵਿਚਾਰਾਂ ਦੀ ਇਕ ਵੱਖਰੀ ਧਾਰਾ ਨੂੰ ਸਮਝਣ ਦੇ ਸਮਰੱਥ ਹੋ ਸਕਦੇ ਹਨ। -ਸੰਪਾਦਕ



ਸੰਤ ਹਰਚੰਦ ਸਿੰਘ ਜੀ ਲੌਂਗੋਵਾਲ

**ਸਵਾਲ:**ਕੰਮਾਂ ਦੇ ਰੁਝੇਵਿਆਂ ਦੇ ਬਾਵਜੂਦ ਤੁਹਾਨੂੰ ਸਿੱਖ ਧਰਮ ਦਰਸ਼ਨ ਦਾ ਗਹਿਨ ਅਧਿਐਨ ਕਰਨ ਦੀ ਲਗਨ ਕਿਵੇਂ ਲੱਗੀ ਅਤੇ ਉਸਦਾ ਪਿਛੋਕੜ ਕੀ ਸੀ?

**ਜਵਾਬ:**ਵੇਖੋ ਪਹਿਲੀ ਗੱਲ ਸਿੱਖਾਂ ਦੇ ਘਰ ਜਨਮ ਲੈਣ ਵਾਲੇ ਕਿਸੇ ਵੀ ਵਿਅਕਤੀ ਦੇ ਮਨ ਵਿਚ ਮੇਰੀ ਜਾਚੇ ਗੁਰੂ ਸਾਹਿਬਾਨ ਦੀ ਬਾਣੀ ਤੇ ਸੰਦੇਸ਼ ਨੂੰ ਜਾਨਣ ਦੀ ਰੁਚੀ ਤਾਂ ਸਹਿਜ ਰੂਪ ਵਿਚ ਹੀ ਹੋਣੀ ਚਾਹੀਦੀ ਹੈ। ਮੈਨੂੰ ਵੀ ਸੀ। ਪ੍ਰੰਤੂ ਅਸੀਂ ਜਦੋਂ ਕਾਲਜ ਵਿਚ ਪੜ੍ਹ ਰਹੇ ਸਾਂ ਤਾਂ ਸੁਤੰਤਰਤਾ ਪ੍ਰਾਪਤੀ ਦੇ ਆਸ-ਪਾਸ ਦੇ ਵਰ੍ਹਿਆਂ ਵਿਚ ਸਮਾਜਵਾਦੀ ਜਾਂ ਕਹੋ ਕਿ ਮਾਰਕਸੀ ਵਿਚਾਰਧਾਰਾ ਦਾ ਵੀ ਕਾਫੀ ਅਸਰ ਹਵਾ ਵਿਚ ਸੀ।

## ਐਸ. ਐਸ. ਧਨੋਆ* ਨਾਲ ਇਕ ਮੁਲਾਕਾਤ

ਸ਼ੁਰੂ ਸ਼ੁਰੂ ਵਿਚ ਮੈਂ ਵੀ ਇਸ ਵਿਚਾਰਧਾਰਾ ਤੋਂ ਪ੍ਰਭਾਵਿਤ ਰਿਹਾ ਪ੍ਰੰਤੂ ਧਾਰਮਿਕ ਲਗਨ ਕਿਉਂਕਿ ਜ਼ਿਆਦਾ ਗਹਿਰੀ ਸੀ, ਇਸ ਲਈ ਉਹ ਵਿਚਾਰਧਾਰਾ ਮੇਰੀ ਕਲਪਨਾ ਜਾਂ ਸੋਚ ਨੂੰ ਆਪਣੀ ਜਕੜ ਵਿਚ ਨਾ ਲੈ ਸਕੀ। ਹਾਂ ਏਨਾ ਜ਼ਰੂਰ ਹੋਇਆ ਕਿ ਮੈਂ ਗੁਰੂ ਸਾਹਿਬ ਦੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਅਤੇ ਖਾਲਸਾ ਪੰਥ ਜਾਂ ਸਮਾਜ ਵਿਚ ਕਿਸੇ ਵੀ ਭਲੇ ਬਾਰੇ ਗੁਰਸਿੱਖ ਦੀ ਭੂਮਿਕਾ ਕੀ ਹੋਵੇ, ਆਦਿ ਸਵਾਲਾਂ ਬਾਰੇ ਹੋਰ ਵੀ ਵਧੇਰੇ ਸੰਜੀਦਗੀ ਨਾਲ ਸੋਚਣਾ ਸ਼ੁਰੂ ਕਰ ਦਿਤਾ। ਇਸ ਕਿਸਮ ਦੀ ਸੋਚ ਵਿਚਾਰ ਅਜੇ ਵੀ ਜਾਰੀ ਹੈ।

**ਸਵਾਲ:**ਆਪਣੀ ਸੋਚ ਤਹਿਤ ਤੁਸੀਂ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਦੇ ਸਿੱਖ ਰਾਜਨੀਤਕ ਪ੍ਰਵਚਨ ਜਾਂ ਬਹਿਸ-ਮੁਬਾਹਸੇ 'ਚ ਪਹਿਲੀ ਵਾਰੀ ਨਿੱਠ ਕੇ ਅਮਲੀ ਰੂਪ ਵਿਚ ਹਿੱਸਾ ਕਦੋਂ ਲਿਆ?

**ਜਵਾਬ:**ਮੈਂ ਸਾਰੀ ਜ਼ਿੰਦਗੀ ਆਪਣੇ ਵਿੱਤ ਅਤੇ ਸਮਝ ਅਨੁਸਾਰ ਸਿੱਖ ਧਾਰਮਿਕ ਗ੍ਰੰਥਾਂ ਅਤੇ ਸਿੱਖ ਇਤਿਹਾਸ ਨੂੰ ਪੜ੍ਹਦਾ-ਸੁਣਦਾ ਰਿਹਾ ਹਾਂ। ਮੇਰੀ ਲਗਾਤਾਰ ਇਹ ਸਮਝ ਬਣਦੀ ਰਹੀ ਹੈ ਕਿ ਹੋਰ ਸਭ ਧਰਮਾਂ ਵਾਂਗ ਹੀ ਸਿੱਖ ਧਰਮ ਨੂੰ ਵੀ ਗੁਰੂ ਨਾਨਕ ਦੇਵ ਨੇ ਕਿਸੇ ਵੱਡੇ ਦੈਵੀ ਆਸ਼ੇ ਤਹਿਤ ਹੀ ਚਲਾਇਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਪੱਧਰ 'ਤੇ ਉਨ੍ਹਾਂ ਹੀ ਆਸ਼ਿਆਂ ਦੀ ਪੂਰਤੀ ਵਾਸਤੇ ਸਾਲ 1699 'ਚ ਆ ਕੇ ਖਾਲਸਾ ਪੰਥ ਨੂੰ ਸੰਗਠਤ ਰੂਪ ਦੇ ਦਿਤਾ ਸੀ। ਮੇਰੀ ਨਿਗੂਣੀ ਜਿਹੀ ਸਮਝ ਅਨੁਸਾਰ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਜਾਂ ਸਿੱਖੀ ਨੂੰ ਜਿਸ ਰੂਪ ਵਿਚ ਚਿਤਵਿਆ ਸੀ, ਉਥੇ ਕਿਸੇ ਕਿਸਮ ਦੀ ਤਾਕਤ ਜਾਂ ਧੌਂਸ ਨੂੰ ਕਿਧਰੇ ਵੀ ਥਾਂ ਪ੍ਰਾਪਤ ਨਹੀਂ ਸੀ। ਗੁਰੂ ਦੇ ਸਿੱਖਾਂ ਲਈ ਮੂਲ ਪ੍ਰੇਰਣਾ ਇਹ ਮਿੱਥੀ ਗਈ ਸੀ ਕਿ ਉਨ੍ਹਾਂ ਨੇ ਰੱਬ ਸੱਚੇ ਦਾ ਨਾਮ ਜਪਣਾ ਹੈ ਉਸ ਨੂੰ ਸਵਾਸ ਸਵਾਸ ਯਾਦ ਰੱਖਣਾ ਹੈ, ਕਿਰਤ ਕਰਨੀ ਹੈ ਅਤੇ ਵੰਡ ਕੇ ਛਕਣਾ ਹੈ, ਸਿੱਖ ਨੇ ਨਾ ਕਿਸੇ ਤੋਂ ਡਰਨਾ ਹੈ ਅਤੇ ਨਾ ਹੀ ਕਿਸੇ ਨਾਲ ਵੀ ਮਹਿਜ਼ ਜਾਤੀ, ਧਾਰਮਿਕ ਜਾਂ ਕਿਸੇ ਹੋਰ ਵਖਰੇਵੇਂ ਤਹਿਤ ਵੈਰ ਭਾਵਨਾ ਹੀ ਰਖਣੀ ਹੈ। ਸਿੱਖ ਨੇ ਕਿਸੇ ਉਪਰ ਵੀ ਹੋਣ ਵਾਲੇ ਜ਼ੁਲਮ ਤਸ਼ੱਦਦ ਵਿਰੁਧ ਆਵਾਜ਼ ਉਠਾਉਣੀ ਹੈ ਅਤੇ ਹੱਕ ਸੱਚ ਖ਼ਾਤਰ ਖੜੇ ਹੋਣਾ ਹੈ। ਇਹ ਗੁਰਬਾਣੀ ਦੀਆਂ ਉਹ ਮੂਲ ਕਦਰਾਂ ਹਨ ਜਿਨ੍ਹਾਂ 'ਤੇ ਅਮਲ ਕਰਦਿਆਂ ਉਸ ਨੇ ਆਮ ਲੋਕਾਈ ਦੇ ਸਾਹਮਣੇ ਇਕ ਮਿਸਾਲ ਪ੍ਰਸਤੁਤ ਕਰਨੀ ਹੈ ਅਤੇ ਇਹ ਲੋਕ ਹਨ ਜਿਨ੍ਹਾਂ ਨੇ ਖਾਲਸੇ ਦੇ ਅਮਲਾਂ ਨੂੰ ਵੇਖਦਿਆਂ ਖੁਦ ਉਸ ਨੂੰ ਆਗੂ ਦੇ ਰੂਪ ਵਿਚ ਸਵੀਕਾਰ ਕਰਨਾ ਹੈ। ਅਜਿਹਾ ਕਰਦਿਆਂ ਰਾਜਨੀਤਕ ਤਾਕਤ ਆ ਜਾਵੇ ਤਦ ਠੀਕ ਹੈ ਅਤੇ ਨਹੀਂ ਆਉਂਦੀ ਤਦ ਕੋਈ ਹਰਜ ਨਹੀਂ।

ਫਿਰ ਗੁਰੂ ਕਾਲ ਤੋਂ ਤੁਰੰਤ ਬਾਅਦ ਦੇ ਸਿੱਖ ਇਤਿਹਾਸ ਬਾਰੇ ਵੀ ਮੇਰੀ ਪੜ੍ਹਤ ਇਹ ਹੈ ਕਿ ਪੰਜਾਬ ਦੇ ਦਬੇ-ਕੁਚਲੇ, ਗਰੀਬ ਲੋਕ, ਬਾਬਾ ਬੰਦਾ ਸਿੰਘ ਬਹਾਦਰ ਨੂੰ ਆਗੂ ਮੰਨਦੇ ਹਨ, ਉਦੋਂ ਤਕ ਉਸ ਦਾ ਪੂਰੀ ਤਰ੍ਹਾਂ ਸਾਥ ਦਿੰਦੇ ਹਨ, ਜਦੋਂ ਤੱਕ ਉਹ ਮਹਾਨ ਗੁਰੂ ਸਾਹਿਬਾਨ ਵਲੋਂ ਦਰਸਾਈਆਂ ਕਦਰਾਂ ਦੀ ਰੋਸ਼ਨੀ ਵਿਚ ਖੰਡਾ ਖੜਕਾਉਂਦਾ ਹੈ, ਪਰ ਉਸ ਵਕਤ ਉਸ ਨੂੰ ਹੁੰਗਾਰਾ ਅਤੇ ਸਹਿਯੋਗ ਮਿਲਣਾ ਬੰਦ ਹੋ ਜਾਂਦਾ ਹੈ ਜਦੋਂ ਉਹ ਸਿੱਖਾਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਮਹਾਨ ਕਦਰਾਂ ਦੇ ਉਲਟ ਜਾਂਦਾ ਨਜ਼ਰ ਆਉਣ ਲੱਗ ਜਾਂਦਾ ਹੈ। ਬਾਬੇ ਬੰਦੇ ਤੋਂ ਬਾਅਦ ਲੋਕ ਮੁੜ ਖਾਲਸਾ ਪੰਥ ਦਾ ਆਗੂ ਰੋਲ ਸਵੀਕਾਰ ਕਰਨ ਲਗਦੇ ਹਨ, ਜਦੋਂ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਖਾਲਸਾ ਪੰਥ ਉਨ੍ਹਾਂ ਨੂੰ ਮੁੜ ਗੁਰਬਾਣੀ ਦੀਆਂ ਮੂਲ ਮਾਨਵਵਾਦੀ ਕਦਰਾਂ ਲਈ ਤੇਗ ਚੁਕਦਾ ਨਜ਼ਰ ਆਉਂਦਾ ਹੈ। ਗੱਲ ਨੂੰ ਸਪਸ਼ਟ ਕਰਨ ਲਈ ਜੇਕਰ ਮੈਂ ਆਧੁਨਿਕ ਪੱਛਮੀ ਰਾਜਨੀਤਕ ਪ੍ਰਵਚਨ 'ਚੋਂ ਇਤਾਲਵੀ ਮਾਰਕਸਵਾਦੀ ਮਾਨਵਵਾਦੀ ਚਿੰਤਕ ਅਨਤੋਨੀਓ ਗਰਾਮਸ਼ੀ ਦੇ ਸ਼ਬਦਾਂ ਵਿਚ ਕਹਾਂ ਤਾਂ ਇਹ ਉਹ ਦੌਰ ਹੈ, ਜਿਸ ਵਿਚ ਚਿੰਤਨ ਅਤੇ ਕਰਮ ਦੇ ਸੰਜੋਗ ਦੇ ਪੱਧਰ 'ਤੇ ਖਾਲਸਾ ਪੰਥ ਮੈਨੂੰ ਹੋਰਨਾਂ ਸਭ ਸਮਕਾਲੀ ਸੰਗਠਨਾਂ ਅਤੇ ਸੰਸਥਾਵਾਂ ਦੇ ਮੁਕਾਬਲੇ ਤੇ ਆਪਣੀ ਸਪਸ਼ਟ ਸ੍ਰੇਸ਼ਠਤਾ ਕਰਦਾ ਨਜ਼ਰ ਆਉਂਦਾ ਹੈ। ਖਾਲਸਾ ਪੰਥ ਦੀ ਹਰ ਮੈਦਾਨ ਫਤਿਹ ਹੁੰਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਵਕਤ ਖਾਲਸਾ ਪੰਥ ਦਾ ਡੰਕਾ ਜਮਰੌਦ ਅਤੇ ਦੱਰਾ ਖੈਬਰ ਦੇ ਪਹਾੜਾਂ ਵਲ ਜਾਂਦਾ ਹੈ ਪ੍ਰੰਤੂ ਇਸੇ ਦੌਰ ਵਿਚ ਮੁੜ ਕਿਧਰੇ ਸੂਖਮ ਅਤੇ ਕਿਧਰੇ ਸਪਸ਼ਟ ਰੂਪ ਚਿੰਤਨ ਅਤੇ ਕਰਮ ਦੇ ਪੱਧਰ 'ਤੇ ਵਿਗਾੜ ਸਾਹਮਣੇ ਆਉਣ ਲਗਦੇ ਹਨ। ਗੁਰਬਾਣੀ ਦੀਆਂ ਕਦਰਾਂ ਪਿੱਛੇ ਜਾਣ ਲਗਦੀਆਂ ਹਨ। ਖਾਲਸਾ ਪੰਥ ਭਟਕਣ ਲਗਦਾ ਹੈ ਅਤੇ ਵਿੰਹਦਿਆਂ ਹੀ ਵਿੰਹਦਿਆਂ ਬਰਬਾਦੀ ਹੋ ਜਾਂਦੀ ਹੈ।

**ਸਵਾਲ:**ਕੀ ਇਸ ਬਰਬਾਦੀ ਦੇ ਕਾਰਨ ਅੰਗਰੇਜ਼ਾਂ ਦੀਆਂ ਸਾਜ਼ਿਸ਼ਾਂ ਜਾਂ ਡੋਗਰਿਆਂ ਦੀਆਂ ਚਾਲਾਂ ਨਹੀਂ ਸਨ?

**ਜਵਾਬ:**ਵੇਖੋ! ਇਹ ਸਮਝ ਬਹੁਤ ਜ਼ਿਆਦਾ ਪੁੱਠੀ ਹੈ। ਸਾਡੇ ਰਾਗੀਆਂ ਢਾਡੀਆਂ ਨੇ ਸਾਨੂੰ ਅਜਿਹੀਆਂ ਪੁੱਠੀਆਂ ਪੱਟੀਆਂ ਪੜ੍ਹਾ-ਪੜ੍ਹਾ ਕੇ ਸਾਡੀਆਂ ਕਈ ਪੀੜ੍ਹੀਆਂ ਨੂੰ ਗੁੰਮਰਾਹ ਕਰੀ ਰਖਿਆ ਹੈ। ਡੋਗਰਿਆਂ ਵਾਲਾ ਕਾਰਨ ਸਭ ਦੂਸਰੇ ਜਾਂ ਤੀਸਰੇ ਦਰਜੇ ਦੇ ਕਾਰਨ ਸਨ। ਸਾਡੀ ਬਰਬਾਦੀ ਦਾ ਮੁਢਲਾ ਕਾਰਨ ਸਾਨੂੰ ਸਪਸ਼ਟ ਰੂਪ ਵਿਚ ਤੁਰੰਤ ਸਵੀਕਾਰ ਕਰਨਾ ਚਾਹੀਦਾ ਹੈ ਕਿ ਮਹਾਰਾਜੇ ਦੇ ਸਮੇਂ ਵਿਚ ਹੀ ਹੱਕ-ਸੱਚ ਦੀ ਰਾਖੀ ਦੀਆਂ ਕਦਰਾਂ ਪਿਛੇ ਜਾ ਚੁਕੀਆਂ ਸਨ। ਰਾਜਸੀ ਤਾਕਤ ਬਰਕਰਾਰ ਰੱਖਣ ਅਤੇ ਇਸਨੂੰ ਵਧਾਉਣ ਲਈ ਕੀਤੇ ਜਾਣ ਵਾਲੇ ਰਾਜਨੀਤਕ ਜੋੜ-ਤੋੜ ਪਹਿਲ ਹਾਸਲ ਕਰ ਚੁਕੇ ਸਨ ਤੇ ਜਦੋਂ ਕਦਰਾਂ ਹੀ ਬਦਲ ਗਈਆਂ ਹੋਣ ਤਾਂ ਫੇਰ ਤੂੰ ਕੌਣ ਤੇ ਮੈਂ ਕੌਣ। ਮਹਾਰਾਜੇ ਦੇ ਅੱਖਾਂ ਮੀਟਦੇ ਸਾਰ ਹੀ ਖਾਲਸਾ ਰਾਜ ਵਿਚ ਜੋ ਛਿੰਜ ਪੈਣੀ ਸ਼ੁਰੂ ਹੋਈ ਸੀ, ਉਸ ਦੇ ਨਤੀਜੇ ਆਪਾਂ ਸਾਰਿਆਂ ਨੂੰ ਪਤਾ ਹੀ ਹਨ।

**ਸਵਾਲ:**ਮਹਾਰਾਜਾ ਕਾਲ ਅਤੇ ਪਿਛੋਂ ਸਿੱਖ ਸਮਾਜ ਜਾਂ ਖਾਲਸਾ ਪੰਥ ਵਿਚ ਜਾਗ੍ਰਿਤੀ ਕਿਵੇਂ ਸ਼ੁਰੂ ਹੋਈ। ਇਸ ਜਾਗ੍ਰਿਤੀ ਦੀ ਪ੍ਰੇਰਨਾ ਦਾ ਆਧਾਰ ਕੀ ਸੀ?

**ਜਵਾਬ:**ਵੇਖੋ! ਵਿਚਾਰ ਕੋਈ ਮਰਦਾ ਨਹੀਂ ਹੁੰਦਾ। ਬਕੌਲ ਪ੍ਰੋ. ਹਰਿੰਦਰ ਸਿੰਘ ਮਹਿਬੂਬ ਕਿਸੇ ਵੀ ਵਿਚਾਰ ਦੀ ਪਹਿਲ-ਤਾਜ਼ਗੀ ਉਪਰ ਸਮੇਂ ਦੀ ਚਾਲ ਨਾਲ ਗਰਦੋ-ਗੁਬਾਰ ਜ਼ਰੂਰ ਚੜ੍ਹ ਸਕਦਾ ਹੈ, ਪ੍ਰੰਤੂ ਕੁਝ ਗੁਰਮੁਖ ਕਿਸਮ ਦੇ ਲੋਕ ਰਹਿੰਦੇ ਹੀ ਹਨ ਜੋ ਕਾਲੇ-ਬੋਲੇ ਸਮਿਆਂ ਵਿਚ ਵੀ ਸ਼ਬਦ ਦੀ, ਸੋਚ ਦੀ ਚੰਗਿਆੜੀ ਨੂੰ ਮਘਾਈ ਰਖਦੇ ਹਨ ਅਤੇ ਵਕਤ ਆਉਂਦਿਆਂ ਹੀ ਉਹ ਵਿਚਾਰਧਾਰਾ ਦੀ ਪਹਿਲ-ਤਾਜ਼ਗੀ ਨੂੰ ਮੁੜ ਸਥਾਪਤ ਕਰਨ ਲਈ ਇਤਿਹਾਸ ਦੀ ਸਟੇਜ 'ਤੇ ਆ ਧਮਕਦੇ ਹਨ। ਸਾਡੇ ਸਮਿਆਂ ਵਿਚ ਅਨਤੋਨੀਓ ਗਰਾਮਸ਼ੀ ਨੇ ਬੁੱਧੀਜੀਵੀਆਂ ਦਾ ਰੋਲ ਸ਼ਾਇਦ ਕੁਝ ਇਸੇ ਤਰ੍ਹਾਂ ਹੀ ਚਿਤਵਿਆ ਹੋਇਆ ਹੈ। ਸੋ ਇਹ ਸੀ ਉਹ ਭੂਮਿਕਾ ਜੋ ਸਾਡੇ ਸਿੱਖ ਸਮਾਜ ਵਿਚ ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਨਿਭਾਈ ਸੀ। ਸਿੱਖ ਸਮਾਜ ਵਿਚ ਮਹਾਨ ਪੁਨਰ-ਜਾਗ੍ਰਿਤੀ ਦਾ ਦੌਰ ਸ਼ੁਰੂ ਹੋਇਆ ਅਤੇ ਪੁਨਰ-ਉਥਾਨ ਦਾ ਮੰਤਵੀ ਸਿੱਟਾ ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿਚ ਸਾਹਮਣੇ ਆਇਆ। ਖਾਲਸਾ ਪੰਥ ਨੇ ਹੱਕ-ਸੱਚ, ਇਨਸਾਫ ਲਈ ਵਕਤ ਦੇ ਤਕਾਜ਼ਿਆਂ ਨੂੰ ਧਿਆਨ ਵਿਚ ਰੱਖਦਿਆਂ ਅਤੇ ਗੁਰਬਾਣੀ ਦੀਆਂ ਕਦਰਾਂ ਅਤੇ ਆਸ਼ਿਆਂ ਦੇ ਅਨੁਸਾਰ ਅਜਿਹਾ ਸ਼ਾਂਤਮਈ ਸੰਗਰਾਮ ਕੀਤਾ ਸੀ ਕਿ ਸਮੁੱਚਾ ਭਾਰਤ ਤਾਂ ਕੀ ਸਾਰੀ ਦੁਨੀਆਂ ਕੇਰਾਂ ਮੂੰਹ ਵਿਚ ਉਂਗਲਾਂ ਪਾ ਉਠੀ ਸੀ। 18ਵੀਂ ਸਦੀ ਤੋਂ ਬਾਅਦ ਇਕ ਵਾਰ ਮੁੜ ਸਾਰੇ ਦੇਸ਼ ਨੇ ਖਾਲਸਾ ਪੰਥ ਦਾ ਆਗੂ ਰੋਲ ਸਵੀਕਾਰ ਕਰਨਾ ਸ਼ੁਰੂ ਕਰ ਦਿੱਤਾ ਸੀ।

**ਸਵਾਲ:**ਜੇਕਰ ਸੱਚ-ਮੁੱਚ ਹੀ ਸਥਿਤੀ ਇਹ ਬਣ ਗਈ ਸੀ ਤਾਂ ਗੁਰਦੁਆਰਾ ਲਹਿਰ ਤੋਂ ਬਾਅਦ ਦੇ ਵਰ੍ਹਿਆਂ ਵਿਚ ਗੜਬੜ ਦੁਬਾਰਾ ਕਿਥੋਂ ਅਤੇ ਕਿਵੇਂ ਸ਼ੁਰੂ ਹੋ ਗਈ?

**ਜਵਾਬ:**ਮੇਰਾ ਨੁਕਤਾ ਉਹ ਹੀ ਹੈ ਅਤੇ ਉਹੋ ਹੀ ਮੇਰੀ ਪੱਕੀ ਆਸਥਾ ਵੀ ਹੈ। ਖਾਲਸਾ ਪੰਥ ਦੀ ਚੜ੍ਹਦੀ ਕਲਾ ਜਦੋਂ ਵੀ ਹੋਈ, ਉਹ ਗੁਰਬਾਣੀ ਦੀਆਂ ਮੂਲ ਕੀਮਤਾਂ 'ਤੇ ਚਲਦਿਆਂ ਹੀ ਹੋਈ ਹੈ ਪਰ ਮੈਨੂੰ ਦੁੱਖ ਇਸ ਗੱਲ ਦਾ ਹੈ ਕਿ ਗੁਰਦੁਆਰਾ ਲਹਿਰ ਤੋਂ ਬਾਅਦ ਦੇ ਵਰ੍ਹਿਆਂ ਵਿਚ ਖਾਲਸਾ ਪੰਥ ਦੇ ਆਗੂ ਉਨ੍ਹਾਂ ਸਮਿਆਂ ਵਿਚ ਕੌਮੀ ਪੱਧਰ 'ਤੇ ਚਲ ਰਹੇ ਰਾਜਨੀਤਕ-ਸਮਾਜਕ ਪ੍ਰਵਚਨ ਦੇ ਚੌਖਟੇ ਦੀ ਕੈਦ ਅੱਗੇ ਹਥਿਆਰ ਸੁੱਟ ਬੈਠੇ ਅਤੇ ਉਨ੍ਹਾਂ ਨੇ ਆਪਣੀ ਕੌਮ ਦੀ, ਭਵਿੱਖ ਦੀ ਹੋਣੀ ਲਈ ਗੁਰੂ ਵਰੋਸਾਈਆਂ ਕੀਮਤਾਂ ਤੋਂ ਰਹਿਨੁਮਾਈ ਲੈਣੀ ਛੱਡ ਕੇ ਆਪਣੇ ਸਰੋਕਾਰ ਪ੍ਰਚਲਤ ਦੁਨਿਆਵੀ ਚਲਣ ਅਨੁਸਾਰ ਮਿੱਥ ਕੇ ਗਲਤ ਲੜਾਈ ਲੜਨੀ ਸ਼ੁਰੂ ਕਰ ਦਿਤੀ। ਖਾਲਸਾ ਵਿਦੇਸ਼ੀ ਹਾਕਮਾਂ ਵਲੋਂ ਪਾੜੋ ਤੇ ਰਾਜ ਕਰੋ ਦੀ ਨੀਤੀ ਅਨੁਸਾਰ ਉਨ੍ਹਾਂ ਵਲੋਂ ਨਿਰਧਾਰਤ ਕੀਤੇ ਜਾ ਰਹੇ ਰਾਜਨੀਤਕ ਚਲਣ ਦੀ ਫੇਟ ਵਿਚ ਆ ਗਿਆ। ਸੱਚ ਮੰਨਿਉ, ਮੇਰੀ ਹੈਰਾਨੀ ਦੀ ਉਸ ਵਕਤ ਕੋਈ ਹੱਦ ਨਾ ਰਹੀ ਜਦੋਂ ਪੂਰਨ ਸਿੰਘ ਵਰਗਾ ਮਹਾਨ ਚਿੰਤਕ, ਜਿਸ ਨੂੰ ਮੂਲ ਸਿੱਖ ਕਦਰਾਂ ਦੀ ਬਿਨਾ 'ਤੇ ਵਾਲਟ ਵਿਟਮੇਨ ਵਰਗਾ ਅਮਰੀਕਨ ਕਵੀ ਵੀ ਗੁਰੂ ਦਾ ਮਹਾਨ ਸਿੱਖ ਹੀ ਨਜ਼ਰੀਂ ਆਉਂਦਾ ਸੀ, ਪ੍ਰਚਲਤ ਰਾਜਨੀਤਕ ਪ੍ਰਵਚਨ ਤਹਿਤ ਜਦੋਂ ਸਿੱਖ ਹੱਕਾਂ ਨੂੰ ਸੁਰੱਖਿਅਤ ਕਰਨ ਲਈ ਸੇਂਟ ਸਾਈਮਨ ਦੇ ਨਾਮ ਖੁੱਲ੍ਹਾ ਪੱਤਰ ਲਿਖਦਾ ਹੈ ਤਾਂ ਸਿੱਖ ਭਾਈਚਾਰੇ ਲਈ ਵਧ ਸੀਟਾਂ ਦੀ ਵਕਾਲਤ ਕਰਦਿਆਂ ਸਾਰੇ ਉਹੋ ਹੀ ਦਾਅਵੇ ਪ੍ਰਸਤੁਤ ਕਰ ਦੇਂਦਾ ਹੈ, ਜੋ ਕਿ ਨਾ ਕੇਵਲ ਗੁਰਬਾਣੀ ਦੀਆਂ ਕਦਰਾਂ ਦੇ ਅਨੁਸਾਰੀ ਹੀ ਨਹੀਂ ਸਨ ਸਗੋਂ ਉੱਕਾ ਹੀ ਵਿਪਰੀਤ ਸਨ। ਬੱਸ ਮੇਰੀ ਜਾਚੇ ਉਨ੍ਹਾਂ ਵਕਤਾਂ ਦੇ ਰਾਜਨੀਤਕ ਪ੍ਰਵਚਨ ਦਾ ਚੌਖਟਾ ਗੋਰਿਆਂ ਵਲੋਂ ਜਾਣੇ-ਅਣਜਾਣੇ ਮਿੱਥ ਦਿਤਾ ਗਿਆ। ਇਹੀ ਚੋਖਟਾ ਹੈ ਜਿਸ ਵਿਚ ਖਾਲਸਾ ਪੰਥ ਰੂਪੀ ਬੱਬਰ ਸ਼ੇਰ ਗ੍ਰਿਫਤਾਰ ਹੋ ਜਾਂਦਾ ਹੈ। ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਤਾਂ ਸਿੱਖ ਰਾਜਨੀਤੀ ਇਸ ਚੌਖਟੇ ਤੋਂ ਸੁਰਖ਼ਰੂ ਹੋਣੀ ਚਾਹੀਦੀ ਸੀ। ਪ੍ਰੰਤੂ ਗੁਰਬਾਣੀ ਦੀਆਂ ਮੂਲ ਕੀਮਤਾਂ ਵਲ ਪਰਤਣਾ ਤਾਂ ਕੀ ਸੀ ਸੰਨ 1947 ਤੋਂ ਪਹਿਲਾਂ ਵਾਲੇ ਉਸੇ ਵਿਨਾਸ਼ਕਾਰੀ ਰਾਜਨੀਤਕ ਪ੍ਰਵਚਨ ਦਾ ਸ਼ਿਕਾਰ ਅਸੀਂ ਹੋਰ ਵੀ ਕਿਤੇ ਵਧ ਹੁੰਦੇ ਚਲੇ ਜਾਂਦੇ ਹਾਂ। ਖਾਹਮਖਾਹ ਪੰਥ ਨੂੰ ਖਤਰਾ, ਪੰਥ ਨੂੰ ਖਤਰਾ ਦੀ ਦੁਹਾਈ ਤੇਜ਼ ਹੁੰਦੀ ਜਾਂਦੀ ਹੈ। ਅਸੀਂ ਮੰਨੀਏ ਜਾਂ ਨਾ ਮੰਨੀਏ, ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬੀ ਸੂਬੇ ਦਾ ਮੋਰਚਾ ਅਸੀਂ ਬਿਲਕੁਲ ਹੀ ਗਲਤ ਪੈਂਤੜੇ 'ਤੇ ਲੜਿਆ। ਅਸੀਂ ਪੰਜਾਬ ਦੇ ਹਿੰਦੂ ਭਾਈਚਾਰੇ ਨੂੰ ਕਰੋੜ ਤਾਅਨੇ ਮਾਰੀ ਜਾਈਏ-ਪ੍ਰੰਤੂ ਢਿਡੋਂ ਹਰੇਕ ਦਿਆਨਤਦਾਰ ਸਿੱਖ ਨੂੰ ਪਤਾ ਹੈ ਕਿ ਪੈਂਤੜਾ ਅਤੇ ਤਰੀਕਾ ਮੁੱਢ ਤੋਂ ਹੀ ਸਾਡਾ ਆਪਣਾ ਵੀ ਸਹੀ ਨਹੀਂ ਸੀ। ਸਾਡੇ ਪੰਥਕ ਆਗੂ ਅੰਦਰੋਂ ਸਿੱਖ ਬਹੁਗਿਣਤੀ ਵਾਲਾ ਸੂਬਾ ਚਾਹੁੰਦੇ ਸਨ, ਉਹ ਬਣ ਗਿਆ ਫਿਰ ਸਾਡੀ ਸਭ ਤੋਂ ਮਾੜੀ ਗੱਲ ਸੀ ਅਕਾਲ ਤਖਤ ਸਾਹਿਬ ਤੋਂ ਮਰਨ ਵਰਤ ਰਖੇ ਰਖਵਾਏ ਜਾਣ ਦੀ। ਮੈਨੂੰ ਇਹ ਸਾਰਾ ਕੁਝ ਬੇਹੱਦ ਅਫਸੋਸਨਾਕ ਲਗਦਾ ਹੈ। ਸਾਲ 1966 ਦੇ ਉਸ ਵਰ੍ਹੇ ਮੈਂ ਆਪਣੇ ਜਜ਼ਬਾਤ ਨੂੰ ਲਿਖਤੀ ਰੂਪ ਦੇਣ ਲਈ ਮਜਬੂਰ ਹੋਇਆ ਸਾਂ। ਗੁਰੂ ਗੋਬਿੰਦ ਸਿੰਘ ਜੀ ਦੀ ਤੀਸਰੀ ਜਨਮ ਸ਼ਤਾਬਦੀ 'ਤੇ ਮੈਂ ਆਪਣੇ ਪਿਆਰੇ ਭਾਈਚਾਰੇ ਦੇ ਨਾਂ ਖੁੱਲ੍ਹਾ ਸੰਦੇਸ਼ ਜਾਰੀ ਕਰਦਿਆਂ ਮਜਮੂਨ ਲਿਖਿਆ ਸੀ ਅਤੇ ਕਿਹਾ ਸੀ ਕਿ ਇਹ ਗੱਲ ਗੁਰੂ ਸਾਹਿਬਾਨ ਦੇ ਮੁਢਲੇ ਸਿਧਾਂਤ ਦੇ ਵਿਪਰੀਤ ਹੈ ਕਿ ਕਿਸੇ ਇਕ ਸਮਾਜੀ ਵਰਗ ਨੂੰ ਤਾਂ ਕੀ ਕਿਸੇ ਵਿਅਕਤੀ ਨੂੰ ਵੈਰ ਭਾਵਨਾ ਦੀਆਂ ਨਿਗਾਹਾਂ ਨਾਲ ਵੇਖਿਆ ਜਾਵੇ। ਕਿਸੇ ਵੀ ਰਾਜ ਵਲੋਂ ਪ੍ਰਦਾਨ ਕੀਤੇ ਗਏ ਤਰਜੀਹੀ ਸਲੂਕ ਅਤੇ ਦਰਜੇ ਨੂੰ ਮੰਨਣਾ ਜਾਂ ਸਵੀਕਾਰ ਕਰਨਾ ਸਿੱਖੀ ਵਿਚ ਮੁਰਦਾਰ ਖਾਣ ਦੇ ਬਰਾਬਰ ਹੈ। ਇਕ ਸਿੱਖ ਆਪਣੀ ਫਤਿਹ ਦਾ ਫਲ ਹੀ ਮਾਣ ਸਕਦਾ ਹੈ ਤੇ ਯੋਗ ਪ੍ਰਾਪਤੀ ਦਾ ਰਾਜ ਵੀ ਚੱਖ ਸਕਦਾ ਹੈ। ਸਿੱਖ ਕਿਸੇ ਦੇ ਵੀ ਡਰ ਹੇਠਾਂ ਨਹੀਂ ਰਹਿ ਸਕਦਾ ਅਤੇ ਨਾ ਸੱਚਾਈ ਦਾ ਰਸਤਾ ਹੀ ਤੱਜ ਸਕਦਾ ਹੈ। ਜੇ ਸਿੱਖ ਇਨ੍ਹਾਂ ਕਦਰਾਂ-ਕੀਮਤਾਂ ਨੂੰ ਅੰਗੀਕਾਰ ਕਰੀ ਰਖਦੇ ਤਾਂ ਪੰਜਾਬ ਤੋਂ ਉਠਦੀ ਆਵਾਜ਼ ਭਾਰਤੀ ਆਤਮਾ ਦੀ ਆਵਾਜ਼ ਹੋ ਨਿਬੜਦੀ। ਇਸੇ ਮਜ਼ਮੂਨ ਵਿਚ ਪੰਥ ਨੂੰ ਖਤਰੇ ਵਾਲੇ ਪ੍ਰਵਚਨ ਨੂੰ ਕਟਦਿਆਂ ਮੈਂ ਲਿਖਿਆ ਸੀ ਕਿ ਯਾਰੋ! ਉਹ ਸਿੱਖ ਜਿਨ੍ਹਾਂ ਨੇ ਮੌਤ ਨੂੰ ਹੱਸ ਕੇ ਕਬੂਲਿਆ ਅਤੇ ਜ਼ੁਲਮ ਦੀਆਂ ਹਨੇਰੀਆਂ ਵਿਚ ਵੀ ਆਪਣੀ ਹੋਂਦ ਦਾ ਦੀਵਾ ਬਾਲੀ ਰਖਿਆ, ਉਹ ਇਤਨੇ ਨਿਰਜਿੰਦ ਅਤੇ ਨਿਰਬਲ ਕਿਵੇਂ ਹੋ ਗਏ ਕਿ ਉਹ ਅੱਜ ਦੇ ਖੁਲ੍ਹੇ ਮੁਕਾਬਲੇ ਅੰਦਰ ਚੁਣੌਤੀਆਂ ਤੋਂ ਭੈਭੀਤ ਹੋ ਉਠੇ ਹਨ? ਤੇ ਭੈਭੀਤ ਵੀ ਇਤਨੇ ਕਿ ਉਨ੍ਹਾਂ ਨੂੰ ਆਪਣੀ ਹਸਤੀ ਹੀ ਖ਼ਤਰੇ ਵਿਚ ਪਈ ਮਹਿਸੂਸ ਹੋਣ ਲਗ ਪਈ ਹੋਵੇ। ਮਜਮੂਨ ਦੇ ਅਖੀਰ ਵਿਚ ਪੂਰੀ ਨਿਮਰਤਾ ਨਾਲ ਇਹ ਕਾਮਨਾ ਕੀਤੀ ਗਈ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌ ਸਾਲਾ ਸ਼ਤਾਬਦੀ ਮਨਾਉਣ ਦਾ ਸਹੀ ਤੇ ਉਚਿਤ ਢੰਗ ਇਹ ਹੀ ਹੋਵੇਗਾ ਕਿ ਖਾਲਸਾ ਮੁੜ ਆਪਣੇ ਗੌਰਵ ਨੂੰ, ਆਪਣੀ ਪਰੰਪਰਾ ਨੂੰ ਗ੍ਰਹਿਣ ਕਰੇ ਅਤੇ ਨਵੇਂ ਸਿਰਿਓਂ ਮੁੜ ਗੁਰਬਾਣੀ ਵਿਚ ਨਿਸ਼ਚਿਤ ਕੀਤੀਆਂ ਕਦਰਾਂ-ਕੀਮਤਾਂ ਨੂੰ ਅਪਨਾਇਆ ਜਾਵੇ।

**ਸਵਾਲ:** ਸਿੱਖ ਭਾਈਚਾਰੇ ਦੇ ਪਿਛਲੇ ਵਰ੍ਹਿਆਂ ਦੇ ਦੁਖਾਂਤ ਦਾ ਮੁੱਢ ਕਿੱਥੇ ਬੱਝਾ?

**ਜਵਾਬ:**ਭਾਈ ਸਾਹਿਬ, ਜੋ ਸੇਂਟ ਸਾਈਮਨ ਨੂੰ ਲਿਖੇ ਪੱਤਰ ਵਾਲੀ ਗੱਲ ਮੈਂ ਦੱਸੀ ਹੈ, ਸੋ ਮੁਢ ਤਾਂ ਉਦੋਂ ਦਾ ਹੀ ਬੱਝਾ ਹੋਇਆ ਹੈ। ਫਿਰ ਵੀ ਜੇਕਰ ਪਿਛਲੇ ਵਰ੍ਹਿਆਂ ਦੀ ਗੱਲ ਹੀ

ਕਰਨੀ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਬੱਜਰ ਗਲਤੀ ਸੰਨ 1982 ਵਿਚ ਕੁਝ ਸੰਸਾਰਿਕ ਜਾਂ ਕਹੋ ਕਿ ਵਿਹਾਰਕ ਮੰਗਾਂ ਦੀ ਪੂਰਤੀ ਲਈ ਸ੍ਰੀ ਅਕਾਲ ਤਖਤ ਤੋਂ ਮੋਰਚਾ ਲਗਾ ਕੇ ਅਤੇ ਫਿਰ ਉਸੇ ਮੋਰਚੇ ਨੂੰ ਧਾਰਮਿਕ ਮੋਰਚੇ ਦਾ ਨਾਂ ਦੇ ਕੇ ਕਰ ਦਿਤੀ ਸੀ। ਮੈਂ ਆਪਣੀ ਜ਼ਿੰਦਗੀ ਵਿਚ ਏਨਾ ਉਦਾਸ ਕਦੀ ਵੀ ਨਹੀਂ ਹੋਇਆ, ਜਿਸ ਕਿਸਮ ਦੀ ਉਦਾਸੀ ਮੈਨੂੰ ਉਸ ਸਮੇਂ ਮਹਿਸੂਸ ਹੋਈ ਸੀ।

ਅਕਾਲੀ ਮੋਰਚੇ ਦੇ ਸੰਚਾਲਕ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਮੋਰਚੇ ਬਾਰੇ ਵਿਚਾਰਾਂ ਕਰਨ ਲਈ ਸਿੱਖ ਬੁਧੀਜੀਵੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਪਹੁੰਚਣ ਲਈ ਸੱਦਾ ਦਿਤਾ ਹੋਇਆ ਸੀ, ਮੈਂ ਉਸ ਸਮੇਂ ਹੈਦਰਾਬਾਦ ਵਿਖੇ ਇੰਟਰਨੈਸ਼ਨਲ ਕਾਰਪਸ ਰੀਸਰਚ ਇੰਸਟੀਚਿਊਟ ਵਿਚ ਕੰਮ ਕਰ ਰਿਹਾ ਸਾਂ। ਸ. ਸੁਰਜੀਤ ਸਿੰਘ ਬਰਨਾਲਾ ਦੇ ਕੇਂਦਰੀ ਖੇਤੀ ਮੰਤਰੀ ਹੋਣ ਸਮੇਂ ਮੈਂ ਇਨ੍ਹਾਂ ਨਾਲ ਕੰਮ ਕਰ ਚੁਕਿਆ ਹੋਣ ਕਰਕੇ ਮੇਰੀ ਉਨ੍ਹਾਂ ਨਾਲ ਕਾਫੀ ਵਾਕਫੀਅਤ ਸੀ ਅਤੇ ਮੈਂ 31 ਦਸੰਬਰ 1982 ਨੂੰ ਧਰਮ ਯੁੱਧ ਮੋਰਚੇ ਬਾਰੇ ਗੰਭੀਰ ਖਦਸ਼ੇ ਪ੍ਰਗਟਾਉਂਦਿਆਂ ਉਨ੍ਹਾਂ ਨੂੰ ਲੰਮਾ ਪੱਤਰ ਲਿਖਿਆ ਸੀ, ਜਿਸ ਦੀ ਕਾਪੀ ਮੈਂ ਸੰਤਾਂ ਨੂੰ ਵੀ ਭੇਜੀ ਸੀ। ਮੈਂ ਪੂਰੇ ਜ਼ੋਰ ਨਾਲ ਕਿਹਾ ਸੀ ਕਿ ਗੁਰਬਾਣੀ ਅਤੇ ਸਾਚੀ ਸਿੱਖ ਰਵਾਇਤ ਨੂੰ ਵਾਰ ਵਾਰ ਵਾਚਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਵਲੋਂ ਲਗਾਏ ਧਰਮ ਯੁੱਧ ਮੋਰਚੇ ਦਾ ਤਰਕ ਮੇਰੀ ਸਮਝ ਤੋਂ ਬਾਹਰ ਹੈ। ਮੇਰਾ ਵਿਸ਼ਵਾਸ ਸੀ ਕਿ ਦਸਵੇਂ ਪਾਤਸ਼ਾਹ ਨੇ ਖਾਲਸਾ ਪੰਥ ਦੀ ਸਾਜਨਾ ਸਦੀਆਂ ਤੋਂ ਲਿਤਾੜੇ ਆ ਰਹੇ ਸਮਾਜ ਦੇ ਆਗੂ ਦਸਤੇ ਵਜੋਂ ਕੀਤੀ ਸੀ। ਉਨ੍ਹਾਂ ਨੇ ਤਾਂ ਹੱਕ ਸੱਚ ਲਈ ਖੜੇ ਹੋਣਾ ਸੀ ਅਤੇ ਸੱਚੇ ਮਾਰਗ ਚਲਦਿਆਂ ਸਭ ਸਮਾਜਕ ਵਰਗਾਂ ਤੋਂ ਸਵੀਕ੍ਰਿਤੀ ਤਾਂ ਖੁਦ-ਬ-ਖੁਦ ਹੀ ਚਲੀ ਆਉਣੀ ਸੀ। ਜੇਕਰ ਖਾਲਸੇ ਨੇ ਬਾਕੀ ਲੋਕਾਂ ਨੂੰ ਆਪਣੇ ਵੈਰੀ ਹੀ ਮੰਨ ਕੇ ਮੋਰਚਾ ਲਗਾ ਦੇਣਾ ਹੈ ਤੇ ਅਜਿਹਾ ਮੋਰਚਾ ਲਗਾ ਕੇ ਬਾਕੀ ਲੋਕਾਂ ਯਾਨਿ ਆਪਣੇ ਸੰਭਾਵੀ ਪੈਰੋਕਾਰਾਂ ਨੂੰ ਆਪਣੇ ਦੁਸ਼ਮਣ ਹੀ ਤਸੱਵਰ ਕਰਕੇ ਤੁਰ ਪੈਣਾ ਹੈ ਤਾਂ ਫਿਰ ਖਾਲਸੇ ਨੇ ਅਗਵਾਈ ਕਿਸ ਨੂੰ ਦੇਣੀ ਹੈ? ਮੇਰਾ ਦੂਸਰਾ ਦੁੱਖ ਇਹ ਸੀ ਕਿ ਜੇ ਮੋਰਚੇ ਦੇ ਤਕਾਜ਼ੇ ਸੌੜੇ ਰਾਜਨੀਤਕ ਆਰਥਿਕ ਹਿੱਤਾਂ ਵਾਲੇ ਹੀ ਹਨ ਅਤੇ ਮੰਨੀ ਗਈ ਵਿਰੋਧੀ ਧਿਰ ਵਿਰੁਧ 'ਝੂਠ ਤੂਫਾਨ' ਬੋਲਣਾ ਹੀ ਪੈਣਾ ਹੈ ਤਾਂ ਘੱਟੋ ਘੱਟ ਅਜਿਹੀ ਰਾਜਨੀਤੀ ਸ੍ਰੀ ਅਕਾਲ ਤਖਤ ਉਪਰੋਂ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਾ ਕੀਤੀ ਜਾਵੇ। ਪੱਤਰ ਦੇ ਅਖੀਰ ਵਿਚ ਮੈਂ ਦੁਹਾਈ ਦਿਤੀ ਸੀ ਕਿ ਸੰਨ 1947 ਤੋਂ ਪ੍ਰਚਲਤ ਹੋਏ ਰਾਜਸੀ ਢਾਂਚੇ ਵਿਚ ਜੋ ਖਾਮੀਆਂ ਰਹਿ ਗਈਆਂ ਹਨ, ਉਹ ਦੂਰ ਹੋਣੀਆਂ ਚਾਹੀਦੀਆਂ ਹਨ, ਸਿੱਖਾਂ ਦਾ ਜਾਂ ਖਾਲਸਾ ਪੰਥ ਦਾ ਬੋਲਬਾਲਾ ਹੋਣਾ ਚਾਹੀਦਾ ਹੈ ਪਰ ਇਹ ਇਸ ਰਸਤੇ ਚਲ ਕੇ ਨਹੀਂ ਹੋਣਾ ਜਿਹੜਾ ਰਸਤਾ ਅਸੀਂ ਅਪਨਾ ਲਿਆ ਹੈ। ਪ੍ਰੰਤੂ ਜ਼ਾਹਰ ਹੈ ਕਿ ਖਾਲਸਾ ਪੰਥ ਅਜਿਹੀ ਸਲਾਹ ਸੁਣਨ ਲਈ ਤਿਆਰ ਨਹੀਂ ਸੀ।

**ਸਵਾਲ:**ਪਰ ਕੀ ਅਕਾਲੀ ਦਲ ਦੀਆਂ ਮੰਗਾਂ ਸਾਰੇ ਪੰਜਾਬ ਨਾਲ ਸਬੰਧਤ ਨਹੀਂ ਸਨ? ਕੀ ਇੰਦਰਾ ਗਾਂਧੀ ਨੇ ਅਕਾਲੀ ਦਲ ਨੂੰ ਸਖਤ ਪੁਜੀਸ਼ਨਾਂ ਲੈਣ ਵਾਸਤੇ ਮਜਬੂਰ ਨਹੀਂ ਕੀ ਕੀਤਾ?

**ਜਵਾਬ:**ਮੈਂ ਇੰਦਰਾ ਸਮੇਂ ਜਾਂ ਉਸ ਤੋਂ ਪਹਿਲਾਂ ਦੀ ਕਾਂਗਰਸ ਪਾਰਟੀ ਦੀ ਰਾਜਨੀਤੀ ਦੀ ਪ੍ਰੋੜ੍ਹਤਾ ਕਦੋਂ ਕੀਤੀ ਹੈ? ਬਿਨਾ ਸ਼ੱਕ ਉਸ ਵਿਚ ਸੈਂਕੜੇ ਖਾਮੀਆਂ ਸਨ ਪਰ ਮੇਰਾ ਕਹਿਣਾ ਤਾਂ ਇਹ ਹੈ ਕਿ ਜਿਸ ਕਿਸਮ ਦੀ ਰਾਜਨੀਤੀ ਅਸੀਂ ਕੀਤੀ ਉਸ ਵਿਚ ਸੈਂਕੜੇ ਨਹੀਂ ਬਲਕਿ ਹਜਾਰਾਂ ਖਾਮੀਆਂ ਸਨ। ਬਲਿਊ ਸਟਾਰ ਹੋਇਆ ਤਾਂ ਮੈਨੂੰ ਬੇਹੱਦ ਦੁੱਖ ਹੋਇਆ। ਜਲਦੀ ਹੀ ਬਾਅਦ ਕੇਂਦਰ ਸਰਕਾਰ ਨੇ ਮੈਨੂੰ ਪੰਜਾਬ ਵਿਚ ਚੀਫ ਸਕੱਤਰ ਨਿਯੁਕਤ ਕੀਤਾ ਅਤੇ ਬਾਅਦ ਵਿਚ ਰਾਜਪਾਲ ਸ੍ਰੀ ਅਰਜਨ ਸਿੰਘ ਦਾ ਸਲਾਹਕਾਰ ਵੀ ਬਣਾਇਆ। ਸੰਤ ਹਰਚੰਦ ਸਿੰਘ ਲੌਂਗੋਵਾਲ ਬਾਹਰ ਆਏ ਤਾਂ ਕੇਂਦਰ ਨਾਲ ਗੱਲਬਾਤ ਦਾ ਰਸਤਾ ਅਖਤਿਆਰ ਕਰਨ ਲਈ ਉਨ੍ਹਾਂ ਨੂੰ ਆਪਣੇ ਵਿੱਤ ਅਨੁਸਾਰ ਮੈਂ ਵੀ ਪ੍ਰੇਰਿਆ ਸੀ। ਸਮਝੌਤਾ ਹੋਇਆ ਉਹ ਜਿਸ ਕਿਸਮ ਦਾ ਵੀ ਸੀ, ਪਰ ਉਨ੍ਹਾਂ ਦਿਨਾਂ 'ਚ ਸੰਤਾਂ ਦੀ ਅਚਾਨਕ ਹੱਤਿਆ ਪੰਜਾਬ ਦੇ ਲੋਕਾਂ ਲਈ ਬੜੇ ਵੱਡੇ ਦੁਰਭਾਗ ਦੀ ਗੱਲ ਸੀ। ਇਹ ਸਮਾਂ ਸੀ ਜਦੋਂ ਪੰਜਾਬ ਵਿਚ ਕਾਲਖ ਦੇ ਇਕ ਨਵੇਂ ਦੌਰ ਦੀ ਸ਼ੁਰੂਆਤ ਹੋਈ। ਬਰਨਾਲਾ ਸਰਕਾਰ ਦੇ ਸਹੁੰ ਚੁਕਣ ਪਿੱਛੋਂ ਮੈਂ ਤਾਂ ਕੇਂਦਰ ਵਿਚ ਸਿਹਤ ਮੰਤਰਾਲੇ ਵਿਚ ਸਕੱਤਰ ਬਣ ਕੇ ਚਲਿਆ ਗਿਆ ਸਾਂ। ਪਿੱਛੋਂ ਮੇਰੀ ਨਿਯੁਕਤੀ ਬਿਹਾਰ ਸਰਕਾਰ ਨੇ ਬਿਹਾਰ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਵਜੋਂ ਕਰ ਦਿਤੀ। ਬੇਸ਼ੱਕ ਉਥੇ ਜਾਣ ਤੋਂ ਤੁਰੰਤ ਪਿਛੋਂ ਮੈਨੂੰ ਚੋਣ ਕਮਿਸ਼ਨ ਦੇ ਮੈਂਬਰ ਵਜੋਂ ਲੈ ਆਂਦਾ ਗਿਆ। ਉਥੇ ਕੀ ਹੋਇਆ ਤੇ ਕੀ ਨਾ ਹੋਇਆ? ਪੰਜਾਬ ਸਥਿਤੀ ਤੇ ਮੇਰੀ ਨਿਗਾਹ ਨਿਰੰਤਰ ਟਿਕੀ ਰਹੀ। ਰਿਟਾਇਰ ਹੋ ਕੇ ਮੈਂ ਸ਼ਿਮਲੇ ਚਲਿਆ ਗਿਆ। ਸਾਲ 1991 ਵਿਚ ਖਾਲਿਸਤਾਨੀ ਲਹਿਰ ਜਦੋਂ ਆਪਣੇ ਪੂਰੇ ਪ੍ਰਚੰਡ ਰੂਪ ਵਿਚ ਸੀ ਤਾਂ ਮੈਂ ਫਿਰ ਖਾਲਿਸਤਾਨ ਦੀ ਮੰਗ ਨੂੰ ਸਿੱਖ ਭਾਈਚਾਰੇ ਦੀ ਭਵਿੱਖਮੁਖੀ ਹੋਣੀ ਦੇ ਵਿਪਰੀਤ ਦਸਦਿਆਂ ਇਕ ਹੋਰ ਮਜਮੂਨ ਲਿਖ ਕੇ ਸਾਥੀ ਸਿੱਖ ਬੁੱਧੀਜੀਵੀਆਂ ਨਾਲ ਸੰਵਾਦ ਰਚਾਉਣ ਦਾ ਯਤਨ ਕੀਤਾ ਪਰ ਉਸ ਸਮੇਂ ਅਜਿਹੇ ਮਾੜੇ ਦਿਨ ਚਲ ਰਹੇ ਸਨ ਕਿ 'ਟ੍ਰਿਬਿਊਨ' ਦੇ ਐਡੀਟਰ ਨੇ ਭਲੇ ਦਿਨਾਂ ਦੀ ਉਡੀਕ ਕਰਦਿਆਂ ਉਹ ਮਜਮੂਨ ਆਪਣੇ ਦਰਾਜ ਵਿਚ ਹੀ ਰਖੀ ਰੱਖਿਆ ਸੀ ਫੇਰ ਗੱਲ ਆਈ ਗਈ ਕਰ ਦਿਤੀ ਗਈ। ਬਾਅਦ ਵਿਚ ਉਹੋ ਹੀ ਲੇਖ ਸਾਲ 1993 'ਚ ਡਾ. ਕਿਹਰ ਸਿੰਘ ਦੁਆਰਾ ਸੰਪਾਦਤ ਪੁਸਤਕ 'ਸਿੱਖ ਪਾਲਿਟੀ' ਵਿਚ ਸ਼ਾਮਲ ਕੀਤਾ ਗਿਆ। ਮੈਂ ਉਸ ਲੇਖ ਦੇ ਅਖੀਰ ਵਿਚ ਸਿੱਖ ਬੁੱਧੀਜੀਵੀਆਂ ਨੂੰ ਤਕੜੇ ਹੋ ਕੇ ਸਪੱਸ਼ਟ ਸਟੈਂਡ ਲੈਣ ਦਾ ਸੱਦਾ ਦਿਤਾ ਸੀ ਕਿ ਖਾਲਿਸਤਾਨ ਦੀ ਮੰਗ ਕਿਸੇ ਤਰ੍ਹਾਂ ਨਾਲ ਵੀ ਸਿੱਖਾਂ ਦੇ ਹੱਕ ਵਿਚ ਨਹੀਂ ਹੈ ਅਤੇ ਇਹ ਖਾਲਸਾ ਪੰਥ ਦੇ ਗੁਰੂ ਸਾਹਿਬਾਨ ਵਲੋਂ ਕਿਆਸੇ ਆਸ਼ਿਆਂ ਦੇ ਅਨੁਕੂਲ ਵੀ ਨਹੀਂ ਹੈ।

**ਸਵਾਲ:**ਪੰਜਾਬ ਦੀ ਮੌਜੂਦਾ ਸਥਿਤੀ ਅਤੇ ਅਕਾਲੀ ਦਲ-ਭਾਜਪਾ ਸਾਂਝਭਿਆਲੀ ਬਾਰੇ ਤੁਹਾਡੇ ਕੀ ਵਿਚਾਰ ਹੈ?

**ਜਵਾਬ:**ਇਹ ਸ਼ੁਰੂਆਤ ਚੰਗੀ ਹੈ ਪਰ ਸਾਨੂੰ ਨਹੀਂ ਭੁਲਣਾ ਚਾਹੀਦਾ ਕਿ ਇਹ ਅਜੇ ਸ਼ੁਰੂਆਤ ਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਾਲੀ ਇਸ ਸਰਕਾਰ ਦੀ ਅਸਲ ਪਰਖ ਇਹ ਹੋਵੇਗੀ ਕਿ ਕੀ ਆਉਣ ਵਾਲੇ ਸਮੇਂ ਵਿਚ ਇਹ ਸਮਾਜਕ-ਰਾਜਨੀਤਕ ਜੀਵਨ ਵਿਚ ਭ੍ਰਿਸ਼ਟਾਚਾਰ ਵਿਰੁਧ ਸਟੈਂਡ ਲੈ ਕੇ ਗੁਰੂ ਆਸ਼ਿਆਂ ਵਾਲਾ ਇਨਸਾਫ ਆਧਾਰਤ ਸਮਾਜ ਉਸਾਰਨ ਵਲ ਯਤਨਸ਼ੀਲ ਹੁੰਦੀ ਹੈ ਕਿ ਨਹੀਂ। ਇਹ ਵੀ ਵੇਖਣਾ ਹੋਵੇਗਾ ਕਿ ਸਿੱਖ ਪੰਥ ਦੀ ਨੁਮਾਇੰਦਗੀ ਦੀ ਦਾਅਵੇਦਾਰ ਅਕਾਲੀ ਪਾਰਟੀ ਉਸ ਬਦਕਿਸਮਤ ਰਾਜਨੀਤਕ ਪ੍ਰਵਚਨ ਦੇ 'ਪਿੰਜਰੇ' ਵਿਚੋਂ ਬਾਹਰ ਨਿਕਲਣ ਵਿਚ ਸਫਲ ਹੁੰਦੀ ਹੈ ਕਿ ਨਹੀਂ ਜਿਹੜਾ ਕਿਸੇ ਸਮੇਂ ਅੰਗਰੇਜ਼ ਹਾਕਮਾਂ ਨਾਲ ਲੜਾਈ ਦੇ ਦੌਰ ਵਿਚ ਹਿੰਦੂਆਂ ਦੇ, ਮੁਸਲਮਾਨਾਂ ਦੇ ਅਤੇ ਸਿੱਖਾਂ ਦੇ ਹਿੱਤਾਂ-ਹੱਕਾਂ ਨੂੰ ਵੱਖ-ਵੱਖ ਕਰਕੇ ਵੇਖਣ ਦੇ ਰੂਪ ਵਿਚ ਸਾਡੇ ਪੱਲੇ ਪੈ ਗਿਆ ਸੀ।

*ਸਾਡੇ ਸਮਿਆਂ ਵਿਚ ਅਨਤੋਨੀਓ ਗਰਾਮਸ਼ੀ ਨੇ ਬੁੱਧੀਜੀਵੀਆਂ ਦਾ ਰੋਲ ਸ਼ਾਇਦ ਕੁਝ ਇਸੇ ਤਰ੍ਹਾਂ ਹੀ ਚਿਤਵਿਆ ਹੋਇਆ ਹੈ। ਸੋ ਇਹ ਸੀ ਉਹ ਭੂਮਿਕਾ ਜੋ ਸਾਡੇ ਸਿੱਖ ਸਮਾਜ ਵਿਚ ਸਿੰਘ ਸਭਾ ਲਹਿਰ ਦੇ ਚਿੰਤਕਾ ਨੇ ਨਿਭਾਈ ਸੀ। ਸਿੱਖ ਸਮਾਜ 'ਚ ਮਹਾਨ ਪੁਨਰ ਜਾਗ੍ਰਿਤੀ ਦਾ ਦੌਰ ਸ਼ੁਰੂ ਹੋਇਆ ਅਤੇ ਪੁਨਰ ਉਥਾਨ ਦਾ ਮੰਤਵੀ ਸਿੱਟਾ ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿਚ ਸਾਹਮਣੇ ਆਇਆ। ਖਾਲਸਾ ਪੰਥ ਨੇ ਹੱਕ ਸੱਚ ਇਨਸਾਫ ਲਈ ਵਕਤ ਦੇ ਤਕਾਜ਼ਿਆਂ ਨੂੰ ਧਿਆਨ ਵਿਚ ਰੱਖਦਿਆਂ ਅਤੇ ਗੁਰਬਾਣੀ ਦੀਆਂ ਕਦਰਾਂ ਅਤੇ ਆਸ਼ਿਆਂ ਦੇ ਅਨੁਸਾਰ ਅਜਿਹਾ ਸ਼ਾਂਤਮਈ ਸੰਗਰਾਮ ਕੀਤਾ ਸੀ ਕਿ ਸਮੁੱਚਾ ਭਾਰਤ ਤਾਂ ਕੀ ਸਾਰੀ ਦੁਨੀਆਂ ਕੇਰਾਂ ਮੂੰਹ ਵਿਚ ਉਂਗਲਾ ਪਾ ਉਠੀ ਸੀ। 18 ਵੀ ਸਦੀ ਤੋਂ ਬਾਅਦ ਇਕ ਵਾਰ ਮੁੜ ਸਾਰੇ ਦੇਸ਼ ਨੇ ਖਾਲਸਾ ਪੰਥ ਦਾ ਆਗੂ ਰੋਲ ਸਵੀਕਾਰ ਕਰਨਾ ਸ਼ੁਰੂ ਕਰ ਦਿੱਤਾ ਸੀ।*

*ਫੋਨ:91-11-26183166

# ਸੰਸਾਰ ਦੀ ਗਰੀਬੀ ਲਈ ਧਾਰਮਿਕ ਆਗੂ ਤੇ ਸਿਆਸਤਦਾਨ ਜ਼ਿਮੇਵਾਰ



**ਅਮਰੀਕਾ ਅਤੇ ਹੋਰ ਦੇਸ਼ਾਂ ਦੀ ਯਾਤਰਾ ਦੌਰਾਨ, ਓਸ਼ੋ ਨੇ ਜੁਲਾਈ 85 ਤੋਂ ਲੈ ਕੇ ਜਨਵਰੀ 86 ਤੱਕ, ਥਾਂ-ਥਾਂ 'ਤੇ ਪੱਤਰਕਾਰਾਂ ਨਾਲ ਅਨੇਕ ਵਾਰਤਾਲਾਪ ਕੀਤੇ। ਇਹ ਸਾਰੇ ਵਾਰਤਾਲਾਪ ਉਨ੍ਹਾਂ ਦੀ ਪੁਸਤਕ ''ਦੀ ਲਾਸਟ ਟੇਸਟਾਮੈਂਟ'' ਸਿਰਲੇਖ ਅਧੀਨ ਪ੍ਰਕਾਸ਼ਤ ਹੋ ਚੁੱਕੇ ਹਨ। ਹੇਠਲੀ ਵਾਰਤਾਲਾਪ ਉਨ੍ਹਾਂ ਦੇ ਅਮਰੀਕਾ ਪ੍ਰਵਾਸ ਦੇ ਸਮੇਂ ਦੀ ਹੈ ਜਿਸ ਵਿਚ ਉਨ੍ਹਾਂ ਨੇ ਇਕ ਅਮਰੀਕੀ ਪੱਤਰਕਾਰ ਨਾਲ ਅਨੇਕਾਂ ਵਿਚਾਰ ਉਤੇਜਕ ਮੁੱਦਿਆਂ 'ਤੇ ਆਪਣੀ ਰਾਇ ਪ੍ਰਗਟ ਕੀਤੀ ਹੈ। ਇਸ ਮੁਲਾਕਾਤ ਦੇ ਕੁਝ ਅੰਸ਼ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਪੇਸ਼ ਹਨ;**

***? ਓਸ਼ੋ! ਦੁਨੀਆਂ ਦਾ ਬੇਹਤਰ 'ਸ਼ੋਅਮੈਨ' ਕੌਣ ਹੈ? ਅਧਿਆਤਮਕ ਅਰਥਾਂ 'ਚ ਜੇ ਤੁਸੀਂ ਕਹਿਣਾ ਚਾਹਵੋਂ ਤਾਂ ਤੁਸੀਂ ਜਾਂ ਰੋਨਲਡ ਰੀਗਨ?***

-ਮੈਨੂੰ ਕੋਈ ਨਹੀਂ ਹਰਾ ਸਕਦਾ। ਮਾਨਵ ਜਾਤੀ ਦੇ ਇਤਿਹਾਸ ਵਿਚ ਮੈਂ ਸਭ ਤੋਂ ਵੱਡਾ ''ਸ਼ੋਅਮੈਨ'' ਹਾਂ।

***? ਜੇ ਇਹ ਸੱਚ ਹੈ ਤਾਂ ਤੁਸੀਂ ਕਿਸ ਤਰ੍ਹਾਂ ਦਾ ਸ਼ੋਅ ਪਸੰਦ ਕਰਦੇ ਹੋ? ਇਹ ਥੀਏਟਰ ਹੈ ਜਾਂ ਸਰਕਸ?***

-ਇਹ ਮੇਰਾ ਸਰਕਸ ਹੈ-ਮੇਰਾ ਕਾਰਵਾਂ ਹੈ ਤੇ ਮੈਂ ਇਸਦਾ ਭਰਪੂਰ ਮਜ਼ਾ ਲੈਂਦਾ ਹਾਂ।

***? ਤੁਸੀਂ ਕਹਿੰਦੇ ਹੋ ਕਿ ਤੁਸੀਂ ਧਨੀ ਲੋਕਾਂ ਦੇ ਗੁਰੂ ਹੋ। ਇਸ ਹਾਲਤ ਵਿਚ ਵੀ ਜਦੋਂ ਕਿ ਤੁਸੀਂ ਇਸ ਧਰਤੀ ਦੇ ਦੁੱਖਾਂ ਨੂੰ ਜਾਣਦੇ ਹੋ। ਈਥੋਪੀਆ ਵਿਚ ਲੋਕ ਭੁੱਖੇ ਮਰ ਰਹੇ ਹਨ। ਕੀ ਇਹ ਜਾਣਦੇ ਹੋਏ ਵੀ ਕਿ ਲੋਕ ਭੁੱਖੇ ਮਰ ਰਹੇ ਹਨ ਜਾਂ ਭੁੱਖ ਨਾਲ ਮਰ ਰਹੇ ਹਨ ਜਾਂ ਫੁੱਟਪਾਥਾਂ 'ਤੇ ਸੁੱਤੇ ਪਏ ਹਨ, ਇਸ ਤਰ੍ਹਾਂ ਦੀਆਂ ਚੀਜ਼ਾਂ ਤੁਹਾਨੂੰ ਪ੍ਰੇਸ਼ਾਨ ਨਹੀਂ ਕਰਦੀਆਂ?***

-ਮੈਂ ਜਾਣਦਾ ਹਾਂ ਤੇ ਮੈਂ ਇਹ ਵੀ ਜਾਣਦਾ ਹਾਂ ਕਿ ਉਥੇ ਲੋਕ ਪੀੜਤ ਕਿਉਂ ਹਨ। ਉਹ ਪੀੜਤ ਹਨ ਤੁਹਾਡੇ ਪੰਡਤਾਂ-ਪੁਰੋਹਤਾਂ ਤੇ ਰਾਜ ਨੇਤਾਵਾਂ ਦੀ ਵਜ੍ਹਾ ਨਾਲ। ਅੱਜ ਵੀ ਸਾਰੇ ਧਰਮ ਪਰਿਵਾਰ ਨਿਯੋਜਨ ਦੇ ਵਿਰੋਧ ਵਿਚ ਹਨ। ਉਹ ਗਰਭਪਾਤ ਨੂੰ ਗੈਰ ਕਾਨੂੰਨੀ ਬਣਾਉਣਾ ਚਾਹੁੰਦੇ ਹਨ। ਮੂਰਖ ਪੋਪ ਕਹਿੰਦਾ ਹੈ ਕਿ ਬੱਚੇ ਭਗਵਾਨ ਵਲੋਂ ਭੇਜੇ ਜਾਂਦੇ ਹਨ ਇਸ ਲਈ ਅਸੀਂ ਉਨ੍ਹਾਂ ਨੂੰ ਰੋਕ ਨਹੀਂ ਸਕਦੇ। ਇਸ ਜ਼ਮੀਨ 'ਤੇ ਫੈਲੀ ਹੋਈ ਗਰੀਬੀ ਜਿਹੜੀ ਤੁਸੀਂ ਵੇਖ ਰਹੇ ਹੋ ਉਸਦੇ ਲਈ ਮੈਂ ਜ਼ਿੰਮੇਵਾਰ ਨਹੀਂ ਹਾਂ। ਜੇ ਦੁਨੀਆਂ ਮੇਰੀ ਗੱਲ ਸੁਣਦੀ ਤਾਂ ਇਹ ਗਰੀਬੀ ਤੁਰੰਤ ਵਿਦਾ ਹੋ ਸਕਦੀ ਹੈ ਪਰ ਉਹ ਗਲਤ ਲੋਕਾਂ ਨੂੰ ਸੁਣ ਰਹੇ ਹਨ ਕਿਉਂਕਿ ਉਹ ਉਨ੍ਹਾਂ ਨੂੰ ਸੁਣਨ ਦੇ ਸਦੀਆਂ ਤੋਂ ਆਦੀ ਹੋ ਚੁੱਕੇ ਹਨ। ਹਿੰਦੂ ਸ਼ੰਕਰਾਚਾਰੀਆ, ਮੁਸਲਿਮ ਖਲੀਫ਼ਾ, ਈਸਾਈ ਪੋਪ ਛੋਟੀਆਂ-ਛੋਟੀਆਂ ਗੱਲਾਂ ਲਈ ਇਕ ਦੂਜੇ ਦੇ ਉਲਟ ਹਨ ਪਰ ਇਕ ਗੱਲ ਨਾਲ ਸਾਰੇ ਸਹਿਮਤ ਹਨ ਕਿ ਲੋਕਾਂ ਨੂੰ ਵਧ ਤੋਂ ਵਧ ਬੱਚੇ ਪੈਦਾ ਕਰਨੇ ਚਾਹੀਦੇ ਹਨ। ਇਸ ਨਾਲ ਸੁਭਾਵਿਕ ਹੀ ਇਹ ਦੁਨੀਆਂ ਮਰਨ ਵਾਲੀ ਹੈ।

ਮੇਰੀਆਂ ਥੋੜ੍ਹੀਆਂ ਜਿਹੀਆਂ ''ਰੌਲਸ ਰੋਇਸ'' ਜਿਹੜੀਆਂ ਮੇਰੀਆਂ ਨਹੀਂ ਹਨ, ਮੈਂ ਸਿਰਫ਼ ਉਨ੍ਹਾਂ ਦਾ ਪ੍ਰਯੋਗ ਕਰਦਾ ਹਾਂ-ਮੈਂ ਇਥੋਪੀਆ ਨੂੰ ਦੇ ਸਕਦਾ ਹਾਂ। ਕੀ ਤੁਸੀਂ ਸੋਚਦੇ ਹੋ ਕਿ ਇਥੋਪੀਆ ਇਸ ਨਾਲ ਬਚ ਜਾਏਗਾ? ਜੇ ਤੁਸੀਂ ਇਸ ਨਾਲ ਨਿਸ਼ਚਿੰਤ ਹੋ ਤਾਂ ਮੇਰੀਆਂ ਸਾਰੀਆਂ ਰੌਲਸ ਰਾਇਸ ਲੈ ਜਾਓ ਤੇ ਇਨ੍ਹਾਂ ਨੂੰ ਇਥੋਪੀਆ ਨੂੰ ਦੇ ਦਿਓ। ਇਥੋਪੀਆ ਪੋਪ ਦੀ ਪੈਦਾਇਸ਼ ਹੈ ਤੇ ਮੈਨੂੰ ਆਪਣੀਆਂ ਰੌਲਸ ਰਾਇਸ ਵੇਚਣੀਆਂ ਪੈਣਗੀਆਂ.....ਇਹ ਕਿਸ ਤਰ੍ਹਾਂ ਦਾ ਤਰਕ ਹੈ?

ਜਿਹੜੇ ਲੋਕ ਮੇਰੀ ਨਹੀਂ ਸੁਣਦੇ ਤੇ ਉਹ ਜੇ ਭੁੱਖੇ ਮਰ ਰਹੇ ਹਨ ਤਾਂ ਉਨ੍ਹਾਂ ਦੀ ਚਿੰਤਾ ਮੈਨੂੰ ਕਿਉਂ ਕਰਨੀ ਚਾਹੀਦੀ ਹੈ? ਉਹ ਮੈਨੂੰ ਸਮਝਣ ਲਈ, ਸੁਣਨ ਲਈ ਤਿਆਰ ਨਹੀਂ। ਇਹ ਮੈਂ ਖੁਦ ਆਪਣੇ ਅਨੁਭਵ ਨਾਲ ਕਹਿ ਰਿਹਾ ਹਾਂ।

ਭਾਰਤ-ਪੂਰੇ ਤੀਹ ਸਾਲ ਮੈਂ ਇਸ ਦੇਸ਼ ਵਿਚ ਇਕ ਘੁਮੱਕੜ ਸਿੱਖਿਅਕ ਵਾਂਗ ਘੁੰਮਦਾ ਰਿਹਾ। ਕੋਈ ਸੁਣਨ ਲਈ ਤਿਆਰ ਨਹੀਂ। ਉਹ ਮੇਰੇ ਪੱਥਰ ਮਾਰਨ ਲਈ ਤਿਆਰ ਹਨ, ਉਹ ਮੇਰੇ ਜੁੱਤੀਆਂ ਮਾਰਨ, ਚਾਕੂ ਮਾਰਨ ਲਈ ਤਿਆਰ ਹਨ-ਉਹ ਮੇਰੀ ਜਾਨ ਲੈਣ ਲਈ ਤਿਆਰ ਹਨ ਤੇ ਜਦੋਂ ਉਹ ਲੋਕ ਮਰ ਰਹੇ ਹੋਣ ਤਾਂ ਮੈਨੂੰ ਆਪਣੀ ਰੋਲਸ ਰਾਇਸ ਵੇਚਣੀਆਂ ਚਾਹੀਦੀਆਂ ਹਨ? ਮੈਂ ਇਉਂ ਨਹੀਂ ਕਰਨ ਵਾਲਾ।

ਸੱਚ ਤਾਂ ਇਹ ਹੈ ਕਿ ਇਸ ਦੁਨੀਆਂ ਵਿਚ ਇਕ ਚੌਥਾਈ ਜਨਸੰਖਿਆ ਚਾਹੀਦੀ ਹੈ ਤੇ ਇਕ ਹੀ ਰਸਤਾ ਹੈ-ਵੀਹ ਸਾਲ ਤੱਕ ਪੂਰੀ ਤਰ੍ਹਾਂ ਪਰਿਵਾਰ ਨਿਯੋਜਨ ਅਤੇ ਗਰਭਪਾਤ ਗੈਰ ਕਾਨੂੰਨੀ ਨਹੀਂ ਬਲਕਿ ਪੁਰਸਕ੍ਰਿਤ ਹੋਣਾ ਚਾਹੀਦਾ ਹੈ।

ਤੁਹਾਨੂੰ ਮਦਰ ਟੈਰੇਸਾ ਜਿਹੇ ਲੋਕਾਂ ਨੂੰ ਨੋਬਲ ਪੁਰਸਕਾਰ ਦੇਣੇ ਬੰਦ ਕਰ ਦੇਣੇ ਚਾਹੀਦੇ ਹਨ ਜਿਹੜੇ ਅਨਾਥਾਂ ਨੂੰ ਬਚਾ ਕੇ ਦੁਨੀਆਂ ਦੀ ਜਨਸੰਖਿਆ ਵਧਾ ਰਹੇ ਹਨ। ਤੁਹਾਨੂੰ ਕੇਵਲ ਉਨ੍ਹਾਂ ਲੋਕਾਂ ਨੂੰ ਨੋਬਲ ਪੁਰਸਕਾਰ ਦੇਣਾ ਚਾਹੀਦਾ ਹੈ ਜਿਹੜਾ ਇਸ ਦੁਨੀਆਂ ਦੀ ਜਨਸੰਖਿਆ ਨੂੰ ਇਕ ਚੌਥਾਈ ਤੱਕ ਲੈ ਆਉਣ।

***? ਤੁਹਾਡਾ ਆਪਣੇ ਬਾਰੇ ਕੀ ਵਿਚਾਰ ਹੈ? ਕੀ ਤੁਸੀਂ ਸੋਚਦੇ ਹੋ ਕਿ ਤੁਸੀਂ ਨੋਬਲ ਪੁਰਸਕਾਰ ਦੇ ਹੱਕਦਾਰ ਹੋ?***

-ਮੈਂ ਨਹੀਂ ਕਿਉਂਕਿ ਮੈਂ ਇਸਦਾ ਕੀ ਕਰਾਂਗਾ-ਦੇ ਹੋਰ ਰੌਲਸ ਰਾਇਸ.............

***? ਏਨੀਆਂ ਸੁੰਦਰ ਕੁੜੀਆਂ ਤੁਹਾਡੇ ਵੱਲ ਕਿਉਂ ਆਕਰਸ਼ਿਤ ਹੁੰਦੀਆਂ ਹਨ?***

-ਮੈਂ ਸਮਲਿੰਗੀ ਨਹੀਂ ਹਾਂ। ਮੈਂ ਵਿਪਰੀਤ ਲਿੰਗੀ ਹਾਂ। ਮੈਂ ਔਰਤਾਂ ਨੂੰ ਪਰੇਮ ਕਰਦਾ ਹਾਂ ਤੇ ਉਹ ਮੈਨੂੰ ਪਿਆਰ ਕਰਦੀਆਂ ਹਨ ਤੇ ਜੋ ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਉਹ ਉਨ੍ਹਾਂ ਨੂੰ ਪਸੰਦ ਆਉਂਦਾ ਹੈ ਕਿਉਂਕਿ ਮੈਂ ਸਾਰੇ ਪੁਰਸ਼ ਪ੍ਰਧਾਨ ਅਤੀਤ ਦੇ ਖ਼ਿਲਾਫ਼ ਬੋਲ ਰਿਹਾ ਹਾਂ। ਮੈਂ ਪੁਰਸ਼ਾਂ ਤੋਂ ਔਰਤਾਂ ਦੀ ਪੂਰੀ ਤਰ੍ਹਾਂ ਲਈ ਮੁਕਤੀ ਦੇ ਨਾਲ ਖੜ੍ਹਾ ਹਾਂ। ਉਸ ਸੀਮਾ ਤੱਕ ਕਿ ਵਿਆਹ ਵੀ ਨਹੀਂ ਹੋਣਾ ਚਾਹੀਦਾ ਕਿਉਂਕਿ ਵਿਆਹ ਪੂਰੇ ਜੀਵਨ ਦਾ ਬੰਧਨ ਹੈ।

ਲੋਕਾਂ ਨੂੰ ਪ੍ਰਕਿਰਤਕ ਢੰਗ ਨਾਲ ਜਿਊਣਾ ਚਾਹੀਦਾ ਹੈ ਜਿਵੇਂ ਸਾਰੇ ਜਾਨਵਰ ਜਿਉਂਦੇ ਹਨ-ਕੋਈ ਵਿਆਹ ਨਹੀਂ, ਕੋਈ ਤਲਾਕ ਨਹੀਂ, ਕੋਈ ਝਗੜਾ ਨਹੀਂ-ਕੋਈ ਸਮੱਸਿਆ ਨਹੀਂ। ਕੀ ਤੁਸੀਂ ਕਦੇ ਕੋਈ ਊਠ ਦੇਖਿਆ ਹੈ ਜਿਹੜਾ ਪਤਨੀ ਦਾ ਗੁਲਾਮ ਹੋਵੇ? ਤੇ ਦੂਜੇ ਪਾਸੇ ਕੀ ਤੁਸੀਂ ਕਦੇ ਕੋਈ ਅਜਿਹਾ ਪੁਰਸ਼ ਦੇਖਿਆ ਹੈ ਜਿਹੜਾ ਪਤਨੀ ਦਾ ਗੁਲਾਮ ਨਹੀਂ?

ਤੁਸੀਂ ਔਰਤਾਂ ਨੂੰ ਦਬਾਇਆ ਹੈ। ਤੁਸੀਂ ਉਨ੍ਹਾਂ ਤੋਂ ਸਾਰੀਆਂ ਚੀਜ਼ਾ ਲੈ ਲਈਆਂ ਹਨ। ਉਹ ਸਿੱਖਿਅਤ ਨਹੀਂ ਸਨ ਹੋ ਸਕਦੀਆਂ। ਉਹ ਆਰਥਿਕ ਤੌਰ 'ਤੇ ਸਵੈਨਿਰਭਰ ਨਹੀਂ ਹੋ ਸਕਦੀਆਂ-ਉਹ ਘਰੋਂ ਬਾਹਰ ਨਹੀਂ ਜਾ ਸਕਦੀਆਂ-ਉਹ ਆਪਣਾ ਚਿਹਰਾ ਦੂਜੇ ਲੋਕਾਂ ਨੂੰ ਨਹੀਂ ਵਿਖਾ ਸਕਦੀਆਂ। ਉਹ ਲੋਕ ਜਿਹੜੇ ਸਭ ਤੋਂ ਘਿਨਾਉਣੇ ਅਪਰਾਧੀ ਹਨ ਪਰ ਉਨ੍ਹਾਂ ਦੀ ਪੂਜਾ ਹੋ ਰਹੀ ਹੈ। ਉਹ ਪੁਰਸ਼ਾ ਦੁਆਰਾ ਪੂਜੇ ਜਾ ਰਹੇ ਹਨ ਕਿਉਂਕਿ ਉਨ੍ਹਾਂ ਦੁਆਰਾ ਹੀ ਪੁਰਸ਼ਾਂ ਨੂੰ ਦੁਨੀਆਂ ਦੀ ਅੱਧੀ ਆਬਾਦੀ 'ਤੇ ਰਾਜ ਕਰਨ ਦੇ ਅਧਿਕਾਰ ਮਿਲੇ ਹਨ।

ਇਥੇ ਹਰ ਵਿਅਕਤੀ ਪੂਰੀ ਤਰ੍ਹਾਂ ਸੁਤੰਤਰ ਹੈ। ਜੇ ਦੋ ਲੋਕ ਪਿਆਰ ਕਰਨਾ ਚਾਹੁੰਦੇ ਹਨ ਤੇ ਉਹ ਰਾਜੀ ਹਨ ਤਾਂ ਉਨ੍ਹਾਂ ਨੂੰ ਰੋਕਣ ਦਾ ਕਿਸੇ ਨੂੰ ਕੋਈ ਹੱਕ ਨਹੀਂ। ਕੋਈ ਵੀ ਜੇ ਉਨ੍ਹਾਂ ਨੂੰ ਰੋਕਦਾ ਹੈ-ਕੋਈ ਕਾਨੂੰਨ ਕੋਈ, ਅਦਾਲਤ, ਕੋਈ ਰਾਜ ਨੇਤਾ, ਕੋਈ ਪੁਰੋਹਤ-ਤਾਂ ਉਹ ਆਪਣੀ ਸੀਮਾ ਤੋਂ ਬਾਹਰ ਜਾ ਰਿਹਾ ਹੈ। ਮੇਰਾ ਸੰਘ ਪਿਆਰ ਦਾ ਸੰਘ ਹੈ। ਤੇ ਨਿਸ਼ਚਿਤ ਹੀ ਜਿਵੇਂ ਮੈਂ ਕਿਹਾ ਕਿ ਮੈਂ ਦੁਨੀਆਂ ਦਾ ਮਹਾਨਤਮ 'ਸ਼ੋਅਮੈਨ' ਹਾਂ। ਔਰਤਾਂ ਤਾਂ ਮੇਰੇ ਵੱਲ ਆਕਰਸ਼ਿਤ ਹੋਣਗੀਆਂ ਹੀ।

***? ਮੇਰਾ ਇਕ ਹੋਰ ਪ੍ਰਸ਼ਨ ਹੈ। ਤੁਸੀਂ ਬਿਨਾਂ ਕਿਸੇ ਮਹੱਤਵਕਾਂਖਿਆ ਦੇ ਸੰਨਿਆਸੀਆਂ ਦੇ ਵਿਚਾਲੇ ਸਰੀਰਕ ਪਿਆਰ ਦੀ ਗੱਲ ਕਰਦੇ ਹੋ। ਕੀ ਤੁਸੀਂ ਬ੍ਰਹਮਚਾਰੀ ਹੋ?***

-ਨਹੀਂ ਮੈਨੂੰ ਬ੍ਰਹਮਚਾਰੀ ਕਿਉਂ ਹੋਣਾ ਚਾਹੀਦਾ ਹੈ? ਮੈਂ ਸਿਰਫ ਸਹਿਜ ਹਾਂ। ਮੈਨੂੰ ਅਸਹਿਜ ਕਿਉਂ ਹੋਣਾ ਚਾਹੀਦਾ ਹੈ? ਜੇ ਤੁਸੀਂ ਬ੍ਰਹਮਚਾਰੀਆਂ ਨੂੰ ਮਿਲਣਾ ਹੈ ਤਾਂ ਤੁਸੀਂ ਕੈਥੋਲਿਕ ਆਸ਼ਰਮਾ ਵਿਚ ਜਾਉ ਤੇ ਉਥੇ ਤੁਸੀਂ ਵੇਖੋਗੇ ਕਿ ਉਥੇ ਉਹ ਕੁਝ ਨਹੀਂ ਸਿਰਫ ਹਸਤਮੁਥੈਨ ਕਰ ਰਹੇ ਨੇ। ਮੈਂ ਨਹੀਂ ਸਮਝਦਾ ਕਿ ਕੋਈ ਵੀ ਵਿਅਕਤੀ ਬ੍ਰਹਮਚਾਰੀ ਹੋ ਸਕਦਾ ਹੈ। ਇਸ ਤਰ੍ਹਾਂ ਜਾਂ ਉਸ ਤਰ੍ਹਾਂ ਇਹ ਦਮਨ ਕਰਨਾ ਹੀ ਹੋਵੇਗਾ।

ਤੇ ਮੈਂ ਸਾਧਾਰਣ ਸਹਿਜ ਆਦਮੀ ਹਾਂ। ਮੈਂ ਆਪਣੀਆ ਸਹਿਜ ਪਰਵਿਰਤੀਆਂ ਦਾ ਪਾਲਣ ਕਰਦਾ ਹਾਂ। ਮੈਂ ਕਈ ਔਰਤਾਂ ਨਾਲ ਪ੍ਰੇਮ ਕਰਦਾ ਹਾਂ-ਸ਼ਾਇਦ ਕਿਸੇ ਹੋਰ ਆਦਮੀ ਨੇ ਏਨੀਆਂ ਔਰਤਾਂ ਨਾਲ ਪ੍ਰੇਮ ਨਹੀਂ ਕੀਤਾ ਹੋਏਗਾ। ਸ਼ੁਰੂਆਤ ਵਿਚ ਮੈਂ ਗਿਣਤੀ ਰੱਖਦਾ ਸੀ-ਫੇਰ ਮੈਂ ਛੱਡ ਦਿੱਤੀ ਇਸਦਾ ਵੀ ਕੀ ਅਰਥ ਹੈ।

**? ਇਕ ਹੋਰ ਸਵਾਲ, ਬਾਹਰ ਦੇ ਲੋਕਾਂ ਦਾ ਤੁਹਾਡੇ ਅਤੇ ਤੁਹਾਡੇ ਲੋਕਾਂ ਤੋਂ ਡਰਨ ਦਾ ਕਾਰਨ ਤੁਸੀਂ ਕੀ ਸੋਚਦੇ ਹੋ?**

-ਮੈਂ ਜ਼ਰਾ ਵੀ ਚਿੰਤਾ ਨਹੀਂ ਕਰਦਾ। ਬਾਹਰਲੀ ਦੁਨੀਆਂ ਮੇਰੇ ਲਈ ਕੋਈ ਅਰਥ ਨਹੀਂ ਰੱਖਦੀ। ਅਸੀਂ ਏਥੇ ਪੂਰੀ ਤਰ੍ਹਾਂ ਸੰਤੁਸ਼ਟ ਤੇ ਪ੍ਰਸੰਨ ਹਾਂ। ਉਨ੍ਹਾਂ ਨੂੰ ਆਪਣੀ ਪ੍ਰਵਾਹ ਨਹੀਂ ਕਰਨੀ ਚਾਹੀਦੀ ਹੈ। ਸਾਡਾ ਰਵੱਈਆ ਉਨ੍ਹਾਂ ਪ੍ਰਤੀ ਦੁਸ਼ਮਣੀ ਵਾਲਾ ਨਹੀਂ-ਅਸੀਂ ਉਨ੍ਹਾਂ ਦੇ ਵਿਰੁਧ ਵਿਚ ਨਹੀਂ ਹਾਂ ਪਰ ਉਹ ਸਾਡੇ ਪ੍ਰਤੀ ਵੈਰਤਾ ਭਰਪੂਰ ਹਨ ਅਤੇ ਜੀਵਨ ਦਾ ਇਕ ਬੁਨਿਆਦੀ ਨਿਯਮ ਹੈ, ਯਾਦ ਰੱਖਿਓ। ਜੇ ਉਹ ਦੁਸ਼ਮਣੀ ਨਾਲ ਭਰੇ ਹੋਏ ਹਨ ਤਾਂ ਉਨ੍ਹਾਂ ਨੂੰ ਸਾਡੇ ਨਾਲ ਘਿਰਣਾ ਕਰਨੀ ਪਵੇਗੀ-ਦੇਰ ਅਵੇਰ ਉਹ ਸਾਰੇ ਮੇਰੇ ਪ੍ਰੇਮ ਵਿਚ ਪੈ ਜਾਣਗੇ ਕਿਉਂਕਿ ਘ੍ਰਿਣਾ ਪ੍ਰੇਮ ਵਿਚ ਬਹੁਤ ਸਹਿਜਤਾ ਨਾਲ ਬਦਲ ਜਾਂਦੀ ਹੈ ਇਉਂ ਹੀ ਜਿਵੇਂ ਪਿਆਰ ਘ੍ਰਿਣਾ ਵਿਚ ਬਦਲ ਜਾਂਦਾ ਹੈ।

ਪਰ ਮੇਰੇ ਲੋਕਾਂ ਦਾ ਉਨ੍ਹਾਂ ਨਾਲ ਕੋਈ ਲੈਣ-ਦੇਣ ਨਹੀਂ। ਅਸੀਂ ਉਨ੍ਹਾਂ ਪ੍ਰਤੀ ਈਰਖਾਲੂ ਨਹੀਂ-ਅਸੀਂ ਉਨ੍ਹਾਂ ਦੇ ਵਿਰੋਧ 'ਚ ਨਹੀਂ-ਅਸੀਂ ਉਨ੍ਹਾਂ ਬਾਰੇ ਕਦੇ ਨਹੀਂ ਸੋਚਦੇ।

ਪੰਜ ਸਾਲਾਂ ਵਿਚ ਮੈਂ ਇਕ ਵਾਰ ਵੀ ਅਖ਼ਬਾਰ ਨਹੀਂ ਵੇਖਿਆ। ਮੈਂ ਨਹੀਂ ਪੜ੍ਹਦਾ। ਮੈਂ ਟੈਲੀਵਿਜ਼ਨ ਨਹੀਂ ਵੇਖਦਾ। ਮੈਂ ਨਹੀਂ ਜਾਣਦਾ ਮੇਰੇ ਬਾਰੇ ਕੀ ਕਿਹਾ ਜਾ ਰਿਹਾ ਹੈ। ਮੈਂ ਪ੍ਰਵਾਹ ਨਹੀਂ ਕਰਦਾ ਕਿਉਂਕਿ ਮੇਰੀ, ਮਹਾਨ ਗੁਰੂ, ਮਸੀਹਾ ਤੇ ਪੈਗੰਬਰ ਵਾਂਗੂ ਸਨਮਾਨ ਕਰਵਾਉਣ ਦੀ ਕੋਈ ਚਾਹਤ ਨਹੀਂ ਹੈ। ਮੈਂ ਇਕ ਸਾਧਾਰਣ ਵਿਅਕਤੀ ਹਾਂ ਅਤੇ ਮੈਂ ਬਹੁਤ ਬਦਨਾਮ ਹਾਂ-ਇਸ ਨੂੰ ਵਾਰ ਵਾਰ ਪੜ੍ਹਨ ਦਾ ਕੀ ਮਤਲਬ ਹੈ....?

*ਅਨੁਵਾਦ-ਅਮਰਜੀਤ ਕੌਂਕੇ*

ਪਟਿਆਲਾ ਸ਼ਾਹੀ

# ਪ੍ਰਸੰਗ ਪਟਿਆਲੇ ਵਾਲੇ ਦਰਵੇਸ਼ ਲਾਲੀ ਬਾਬੇ ਦੇ

*ਕੁਝ ਹਫਤੇ ਪਹਿਲਾਂ ਇਨ੍ਹਾਂ ਹੀ ਕਾਲਮਾਂ ਵਿਚ ਅਸੀਂ ਪਟਿਆਲੇ ਦੇ ਭੂਤਵਾੜੇ ਬਾਰੇ ਇਕ ਲੇਖ ਛਾਪਿਆ ਸੀ ਜਿਸ ਵਿਚ ਉਨ੍ਹਾਂ ਇਸ ਭੂਤਵਾੜੇ ਇਕ ਇਕ ਵੱਡੇ ਭੂਤ ਪ੍ਰੀਤਮ ਸਿੰਘ ਹੋਰਾਂ ਦੀ ਬਾਤ ਸੁਣਾਈ ਸੀ। 'ਭੂਤਵਾੜਾ ਸਰਕਲ' ਵਿਚ ਸਤਿੰਦਰ ਨੂਰ, ਹਰਿੰਦਰ ਸਿੰਘ ਮਹਿਬੂਬ, ਨਵਤੇਜ ਭਾਰਤੀ ਤੇ ਕੁਲਵੰਤ ਸਿੰਘ ਗਰੇਵਾਲ ਸਨ, ਡਾ. ਸੁਰਜੀਤ ਸੀ, ਪ੍ਰੋ. ਦਰਬਾਰਾ ਸਿੰਘ ਸੀ। ਜੋਗਾ ਸਿੰਘ, ਵਾਨ ਗੋਗੀਅਨ ਤਬੀਅਤ ਵਾਲਾ ਪ੍ਰੋ. ਸੇਵਾ ਸਿੰਘ ਤੁੰਗ ਅਤੇ ਉਸਦੇ ਨਿੱਕੇ ਭਾਈ ਬਲਕਾਰ ਸਿੰਘ ਦਾ ਵੀ ਉਥੇ ਆਉਣ-ਜਾਣ ਸੀ। ਡਾ. ਗੁਰਭਗਤ ਸਿੰਘ ਅਤੇ ਲਾਲੀ ਬਾਬੇ ਦੀ ਮਹਿਮਾ ਕਰਕੇ 'ਭੂਤਵਾੜਾ' ਇਕ ਮਿੱਥ ਬਣਿਆ ਰਿਹਾ ਹੈ। ਹਰਦਿਲਜੀਤ ਸਿੰਘ ਸਿੱਧੂ ਉਰਫ ਲਾਲੀ ਬਾਬਾ ਕੋਈ ਚਾਰ ਦਹਾਕੇ ਪੰਜਾਬ ਦੇ ਬੌਧਿਕ ਅਤੇ ਸਾਹਿਤਕ ਹਲਕਿਆਂ ਦਾ ਇਕ ਬਹੁਤ ਵੱਡਾ ਹਸਤਾਖ਼ਰ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਉਸ ਦੁਆਲੇ ਜੁੜਦੀਆਂ ਢਾਣੀਆਂ ਦੀਆਂ ਬਾਤਾਂ ਪੈਂਦੀਆਂ ਰਹੀਆਂ ਹਨ। ਪੇਸ਼ ਹਨ ਲਾਲੀ ਬਾਬੇ ਬਾਰੇ ਕੁਝ ਪ੍ਰਭਾਵ -ਸੰਪਾਦਕ*

**ਸੁਰਿੰਦਰ ਸ਼ਰਮਾ**

ਲੰਮੀ ਦੀ ਥਾਂ ਸੰਖੇਪ ਗੱਲ, ਕਿਹੋ-ਜਿਹਾ ਤੇ ਕਿੰਨਾ ਡੂੰਘਾ ਅਸਰ ਕਰਦੀ ਹੈ, ਇਹ ਇਸ ਤੱਥ 'ਤੇ ਨਿਰਭਰ ਕਰਦਾ ਹੈ ਕਿ ਬੋਲਣ ਵਾਲੇ ਨੇ ਜ਼ਿੰਦਗੀ ਨੂੰ ਕਿਨਾ ਕੁ ਕਮਾਇਆ ਹੈ। ਵੱਖ-ਵੱਖ ਮੌਕਿਆਂ 'ਤੇ ਇਹੀ ਸੰਖੇਪਤਾ ਟਿੱਚਰ, ਬੋਲੀ, ਲੋਕ ਗੀਤ, ਟੂਕ ਜਾਂ ਲਤੀਫ਼ੇ ਦਾ ਰੂਪ ਧਾਰਦੀ ਹੈ, ਸਾਡੇ ਜ਼ਿਹਨ 'ਚ ਅਜਿਹੇ ਬੋਲ ਹਮੇਸ਼ਾ ਜਾਗਦੇ ਰਹਿੰਦੇ ਹਨ, ਜੋ ਸਦੀਆਂ ਦਾ ਸਫ਼ਰ ਤੈਅ ਕਰਕੇ ਸਾਹਿਤ ਦੇ ਸਭ ਰੂਪਾਂ ਤੋਂ ਪਾਰ ਚਲੇ ਜਾਂਦੇ ਹਨ, ਉਦਾਹਰਨ ਦੇ ਤੌਰ 'ਤੇ ਸਿਕੰਦਰ ਤੇ ਪੋਰਸ ਵਿਚਕਾਰ ਹੋਏ ਵਾਰਤਾਲਾਪ ਦਾ ਇਹ ਹਿੱਸਾ-

-ਬੋਲ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ?

-ਉਹੀ, ਜੋ ਇੱਕ ਰਾਜਾ ਦੂਸਰੇ ਰਾਜੇ ਨਾਲ ਕਰਦਾ ਹੈ।

ਮੇਰੇ ਸੰਪਰਕ 'ਚ ਆਈ ਅਜਿਹੀ ਸ਼ਖ਼ਸੀਅਤ ਦਾ ਨਾਂ ਹੈ ਬਾਬਾ ਲਾਲੀ, ਉਸ ਕੋਲ ਸਮੇਂ ਦੇ ਹਾਣ ਦੇ ਪ੍ਰਸ਼ਨ ਵੀ ਹਨ ਤੇ ਉੱਤਰ ਵੀ। ਸ਼ਬਦਾਂ ਦੀ ਥਾਂ ਬੋਲਾਂ ਰਾਹੀਂ ਤੇ ਹਵਾ 'ਚ ਲਹਿਰਾਉਂਦੇ ਹੱਥਾਂ ਨਾਲ ਲਾਲੀ ਸਾਹਿਬ ਜਦੋਂ ਗੱਲ-ਉਡਾਰੀ ਮਾਰਦੇ ਹਨ ਤਾਂ ਕਲਾ, ਧਰਮ, ਰੂਹਾਨੀਅਤ ਤੇ ਚਿੰਤਨ ਨਾਲ ਸੰਬੰਧਤ ਸਭ ਖੰਡਾਂ, ਬ੍ਰਹਿਮੰਡਾਂ ਦੇ ਦਰਸ਼ਨ ਕਰਦੇ-ਕਰਾਉਂਦੇ ਹੋਏ ਉਹ ਸਰੋਤੇ ਨੂੰ ਨਾ ਕੇਵਲ ਕਲਾਮੁਕਤ ਤੇ ਸਥਾਨਮੁਕਤ ਕਰਦੇ ਹਨ ਸਗੋਂ ਖੜਤਮੁਕਤ ਵੀ ਕਰ ਦਿੰਦੇ ਹਨ। ਉਨ੍ਹਾਂ ਨੂੰ ਸੁਣਨ ਮਗਰੋਂ ਸਰੋਤੇ ਦੀ ਤੁਲਨਾ ਉਸ ਰੁਕੇ ਹੋਏ ਹੈਂਡ-ਪੰਪ ਨਾਲ ਕੀਤੀ ਜਾ ਸਕਦੀ ਹੈ, ਜੋ ਉਪਰੋਂ ਇਕ-ਅੱਧੀ ਬਾਲਟੀ ਪਾਉਣ ਨਾਲ ਚੱਲ ਪੈਂਦਾ ਹੈ ਜਾਂ ਉਸ ਗੱਡੀ ਨਾਲ ਜੋ ਧੱਕੇ ਨਾਲ ਸਟਾਰਟ ਹੋ ਜਾਂਦੀ ਹੋਵੇ।

ਐਨਾ ਸਭ ਕੁਝ ਹੁੰਦਿਆਂ ਵੀ ਬਾਬੇ ਲਾਲੀ ਬਾਰੇ ਲਿਖਣਾ ਔਖਾ ਹੈ ਕਿਉਂਕਿ ਹਰ ਪਲ ਤੁਹਾਡੇ ਕੋਲ ਹੁੰਦਿਆਂ ਵੀ ਤੁਹਾਨੂੰ ਇਹੀ ਮਹਿਸੂਸ ਹੁੰਦਾ ਹੈ ਜਿਵੇਂ ਇਹ ਬੰਦਾ ਇਸ ਧਰਤੀ ਦਾ ਨਾ ਹੋ ਕੇ ਕਿਸੇ ਹੋਰ ਲੋਕ ਦਾ ਹੋਵੇ।

ਰਾਜਪੁਰੇ ਵਾਲਾ ਸ਼ੇਖਰ ਵਧੀਆ ਫੋਟੋਗਰਾਫਰ ਹੈ, ਉਸ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਵੇਖ ਕੇ ਮੈਨੂੰ ਹਮੇਸ਼ਾ ਪ੍ਰਸਿੱਧ ਨਾਵਲ 'ਬਰਿਜਿਜ਼ ਆਫ਼ ਮੈਡੀਸਨ ਕਾਊਂਟੀ' ਦੀਆਂ ਸਤਰਾਂ ਯਾਦ ਆ ਜਾਂਦੀਆਂ ਹਨ:

"ਚੰਗਾ ਫੋਟੋਗਰਾਫ਼ਰ ਕੇਵਲ ਲਾਈਟ ਤੇ ਸ਼ੇਡ ਨੂੰ ਹੀ ਸੂਟ ਕਰਦਾ ਹੈ, ਉਸਦੀ ਸਾਰੀ ਜ਼ਿੰਦਗੀ, ਇਨ੍ਹਾਂ ਦੋਨਾਂ ਪੱਖਾਂ ਨੂੰ ਸਹੀ ਅਨੁਪਾਤ 'ਚ ਬਿਠਾਉਂਦਿਆਂ ਹੀ ਬੀਤ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਤਸਵੀਰਾਂ ਵਿਚ ਲਾਈਟ ਤੇ ਸ਼ੇਡ ਦੇ ਨਾਲ ਨਾਲ ਬੰਦੇ ਤੇ ਸਥੂਲ ਵਸਤਾਂ ਵੀ ਆ ਜਾਂਦੀਆਂ ਹਨ।"

ਪਰ ਲਾਈਟ ਤੇ ਸ਼ੇਡ ਵਾਂਗ ਸ਼ੇਖਰ ਦੀ ਕਲਾ ਅਤੇ ਰੋਜ਼ਾਨਾ ਜੀਵਨ ਵਿਚਕਾਰ ਐਨਾ ਕੁਝ ਅਣਚਾਹਿਆ ਆ ਜਾਂਦਾ ਹੈ ਕਿ ਇਹ ਗੱਲ ਸੱਚ ਜਾਪਣ ਲੱਗ ਪੈਂਦੀ ਹੈ ਕਿ ਵੱਡੇ ਕਲਾਕਾਰ ਦੇ ਗੁਣਾਂ ਦੇ ਨਾਲ-ਨਾਲ ਉਸਦੇ ਅੰਤਰ-ਵਿਰੋਧ ਵੀ ਵੱਡੇ ਹੁੰਦੇ ਹਨ।

ਹੋਇਆ ਇੰਜ ਕਿ ਸਟਿਲ ਫੋਟੋਗਰਾਫ਼ੀ ਕਰਦਿਆਂ ਅਚਾਨਕ ਸ਼ੇਖਰ ਨੂੰ ਇਹ ਸ਼ੌਕ ਜਾਗਿਆ ਕਿ ਫ਼ੀਚਰ ਫ਼ਿਲਮ ਬਣਾਈ ਜਾਵੇ। ਫਿਲਮ ਦੀ ਕਹਾਣੀ, ਸਕਰੀਨ ਪਲੇਅ ਤੇ ਡਾਇਲਾਗ ਵੀ ਉਹ ਆਪ ਲਿਖੇ, ਇਸ ਫ਼ੈਸਲੇ ਬਾਰੇ ਜਦੋਂ ਉਸ ਨੇ ਬਾਬੇ ਲਾਲੀ ਨੂੰ ਜਾਣੂ ਕਰਵਾਇਆ ਤਾਂ ਉਨ੍ਹਾਂ ਬੜੇ ਠਰੰਮੇ ਨਾਲ ਸਮਝਾਇਆ:

"ਬਾਕੀ ਦੀ ਗੱਲ ਆਪਾਂ ਫੇਰ ਕਰਾਂਗੇ ਸ਼ੇਖਰ, ਪਹਿਲਾਂ ਤੂੰ ਕਿਸੇ ਚੰਗੇ ਲੇਖਕ ਦੀ ਨਿਵੇਕਲੀ ਜਿਹੀ ਕਹਾਣੀ ਚੁਣ ਲੈ, ਜੋ ਸੂਟ ਕਰਨੀ ਸੌਖੀ ਹੋਵੇ।"

ਕਹਾਣੀ ਲੱਭਣ ਦਾ ਗੁਣਾ ਮੇਰੇ 'ਤੇ ਪਾ ਦਿੱਤਾ ਗਿਆ, ਚੁਣੀਆਂ ਕਹਾਣੀਆਂ 'ਤੇ ਕਈ ਦਿਨ ਬਹਿਸ ਹੁੰਦੀ ਰਹੀ। ਇਸੇ ਦੌਰਾਨ ਮੈਂ ਇਕ ਦਿਨ ਬਲਵੰਤ ਸਿੰਘ ਦੀ ਹਿੰਦੀ ਕਹਾਣੀ 'ਗੁੰਮਰਾਹੀ' ਸੁਣਾਈ। ਇਹ ਕਹਾਣੀ ਇਕ ਅਜਿਹੇ ਬੱਚੇ ਬਾਰੇ ਹੈ, ਜੋ ਘਰੋਂ ਤਾਂ ਸਕੂਲ ਜਾਣ ਲਈ ਨਿੱਕਲਦਾ ਹੈ ਪਰ ਸਕੂਲ ਪਹੁੰਚਦਾ ਨਹੀਂ, ਅਧਿਆਪਕ ਦੀ ਸ਼ਿਕਾਇਤ ਮਿਲਣ 'ਤੇ ਪਿਤਾ ਉਸ ਦਾ ਪਿੱਛਾ ਕਰਦਾ ਹੈ। ਅਜਿਹੇ ਕਈ ਮੋੜ ਮੁੜਦਿਆਂ, ਜੋ ਸਕੂਲ ਨੂੰ ਨਹੀਂ ਜਾਂਦਾ, ਬੱਚੇ ਤੇ ਪਿਤਾ ਦਾ ਮੇਲ ਹੋ ਜਾਂਦਾ ਹੈ। ਬੱਚਾ ਡਰਦਾ ਹੈ। ਉਸਨੂੰ ਡਰਦਿਆਂ ਵੇਖ ਪਿਤਾ ਉਸਨੂੰ ਹੌਂਸਲਾ ਦਿੰਦਾ ਹੈ, ਸਾਵਾਂ ਹੋਇਆ ਬੱਚਾ ਬੜੇ ਹੀ ਚਾਅ ਨਾਲ ਪੂਰਾ ਦਿਨ ਅਜਿਹੀਆਂ ਦਿਲਚਸਪ ਥਾਵਾਂ 'ਤੇ ਘੁੰਮਦਾ-ਘੁੰਮਾਉਂਦਾ ਹੈ ਜੋ ਪਿਤਾ ਨੇ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਕਦੇ ਵੀ ਨਹੀਂ ਦੇਖੀਆਂ। ਹਰ ਥਾਂ ਬਾਰੇ ਬੱਚੇ ਦੀ ਜਾਣਕਾਰੀ ਕਮਾਲ ਦੀ ਹੈ ਤੇ ਅਨੇਕਾਂ ਅਜਨਬੀਆਂ ਨਾਲ ਉਸ ਨੇ ਮੋਹ ਦੇ ਰਿਸ਼ਤੇ ਉਸਾਰੇ ਹੋਏ ਹਨ। ਸ਼ਾਮ ਢਲੇ ਪਿਤਾ-ਪੁੱਤਰ 'ਕੱਠੇ ਘਰ ਆਉਂਦੇ ਹਨ ਤਾਂ ਦੋਹਾਂ ਵਿਚਕਾਰ ਪਿਆਰ ਤੇ ਸਮਝਦਾਰੀ ਦੀ ਇੱਕ ਨਵੀਂ ਤੰਦ ਜੁੜ ਚੁੱਕੀ ਹੁੰਦੀ ਹੈ। ਰਾਤ ਨੂੰ ਆਪਣੇ ਕਮਰੇ 'ਚ ਬੈਠਾ ਪਿਤਾ ਇਹ ਸੋਚ ਰਿਹਾ ਹੈ ਕਿ ਬੱਚਾ ਤਾਂ ਆਪਣਾ ਰਾਹ ਆਪ ਲੱਭ ਲੈਣ 'ਚ ਹੌਲੀ-ਹੌਲੀ ਸਮਰੱਥ ਹੋ ਹੀ ਰਿਹਾ ਹੈ ਪਰ ਜ਼ਿੰਦਗੀ ਦੀ ਖ਼ੂਬਸੂਰਤੀ ਦੇ ਅਨੇਕਾਂ ਪਸਾਰਾਂ ਨੂੰ ਹੁਣ ਤੱਕ ਉਹ ਆਪ ਹੀ ਮਿਸ ਕਰਦਾ ਰਿਹਾ ਹੈ, ਰਾਹ ਦੀ ਲੋੜ ਬੱਚੇ ਨੂੰ ਨਹੀਂ, ਦਰਅਸਲ ਪਿਤਾ ਨੂੰ ਹੈ।

ਕਹਾਣੀ ਨੂੰ ਪਸੰਦ ਕਰਦਿਆਂ ਬਾਬਿਆਂ ਨੇ ਸ਼ੇਖਰ ਨੂੰ ਮੂੰਹ ਮਿੱਠਾ ਕਰਵਾਉਣ ਲਈ ਕਿਹਾ, ਸ਼ੇਖਰ ਜੋ ਲਾਲੀ ਸਾਹਿਬ ਨੂੰ ਅਕਸਰ ਡੈਡੀ, ਪਿਤਾ ਜੀ, ਬਾਬਾ ਜੀ ਜਾਂ ਕਦੇ-ਕਦੇ ਬਾਬਿਓ ਕਹਿ ਕੇ ਮੁਖ਼ਾਤਬ ਹੁੰਦਾ ਹੈ, ਨੇ ਉਨ੍ਹਾਂ ਦੇ ਪੈਰੀਂ ਹੱਥ ਲਾਏ।

ਇਕ ਦਿਨ ਸ਼ੇਖਰ ਦੇ ਘਰ ਲਾਲੀ ਸਾਹਿਬ ਦੀਆਂ ਗੱਲਾਂ ਫ਼ਿਲਮਾਂ, ਗੀਤਾਂ ਤੇ ਸਾਹਿਤ ਵਿਚ ਮਨੁੱਖੀ ਰਿਸ਼ਤਿਆਂ ਨੂੰ ਫਰੋਲ ਰਹੀਆਂ ਸਨ। ਦਿਨ ਕਦੋਂ ਢਲ ਗਿਆ ਪਤਾ ਹੀ ਨਹੀਂ ਲੱਗਿਆ, ਮੈਂ ਥੋੜੀ ਹਿੰਮਤ ਕਰਦਿਆਂ ਕਿਹਾ:

"ਬਾਬਿਓ, ਆਪਾਂ ਬੱਸ ਵੀ ਫੜਨੀ ਹੈ।"

ਮੇਰਾ ਇਸ਼ਾਰਾ ਭਾਂਪਦਿਆਂ ਲਾਲੀ ਸਾਹਬ ਉਠਣ ਹੀ ਲੱਗੇ ਸਨ ਕਿ ਸ਼ੇਖਰ ਕਹਿਣ ਲੱਗਿਆ, ਪਿਤਾ ਜੀ, ਅਜੇ ਨਹੀਂ ਜਾਣਾ, ਮੈਂ 'ਗੁੰਮਰਾਹੀ' ਦੀ ਸਕਰਿਪਟ ਵੀ ਸੁਣਾਉਣੀ ਹੈ।

ਬਾਬੇ ਮੁਸਕਰਾਏ, ਕਿਸੇ ਦਿਨ ਫੇਰ ਸਹੀ ਸ਼ੇਖਰ, ਅੱਜ ਕਿਤੇ ਲੇਟ ਨਾ ਹੋ ਜਾਈਏ।

ਪਰ ਸ਼ੇਖਰ ਦੀ ਲਾਡ ਭਰੀ ਜ਼ਿੱਦ ਕਰਨ 'ਤੇ ਉਹ ਬੈਠ ਗਏ, ਸਕਰਿਪਟ ਪੜ੍ਹੀ ਜਾਣ ਲੱਗੀ।

ਆਮ ਹਿੰਦੀ ਫ਼ਿਲਮਾਂ ਦੀ ਤਰਜ਼ 'ਤੇ ਸ਼ੇਖਰ ਨੇ ਕਹਾਣੀ ਨੂੰ ਤੋੜਦਿਆਂ-ਮਰੋੜਦਿਆਂ ਉਸ ਵਿਚ ਰੇਪ, ਰੇਸ, ਮੁਜ਼ਰਾ ਤੇ ਝਗੜਾ ਆਦਿ ਵੀ ਪਾ ਦਿੱਤੇ ਸਨ, ਸਕਰਿਪਟ ਸੁਣਾਉਂਦਿਆਂ ਉਹ ਇਸ ਸਭ ਕੁੱਝ ਨੂੰ ਵਾਰ-ਵਾਰ ਇਹ ਕਹਿ ਕੇ ਜਸਟੀਫਾਈ ਕਰੀ ਜਾ ਰਿਹਾ ਸੀ ਕਿ ਇਨ੍ਹਾਂ ਬਿਨਾ ਡਿਸਟਰੀਬਿਊਟਰ ਫ਼ਿਲਮ ਨੂੰ ਚੱਕਦੇ ਨਹੀਂ। ਸਕਰਿਪਟ ਸੁਣਦਿਆਂ ਦੋ-ਢਾਈ ਘੰਟੇ ਹੋਰ ਲੱਗ ਗਏ।

ਲਾਲੀ ਸਾਹਿਬ ਨੇ ਆਰਾਮ ਨਾਲ ਜੁਰਾਬਾਂ ਪਾਈਆਂ, ਬੂਟ ਪਾਏ ਤੇ ਸਿਰਫ਼ ਐਨਾ ਕਹਿ ਕੇ ਉੱਠ ਪਏ, ਚੰਗਾ ਸ਼ੇਖਰ ਹੁਣ ਚੱਲੀਏ, ਪਰ ਸ਼ੇਖਰ ਦੀ ਜ਼ਿੱਦ ਸੀ ਕਿ ਉਸਦੇ ਲਿਖੇ ਸੀਨਾਂ 'ਤੇ ਬਹਿਸ ਕੀਤੀ ਜਾਵੇ ਜਾਂ ਫਿਰ ਲਾਲੀ ਸਾਹਿਬ ਇਹ ਤਾਂ ਦੱਸ ਕੇ ਜਾਣ ਕਿ ਉਨ੍ਹਾਂ ਨੂੰ ਇਹ ਸਭ ਕਿਵੇਂ ਲੱਗਿਆ ਹੈ।

ਬਾਬਿਆਂ ਨੇ ਠਰੰਮੇ ਨਾਲ ਸਮਝਾਇਆ, "ਬੱਸ ਲੱਗੇ ਰਹੋ ਸ਼ੇਖਰ, ਕਲਾ ਦੇ ਰਾਹ 'ਤੇ ਲਗਾਤਾਰ ਤੁਰਨ ਮਗਰੋਂ ਹੀ ਧੁੰਦਲਕਾ ਛਟਦਾ ਹੈ।"

ਇਸ਼ਾਰੇ ਵਿਚ ਕੀਤੀ ਗੱਲ ਨੂੰ ਨਾ ਸਮਝਦਿਆਂ ਸ਼ੇਖਰ ਨੇ ਆਪਣਾ ਸਵਾਲ ਦੁਹਰਾਇਆ, "ਤੁਸੀਂ ਸਮਝੇ ਨਹੀਂ ਬਾਬਿਓ, ਹੋਰ ਗੱਲਾਂ ਫੇਰ ਸਹੀ ਪਰ ਅੱਜ ਮੈਨੂੰ ਘੱਟੋ-ਘੱਟ ਇਹ ਤਾਂ ਦੱਸ ਜਾਓ ਕਿ ਮੂਲ ਕਹਾਣੀ ਵਿਚ ਕੀਤੀਆਂ ਤਬਦੀਲੀਆਂ ਤੁਹਾਨੂੰ ਕਿਹੋ-ਜਿਹੀਆਂ ਲੱਗੀਆਂ ਹਨ, ਖਾਸ ਕਰਕੇ ਜਿੱਥੇ ਮੈਂ ਬਲਵੰਤ ਸਿੰਘ ਦੀ ਕਹਾਣੀ ਨੂੰ ਇੰਮਪਰੂਵ ਕੀਤਾ ਹੈ।"

ਬਾਬਿਆਂ ਦਾ ਹੁਣ ਤੱਕ ਰੱਖਿਆ ਜ਼ਬਤ ਟੁੱਟ ਗਿਆ, "ਸ਼ੇਖਰ, ਜੇ ਮੈਂ ਜੁੱਤੀ ਪਾ ਲਈ ਹੈ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਮੈਂ ਲਾਹ ਨਹੀਂ ਸਕਦਾ।"

ਗੁਰਦਿਆਲ ਸਿੰਘ ਨਾਵਲਿਸਟ ਤੇ ਲਾਲੀ ਬਾਬੇ ਵਿਚਕਾਰ ਸਾਂਝ ਬਹੁਤ ਪੁਰਾਣੀ ਹੈ, ਇਸੇ ਲਈ ਉਹ ਦੋਵੇਂ ਬੜੀ ਹੀ ਬੇਬਾਕੀ ਨਾਲ ਆਪੋ-ਆਪਣੀ ਗੱਲ ਕਹਿ ਲੈਂਦੇ ਹਨ। ਗੁਰਦਿਆਲ ਹੋਰਾਂ ਦੇ ਨਵੇਂ ਨਾਵਲ 'ਪਰਸਾ' ਬਾਰੇ ਇਨ੍ਹਾਂ ਦੋਹਾਂ ਵਿਚਕਾਰ ਹੋਏ ਤਿੰਨ ਸੰਵਾਦ ਸਾਡੇ ਬੁੱਧੀਜੀਵੀਆਂ ਅਤੇ ਆਲੋਚਕਾਂ ਲਈ ਦਿਲਚਸਪੀ ਦਾ ਕਾਰਨ ਹੋ ਸਕਦੇ ਹਨ, ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਸੰਵਾਦਾਂ ਵਿਚਕਾਰ ਹਰ ਵਾਰ ਤਿੰਨ-ਚਾਰ ਮਹੀਨੇ ਦਾ ਵਕਫ਼ਾ ਹੈ।

-ਲਾਲੀ, ਫੇਰ ਕਿਵੇਂ ਰਿਹਾ 'ਪਰਸਾ'?

-ਅਜੇ ਪੰਜਾਹ ਕੁ ਸਫ਼ੇ ਹੀ ਪੜ੍ਹੇ ਹਨ, ਪੂਰਾ ਪੜ੍ਹ ਕੇ ਗੱਲ ਕਰਾਂਗੇ।

-ਕਿਉਂ ਬਾਬਿਓ, ਕਿੱਥੇ ਕੁ ਪਹੁੰਚੇ ਫੇਰ?

-ਤਕਰੀਬਨ ਸੌ ਕੁ ਸਫ਼ੇ ਪੜ੍ਹ ਲਏ ਹਨ, ਹੁਣ ਬੱਸ ਉਥੇ ਪਹੁੰਚ ਗਿਆ ਹਾਂ, ਜਿੱਥੇ ਪਰਸਾ ਮੰਜੇ 'ਤੇ ਬੈਠਾ ਹੈ।

-ਗੱਲ ਲੱਗੀ ਫੇਰ ਕਿਸੇ ਸਿਰੇ?

-ਗੱਲ ਸਿਰੇ ਕੀ ਲੱਗਣੀ ਸੀ ਗੁਰਦਿਆਲ, ਤਿੰਨ ਮਹੀਨੇ ਹੋ ਗਏ ਪਰਸਾ ਮੰਜੇ ਤੋਂ ਉਠਦਾ ਹੀ ਨਹੀਂ।

ਰਾਮ ਸਰੂਪ ਅਣਖੀ ਦੇ ਬੇਟੇ ਦਾ ਵਿਆਹ ਸੀ, ਇਸ ਮੌਕੇ ਸੁਖਬੀਰ ਜੀ, ਲਾਲੀ ਬਾਬਾ ਤੇ ਮੈਂ ਪਰਿਵਾਰ ਸਹਿਤ ਸ਼ਾਮਲ ਹੋਏ, ਉਨ੍ਹੀਂ ਦਿਨੀਂ 'ਪਰਤਾਪੀ' ਦੀਆਂ ਧੁੰਮਾਂ ਸਨ, ਮਠਿਆਈ ਖਾਂਦਿਆਂ ਕਿਸੇ ਨੇ ਕਿਹਾ, "ਬਾਬਿਓ 'ਪਰਤਾਪੀ' ਨੇ ਤਾਂ ਢਾਹ ਲਿਆ ਪਰਸੇ ਨੂੰ।"

ਇਕ ਹੋਰ ਪਾਠਕ ਜੋ ਉਮਰ ਪੱਖੋਂ ਲਾਲੀ ਸਾਹਬ ਦੇ ਹਾਣ ਦਾ ਹੀ ਲਗਦਾ ਸੀ ਬੋਲਿਆ, "ਤੈਂ ਪੜ੍ਹਿਆ ਲਾਲੀ ਪਰਤਾਪੀ।"

ਲਾਲੀ ਹੋਰਾਂ ਦਾ ਉੱਤਰ ਸੀ, "ਅਸੀਂ ਵੀ ਪੜ੍ਹ ਲਵਾਂਗੇ, ਪਰ ਇਸ ਤੋਂ ਪਹਿਲਾਂ ਕਿ ਇਹ ਸ਼ਰੇਆਮ ਇੱਕ ਦੂਜੇ ਨੂੰ ਢਾਹ ਲੈਣ ਆਪਾਂ ਇਨ੍ਹਾਂ ਨੂੰ ਬਾਹਰੋ-ਬਾਹਰ 'ਕੱਠਿਆਂ ਕਿਉਂ ਨਾ ਤੋਰ ਦਈਏ'।"

ਉਸ ਪਾਠਕ ਨੇ ਸਮਝਾਇਆ, "ਬਾਹਰੋ-ਬਾਹਰ ਕਿਉਂ ਲਾਲੀ? ਵਿਆਹ ਕਿਉਂ ਨਾ ਕਰਵਾਈਏ ਇਨ੍ਹਾਂ ਦੋਹਾਂ ਦਾ, ਭਰੀ ਬਰਾਦਰੀ 'ਚ ਲੱਗੇ ਤਾਂ ਸਹੀ ਬਈ ਕੋਈ ਅਕਲ ਵਾਲਾ ਕੰਮ ਕੀਤਾ ਹੈ।"



*1990ਵਿਆਂ ਦੀ ਇਸ ਤਸਵੀਰ ਵਿਚ ਲਾਲੀ ਬਾਬਾ (ਐਨ ਖੱਬੇ) ਪੰਜਾਬੀ ਯੂਨੀਵਰਸਿਟੀ ਦੇ ਕਾਫੀ ਹਾਊਸ ਦੇ ਬਾਹਰ ਗੁਰਦਿਆਲ ਸਿੰਘ ਬਲ ਅਤੇ ਇਕ ਹੋਰ ਮਿੱਤਰ ਨਾਲ ਬੈਠੇ ਨਜ਼ਰ ਆ ਰਹੇ ਹਨ*

ਬਾਬੇ ਲਾਲੀ ਨੇ ਆਪਣਾ ਹੱਥ ਹਵਾ ਵਿਚ ਲਹਿਰਾਉਂਦਿਆਂ ਕਿਹਾ, ਬਹੁਤੀਆਂ ਅਕਲਾਂ ਕਰਕੇ ਹੀ ਤਾਂ ਪੰਜਾਬੀ 'ਚ ਜ਼ੋਰਬੇ ਦਾ ਜੰਮਣਾ ਲੇਟ ਹੋ ਗਿਆ ਹੈ।

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਲਾਲੀ ਪੰਜਾਬੀ ਯੂਨੀਵਰਸਿਟੀ ਵਿਖੇ ਪੜ੍ਹਾਉਂਦੇ ਸਨ, ਕਲਾਸਾਂ ਵਿਚ ਘੱਟ ਪਰ ਰੁੱਖਾਂ ਥੱਲੇ ਉਨ੍ਹਾਂ ਦੀ ਪ੍ਰਵਚਨ ਧਾਰਾ ਵੱਧ ਚਲਦੀ ਸੀ।

ਇਕ ਦਿਨ ਇਕ ਅਣਜਾਣ ਬੰਦਾ ਕਿਸੇ ਜਾਣਕਾਰੀ ਦੇ ਹਵਾਲੇ ਨਾਲ ਉਨ੍ਹਾਂ ਨੂੰ ਮਿਲਣ ਆਇਆ, ਉਹ ਉਸ ਨੂੰ ਕਾਫੀ ਹਾਊਸ ਲੈ ਗਏ, ਚਾਹ ਪੀਂਦਿਆਂ ਗੱਲਬਾਤ ਇੰਜ ਹੋਈ,

-ਸੁਣਾਓ, ਯੂਨੀਵਰਸਿਟੀ ਕਿਵੇਂ ਆਏ?

...ਦੀ ਨੌਕਰੀ ਵਾਸਤੇ ਇੰਟਰਵਿਊ ਦੇਣ ਆਇਆ ਹਾਂ ਜੀ।

-ਪਰਮਾਤਮਾ ਭਲੀ ਕਰੇ ਪਰ ਅੱਜ ਕੱਲ੍ਹ ਕੰਪੀਟੀਸ਼ਨ ਬਹੁਤ ਹੈ।

-ਕੰਪੀਟੀਸ਼ਨ ਦਾ ਡਰ ਤਾਂ ਜਿਨ੍ਹਾਂ ਨੂੰ ਹੋਊ, ਹੋਊ। ਆਪਾਂ ਨੂੰ ਨਹੀਂ ਹੈ। ਪ੍ਰੋ. ਸਾਹਿਬ, ਮੈਨੂੰ ਤਾਂ ਲਗਦੈ ਇੰਟਰਵਿਊ ਜਿਵੇਂ ਬੱਸ ਫਾਰਮੈਲਟੀ ਹੋਵੇ।

-ਕਈ ਵਾਰ ਇੰਜ ਵੀ ਹੋ ਜਾਂਦਾ ਹੈ ਜੀ ਜੇ ਕਿਸੇ ਕੋਲ ਯੋਗਤਾ ਤੋਂ ਬਿਨਾ ਕੋਈ ਹੋਰ ਗਿੱਦੜਸਿੰਗੀ ਹੋਵੇ।

ਉਹ ਤਾਂ ਖ਼ੈਰ ਹੈ ਹੀ, ਪਰ ਯੋਗਤਾ ਦੇ ਆਧਾਰ 'ਤੇ ਵੀ ਆਪਣਾ ਕੇਸ ਬਹੁਤ ਸਟਰੌਂਗ ਹੈ ਜੀ। ਇਨ੍ਹਾਂ ਨੇ ਮੁੱਢਲੀ ਯੋਗਤਾ ਸੰਬੰਧਤ ਵਿਸ਼ੇ 'ਚ ਪਚਵੰਜਾ ਪ੍ਰਤੀਸ਼ਤ ਨੰਬਰਾਂ ਸਹਿਤ ਐਮ. ਏ. ਰੱਖੀ ਹੈ। ਮੈਂ ਤਿੰਨ ਐਮ. ਏ. ਕੀਤੀਆਂ ਹਨ। ਫਿਰ ਪੀ. ਐਚ. ਡੀ., ਹੋਰ ਤਾਂ ਹੋਰ ਫਲਾਂ-ਫਲਾਂ ਯੂਨੀਵਰਸਿਟੀ ਤੋਂ ਇਸ ਵਿਸ਼ੇ ਨਾਲ ਸੰਬੰਧਤ ਤਿੰਨ ਡਿਪਲੋਮੇ ਵੀ ਪ੍ਰਾਪਤ ਕੀਤੇ ਹਨ, ਫਿਰ ਲੋੜੀਂਦਾ ਤਜ਼ਰਬਾ ਵੀ ਹੈ।

-ਅਸੀਂ ਤਾਂ ਇਹੀ ਸੁੱਖ ਮੰਗਦੇ ਹਾਂ ਕਿ ਤੁਹਾਡਾ ਕੰਮ ਹੋ ਜਾਏ। ਮੈਨੂੰ ਵੀ ਤੇ ਆਪਣੇ ਸਾਂਝੇ ਬੰਦੇ ਨੂੰ ਵੀ ਬਹੁਤ ਖੁਸ਼ੀ ਹੋਵੇਗੀ।

-ਮੇਰੀ ਸਿਲੈਕਸ਼ਨ ਤੋਂ ਬਾਅਦ ਜੀ ਤਾਂ ਹੁਣ ਉਹ ਆਪਾਂ ਦੋਹਾਂ ਨੂੰ ਮਿਲਣ ਇੱਥੇ ਆਇਆ ਕਰਨਗੇ। ਉਨ੍ਹਾਂ ਨੂੰ ਵੀ ਮੇਰੀ ਸਿਲੈਕਸ਼ਨ ਦੀ ਪੂਰੀ ਉਮੀਦ ਹੈ, ਹੋਵੇ ਵੀ ਕਿਉਂ ਨਾ, ਤਿੰਨ ਐਮ. ਏ., ਪੀ. ਐਚ. ਡੀ., ਡਿਪਲੋਮੇ ਤੇ ਫਿਰ ਤਜ਼ਰਬਾ..।

-ਬਸ ਲਗਨ ਦੀ ਗੱਲ ਹੈ ਜੀ, ਇੱਕੋ ਪਾਸੇ ਤੁਰਨ ਦੀ ਕਾਹਲ 'ਚ ਕਈ ਵਾਰ ਤਾਂ ਆਪਣਾ ਪਰਛਾਵਾਂ ਵੇਖਣ ਦਾ ਵੀ ਟਾਈਮ ਨਹੀਂ ਹੁੰਦਾ।

-ਆਹ ਗੱਲ ਤੁਸੀਂ ਸੋਲਾਂ ਆਨੇ ਸੱਚ ਕਹੀ ਪ੍ਰੋ. ਸਾਹਬ, ਜੇ ਪਰਛਾਵੇਂ ਵੇਖਦੇ ਰਹਿੰਦੇ ਤਾਂ ਹਰ ਐਮ. ਏ. 'ਚ ਪਚਵੰਜਾ ਪ੍ਰਤੀਸ਼ਤ ਤੋਂ ਵਧ ਨੰਬਰ ਕਿਵੇਂ ਆਉਣੇ ਸੀ, ਫਿਰ ਪੀ. ਐਚ. ਡੀ., ਹੋਰ ਤਾਂ ਹੋਰ ਜਿਹੜੀਆਂ ਦੇਸੀ, ਵਿਦੇਸ਼ੀ ਯੂਨੀਵਰਸਿਟੀਆਂ ਤੋਂ ਮੈਂ ਕੌਰਸਪੌਂਡੈਂਸ ਰਾਹੀਂ (ਡਾਕ ਰਾਹੀਂ) ਡਿਪਲੋਮੇ ਲਏ ਹਨ, ਉਨ੍ਹਾਂ ਦਾ ਤਾਂ ਸਿਲੈਕਸ਼ਨ ਕਮੇਟੀ ਵਾਲਿਆਂ ਨੇ ਤਾਂ ਨਾਂ ਵੀ ਨਹੀਂ ਸੁਣਿਆ ਹੋਣਾ।

-ਫਿਰ ਤਾਂ ਸਾਡੀ ਯੂਨੀਵਰਸਿਟੀ ਦੇ ਭਾਗ ਜਾਗ ਪੈਣਗੇ ਜੀ।

-ਭਾਗ ਜਾਗਣ ਨਾ ਜਾਗਣ, ਆਪਣਾ ਤਾਂ ਬਾਬਿਓ ਮੁੱਢ ਤੋਂ ਹੀ ਇੱਕ ਅਸੂਲ ਰਿਹਾ ਹੈ ਬਈ ਜਿਸ ਪਾਸੇ ਲੱਗੋ, ਐਨ ਧੁਰ ਤੱਕ ਪਹੁੰਚੋ, ਤੁਹਾਨੂੰ ਵੀ ਤਾਂ ਯੂਨੀਵਰਸਿਟੀ 'ਚ ਪੜ੍ਹਾਉਂਦਿਆਂ ਐਨੇ ਸਾਲ ਹੋ ਗਏ ਹਨ, ਇਸ ਪੋਸਟ ਲਈ ਤੁਸੀਂ ਪਹਿਲਾਂ ਵੀ ਅਜਿਹਾ ਕੈਂਡੀਡੇਟ ਵੇਖਿਆ ਜਿਸ ਨੇ ਤਿੰਨ ਐਮ. ਏ....

-ਚਲੋ ਗੱਲ ਮੁਕਾਓ। ਇਹ ਸਭ ਕੁਝ ਤਾਂ ਤੁਸੀਂ ਸਿਲੈਕਸ਼ਨ ਕਮੇਟੀ ਵਾਲਿਆਂ ਨੂੰ ਦੱਸਣਾ। ਵਾਕਫ ਦੇ ਤੌਰ 'ਤੇ ਮੈਨੂੰ ਤਾਂ ਬਸ ਇਹੋ ਦੱਸੋ ਕਿ ਕੁੱਝ 'ਪੜ੍ਹੇ ਲਿਖੇ' ਵੀ ਹੋ ਕਿ ਨਹੀਂ, ਤਾਂ ਕਿ ਫਿਰ ਉਸ ਬਾਰੇ ਆਪਾਂ ਕੋਈ ਗੱਲ ਸਾਂਝੀ ਕਰੀਏ।

ਅਸੀਂ ਸ਼ੋਫੋਕਲੀਜ਼ ਲਿਖਤ ਨਾਟਕ ਰਾਜਾ ਇਡੀਪਸ ਦੀਆਂ ਰਿਹਰਸਲਾਂ ਕਰ ਰਹੇ ਸਾਂ ਜੋ ਹਰਜੀਤ ਕੈਂਥ ਦੇ ਨਿਰਦੇਸ਼ਨ 'ਚ ਹੋਣਾ ਸੀ। ਅਸੀਂ ਲਾਲੀ ਸਾਹਬ ਨੂੰ ਬੇਨਤੀ ਕੀਤੀ ਕਿ ਉਹ ਰਿਹਰਸਲਾਂ 'ਚ ਜ਼ਰੂਰ ਆਇਆ ਕਰਨ, ਉਨ੍ਹਾਂ ਨੇ ਪੁੱਛਿਆ, ਏਸ ਗਰੀਕ ਟਰੈਜਿਡੀ ਨੂੰ ਤੁਸੀਂ ਕਿਹੜੀ ਬੋਲੀ 'ਚ ਖੇਡ ਰਹੇ ਹੋ? ਮੈਂ ਦੱਸਿਆ ਕਿ ਸਾਡੇ ਕੋਲ ਹਜ਼ਰਤ ਅਵਾਰਾ ਦਾ ਕੀਤਾ ਹੋਇਆ ਉਰਦੂ ਅਨੁਵਾਦ ਹੈ ਤੇ ਅਸੀਂ ਇਸ ਨੂੰ ਉਰਦੂ ਵਿਚ ਖੇਡਣ ਦਾ ਫ਼ੈਸਲਾ ਕੀਤਾ ਹੈ। ਰਿਹਰਸਲਾਂ ਦੌਰਾਨ ਉਨ੍ਹਾਂ ਨੇ ਸਾਡੇ ਉਰਦੂ ਉਚਾਰਣ ਦੀਆਂ ਕਮੀਆਂ ਮਹਿਸੂਸੀਆਂ। ਇਕ ਦਿਨ ਚਾਹ ਪੀਂਦਿਆਂ ਕਹਿਣ ਲੱਗੇ, ਤੁਸੀਂ ਤਾਂ ਕਹਿੰਦੇ ਸੀ ਨਾਟਕ ਉਰਦੂ 'ਚ ਖੇਡਣਾ ਹੈ, ਪਰ ਤੁਸੀਂ ਤਾਂ ਸਿੱਧੀ ਗਰੀਕ ਹੀ ਬੋਲ ਰਹੇ ਹੋ।

ਫਿਰ ਉਨ੍ਹਾਂ ਨੇ ਉਰਦੂ ਉਚਾਰਣ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਉਂਦਿਆਂ ਹੋਰ ਗੱਲਾਂ ਤੋਂ ਇਲਾਵਾ ਗ ਤੇ ਗ਼, ਜ ਤੇ ਜ਼ ਦੇ ਉਚਾਰਣ ਦੀ ਸਹੀ ਸਮਝ ਸਾਨੂੰ ਦਿੱਤੀ, ਸੋਫ਼ੋਕਲੀਜ਼ ਦੀ ਮਹਾਨਤਾ ਸਮਝਾਉਂਦਿਆਂ ਸਾਨੂੰ ਦੱਸਿਆ ਕਿ ਇਹ ਨਾਟਕ ਆਪਣੀ ਬਣਤਰ ਕਰਕੇ ਹੀ ਵੱਡਾ ਨਹੀਂ ਸਗੋਂ ਮਨੁੱਖੀ ਮਨ ਦੀਆਂ ਡੂੰਘਾਈਆਂ ਨੂੰ ਵੀ ਇੱਕ ਖਾਸ ਕਿਸਮ ਦੀ ਮਾਨਸਿਕ ਉਚਾਈ 'ਤੇ ਵੇਖਣ ਦਾ ਮੌਕਾ ਦਿੰਦਾ ਹੈ। ਇਸੇ ਲਈ ਇਸ ਨਾਟਕ ਵਿਚ ਵਾਪਰੀ ਮੁੱਖ ਘਟਨਾ (ਮਾਂ-ਪੁੱਤ ਦੇ ਸਰੀਰਕ ਸੰਬੰਧ) ਨੂੰ ਆਧਾਰ ਬਣਾਉਂਦਿਆਂ ਫਰਾਇਡ ਨੇ ਇਸ ਕਿਸਮ ਦੀ ਰੁਚੀ ਨੂੰ ਇਡੀਪਸ ਕੰਪਲੈਕਸ ਦਾ ਨਾਂ ਦਿੰਦਿਆਂ ਸੋਫ਼ੋਕਲੀਜ਼ ਨੂੰ ਆਪਣੀ ਸ਼ਰਧਾਂਜਲੀ ਭੇਂਟ ਕੀਤੀ। ਇਸੇ ਤਰ੍ਹਾਂ ਦੀਆਂ ਉਦਾਹਰਨਾਂ ਦਿੰਦਿਆਂ ਉਨ੍ਹਾਂ ਰੂਸੀ ਨਿਰਦੇਸ਼ਕ ਸਤਾਨਿਸਲਾਵਸਕੀ ਬਾਰੇ ਵੀ ਸਮਝਾਇਆ ਕਿ ਕਿਹੜੀਆਂ ਤਕਨੀਕਾਂ ਰਾਹੀਂ ਉਹ ਆਪਣੇ ਐਕਟਰਾਂ ਕੋਲੋਂ, ਬਿਨਾ ਕੋਈ ਦਬਾਅ ਪਾਏ, ਮਨਚਾਹਿਆ ਅਭਿਨੈ ਕਰਵਾ ਲੈਂਦਾ ਸੀ। ਉਹੀ ਤਕਨੀਕਾਂ ਸਮਾਂ ਪਾ ਕੇ ਰੂਸੀ ਮਨੋਚਿਕਿਤਸਕਾਂ ਨੇ ਵੀ ਵੱਖ-ਵੱਖ ਪਰਸਥਿਤੀਆਂ ਵਿਚ ਆਪਣੇ ਮਰੀਜ਼ਾਂ 'ਤੇ ਵੀ ਸਫਲਤਾਪੂਰਵਕ ਅਜ਼ਮਾਈਆਂ।

ਨਾਟਕ ਇਡੀਪਸ ਦੀ ਆਪਣੀ ਪਰਜਾ ਨੂੰ ਦਿੱਤੀ ਜਾ ਰਹੀ ਇਕ ਸਪੀਚ ਨਾਲ ਸ਼ੁਰੂ ਹੁੰਦਾ ਹੈ। ਸਪੀਚ ਦੇ ਸੰਬੋਧਨੀ ਸ਼ਬਦ ਸੀ, "ਅਜ਼ੀਜ਼ੋ!" ਪਰਦਾ ਉਠਣ ਤੋਂ ਕੋਈ ਪੰਦਰਾਂ ਕੁ ਮਿੰਟ ਪਹਿਲਾਂ ਉਹ ਮੇਰੇ ਕੋਲ ਆਏ, ਸਮਝਾਉਣ ਲੱਗੇ, "ਵਾਵਲ ਨਾਲ ਸ਼ੁਰੂ ਕੀਤੀ ਸਪੀਚ ਨਾਲੋਂ ਕੌਨਸੋਨੈਂਟ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ, ਤੂੰ 'ਅਜ਼ੀਜ਼ੋ' ਦੀ ਥਾਂ 'ਮੇਰੇ ਅਜ਼ੀਜ਼ੋ' ਕਰ ਲਈਂ, ਮੈਂ ਪੈਰੀਂ ਹੱਥ ਲਾਏ।

ਰੱਬ ਦੀ ਮਾਰ, ਨਾਟਕ ਪੂਰੀ ਤਰ੍ਹਾਂ ਫ਼ਲਾਪ ਹੋ ਗਿਆ, ਸ਼ੋਅ ਤੋਂ ਬਾਅਦ ਉਹ ਆਏ। ਖਾਮੋਸ਼ੀ ਨਾਲ ਮੇਰੇ ਮੋਢੇ 'ਤੇ ਹੱਥ ਰੱਖਿਆ। ਮੇਰੇ ਹੰਝੂ ਨਿਕਲ ਆਏ। ਉਨ੍ਹਾਂ ਮੈਨੂੰ ਆਪਣਾ

(ਬਾਕੀ ਸਫ਼ਾ 34 'ਤੇ)

# ਹਾਰਿਆ ਹੈ ਨਾ ਕੁੱਦੋਵਾਲ, ਨਾ ਹਾਰੇਗਾ ਕਦੀ ਜ਼ਿੰਦਗੀ ਨਾਮ ਹੈ, ਰਾਗ ਕੋਈ ਨਵਾਂ ਗਾਉਣ ਦਾ।

*ਪਿਆਰਾ ਸਿੰਘ ਕੁੱਦੋਵਾਲ ਪਰਦੇਸੀਂ ਵੱਸਦਾ ਉਹ ਸ਼ਾਇਰ ਹੈ ਜਿਸ ਨੂੰ ਆਪਣੀ ਸ਼ਾਇਰੀ ਦਾ ਲੋਹਾ ਮਨਵਾਉਣ ਲਈ ਪਰਦੇਸੀ ਕਵੀ ਜਾਂ ਪਰਦੇਸੀ ਸਾਹਿਤਕਾਰ ਹੋਣ ਦੀ ਡੰਗੋਰੀ ਦੀ ਲੋੜ ਨਹੀਂ। ਉਸ ਦੀ ਕਵਿਤਾ 'ਚ ਜਜ਼ਬਾ ਡੁੱਲ੍ਹ ਡੁੱਲ੍ਹ ਪੈਂਦਾ ਹੈ, ਲੋਕਾਂ ਦਾ ਦਰਦ ਹੈ ਅਤੇ ਸੰਘਰਸ਼ ਕਰਨ ਦਾ ਚਾਅ ਤੇ ਚੜ੍ਹਦੀ ਕਲਾ ਦਾ ਅਹਿਸਾਸ ਡੁੱਲ੍ਹ ਡੁੱਲ੍ਹ ਪੈਂਦਾ ਹੈ। ਹਾਲ ਹੀ ਵਿਚ ਉਸ ਦੀ ਇਕ ਕਾਵਿ ਪੁਸਤਕ 'ਸਮਿਆਂ ਤੋਂ ਪਾਰ' ਛਪ ਕੇ ਆਈ ਹੈ। ਹਾਜ਼ਰ ਨੇ ਇਸ ਪੁਸਤਕ ਵਿਚੋਂ ਕੁਝ ਨਜ਼ਮਾਂ। -ਸੰਪਾਦਕ*

## ਸਮਿਆਂ ਤੋਂ ਪਾਰ

ਘਰ ਬਸਤੀ ਰਾਖ, ਸ਼ਹਿਰ ਰਾਖਸ਼ ਨਾਲ ਭਿੜ ਰਿਹੈ।
ਜ਼ਿੰਦਾ ਰਹੀ ਮੇਰੀ ਆਸ ਇਰਾਦਾ ਵੀ ਦ੍ਰਿੜ ਰਿਹੈ।
ਬਾਬਰ ਔਰੰਗ ਹਿਟਲਰ, ਮੁੜ ਮੁੜ ਆਉਂਦੇ ਜਾਪਦੇ
ਸ਼ਹਿਰ ਮੇਰਾ ਪਾਣੀ ਕਦੇ ਅੱਗ ਵਿਚ ਇਉਂ ਘਿਰ ਰਿਹੈ।
ਸੁਣਿਐ ਪਾਪੀ ਮਾਰਨ ਲਈ, ਪਾਪ ਹੁੰਦਾ ਮਹਾਂਬਲੀ
ਕੀ ਹੋਵੇਗਾ ਪਾਪ ਦਾ ਅੰਤ, ਸਦੀਆਂ ਤੋਂ ਜੋ ਫ਼ਿਰ ਰਿਹੈ।
ਮੌਤ ਤਾਂ ਪਹਿਲਾਂ ਵੀ ਆਈ ਕਈ ਵਾਰ ਸ਼ਹਿਰ ਵਿਚ
ਹਰ ਵਾਰ ਕੋਈ ਮਸੀਹਾ ਦਿੰਦਾ ਆਪਣਾ ਸਿਰ ਰਿਹੈ।
ਉਂਵ ਤਾਂ ਇਸ ਸ਼ਹਿਰ ਦਾ ਹਰ ਸ਼ਖਸ਼ ਕੰਡਾ ਬਣ ਚੁੱਕੈ
ਕੌਣ ਹੈ ਜੋ ਬਣ ਕੇ ਖੁਸ਼ਬੂ ਵਿਚ ਹਵਾ ਦੇ ਬਿਖਰ ਰਿਹੈ।
ਬੇਸ਼ਕ ਅੱਗ ਬਹੁਰੰਗੀ, ਲੱਗੀ ਹੈ ਹਰ ਘਰ ਅੰਦਰ
ਹਰ ਘਰ ਅੰਦਰ ਖੁਸ਼ਬੂ ਦਿੰਦਾ, ਫੁੱਲ ਵੀ ਹੈ ਖਿੜ ਰਿਹੈ।
ਚੰਨ ਤੇ ਕਦੇ ਮੰਗਲ 'ਤੇ ਜਾਵਾਂ, ਤੈਨੂੰ ਭੁਲਾਉਣ ਲਈ
ਕੌਣ ਹੈ, ਫਿਰ ਸੁਰਤੀ ਵਿਚ, ਜੋ ਤੈਨੂੰ ਸਿਮਰ ਰਿਹੈ।
ਬਸਤੀ ਛੱਡ ਕੇ ਕੁੱਦੋਵਾਲ, ਟੁਰ ਗਿਆ ਹੈ ਬਹੁਤ ਦੂਰ
ਉਹੀ ਹੈ ਜੋ ਸ਼ਹਿਰ ਦੀ, ਕੈਨਵਸ ਤੇ ਯਾਦਾਂ ਚਿਤਰ ਰਿਹੈ।
ਕੁੱਦੋਵਾਲ ਕੀ ਉਹਦਾ ਜੀਣਾ, ਜੋ ਮਰ ਮਰ ਕੇ ਜੀਵਿਆ
ਉਹ ਸਮਿਆਂ ਤੋਂ ਪਾਰ ਗਿਆ, ਜੋ ਖੜਾ ਸਥਿਰ ਰਿਹੈ।

## ਦੁੱਖ ਸੁੱਖ

ਫੁੱਲ ਦੁੱਖ ਸੁੱਖ ਦੇ, ਖਿੜਦੇ ਤੇ ਝੜ ਜਾਂਦੇ ਨੇ।
ਜ਼ਖਮ ਡੂੰਘੇ ਵੀ ਹੋਵਣ, ਇੱਕ ਦਿਨ ਭਰ ਜਾਂਦੇ ਨੇ।
ਖੜ੍ਹ ਜਾਵੇ ਨਿੱਤ ਉਲਝਣ ਮੇਰੀ ਰਾਹ ਵਿਚ ਮੇਰੇ
ਉਂਜ ਤਾਂ ਸਾਰੇ ਰਸਤੇ ਹੀ ਤੇਰੇ ਘਰ ਜਾਂਦੇ ਨੇ।
ਰੋਜ਼ ਰਾਤ ਨੂੰ ਸੁਫ਼ਨੇ ਮੇਰੇ ਤੇਰੇ ਘਰ ਜਾਵਣ
ਤੇਰੀਆਂ ਕੰਧਾਂ ਨਾਲ ਜੂਝ ਕੇ ਮਰ ਜਾਂਦੇ ਨੇ।
ਸਮੇਂ ਦਾ ਗੇੜ ਹੈ ਜਾਂ ਸੋਚ ਦਾ ਫੇਰ ਅੱਜ ਕੱਲ
ਬੋਲੀ ਬਦਲਦੇ ਸਾਥੀ ਤੇ ਰਾਹ ਬਿਖਰ ਜਾਂਦੇ ਨੇ।
ਰੋਸ਼ਨ ਮੁਨਾਰਾ ਵੀ ਹੋਵੇ ਤੇ ਦਿਲ ਨੂੰ ਪਿਆਰਾ ਵੀ
ਉਹ ਸੂਰਜ ਨੇ ਕਿਥੇ ਜੋ ਦੂਰ ਹਨੇਰਾ ਕਰ ਜਾਂਦੇ ਨੇ।
ਤੇਰੇ ਘਰ ਦਾ ਬੂਹਾ ਬੰਦ ਮੇਰੇ ਦਿਲ ਦੀ ਧੜਕਣ
ਲੋਕੋ ਮੁਹੱਬਤ ਦੇ ਵਣਜਾਰੇ ਹੋ ਬੇਘਰ ਜਾਂਦੇ ਨੇ।
ਜਿਸ ਸ਼ਹਿਰ ਵਿਚ ਲੋਕ ਵਸੀਦੇ ਕੁੱਦੋਵਾਲ ਨਹੀਂ
ਉਸ ਸ਼ਹਿਰ ਦੇ ਰਾਹ ਵੀ ਅਕਸਰ ਵਿਸਰ ਜਾਂਦੇ ਨੇ।

## ਦਾਗ਼

ਕਿਉਂ ਬਿਨ ਮਤਲਬ ਲੋਕੀ, ਰੋਂਦੇ ਰਹਿੰਦੇ ਨੇ।
ਸਭ ਕੁੱਝ ਤੇ ਨਹੀਂ ਮਿਲਦਾ, ਸਿਆਣੇ ਕਹਿੰਦੇ ਨੇ।
ਦੇਖ ਕੇ ਤੇਰੇ, ਆਪਣੇ ਦਰਦ ਵੀ ਜਾਗ ਪਏ
ਦਾਗ਼ ਜ਼ਖਮ ਦੇ, ਆਪ ਕਹਾਣੀ ਕਹਿੰਦੇ ਨੇ।
ਅੱਤ ਜਨੂੰਨੀ, ਕੱਟਰਪੰਥੀ, ਦਹਿਸ਼ਤਗਰਦ
ਦੁਸ਼ਮਣ ਮਾਨਵਤਾ ਦੇ, ਕਿਤੇ ਵੀ ਰਹਿੰਦੇ ਨੇ।
ਰੋਜ਼ ਰਾਤ ਨੂੰ, ਪਿੰਡ ਵੀ ਜੰਗਲ ਬਣ ਜਾਂਦਾ
ਤ੍ਰਿਆਸੀ ਤੋਂ ਤਿਰਾਨਵੇਂ, ਤੀਕਰ ਕਹਿੰਦੇ ਨੇ।
ਜੇਲ੍ਹਾਂ, ਤਿਹਾੜ, ਸਾਇਬੇਰੀਆ, ਅਬੂਗਰੀਬ, ਦੀਆਂ
ਮਾਰਾਂ ਇਕੋ ਜਿਹੀਆਂ, ਚੜ੍ਹਦੇ ਲਹਿੰਦੇ ਨੇ।
ਰਹਿਬਰ ਅੱਜ ਕੱਲ, ਭੁੱਲ ਬੈਠੇ ਨੇ ਰਾਹਬਰੀ
ਬੰਦਿਆਂ ਅੰਦਰ ਬੈਠੇ, ਝੋਟੇ ਖਹਿੰਦੇ ਨੇ।
ਦਿਲ ਦਰਵਾਜ਼ੇ ਬੰਦ, ਦਿਮਾਗੀ ਜੰਦਰੇ
ਕੁੱਦੋਵਾਲ ਹੁਣ ਨੇਤਾ, ਸੁੱਖ ਨਾਲ ਰਹਿੰਦੇ ਨੇ।

## ਚਿਰਾਗ

ਜਗਦਾ ਜਦੋਂ ਵੀ, ਕਿਸੇ ਘਰ ਦਾ ਚਿਰਾਗ।
ਹਨੇਰਾ ਦੂਰ ਤੱਕ ਢੋਂਹਦਾ, ਉਸਦਾ ਸੁਰਾਗ।
ਕੁੜਤੀ ਮਲਮਲ ਦੀ, ਨਹੀਂ ਕੱਲੀ ਗੁਨਾਹਗਾਰ
ਚਿੱਟੇ ਚੋਲੇ ਵੀ ਹੁੰਦੇ ਨੇ, ਅਕਸਰ ਦਾਗੋਦਾਗ।
ਤੂੰ ਸੰਭਲ ਤੇ ਸੰਭਾਲ, ਆਪਣੀ ਤਲਵਾਰ
ਸਿਰ ਦੇਣਾ ਹੈ ਮੈਂ, ਇਹ ਹੈ ਮੇਰਾ ਸੁਭਾਗ।
ਸਿਰਫ ਜੀਣਾ ਨਹੀਂ, ਮਰਨਾ ਵੀ ਹੈ ਇੱਕ ਅਦਾ
ਜ਼ਿੰਦਗੀ ਉਹ ਹੈ, ਜੋ ਮੌਤ ਪਿਛੋਂ ਵੀ ਰਹੇ ਬੇਦਾਗ।
ਸਿਰ ਤਲੀ ਤੇ ਰੱਖਣਾ, ਮਕਤਲ ਵੱਲ ਤੁਰਨਾ
ਗਾਉਣਾ ਸਦੀਆਂ ਨੇ, ਐਸੇ ਹੀ ਪਲਾਂ ਦਾ ਰਾਗ।
ਰਸ਼ਕ ਹੁੰਦੈ ਤੱਕ ਕੇ, ਕਈ ਬੁੰਗੇ ਸ਼ਹੀਦਾਂ ਦੇ
ਕਸ਼ਟ ਹੁੰਦੈ ਤੱਕ ਕੇ, ਬੁਝੇ ਘਰਾਂ ਦੇ ਚਿਰਾਗ।
ਨ ਮਿਟਣਗੇ ਕਦੇ, ਸਦਾ ਹੀ ਰਹਿਣਗੇ ਨਿਖਰੇ
ਸੂਹੇ ਚਿੱਤਰ ਨੇ ਕੰਧਾਂ ਤੇ, ਸਾਡੇ ਖੂਨ ਦੇ ਦਾਗ।
ਮਿਟਾਉ ਬੇਸ਼ਕ, ਫੈਲ ਜਾਣਾ ਇਤਿਹਾਸ ਵਿਚ
ਬਣ ਕੇ ਕਥਾ, ਦਿੱਤੀਆਂ ਕੁਰਬਾਨੀਆਂ ਦੀ ਯਾਦ।
ਹਨੇਰੀ ਝੁੱਲਦੀ, ਤਾਂ ਫੁੱਲਾਂ ਦੀ ਰਾਖੀ ਕੌਣ ਬਹਿੰਦੈ
ਐਸੇ ਮੌਸਮਾਂ ਵਿਚ, ਤਾਂ ਉਜੜ ਜਾਂਦੇ ਨੇ ਬਾਗ।

## ਢਾਣੀ

ਇੱਕ ਢਾਣੀ, ਆਪਣੇ ਹੀ, ਸ਼ਹਿਰ ਚਲੀ ਦੋਸਤੋ।
ਅੰਗ ਅੰਗ ਖੇਡਦੀ, ਗਲੀ ਗਲੀ ਦੋਸਤੋ।
ਖਿੜ ਰਹੀ, ਰਾਤ ਦੀ ਰਾਣੀ, ਸੀ ਬੇਖਬਰ
ਰੁੱਤ ਐਸੀ, ਮਸਲ ਦਿੱਤੀ, ਹਰ ਕਲੀ ਦੋਸਤੋ।
ਜੰਮ ਨ ਦਏ ਕਿਤੇ, ਲੋਕਾਂ ਦਾ ਵਾਰਸ
ਪੇਟ ਤੋਂ ਸੀ, ਜੋ ਵੀ ਔਰਤ, ਦਲੀ ਦੋਸਤੋ।
ਵਕਤ ਦਾ ਕਾਨੂੰਨ, ਖੜ੍ਹਾ ਹੱਸਦਾ ਰਿਹਾ
ਅੱਗ ਮੰਗਦੀ ਰਹੀ, ਬੰਦੇ ਦੀ ਬਲੀ ਦੋਸਤੋ।
ਰੁੱਖ ਬੜਾ ਜਦ ਵੀ ਗਿਰੇ, ਆਲ੍ਹਣੇ ਵੀ ਟੁੱਟਦੇ
ਬੇਖਬਰ ਪੰਛੀ, ਅੱਗ ਮਹਾਂ-ਛਲੀ ਦੋਸਤੋ।
ਕੁੱਦੋਵਾਲ ਦੀ ਵੀ, ਕਿਸੇ ਨਾ ਲਈ ਖ਼ਬਰ
ਘਰ ਅੰਦਰ ਲਾਸ਼ ਤੱਕ, ਭਾਵੇਂ ਜਲੀ ਦੋਸਤੋ।

## ਸੂਰਜ

ਮੇਰੇ ਮਨ ਵਿਚ ਚੜ੍ਹ ਗਿਆ ਸੂਰਜ।
ਨ੍ਹੇਰੇ ਮੂਹਰੇ ਅੜ੍ਹ ਗਿਆ ਸੂਰਜ।
ਮੇਰੇ ਦਿਲ ਨੂੰ ਰੌਸ਼ਨ ਕਰਕੇ
ਵਿਚ ਅਕਾਸ਼ੀਂ ਖੜ੍ਹ ਗਿਆ ਸੂਰਜ।
ਇੱਕ ਸਵੇਰ ਨਾ ਦੇਣੀ ਮੰਨਿਆ
ਵੇਖੋ ਕਿਵੇਂ ਤੜ੍ਹ ਗਿਆ ਸੂਰਜ।
ਪੱਛਮ ਵੱਲ ਨੂੰ ਢੋਈ ਜਾਂਦਾ
ਪੂਰਬ ਵਿਚ ਜੁ ਪੜ੍ਹ ਗਿਆ ਸੂਰਜ।



*ਪਿਆਰਾ ਸਿੰਘ ਕੁੱਦੋਵਾਲ (ਖੱਬਿਓਂ ਚੌਥੇ) ਪੁਸਤਕ ਰਿਲੀਜ਼ ਸਮਾਗਮ ਸਮੇਂ*

ਜਜ਼ਬਾਤ ਦੀ ਕਦਰ ਨਾ ਪਾਵੇ
ਤਕਰੀਰਾਂ ਵਿਚ ਹੜ੍ਹ ਗਿਆ ਸੂਰਜ।
ਨਜ਼ਰ ਮੇਰੀ 'ਚੋਂ ਡਿੱਗਿਆ ਏਦਾਂ
ਲੋਕੀਂ ਸਮਝਣ ਮਰ ਗਿਆ ਸੂਰਜ।
ਕਿਰਨਾਂ ਮੈਨੂੰ ਚਿਪਕਣ ਛੂਹਵਣ
ਦੇਖੋ ਕਿਵੇਂ ਸੜ੍ਹ ਗਿਆ ਸੂਰਜ।
ਆਪਣੀ ਰੋਸ਼ਨ ਕਲਾ ਦੇ ਸਦਕੇ
ਕੁੱਦੋਵਾਲ ਕਈ ਘੜ੍ਹ ਗਿਆ ਸੂਰਜ।

## ਚੰਨ

ਤਪਦਾ ਰੇਤਾ, ਕੱਲਾ ਰੁੱਖ, ਰੋਵੇ ਚੰਨ।
ਤੋਪਾਂ ਚੱਲਣ, ਰੀਝਾਂ ਟੁੱਟਣ, ਸੋਵੇ ਚੰਨ।
ਖੁਸ਼ੀ ਗਮੀ ਦਾ ਸੰਗ, ਤੇਰੇ ਸੰਗ ਵਰਗਾ
ਦਰਦ ਆਪਣਾ, ਹੰਝੂਆਂ ਵਿਚ ਡੁਬੋਵੇ ਚੰਨ।
ਪਹਿਲਾਂ ਪਹਿਲਾਂ, ਭਾਤ ਜਹੀ ਪਾ ਛੁਪ ਜਾਵੇ
ਅੱਧਾ ਪੌਣਾ ਚੰਨ, ਵੀ ਲੱਗੇ ਪੂਰਾ ਚੰਨ।
ਤੇਰਾ ਗ਼ਮ, ਇਨਕਲਾਬ ਦਾ ਰਾਹ ਬਣਿਆ
ਮੋਢਿਆਂ ਉਤੇ, ਦੁੱਖ ਲੋਕਾਂ ਦੇ ਢੋਵੇ ਚੰਨ।
ਹੁਣ ਆਜ਼ਾਦੀ, ਜਾਂ ਸ਼ਹਾਦਤ ਪਾਉਣੀ ਹੈ
ਹਿੱਕ ਤਾਣ ਕੇ, ਉਚੀ ਨਜ਼ਰ ਖਲੋਵੇ ਚੰਨ।
ਮੇਰੀ ਬਸਤੀ, ਬਾਰਸ਼ ਕਦੇ ਉਡੀਕੇ ਨਾ
ਰਾਤ ਚਾਨਣੀ, ਛੱਤਾਂ ਥਾਣੀ ਚੋਵੇ ਚੰਨ।
ਸਰਹੱਦਾਂ ਬੰਨੇ, ਤੋੜ ਕੇ ਮੈਂ ਇੱਕ ਕਰਾਂ
ਅੰਬਰਸਰ-ਲਾਹੌਰ 'ਤੇ, ਜਦ ਖਲੋਵੇ ਚੰਨ।
ਕੁੱਦੋਵਾਲ ਤਾਂ, ਬਿਖੜੇ ਰਾਹੀਂ ਤੁਰਦਾ ਹੈ
ਭਾਵੇਂ ਹੋਵੇ ਨਾਲ, ਜਾਂ ਨਾ ਹੋਵੇ ਚੰਨ।

## ਸਮੁੰਦਰ

ਸਮੁੰਦਰ ਚੀਰ, ਪਰਬਤਾਂ ਤੇ ਚੜ੍ਹ ਜਾਵਾਂਗਾ।
ਮੇਰਾ ਵਿਸ਼ਵਾਸ ਹੈ, ਮੈਂ ਤੇਰੇ ਘਰ ਆਵਾਂਗਾ।
ਹਨੇਰੀ ਚੜ੍ਹ ਕੇ ਆਵੇਗੀ, ਉਠਣਗੇ ਬੇਸ਼ਕ ਤੂਫ਼ਾਨ
ਮੇਰਾ ਯਕੀਨ ਹੈ, ਇਤਿਹਾਸ ਮੈਂ ਨਵਾਂ ਘੜ੍ਹ ਜਾਵਾਂਗਾ।
ਕਿਨਾਰਾ ਤੋੜਨਾ, ਕੋਸ਼ਿਸ਼ ਰਹੀ ਲਗਾਤਾਰ ਲਹਿਰਾਂ ਦੀ
ਸੀਨਾ ਤਾਣ ਕੇ ਆਪਣਾ, ਮੈਂ ਸਾਹਵੇਂ ਖੜ੍ਹ ਜਾਵਾਂਗਾ।
ਸਰਮਦ ਨਹੀਂ, ਮਨਸੂਰ ਤੇ ਈਸਾ ਵੀ ਨਹੀਂ ਹਾਂ
ਲੋਕ ਹੱਕਾਂ ਦੀ ਖਾਤਰ, ਪਰ ਸੂਲੀ ਚੜ੍ਹ ਜਾਵਾਂਗਾ।
ਮੇਰੇ ਕਦਮ ਨ ਡੋਲਣਗੇ, ਖੁਦ ਚੱਲ ਕੇ ਆਵਣਗੇ
ਸਿਰ ਤਲੀ 'ਤੇ ਰੱਖ ਆਪਣਾ, ਚੌਕ 'ਚ ਖੜ ਜਾਵਾਂਗਾ।
ਰੌਸ਼ਨ ਰਹੇਗੀ ਸਦਾ, ਨਾ ਬੁੱਝ ਜਾਣ ਦੀ ਕਦੇ ਸ਼ੰਕਾ
ਸ਼ਮਾਂ ਮਾਨਵੀ ਮੁੱਲਾਂ ਦੀ, ਮੈਂ ਜਿਸ ਤੇ ਸੜ ਜਾਵਾਂਗਾ।
ਬੇਸ਼ਕ ਵਿਸ਼ਾਲ ਹੈ ਸਾਗਰ, ਤੇ ਬੜਾ ਗਹਿਰਾ ਵੀ
ਉਸਦੀ ਵੀ ਹੈ ਸੀਮਾ, ਮੈਂ ਜਿਸਨੂੰ ਫੜ ਜਾਵਾਂਗਾ।

## ਸ਼ਹਾਦਤ

ਸੂਰਜ ਛਿਪ ਗਿਐ, ਕਾਇਨਾਤ ਬਦਲ ਰਹੀ ਹੈ।
ਹਨੇਰੇ ਦੀ ਸ਼ਹਿ 'ਚ, ਦਹਿਸ਼ਤ ਮਚਲ ਰਹੀ ਹੈ।
ਜੋ ਕੱਲ ਤੱਕ, ਤੇਰੇ ਸ਼ਹਿਰ ਦੇ ਚੌਕਾਂ 'ਚ ਡੁੱਲ੍ਹਾ
ਉਸ ਲਹੂ ਦੀ ਰੰਗਤ, ਅੱਜ ਕੰਧਾਂ ਤੇ ਚੜ੍ਹ ਰਹੀ ਹੈ।
ਗਲ ਮੇਰੇ ਵਿਚ ਟਾਇਰ ਪਾ, ਮੈਨੂੰ ਜਲਾ ਰਹੇ ਓ
ਸ਼ਹਾਦਤ ਦੇ ਪਰਵਾਨਿਆਂ ਲਈ, ਲਾਟ ਬਲ ਰਹੀ ਹੈ।
ਨੀਤੀ ਚਲਾ ਕੇ ਹਾਰੇ, ਤੋਪਾਂ ਚਲਾ ਕੇ ਹਾਰੇ
ਪਰ ਕੌਮ ਮੇਰੀ, ਕੁਰਬਾਨੀ ਦੀ, ਨਸਲ ਰਹੀ ਹੈ।
'ਹਾਂ ਜੀ ਹਾਂ ਜੀ' ਕਹਿਣਾ, ਤੇ ਖਾਮੋਸ਼ ਰਹਿਣਾ
ਬੱਸ ਇਹੋ ਸਮਝਦਾਰੀ ਮੈਨੂੰ, ਖ਼ਲ ਰਹੀ ਹੈ।
ਕਦੇ ਤਾਂ ਮਰਦ, ਔਰਤ ਦੀ ਕਰੇਗਾ ਕਦਰ
ਆਸ ਇਹੀ, ਦਿਲ ਵਿਚ ਮਿਰੇ, ਪਲ ਰਹੀ ਹੈ।
ਜਿਨ੍ਹਾਂ ਦੇ ਚੁੱਲ੍ਹਿਆਂ 'ਚ, ਕਦੇ ਕਦੇ ਬਲਦੀ ਸੀ ਅੱਗ
ਕੱਲ੍ਹ ਰਾਤ ਤੋਂ ਉਹ ਬਸਤੀ, ਸਾਰੀ ਹੀ ਜਲ ਰਹੀ ਹੈ।
ਬੰਨ ਕੱਫਣ ਸਿਰ ਆਪਣੇ, ਟਿਕਾ ਸਿਰ ਤਲੀ ਆਪਣੀ
ਜਿੱਤ ਜਾਣਾ ਜਾਂ ਮਰ ਜਾਣਾ, ਸੂਰਮਿਆਂ ਦੀ ਗੱਲ ਰਹੀ ਹੈ।

## ਬੇਨਾਮ ਸ਼ਹੀਦਾਂ ਦੇ ਨਾਂ

ਜੋ ਛੱਡ ਗਏ ਵਿਚ ਹਵਾਵਾਂ ਦੇ, ਗੱਲ ਹੋਈ ਮਸ਼ਹੂਰ ਨਹੀਂ।
ਹਰ ਘਰ 'ਚ ਪਹੁੰਚਾਵਾਂਗੇ, ਅਸੀਂ ਭਾਵੇਂ ਅੱਜ ਮਜਬੂਰ ਸਹੀ।
ਅਸੀ ਤੇਰੀਆਂ ਰਾਹਵਾਂ ਤੇ, ਨਿੱਤ ਪਹਿਰਾ ਦੇਵਾਂਗੇ ਸਾਥੀ
ਨਜ਼ਰਾਂ ਤੋਂ ਓਝਲ ਹੋਇਓਂ ਤੂੰ, ਪਰ ਦਿਲ ਤੋਂ ਦੂਰ ਨਹੀਂ।
ਨ ਅਟਕਾਂਗੇ ਨਾ ਭਟਕਾਂਗੇ, ਹਰ ਔਕੜ ਪਹਿਲਾਂ ਝਟਕਾਂਗੇ
ਜੋ ਰਾਹ ਦੇ ਵਿਚ ਭਰਮਾ ਲਵੇ, ਐਸੀ ਕੋਈ ਹੂਰ ਨਹੀਂ।
ਫੱਟ ਖਾ ਖਾ ਜਵਾਨ ਹੋਏ, ਸਾਨੂੰ ਮਿਲਦੀ ਤਾਕਤ ਸੱਟਾਂ ਤੋਂ
ਦਰਦ ਦਵਾ ਹੈ ਸਾਡੇ ਲਈ, ਇਹ ਸ਼ੌਕ ਹੈ ਨਾਸੂਰ ਨਹੀਂ।
ਜਖ਼ਮ ਨਹੀਂ ਇਤਿਹਾਸ ਹੈ, ਬਾਬਰ ਤੋਂ ਅੱਜ ਦੇ ਅੰਤ ਤੱਕ
ਰਿਸਦੇ ਅਜ਼ਾਦੀ ਤੱਕ ਰਖਣੇ ਸੁੱਕ ਜਾਣ ਕਦੇ ਮਨਜ਼ੂਰ ਨਹੀਂ।
ਸ਼ਮਾਂ ਜੋ ਤੁਸੀਂ ਜਗਾਈ ਸੀ, ਵਿਚ ਖੂਨ ਜਵਾਨੀ ਪਾਉਂਦੀ ਰਹੂ
ਜਦ ਕੌਮ ਅਜ਼ਾਦ ਕਹਾਏਗੀ, ਉਹ ਦਿਨ ਜ਼ਿਆਦਾ ਦੂਰ ਨਹੀਂ।
ਹਰ ਸ਼ਖ਼ਸ਼ ਅਜ਼ਾਦੀ ਮਾਣੇ ਸਾਥੀ ਤੇਰੀਆਂ ਵੱਡੀਆਂ ਰੀਝਾਂ ਸਨ
ਬੇਸ਼ਕ ਵੱਢੇ, ਜ਼ਿੰਦਾ ਸਾੜੇ ਗਏ ਪਰ ਜਜ਼ਬੇ ਚਕਨਾਚੂਰ ਨਹੀਂ।
ਕਦੇ ਪਿੱਛੇ ਝਾਤੀ ਮਾਰ, ਅਸੀਂ ਕਿਸ ਮੰਜ਼ਲ ਤੇ ਅਟਕੇ ਹਾਂ
ਲੈ ਕੁੱਦੋਵਾਲ ਦੀ ਸਾਰ ਕਦੇ, ਤੂੰ ਐਨਾ ਵੀ ਮਗ਼ਰੂਰ ਨਹੀਂ।

## ਯਾਦ

ਦਿਲ ਵਿਚ ਆਉਂਦੀ ਰਹਿੰਦੀ, ਯਾਦ ਕਿਸੇ ਦੀ।
ਹੰਝੂ ਨਿੱਤ ਵਗਾਉਂਦੀ ਰਹਿੰਦੀ, ਯਾਦ ਕਿਸੇ ਦੀ।
ਕਲੀਆਂ ਬਣ ਕੇ, ਮਹਿਕਾਂ ਵੰਡੀ ਜਾਂਦੀ ਹੈ
ਸੀਨੇ ਵਿਚ, ਦਰਦ ਲੁਕਾਉਂਦੀ ਯਾਦ ਕਿਸੇ ਦੀ।
ਅੱਖਰ ਧੁਨੀ ਸ਼ਬਦ, ਆਲਾਪ ਰਾਗ ਬਣੇ
ਕੰਨਾਂ ਦੇ ਵਿਚ, ਹਰਦਮ ਗਾਉਂਦੀ ਯਾਦ ਕਿਸੇ ਦੀ।
ਵੇਖ ਲਹੂ ਦਾ ਰੰਗ, ਦੇਸ਼ ਦੇ ਝੰਡੇ ਵਿਚ
ਜ਼ੁਲਮ ਦੇ ਕਿੱਸੇ, ਖੋਹਲ ਵਿਖਾਉਂਦੀ ਯਾਦ ਕਿਸੇ ਦੀ।
ਵਾਂਗ ਪਤੰਗੇ ਉਡ ਕੇ, ਸ਼ਮਾਂ 'ਤੇ ਸੜ੍ਹ ਜਾਂਦੇ
ਅਜ਼ਾਦੀ ਦੀ ਤੜਪ, ਜਗਾਉਂਦੀ ਯਾਦ ਕਿਸੇ ਦੀ।
ਕਥਾ ਤੇਰੀ ਨਿੱਤ ਚਲਦੀ, ਸੱਥਾਂ ਚੌਕਾਂ ਵਿਚ
ਕੁਰਬਾਨੀ ਦਾ, ਰਾਹ ਦਿਖਾਉਂਦੀ ਯਾਦ ਕਿਸੇ ਦੀ।
ਕੁੱਦੋਵਾਲ ਵੀ, ਇਨਕਲਾਬ ਦੇ ਰਾਹ ਤੁਰਿਆ
ਸੂਰਜ ਵਾਂਗੂੰ, ਚੜ੍ਹ ਕੇ ਆਉਂਦੀ ਯਾਦ ਕਿਸੇ ਦੀ।

## ਨਵੇਂ ਪੁਰਾਣੇ ਵਕਤ

ਨਵੇਂ ਪੁਰਾਣੇ ਵਕਤਾਂ ਵਿਚ ਬਹੁਤਾ ਫ਼ਰਕ ਨਹੀਂ।
ਉਦੋਂ ਵੀ ਲੋਕ ਗਰੀਬ ਸਨ ਅੱਜ ਵੀ ਗਰੀਬ ਨੇ।
ਬੇਸ਼ਕ ਲੰਬੀ ਬਹੁਤ ਹੈ, ਇਤਿਹਾਸ ਦੀ ਟੇਢੀ ਸੜਕ
ਉਦੋਂ ਵੀ ਲੋਕ ਅਜੀਬ ਸਨ, ਅੱਜ ਵੀ ਅਜੀਬ ਨੇ।
ਆਮ ਲੋਕਾਂ ਨੂੰ ਕਦੇ, ਪੁੱਛਿਆ ਹੀ ਨਹੀਂ ਕਿਸੇ
ਉਦੋਂ ਵੀ ਉਹ ਨਾਚੀਜ਼ ਸਨ, ਅੱਜ ਵੀ ਨਾਚੀਜ਼ ਨੇ।
ਦਰੋਪਦੀਆਂ ਦਾ ਚੀਰ ਹਰਣ ਜੋ ਕਰਦੇ ਰਹੇ
ਉਦੋਂ ਵੀ ਉਹ ਸ਼ਰੀਫ਼ ਸਨ ਅੱਜ ਵੀ ਸ਼ਰੀਫ਼ ਨੇ।
ਸੀਤਾ ਵਰਗੀਆਂ ਮਾਵਾਂ ਦਿੰਦੀਆਂ ਅਗਨ ਪ੍ਰੀਖਿਆ
ਅੱਜ ਵੀ ਸੜਦੀਆਂ ਮਰਦੀਆਂ ਕੈਸੇ ਨਸੀਬ ਨੇ।
ਔਰਤ ਹੋਣ ਦੀ ਸਜ਼ਾ ਹੋਈ ਕਦੇ ਵੀ ਘੱਟ ਨਾ
ਉਦੋਂ ਸ਼ਰੇਆਮ ਸੀ ਅੱਜ ਕੁੜੀਮਾਰ ਸ਼ਰੀਫ਼ ਨੇ।
ਵਤਨਪ੍ਰਸਤਾਂ ਦੀ ਸਜ਼ਾ ਮੌਤ ਹੀ ਰਹੀ ਸਦਾ
ਉਦੋਂ ਵੀ ਹੁੰਦੇ ਸ਼ਹੀਦ ਸਨ ਅੱਜ ਵੀ ਸ਼ਹੀਦ ਨੇ।
ਕੁੱਦੋਵਾਲ ਇੱਕ ਪਿੰਡ ਸੀ ਅੱਜ ਵੀ ਪਿੰਡ ਹੈ
ਨਾਮ ਲੈਂਦਾ ਤਾਂ ਯਾਦ ਆਵਣ ਨਾਨਕ ਫਰੀਦ ਨੇ।

## ਹਿਸਾਬ

ਕਾਹਦੀ ਸੋਚ, ਕਿਸਦਾ ਗ਼ਮ, ਜੋ ਹੋਣਾ ਸੋ ਹੋਣਾ ਹੈ।
ਮਿਲਿਆ ਜੋ ਮਿੱਟੀ ਹੋਇਆ, ਜੋ ਗੁੰਮਿਆ ਸੋ ਸੋਨਾ ਹੈ।
ਸੋਚ ਕੇ ਪੈਰ ਜ਼ਮੀਨ ਤੇ ਰੱਖੀਂ, ਸਭ ਦਾ ਹਿਸਾਬ ਹੈ ਹੋਣਾ
ਕਰਮਾਂ ਦੀ ਖੇਤੀ ਸੱਜਣਾ, ਉਹ ਵੱਢਣਾ ਜੋ ਬੋਣਾ ਹੈ।
ਹੱਸ ਲੈ ਨੱਚ ਲੈ ਮੌਜਾਂ ਕਰ ਲੈ, ਹੁਸਨ ਜਵਾਨੀ ਚਾਰ ਦਿਹਾੜੇ
ਇਸ਼ਕ ਜਦੋਂ ਸਿਰ ਚੜ੍ਹ ਬੋਲੇ ਕਿਸ ਜਗਣਾ ਕਿਸ ਸੌਣਾ ਹੈ।
ਤੇਰੀਆਂ ਅੱਖਾਂ ਰਾਹੀਂ ਤੱਕਾਂ ਤੇਰੇ ਬੋਲਾਂ ਰਾਹੀਂ ਬੋਲਾਂ
ਰੂਹ ਮੇਰੀ ਵਿਚ ਸੱਜਣ ਵੱਸੇ, ਗੀਤ ਸੱਜਣ ਦਾ ਗਾਉਣਾ ਹੈ।
ਮੇਰੀ ਬਸਤੀ ਖਵਾਬ ਦੇਖਦੀ, ਬਿਜਲੀ ਪਾਣੀ ਛੱਤਾਂ ਦਾ
ਮੰਤਰੀ ਫੋਕੇ ਵਾਅਦੇ ਕੀਤੇ ਮੁੜ ਬਸਤੀ ਕਿਸ ਆਉਣਾ ਹੈ।
ਹਰ ਬਸਤੀ ਹਰ ਸ਼ਹਿਰ ਵਿਚ, ਥਾਂਕਾਂ ਨੇ ਬਾਰੂਦ ਦੀਆਂ
ਕਰੋਧ ਪਲੀਤਾ ਲਾ ਕੇ ਨੇਤਾ, ਸ਼ਾਂਤੀ ਸ਼ਾਂਤੀ ਗਾਉਣਾ ਹੈ।
ਕੁੱਦੋਵਾਲ ਦੀ ਰੂਹ ਹੁਣ ਯਾਰੋ, ਹੱਦਾਂ ਬੰਨੇ ਪਾਰ ਹੋਈ
ਮਾਨਵ ਇੱਕ ਬਰਾਬਰ ਹੋਵੇ, ਇੱਕੋ ਨਾਅਰਾ ਲਾਉਣਾ ਹੈ।

## ਕੁੜੀਆਂ

ਗੱਲਾਂ ਤੇਰੇ, ਸਬਰ ਸਿਦਕ ਦੀਆਂ ਤੁਰੀਆਂ ਨੇ।
ਇਹ ਗੱਲਾਂ ਵੀ, ਚੰਗੀਆਂ ਨਹੀਂ, ਬੁਰੀਆਂ ਨੇ।
ਇਹ ਜੁ ਮੇਰੇ, ਘਰ ਦੀਆਂ ਕੰਧਾਂ ਭੁਰੀਆਂ ਨੇ
ਮੈਨੂੰ ਲਗਦੈ, ਘਰ ਦੀਆਂ ਕੁੜੀਆਂ ਤੁਰੀਆਂ ਨੇ।
ਅੱਖਾਂ ਦੇ ਵਿਚ, ਸ਼ਰਮ ਹਯਾ ਤੇ ਸਾਦਗੀ
ਇਹ ਮੇਰੇ, ਪੰਜਾਬ ਦੀਆਂ, ਹੀ ਕੁੜੀਆਂ ਨੇ।
ਵਿਦੇਸ਼ੀ ਬੁੱਲ੍ਹਾਂ ਉਤੇ, ਸੁਰਖੀ ਮੁਸਕਾਨਾਂ
ਪਰਸਾਂ ਦੇ ਵਿਚ, ਪਿਸਤਲ ਖ਼ੰਜਰ ਛੁਰੀਆਂ ਨੇ।
ਮੁੜ ਕੇ ਕਦ ਮਿਲ ਬੈਠਣ, ਇਹ ਤੇ ਰੱਬ ਜਾਣੇ
ਅੱਜ ਜੋ ਬੈਠ, ਤ੍ਰਿੰਝਣ ਦੇ ਵਿਚ ਜੁੜੀਆਂ ਨੇ।
ਜਿਨ੍ਹਾਂ ਮੁੱਖ ਨਾ, ਸੱਜਣ ਵੱਲ ਨੂੰ ਅੱਜ ਕੀਤੇ
ਜ਼ਿੰਦਗੀ ਭਰ ਉਹ ਰੋਵਣ, ਮੁੜ ਮੁੜ ਝੁਰੀਆਂ ਨੇ।
ਸੱਜਣ ਜਿਨ੍ਹਾਂ ਦੇ ਦੂਰ, ਕੋਲ ਵਸੇਂਦੇ ਨਾ
ਸਭ ਗੁਣ ਹੋਵਣ ਪੱਲੇ, ਫਿਰ ਵੀ ਬੁਰੀਆਂ ਨੇ।

## ਹੌਸਲਾ

ਮੇਰੇ ਹੌਸਲੇ ਦਾ, ਇਹ ਵੀ ਕੱਦ ਸੀ।
ਹਰ ਕਦਮ ਤੇ, ਮੰਜ਼ਲ ਦੀ ਹੱਦ ਸੀ।
ਉਮਰ ਭਰ ਜਿਸਨੂੰ, ਲੱਭਦਾ ਰਿਹਾ
ਉਸਨੂੰ ਮਿਰੀ ਤਲਾਸ਼, ਮੈਥੋਂ ਵੱਧ ਸੀ।
ਜਿਸਨੂੰ ਸੁਣਦਿਆਂ, ਡੌਲੇ ਸਨ ਫ਼ਰਕਦੇ
ਉਹ ਮਿਰਜ਼ੇ ਯਾਰ ਦੀ, ਹੀ ਸੱਦ ਸੀ।
ਜਿਨ੍ਹਾਂ 'ਤੇ ਮਾਣ ਸੀ, ਆਪਣੇ ਹੋਣ ਦਾ
ਭੀੜ ਪਈ, ਤਾਂ ਗਏ ਉਹ ਲੱਦ ਸੀ।
ਸੁਪਨਾ ਇੱਕ ਸੀ, ਪੂਰਾ ਕਰ ਲਿਆ
ਟੁੱਟੀਆਂ ਹਸਰਤਾਂ ਦਾ, ਦੁੱਖ ਵੱਧ ਸੀ।
ਪਿਆਰ ਨਹੀਂ ਸੀ ਤੈਨੂੰ, ਨਾ ਸਹੀ
ਤੇਰੀ ਨਫ਼ਰਤ ਵੀ, ਫੁੱਲਾਂ ਦੀ ਗੱਡ ਸੀ।
ਰੀਝਾਂ ਦਾ ਨਹੀਂ, ਕੋਈ ਵੀ ਕਸੂਰ
ਇਹ ਤਾਂ ਬਸ, ਬੇਵਫ਼ਾ ਸਰਹੱਦ ਸੀ।
ਸ਼ਖਸੀ ਆਜ਼ਾਦੀ ਦਾ, ਹਰ ਰਾਹੀ
ਮਨਸੂਰ ਸੀ, ਜਾਂ ਸਰਮੱਦ ਸੀ।
ਚੌਕਾਂ ਸੱਥਾਂ 'ਚ, ਜੋ ਭਰਦਾ ਗਵਾਹੀ
ਸ਼ਹਾਦਤ ਉਸਦੀ, ਜ਼ੁਲਮ ਦਾ ਬੱਧ ਸੀ।
ਤੁਰ ਕੇ ਖੁਦ, ਕਤਲਗਾਹ 'ਚ ਆਇਆ
ਬਾਦਸ਼ਾਹਾਂ ਤੋਂ ਉਚਾ, ਉਹਦਾ ਕੱਦ ਸੀ।
ਕੁੱਦੋਵਾਲ ਜ਼ਿੰਦਗੀ, ਜੀਣ ਦਾ ਆਸ਼ਕ
ਹੱਦ ਤੋਂ ਵੀ ਅੱਗੇ, ਉਹਦੀ ਹੱਦ ਸੀ।

## ਬਹਾਨਾ

ਬਹਾਨਾ ਲੱਭ ਹੀ ਲੈਂਦੇ ਹਾਂ, ਕੋਈ ਰੋਣ ਦਾ।
ਬੜਾ ਸ਼ੌਕ ਹੈ ਸਾਨੂੰ, ਇਹ ਅੱਖਾਂ ਧੋਣ ਦਾ।
ਪਾਉਣਾ ਅੱਖੀਆਂ 'ਚ ਸੁਰਮਾ ਹੀ ਕਾਫੀ ਨਹੀਂ
ਹੁਨਰ ਵੀ ਚਾਹੀਦੈ ਯਾਰੋ, ਜ਼ਰਾ ਮਟਕਾਉਣ ਦਾ।
ਜ਼ਿੰਦਗੀ ਮੇਰੀ ਵੀ, ਅਜੀਬ ਬਣਦੀ ਜਾ ਰਹੀ
ਖੁਸ਼ੀ ਪਾਉਣ ਦੀ ਰਹੀ, ਨਾ ਸਮਾਂ ਰੋਣ ਦਾ।
ਤੇਰਾ ਅੱਜ ਕੱਲ੍ਹ, ਨਿੱਤ ਸੁਪਨਿਆਂ ਵਿਚ ਜੀਣਾ
ਸਮਾਂ ਆ ਗਿਆ ਲਗਦੈ, ਦਰਦ ਕੋਈ ਢੋਣ ਦਾ।
ਹਾਰਿਆ ਹੈ ਨਾ ਕੁੱਦੋਵਾਲ, ਨਾ ਹਾਰੇਗਾ ਕਦੀ
ਜ਼ਿੰਦਗੀ ਨਾਮ ਹੈ, ਰਾਗ ਕੋਈ ਨਵਾਂ ਗਾਉਣ ਦਾ।

ਅਮ੍ਰਿਤਾ ਪ੍ਰੀਤਮ

# ਇਕ ਯਹੂਦੀ ਸੁੰਦਰੀ -ਲੋਤੇ



''ਮਨ ਤੇ ਮਸਤਕ ਨਾਲ ਜਬਰਜਨਾਹ ਨਹੀਂ ਹੋ ਸਕਦਾ, ਆਤਮਾ ਨਾਲ ਜਬਰਜਨਾਹ ਨਹੀਂ ਹੋ ਸਕਦਾ, ਸਿਰਫ ਇਸ ਮਾਸ ਮਿੱਟੀ ਦੇ ਪਿੰਡੇ ਨਾਲ ਹੋ ਸਕਦਾ ਹੈ-ਵਹਿਸ਼ੀਓ!''- ਇਹ ਲੋਤੇ ਦੀ ਇੱਕ ਚੀਖ ਸੀ ਜੋ ਜਰਮਨੀ ਦੇ ਇੱਕ ਕਾਨਸੈਂਟ੍ਰੇਸ਼ਨ ਕੈਂਪ ਦੀ ਲੁੱਗੀ ਕੋਠਣੀ ਵਿਚ ਕੋਠੜੀ ਦੀਆਂ ਕੰਧਾਂ ਵਾਂਗ ਕੰਬਦੀ ਖਲੋ ਗਈ ਸੀ। ਤੇ ਖੁਦਾ ਜਾਣੇ! ਇਹੋ ਜਿਹੀਆਂ ਕਿੰਨੀਆਂ ਚੀਖਾਂ ਦੇ ਨਾਲ ਉਹ ਸਾਡੀ ਦੁਨੀਆਂ ਦੀ ਉਸ ਪੌਣ ਵਿਚ ਰਲੀ ਹੋਈ ਹੈ, ਜਿਹਦੇ ਵਿਚ ਅਸੀਂ ਸਾਰੇ ਸਾਹ ਲੈਂਦੇ ਹਾਂ...।

ਇਹ ਸੁੰਦਰੀ ਲੋਤੇ, ਐਡੋਲਫ ਤੇ ਸਿਬਿਲਾ ਸੋਮਰ ਦੇ ਘਰ 2 ਅਗਸਤ 1906 ਨੂੰ ਜਰਮਨੀ ਵਿਚ ਜੰਮੀ ਸੀ, ਪਰ ਜਨਮ ਤੋਂ ''ਗੁਨਾਹਗਾਰ'' ਸੀ ਕਿ ਉਹ ਯਹੂਦੀ ਸੀ...।

ਡੋਰਟਮੰਡ ਯੂਨੀਵਰਸਿਟੀ ਵਿਚ ਕਲਾਸੀਕਲ ਸੰਗੀਤ ਦੀ ਤੇ ਪਿਆਨੋ ਦੀ ਸਿਖਲਾਈ ਲੈ ਕੇ ਉਹਦੇ ਹੁਨਰ ਨੇ ਅਜੇ ਭਰ ਜਵਾਨੀ ਵਿਚ ਪੈਰ ਰੱਖਿਆ ਸੀ ਕਿ 1933 ਵਿਚ ਹਿਟਲਰ ਦਾ ਹੁਕਮਨਾਮਾ ਜਾਰੀ ਹੋਇਆ ਕਿ ਕੋਈ ਯਹੂਦੀ ਕਿਸੇ ਸੰਗੀਤ ਸਭਾ ਵਿਚ ਹਿੱਸਾ ਨਹੀਂ ਲੈ ਸਕਦਾ...।

ਇਸ ਲੋਤੇ ਨੇ ਫੈਲਿਕਸ ਦੀ ਮੁਹੱਬਤ ਦਾ ਭਰਿਆ ਪਿਆਲਾ ਅਜੇ ਮੂੰਹ ਲਾਇਆ ਸੀ ਕਿ ਯਹੂਦੀਆਂ ਦੇ ਕਾਰੋਬਾਰ ਬੰਦ ਕਰ ਦਿੱਤੇ ਗਏ, ਤੇ ਉਨ੍ਹਾਂ ਦੀ ਜਾਇਦਾਦ ਖੋਹ ਲਈ ਗਈ। ਫੈਲਿਕਸ ਨੂੰ ਪਹਿਲੋਂ ਜੇਲ੍ਹ ਵਿਚ ਪਾਇਆ ਗਿਆ ਤੇ ਫਿਰ ਨਾਜ਼ੀਆਂ ਨੇ ਕਾਨਸੈਂਟ੍ਰੇਸ਼ਨ ਕੈਂਪ ਵਿਚ ਪਾ ਕੇ ਉਹਨੂੰ ਮਰਵਾ ਦਿੱਤਾ।

ਇਹ ਤਕਦੀਰ ਸਾਰਿਆਂ ਨਾਲ ਵਾਪਰ ਰਹੀ ਸੀ, ਬਰਫਬਾਰੀ ਦੇ ਮੌਸਮ ਵਿਚ ਯਹੂਦੀਆਂ ਦੀ ਨੰਗੇ ਪੈਰੀਂ 'ਡੈਥ ਮਾਰਚ' ਕਰਵਾਈ ਜਾਂਦੀ ਸੀ ਤੇ ਇਕ ਦਿਨ ਲੋਤੇ ਵੀ ਉਸ ਕਤਾਰ ਵਿਚ ਰਲਾ ਦਿੱਤੀ ਗਈ...।

ਉਸ ਦਿਨ ਲੋਤੇ ਦੀ ਵੱਡੀ ਭੈਣ ਐਡਿਥ ਨੇ ਉਹਦਾ ਹੱਥ ਘੁੱਟ ਕੇ ਫੜਿਆ ਹੋਇਆ ਸੀ ਪਰ ਉਹ ਹੱਥ ਛੇਤੀ ਛੁਡਾ ਦਿੱਤਾ ਗਿਆ, ਤੇ ਬਹੁਤ ਬਾਅਦ ਵਿਚ ਬ੍ਰਿਟਿਸ਼ ਆਰਮੀ ਜਦੋਂ ਬੁਲਡੋਜ਼ਰਾਂ ਨਾਲ ਕੈਂਪਾਂ ਦੀਆਂ ਲਾਸ਼ਾਂ ਨੂੰ ਕੱਠੀਆਂ ਕਰ ਕੇ ਇੱਕ ਸਾਂਝੀ ਕਬਰ ਵਿਚ ਦਫ਼ਨਾ ਰਹੀ ਸੀ ਤਾਂ ਕਿਸੇ ਮਿਹਰਬਾਨ ਸਿਪਾਹੀ ਦੀ ਨਜ਼ਰ ਪਈ ਸੀ ਕਿ ਉਨ੍ਹਾਂ ਲਾਸ਼ਾਂ ਵਿਚ ਇਕ ਜਵਾਨ ਕੁੜੀ ਅਜੇ ਕੁਝ ਸਾਹ ਲੈ ਰਹੀ ਸੀ। ਉਹ ਕੁੜੀ ਏ-150 ਬ੍ਰਿਟਿਸ਼ ਫੌਜ ਦੇ ਹਸਪਤਾਲ ਵਿਚ ਭੇਜੀ ਗਈ। ਤੇ ਉਹ ਕੁੜੀ ਲੋਤੇ ਸੀ ਜਿਹਨੂੰ ਮੈਂ 1991 ਵਿਚ 15 ਫਰਵਰੀ ਵਾਲੇ ਦਿਨ ਸ਼ਾਮ ਪੰਜ ਵਜੇ ਦਿੱਲੀ ਦੇ ਇੰਪੀਰੀਅਲ ਹੋਟਲ ਵਿਚ ਮਿਲੀ ਸਾਂ...।

ਓ ਖੁਦਾਇਆ! ਕੀ ਮੁਹੱਬਤ ਦਾ ਬੀਜ ਨਫਰਤ ਦੀਆਂ ਕਾਲੀਆਂ ਗਾਰਾਂ ਵਿਚੋਂ ਲੰਘ ਕੇ ਵੀ ਹਰਿਆ ਹੋ ਸਕਦਾ ਹੈ। ਮੈਂ ਇਹਦਾ ਜਲੌਅ ਲੋਤੇ ਨੂੰ ਘੁੱਟ ਕੇ ਮਿਲਦਿਆਂ ਉਹਦੇ ਮੂੰਹ ਉੱਤੇ ਵੇਖ ਰਹੀ ਸਾਂ।

* ਮੈਂ ਸਾਂ, ਇਮਰੋਜ਼ ਸੀ ਤੇ ਸਾਡੇ ਨਾਲ ਹੇਮਾਂਸ਼ੂ ਜੋਸ਼ੀ ਸਨ, ਜਿਨ੍ਹਾਂ ਨੇ ਸਾਨੂੰ ਲੋਤੇ ਦਾ ਪਤਾ ਦਿੱਤਾ ਸੀ, ਤੇ ਅਸੀਂ ਤਿੰਨੇ ਲੋਤੇ ਦੀ ਹੋਂਦ ਨਾਲ ਭਰੇ ਹੋਏ ਸਾਂ।

ਨਹੀਂ ਜਾਣਦੀ, ਹਰਿੰਦਰਾ ਨਾਥ ਚਟੋਪਾਧੀਆ ਦਾ ਕੀ ਹਾਲ ਹੋਇਆ ਹੋਵੇਗਾ, ਜਦੋਂ ਉਨ੍ਹਾਂ ਨੇ ਲੋਤੇ ਦੀ ਜ਼ਿੰਦਗੀ ਦੇ ਹਾਲਾਤ ਨਜ਼ਮ ਵਿਚ ਉਤਾਰੇ ਹੋਣਗੇ। ਇੱਕ ਇੱਕ ਘਟਨਾ ਦਾ ਵੇਰਵਾ, ਇੱਕ ਇੱਕ ਅਹਿਸਾਸ ਦੀ ਸ਼ਿੱਦਤ ਜਦੋਂ ਉਨ੍ਹਾਂ ਦੀ ਨਜ਼ਮ ਵਿਚ ਉਤਰੀ ਹੋਵੇਗੀ, ਉਨ੍ਹਾਂ ਦੀ ਕਲਮ ਪਤਾ ਨਹੀਂ ਕਿਵੇਂ ਮਨ ਦੀਆਂ ਤੈਹਾਂ ਵਿਚ ਡੁੱਬਦੀ ਰਹੀ ਹੋਵੇਗੀ...। ਲੋਤੇ ਦੀ ਜੀਵਨੀ 'ਦ ਪਾਵਰ ਆਫ਼ ਲਵ' ਹੁਣ ਛਪੀ ਹੈ, ਹਰਿੰਦਰਾ ਨਾਥ ਦੀ ਮੌਤ ਤੋਂ ਬਾਅਦ, ਤੇ ਉਸੇ ਕਿਤਾਬ ਦੀ ਰੂਨੁਮਾਈ ਲਈ ਲੋਤੇ ਅਮਰੀਕਾ ਤੋਂ ਹਿੰਦੁਸਤਾਨ ਆਈ ਸੀ।

''ਮੇਰੇ ਵਗਦੇ ਲਹੂ ਵਿਚੋਂ ਗੁਲਾਬ ਦੇ ਫੁੱਲ ਖਿੜਨ ਦਿਉ!'' ਇਹ ਸਤਰ ਲੋਤੇ ਦੀ ਹੈ। ਕਿਤਾਬ ਦੇ ਮੁੱਢ ਵਿਚ ਲਿਖੇ ਉਹਦੇ ਕੁਝ ਹਰਫ਼ਾਂ ਦੇ ਮੱਥੇ ਉਤੇ ਲਿਖੀ ਹੋਈ।

ਹਰਿੰਦਰਾ ਨਾਥ ਮੁੱਢਲੇ ਸਫ਼ਿਆਂ ਵਿਚ ਲਿਖਦੇ ਹਨ-

''ਚੇਤਨਾ ਦੀ ਬਹੁਤ ਉਚੀ ਸਿਖਰ 'ਤੇ ਖਲੋਤੀ ਹੋਈ ਲੋਤੇ ਦਾ ਪੈਗਾਮ ਇਨਸਾਨੀ ਨਸਲ ਕੋਲ ਪਹੁੰਚਣਾ ਚਾਹੀਦਾ ਹੈ। ਮੇਰੀ ਉਮਰ ਢਲਦੀ ਪਈ ਹੈ, ਪਰ ਮੈਂ ਦਿਨ ਰਾਤ ਲਾ ਕੇ ਸ਼ਾਇਰੀ ਦਾ ਉਹ ਹੁਸਨ ਲੱਭ ਲਵਾਂਗਾ ਜੋ ਇਹਨੂੰ ਆਪਣੇ ਵਿਚ ਵਲੇਟ ਸਕੇ, ਤੇ ਚਾਨਣ ਦੇ ਕੁਝ ਕਤਰੇ ਦੁਨੀਆਂ 'ਤੇ ਵੱਸ ਸਕਣ।''

ਰੋਜ਼ਾ ਜੋਸੇਫ ਫੈਲਿਕਸ ਦੀ ਮਾਂ ਸੀ, ਜਦੋਂ ਲੋਤੇ ਤੇ ਫੈਲਿਕਸ ਮਾਂ ਕੋਲ ਪਨਾਹ ਲੈਣ ਦੀ ਸੋਚ ਰਹੇ ਸਨ, ਮਾਂ ਦਾ ਇਕ ਖ਼ਤ ਆਇਆ ਸੀ, ਤੇ ਇਹ ਦੋਵੇਂ ਜਵਾਨ ਬੱਚੇ ਕੰਬਦੇ ਰਹਿ ਗਏ ਸਨ। ਉਹ ਖ਼ਤ ਸੀ;

ਮੇਰੀ ਇਹ ਸਭ ਤੋਂ ਇਕੱਲੀ ਰਾਤ ਹੈ
ਸਾਨੂੰ ਉਹ ਕਿੱਥੇ ਲਿਜਾ ਰਹੇ
ਕਿੱਥੇ? ਇਹ ਕੋਈ ਨਹੀਂ ਜਾਣਦਾ
ਕਿਉਂ? ਇਹ ਕੋਈ ਨਹੀਂ ਜਾਣਦਾ
ਪਰ ਅੱਜ ਮੇਰੀ ਅੱਖ ਵਿਚ ਇਕ ਵੀ ਅਥਰੂ ਨਹੀਂ
ਇਸ ਹਸ਼ਰ ਦੀ ਗਾਥਾ ਅੱਖਾਂ 'ਚ ਨਹੀਂ ਸਮਾਂਦੀ
ਇਹ ਭਿਆਨਕ ਕਿੰਨਾ ਕੁ ਭਿਆਨਕ ਹੈ
ਅੱਖਾਂ ਤੋਂ ਕਲਪਨਾ ਨਹੀਂ ਹੁੰਦੀ
ਮੇਰੇ ਬੱਚਿਓ! ਜਦ ਮੁਹੱਬਤ ਗੁਆਚ ਜਾਂਦੀ
ਤੇ ਨਫ਼ਰਤ ਛਾਤੀ 'ਚੋਂ ਉਗ ਪੈਂਦੀ
ਤਾਂ ਇਕ ਇਨਸਾਨ ਨੂੰ-
ਉਹ ਜੀਉਂਦੀ ਕਬਰ ਵਿਚ ਬਦਲ ਦੇਂਦੀ...
ਮਾਵਾਂ ਦੀ ਕੁੱਖ ਨੂੰ
ਉਹ ਨਫ਼ਰਤ ਦੀ ਇਕ ਗਾਲ੍ਹ ਹੁੰਦੀ ਹੈ...

''ਇਹ ਇਤਿਹਾਸ ਦਾ ਲਹੂ ਹੈ, ਜੋ ਮੇਰੇ ਬਦਨ 'ਚੋਂ ਵਗਦਾ'' ਲੋਤੇ ਦੇ ਇਸ ਅਹਿਸਾਸ ਨੂੰ ਕਲਮਬੰਦ ਕਰਨਾ, ਅਦਬੀ ਦੁਨੀਆਂ ਦਾ ਇਕ ਹਾਸਿਲ ਹੈ। ਕੌਣ ਨਹੀਂ ਜਾਣਦਾ ਕਿ ਜਰਮਨੀ ਦੇ ਕੈਂਪਾਂ ਵਿਚ ਮਨੁੱਖੀ ਮਾਸ ਦੇ ਲੈਂਪ ਸ਼ੇਡ ਬਣਾਏ ਗਏ ਸਨ ਤੇ ਇਤਿਹਾਸ ਦੇ ਸਾਹ ਲਾਸ਼ਾਂ ਦੀ ਤੇ ਚਮੜੇ ਦੀ ਗੰਧ ਵਿਚ ਡੁੱਬਦੇ ਰਹੇ ਸਨ। ਪਰ ਅਦਬ ਇਕੋ-ਇਕ ਪਨਾਹ ਹੁੰਦੀ ਹੈ, ਜਿਥੇ ਪਹੁੰਚ ਕੇ ਟੁੱਟਦੇ ਵਿਸ਼ਵਾਸ ਦਾ ਆਖਰੀ ਸਿਰਾ ਟੁੱਟਣੋਂ ਬਚ ਜਾਂਦਾ ਹੈ।

''ਭੁੱਖ ਜਦ ਵਿਲਕ ਉਠਦੀ ਸੀ, ਮੈਂ ਬਰਫ ਚਬਦੀ ਸਾਂ''

ਇਹ, ਤੇ ਇਹੋ ਜਹੀਆਂ ਹਜ਼ਾਰਾਂ ਗੱਲਾਂ ਲੋਤੇ ਦੇ ਲਫ਼ਜ਼ਾਂ ਵਿਚ ''ਜ਼ਹਿਰੀਲੇ ਸੱਪਾਂ ਦੀ ਤਰ੍ਹਾਂ ਚੇਤੇ 'ਚ ਰੀਂਘ ਰਹੀਆਂ ਹਨ'' ਪਰ ਨਾਲ ਹੀ-ਇੱਕ ਉਹ ਥਾਂ ਲੋਤੇ ਨੇ ਵੇਖੀ ਹੈ, ਜਿੱਥੇ ਵਿਸ਼ਵਾਸ ਦਾ ਆਖਰੀ ਸਿਰਾ ਟੁੱਟਣੋਂ ਬਚ ਜਾਂਦਾ ਹੈ। ਉਹਦੇ ਲਫ਼ਜ਼ਾਂ ਵਿਚ

'ਮੇਰੇ ਫੈਲਿਕਸ ਦੀ ਰੂਹ ਹਰ ਵੇਲੇ ਮੇਰੇ ਨਾਲ ਰਹਿੰਦੀ ਸੀ, ਕੋਈ ਸਿਪਾਹੀ ਜਦੋਂ ਰੋਟੀ ਦਾ ਇੱਕ ਟੁਕੜਾ ਮੇਰੇ ਹੱਥ ਵਿਚ ਫੜਾ ਦੇਂਦਾ ਸੀ, ਤਾਂ ਜਾਪਦਾ ਸੀ ਕਿ ਫੈਲਿਕਸ ਦੀ ਰੂਹ ਨੇ ਉਹਦੇ ਹੱਥੋਂ ਇਹ ਕਰਮ ਕੀਤਾ ਸੀ...।'

* ਰੱਬ ਦਾ ਦੂਜਾ ਨਾਂ ਜੇ ਮਹਿਬੂਬ ਹੋ ਸਕਦਾ ਹੈ ਤਾਂ ਕਹਿ ਸਕਦੀ ਹਾਂ ਕਿ ਲੋਤੇ ਨੇ ਰੱਬ ਵੇਖਿਆ ਹੈ। ਨਾਜ਼ੀ ਕੈਂਪ ਦੀ ਉਸ ਕੋਠੜੀ ਵਿਚ ਕਿਸੇ ਜਰਮਨ ਅਫ਼ਸਰ ਨੇ ਲੋਤੇ ਨਾਲ ਜਬਰਜਨਾਹ ਕੀਤਾ ਸੀ, ਉਥੇ ਵੀ ਲੋਤੇ ਦਾ ਮਹਿਬੂਬ ਉਹਨੂੰ ਬਹੁੜਿਆ ਸੀ। ਇਸ ਦੁਨੀਆਂ ਤੋਂ ਜਾ ਚੁੱਕੇ ਫੈਲਿਕਸ ਦੇ ਹੱਥ ਉਹਦੇ ਬਦਨ ਉੱਤੇ ਵਿਛ ਗਏ ਸਨ-ਤੇ ਇਸੇ ਤਰ੍ਹਾਂ ਜਦੋਂ ਬ੍ਰਿਟਿਸ਼ ਫੌਜ ਨੇ ਨਾਜ਼ੀ ਕੈਂਪਾਂ ਨੂੰ ਮੁਕਤ ਕੀਤਾ ਸੀ। ਅੱਧ ਜੀਉਂਦੇ ਜਹੇ ਲੋਕਾਂ ਨੂੰ ਚਿੱਟੀਆਂ ਚਾਦਰਾਂ ਨਾਲ ਢੱਕ ਕੇ ਉਨ੍ਹਾਂ ਦੀ ਭੁੱਖ ਦਾ ਕੋਈ ਉਪਾਅ ਕੀਤਾ ਸੀ-ਤਾਂ ਲੋਤੇ ਨੂੰ ਫੈਲਿਕਸ ਦਾ ਦੀਦਾਰ ਹੋਇਆ ਸੀ, ਜਿਹਨੇ ਉਸ ਦਿਨ ਕਈਆਂ ''ਫਰਿਸ਼ਤਿਆਂ'' ਦੀ ਸੂਰਤ ਅਖ਼ਤਿਆਰ ਕੀਤੀ ਹੋਈ ਸੀ...।

ਇਕ ਗੀਤ ਹੁੰਦਾ ਸੀ, ਜੋ ਫੈਲਿਕਸ ਨੇ ਕਦੇ ਲੋਤੇ ਦੇ ਜਨਮ ਦਿਨ 'ਤੇ ਗਾਇਆ ਸੀ-

ਤੂੰ ਜਿਪਸੀ ਅੱਖਾਂ ਵਾਲੀ ਹੁਸੀਨਾ
ਮੈਂ ਤੇਰੀਆਂ ਸਾਵੀਆਂ ਅੱਖਾਂ ਦਾ ਆਸ਼ਿਕ
ਤੂੰ ਮੇਰੀ ਜ਼ਿੰਦਗੀ, ਮੇਰੀ ਆਤਮਾ,
ਤੂੰ ਮੇਰੀ ਧਰਤੀ, ਮੇਰਾ ਅੰਬਰ
ਇਹ ਰੋਜ਼ ਉੱਗਦਾ ਸੂਰਜ,
ਤੇ ਚੰਨ ਜੋ ਰੋਜ਼ ਚੜ੍ਹਦਾ ਹੈ
ਉਹ ਸਾਡੀ ਮੁਹੱਬਤ ਨੂੰ
ਹੱਦਾਂ 'ਚ ਨਹੀਂ ਵਲਦੇ...।

ਇਹ ਗੀਤ ਸੀ, ਜੋ ਵਾਵਾਂ ਵਿਚ ਫੈਲ ਗਿਆ ਸੀ। ਲੋਤੇ ਦੀ ਇਕੱਲ ਉਹਨੂੰ ਜਦੋਂ ਵੀ ਵਿਆਕੁਲ ਕਰ ਦੇਂਦੀ, ਇਹ ਗੀਤ ਉਹਦੇ ਕੰਨਾਂ ਵਿਚ ਭਰ ਜਾਂਦਾ। ਏਸੇ ਆਵਾਜ਼ ਦੀ ਕਰਾਮਾਤ ਸੀ ਕਿ ਲੋਤੇ ਦੀ ਜ਼ਿੰਦਗੀ ਵਿਚ ਉਹ ਦਿਨ ਆ ਗਿਆ, ਜਿਹਦੇ ਬਾਰੇ ਉਹਦੇ ਲਫ਼ਜ਼ ਹਨ- ''ਅੱਜ ਮੈਂ ਖ਼ੁਦਾ ਨੂੰ ਬੁਲਾਇਆ ਕਿ ਉਹ ਮੇਰੀ ਹੋਂਦ ਵਿਚ ਵਸ ਜਾਵੇ।''

ਤੇ ਲੋਤੇ ਦੇ ਮਨ ਨੂੰ ਲੱਗੇ ਹੋਏ ਸਾਰੇ ਜ਼ਖ਼ਮ ਧੋਤੇ ਗਏ। ਉਹਦਾ ਇਕ ਅਕੀਦਾ ਬਣ ਗਿਆ ਕਿ ਮੁਹੱਬਤ ਇਕੋ ਇਕ ਸ਼ਕਤੀ ਹੈ ਜੋ ਨਫ਼ਰਤ ਨਾਲ ਭਰੀ ਹੋਈ ਦੁਨੀਆਂ ਦਾ ਕਾਇਆ ਕਲਪ ਕਰ ਸਕਦੀ ਹੈ...।

* ਹਰਬਰਟ ਇਕ ਹੋਰ ਪਿਆਰਾ ਇਨਸਾਨ ਸੀ, ਲੋਤੇ ਵਾਂਗ ਚਾਰ ਵਰ੍ਹੇ ਕੈਂਪ ਵਿਚ ਰਹਿਣ ਪਿਛੋਂ ਰਿਹਾ ਹੋਇਆ, ਇਥੇ ਉਹਦੀ ਬੀਵੀ ਤੇ ਪੁੱਤਰ ਕਤਲ ਕਰ ਦਿੱਤੇ ਗਏ ਸਨ। ਉਹ ਜਦੋਂ ਰੋਜ਼ੀ ਕਮਾਣ ਦੇ ਸਿਲਸਿਲੇ ਵਿਚ ਮੱਚ ਦੀ ਕਲਾਕਾਰ ਲੋਤੇ ਦਾ ਵਾਕਿਫ਼ ਹੋਇਆ, ਉਹਦੇ ਵਿਚ ਇਕ ਵਾਰੀ ਫੇਰ ਜ਼ਿੰਦਗੀ ਧੜਕ ਗਈ...।

ਲੋਤੇ ਫੈਲਿਕਸ ਨਾਲ ਮੌਲੀ ਹੋਈ ਸੀ, ਇਸ ਲਈ ਇਕ ਦਿਨ ਹਰਬਰਟ ਨੇ ਲੋਤੇ ਨੂੰ ਇਕ ਕਹਾਣੀ ਸੁਣਾਈ- ''ਇਕ ਬੰਦਾ ਖ਼ੁਦਾ ਨੂੰ ਇਸ ਤਰ੍ਹਾਂ ਆਪਣੇ ਅੰਗ-ਸੰਗ ਸਮਝਦਾ ਸੀ ਕਿ ਜਦੋਂ ਦਰਿਆ ਦਾ ਪਾਣੀ ਚੜ੍ਹ ਗਿਆ, ਉਹਦਾ ਘਰ ਡੁੱਬਣ ਲੱਗਾ, ਤਾਂ ਲੋਕ ਬੇੜੀ ਲੈ ਕੇ ਆਏ, ਉਹਨੂੰ ਬਚਾਣ ਲਈ, ਪਰ ਉਹਨੇ ਨਾਂਹ ਕਰ ਦਿੱਤੀ। ਉਹਦਾ ਯਕੀਨ ਸੀ ਕਿ ਖ਼ੁਦਾ ਆਪ ਆਵੇਗਾ ਉਹਨੂੰ ਬਚਾਣ ਲਈ। ਉਹ ਪਾਣੀਆਂ ਵਿਚ ਰੁੜ੍ਹ ਗਿਆ ਤਾਂ ਖ਼ੁਦਾ ਦੇ ਹਜ਼ੂਰ ਜਾ ਕੇ ਸ਼ਿਕਾਇਤ ਕਰਨ ਲੱਗਾ ਕਿ ਤੂੰ ਮੇਰੇ ਔਖੇ ਵੇਲੇ ਮੈਨੂੰ ਬਹੁੜਿਆ ਕਿਉਂ ਨਹੀਂ ਸੀ? ਉਸ ਵੇਲੇ ਖ਼ੁਦਾ ਹੱਸ ਪਿਆ, ਕਹਿਣ ਲੱਗਾ-ਮੈਂ ਆਇਆ ਸਾਂ, ਤੂੰ ਮੈਨੂੰ ਪਛਾਣਿਆ ਨਹੀਂ ਸੀ। ਲੋਕ ਜੋ ਬੇੜੀ ਲੈ ਕੇ ਆਏ ਸਨ, ਮੈਂ ਉਸੇ ਬੇੜੀ ਦੀ ਸੂਰਤ ਵਿਚ ਤੇਰੇ ਕੋਲ ਆਇਆ ਸਾਂ...'' ਤੇ ਲੋਤੇ ਵਾਸਤੇ ਇਹ ਫੈਲਿਕਸ ਦੀ ਆਮਦ ਬਣ ਗਈ, ਜੋ ਹਰਬਰਟ ਦੀ ਸੂਰਤ ਵਿਚ ਉਹਦੇ ਕੋਲ ਫੇਰ ਆ ਗਿਆ ਸੀ।

ਇਹ ਹਰਬਰਟ ਨਿਵੈਲੀ ਸੀ, ਜਿਹਦੇ ਨਾਂ 'ਤੇ ਲੋਤੇ ਹੁਣੇ ਲੋਤੇ ਨਿਵੈਲੀ ਹੈ...।

* ਕੁਦਰਤ ਦੇ ਰਾਜ਼ ਕਿਹੜੀਆਂ ਤੰਦਾਂ ਕਦੋਂ ਬੰਨ੍ਹਦੇ ਹਨ, ਕਦੋਂ ਖੋਲ੍ਹਦੇ ਹਨ-ਲੋਤੇ ਇਨ੍ਹਾਂ ਤੰਦਾਂ ਵਿਚ ਲਿਪਟੀ ਹੋਈ ਹੈ। ਉਹ ਤੇ ਫੈਲਿਕਸ ਜਦੋਂ ਵਿਆਹ ਕਰਕੇ ਪੈਰਿਸ ਗਏ ਸਨ, ਉਥੇ ਉਨ੍ਹਾਂ ਨੂੰ ਇਕ ਜਿਪਸੀ ਔਰਤ ਮਿਲੀ ਸੀ, ਜਿਹਨੇ ਥੋੜ੍ਹੇ ਜਹੇ ਪੈਸੇ ਲੈ ਕੇ ਇਹ ਪੇਸ਼ੀਨਗੋਈ ਕੀਤੀ ਸੀ, 'ਤੁਸੀਂ ਦੋਵੇਂ ਅਜ਼ਲਾਂ ਦੇ ਆਸ਼ਕ ਹੋ, ਪਰ ਇਕ ਵਕਤ ਇਹੋ ਜਿਹਾ ਆਵੇਗਾ, ਜਦੋਂ ਇਹ ਫੈਲਿਕਸ ਤੈਨੂੰ ਕਈ ਚਿਰ ਵੇਖ ਨਹੀਂ ਸਕੇਗਾ'-ਤੇ ਉਹਨੇ ਲੋਤੇ ਦੇ ਕੋਲ ਆ ਕੇ ਆਖਿਆ- ''ਸਿਤਾਰਿਆਂ ਨੇ ਮੇਰੇ ਕੰਨਾਂ ਵਿਚ ਆਖਿਆ ਏ ਕਿ ਤੂੰ ਪੂਰੇ ਚਾਲ੍ਹੀ ਵਰ੍ਹੇ ਵਿਆਹੀ ਜ਼ਿੰਦਗੀ ਦੇ ਬਸਰ ਕਰੇਂਗੀ।''

ਹੁਣ ਲੋਤੇ ਹੈਰਾਨ ਜਹੀ ਹੋ ਜਾਂਦੀ ਹੈ ਕਿ ਇਹ ਪੇਸ਼ੀਨਗੋਈ ਕਿਹੋ ਜਿਹੀ ਰਹੱਸਮਈ ਸੀ ਜਿਹਦੇ ਬਾਰੇ ਉਸ ਜਿਪਸੀ ਨੇ ਬੜੀ ਡੂੰਘੀ ਨਜ਼ਰੇ ਮੇਰੇ ਧੁਰ ਅੰਦਰ ਤੱਕ ਵੇਖਿਆ ਸੀ ਤੇ ਆਖਿਆ ਸੀ ਕਿ ਸਿਤਾਰਿਆਂ ਨੇ ਮੇਰੇ ਕੰਨਾਂ ਵਿਚ ਆਖਿਆ, ਲੋਤੇ ਨੇ ਜ਼ਿੰਦਗੀ ਦੇ ਦਸ ਵਰ੍ਹੇ ਫੈਲਿਕਸ ਨਾਲ ਗੁਜ਼ਰੇ ਸਨ, ਤੇ ਫੇਰ ਤੀਹ ਵਰ੍ਹੇ ਹਰਬਰਟ ਨਾਲ, ਜਿਨ੍ਹਾਂ ਰਲ ਕੇ ਪੂਰੇ ਚਾਲੀ ਵਰ੍ਹੇ ਬਣਾ ਦਿੱਤੇ। ਤੇ ਜਿਹੜੀ ਦੂਜੀ ਗੱਲ ਉਹਨੇ ਫੈਲਿਕਸ ਨੂੰ ਆਖੀ ਸੀ ਕਿ ਉਹ ਲੋਤੇ ਦੇ ਪੁੱਤਰ ਨੂੰ ਬੜਾ ਚਿਰ ਨਹੀਂ ਵੇਖ ਸਕੇਗਾ, ਉਹ ਵੀ ਕੁਦਰਤ ਦੇ ਇਕ ਬੜੇ ਹੀ ਡੂੰਘੇ ਰਾਜ਼ ਦੀ ਸੂਰਤ ਵਿਚ ਸਾਹਮਣੇ ਆਈ, ਜਦੋਂ ਬਲੋਚਿਸਤਾਨ ਦੇ ਜੰਮੇ ਹੋਏ ਇਕ ਸਿੱਖ ਲੜਕੇ ਨੂੰ ਉਹਨੇ ਆਪਣਾ ਪੁੱਤਰ ਮੰਨ ਲਿਆ। ਉਹ ਲੜਕਾ ਹਰਭਜਨ ਸਿੰਘ ਨਾਂ ਦਾ ਸੀ, ਜੋ ਬੰਬਈ ਫਿਲਮਾਂ ਵਿਚ ਹਰਬੰਸ ਕੁਮਾਰ ਦੇ ਨਾਂ ਨਾਲ ਜਾਣਿਆ ਗਿਆ। ਫੇਰ ਵੈਸਟਇੰਡੀਜ਼ ਵਿਚ ਜਾ ਕੇ ਇਕ ਕਾਮਯਾਬ ਫਿਲਮ ਨਿਰਮਾਤਾ ਬਣਿਆ ਤੇ ਹੁਣ ਨਿਊ ਯਾਰਕ ਵਿਚ ਲੋਤੇ ਦੇ ਪੁਤਰ ਦੀ ਹੈਸੀਅਤ ਵਿਚ ਮਿਕੀ ਨਿਵੈਲੀ ਹੈ।

ਮਿਕੀ ਨੇ ਬਲੋਚਿਸਤਾਨ ਦੇ ਸਕੂਲ ਵਿਚ ਪੜ੍ਹਦਿਆਂ ਆਪਣੀ ਬੇਹੁਰਮਤੀ ਵੇਖੀ ਹੋਈ ਸੀ, ਜੋ ਸਾਰੇ ਸਕੂਲ ਵਿਚ ਇਕੋ ਇਕ ਸਿੱਖ ਬੱਚਾ ਹੋਣ ਕਰਕੇ ਸੀ। ਫੇਰ ਉਹਨੇ ਹਿੰਦੁਸਤਾਨ ਦੀ ਤਕਸੀਮ ਵੇਲੇ ਦੇ ਸਾਰੇ ਕਹਿਰ ਵੇਖੇ ਹੋਏ ਸਨ, ਤੇ ਜਿਨ੍ਹਾਂ ਸੋਚਾਂ ਨੇ ਉਹਨੂੰ ਇਕ ਵਧੀਆ ਇਨਸਾਨ ਬਣਾ ਦਿੱਤਾ ਹੋਇਆ ਸੀ। ਉਹੀ ਲੋਤੇ ਨੇ ਪਛਾਣ ਲਿਆ ਸੀ। ਤੇ ਜਦੋਂ ਲੋਤੇ ਇਕ ਵਾਰ ਹਸਪਤਾਲ ਵਿਚ ਸੀ, ਮਿਕੀ ਨੇ ਉਹਦੀ ਤਾਮੀਰਦਾਰੀ ਕਰਦਿਆਂ ਇਕ ਵਾਰ ਉਹਨੂੰ ਫੁੱਲ ਭੇਜੇ ਤਾਂ ਲੋਤੇ ਦੇ ਮਨ ਵਿਚ ਇਕ ਹਸਰਤ ਆਈ- ''ਇਨ੍ਹਾਂ ਫੁੱਲਾਂ ਦੇ ਨਾਲ ਜੇ ਚਿੱਟ ਲੱਗੀ ਹੋਈ ਏ, ਕਾਸ਼ ਉੱਥੇ ਇਹ ਲਿਖਿਆ ਹੁੰਦਾ ''ਤੇਰੇ ਪੁੱਤਰ ਵਲੋਂ''।

ਲੋਤੇ ਕਦੇ ਮਾਂ ਨਹੀਂ ਬਣ ਸਕੀ, ਪਰ ਜਿਸ ਹਰਬਰਟ ਨੂੰ ਉਹਨੇ ਪਿਆਰ ਕੀਤਾ, ਉਹ ਜਦੋਂ ਆਪਣੇ ਉਸ ਪੁੱਤਰ ਪੀਟਰ ਦੀ ਯਾਦ ਵਿਚ ਰੋ ਪੈਂਦਾ ਸੀ, ਜਿਹਨੂੰ ਨਾਜ਼ੀਆਂ ਨੇ ਮਾਰ ਦਿੱਤਾ ਸੀ, ਤਾਂ ਲੋਤੇ ਨੂੰ ਜਾਪਦਾ ਸੀ ਕਿ ਉਹ ਪੀਟਰ ਦੀ ਮਾਂ ਹੈ। ਉਸ ਪੀਟਰ ਦੀ, ਜਿਹਨੂੰ ਉਹਨੇ ਕਦੇ ਵੇਖਿਆ ਨਹੀਂ।

ਤੇ ਇਹ ਵੀ ਕੁਦਰਤ ਦਾ ਪਤਾ ਨਹੀਂ ਕੀ ਰਾਜ਼ ਹੈ ਕਿ ਜੋ ਦਿਨ ਮਹੀਨਾ ਪੀਟਰ ਦੇ ਜਨਮ ਦਾ ਸੀ, ਉਹੀ ਮਿਕੀ ਦੇ ਜਨਮ ਦਾ ਹੈ, ਜਿਹਨੇ ਲੋਤੇ ਨੂੰ ਹੁਣ ਉਹਦਾ ਪੀਟਰ ਦੇ ਦਿੱਤਾ ਹੈ, ਮਿਕੀ ਦੀ ਸੂਰਤ ਵਿਚ...।

ਲੋਤੇ ਦੇ ਲਫ਼ਜ਼ਾਂ ਵਿਚ ''ਨਾਜ਼ੀ ਕੈਂਪਾਂ ਦਾ ਜ਼ਹਿਰ ਆਪਣੇ ਅੰਦਰੋਂ ਧੋਣ ਲਈ ਮੈਂ ਉਸ ਮੁਹੱਬਤ ਦਾ ਪਿਆਲਾ ਪੀ ਰਹੀ ਹਾਂ, ਜਿਸਦਾ ਰੰਗ, ਕਿਸੇ ਨਾਲ ਨਸਲ ਤੇ ਮਜ਼ਹਬ ਦੇ ਵਿਤਕਰੇ ਨਾਲ ਨਹੀਂ ਬਦਲਿਆ ਜਾ ਸਕਦਾ।''

ਜਾਪਦਾ ਹੈ-ਲੋਤੇ ਨੇ ਇੱਕ ਦਿਨ ਖ਼ੁਦਾ ਨੂੰ ਬੁਲਾ ਕੇ ਜੋ ਆਖਿਆ ਸੀ ਕਿ ਉਹ ਉਹਦੀ ਹੋਂਦ ਵਿਚ ਵਸ ਜਾਏ, ਖ਼ੁਦਾ ਨੇ ਉਹਦਾ ਆਖਾ ਮੰਨ ਲਿਆ ਹੈ...।

---

**ਇਕ ਸ਼ਰਧਾਂਜਲੀ**

# ਜ਼ਿੰਦਗੀ ਖ਼ਾਬ ਹੈ, ਖ਼ਾਬ ਮੇਂ ਸੱਚ ਹੈ ਕਿਆ

ਸਰਸਰੀ ਕਾਗਜ਼ ਫੋਲਦੇ ਇਕ ਲਿਫਾਫਾ ਮੇਰੇ ਹੱਥ ਆ ਗਿਆ। ਵਿਚਲੀ ਇਬਾਰਤ ਪੜ੍ਹ ਕੇ ਮੈਨੂੰ ਆਪਣੇ ਆਪ ਤੇ ਗਿਲਾਨੀ ਤੇ ਪਛਤਾਵਾ ਜਿਹਾ ਹੋਇਆ ਕਿ ਮੈਂ ਇਤਨੀ ਪਿਆਰੀ ਚਿੱਠੀ ਦਾ ਜੁਆਬ ਨਹੀਂ ਦੇ ਸਕਿਆ। 'ਗਗਨ ਮੈਂ ਥਾਲ' ਸੰਸਥਾ ਦੇ ਸੰਸਥਾਪਕ, ਪੰਜਾਬ ਰਤਨ, ਪੰਜਾਬੀ ਦੇ ਉਘੇ ਸਾਹਿਤਕਾਰ ਅਬਨਾਸ਼ੀ ਸਿੰਘ ਦੀ ਤਸਵੀਰ ਮੇਰੇ ਸਾਹਮਣੇ ਆ ਗਈ। ਉਨ੍ਹਾਂ ਨੇ ਮਹਾਨ ਜੋਧੇ, ਅਮਰ ਸ਼ਹੀਦ, ਗੁਰਬਾਣੀ ਦੇ ਰਚੈਤਾ, ਪੰਜਾਬ ਦੇ ਸਿੱਖ ਗੁਰਦੁਆਰੇ, ਗੁਰੂ ਨਾਨਕ ਦੇਵ ਜੀ, ਸਮੇਤ ਧਾਰਮਿਕ ਤੇ ਸਿੱਖੀ ਸਿਧਾਂਤ ਬਾਰੇ ਇਕ ਦਰਜਨ ਦੇ ਕਰੀਬ ਅਤੇ ਅੰਗਰੇਜ਼ੀ 'ਹਿਸਟੋਰੀਕਲ ਰੈਲਿਕਸ ਆਫ ਪੰਜਾਬ' ਅਤੇ 'ਪੰਜਾਬੀ ਫਰੀਡਮ ਸਟਰਗਲ' ਦੋ ਪੁਸਤਕਾਂ ਲਿਖੀਆਂ। ਉਪਰੰਤ ਉਨ੍ਹਾਂ ਨੇ ਅੰਮ੍ਰਿਤਸਰ ਦੇ ਕਸਬਾ ਜੰਡਿਆਲਾ ਗੁਰੂ ਵਿਚ ਆਪਣੇ ਘਰ ਪੰਜਾਬ ਦੇ ਕਬੀਰ, ਫਰੀਦ ਤੋਂ ਲੈ ਕੇ ਅੱਜ-ਕਲ੍ਹ ਦੇ ਸਾਰੇ ਕਵੀ ਸਾਹਿਤਕਾਰ ਜੋਧਿਆਂ ਦੀਆਂ ਤਸਵੀਰਾਂ ਇਕੱਠੀਆਂ ਕਰ ਕੇ ਇਕ ਨਿਵੇਕਲਾ ਅਜਾਇਬ ਘਰ ਬਣਾਇਆ ਹੋਇਆ ਹੈ ਜੋ ਵੇਖਣਯੋਗ ਹੈ। ਗਿਆਨੀ ਜੈਲ ਸਿੰਘ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਉਨ੍ਹਾਂ ਨੂੰ 'ਪੰਜਾਬ ਰਤਨ' ਦੀ ਉਪਾਧੀ ਨਾਲ ਸਨਮਾਨਤ ਕੀਤਾ ਸੀ। ਚਿੱਠੀ ਪੜ੍ਹਦਾ ਹਾਂ।

ਚਰਨਜੀਤ ਸਿੰਘ ਪੰਨੂ ਜੀ, ਤੁਹਾਡੀ 'ਅੰਬਰ ਦੀ ਫੁਲਕਾਰੀ' ਵੇਖ ਰਿਹਾ ਸੀ। ਇੰਜ ਮਹਿਸੂਸ ਹੋਇਆ ਕਿ ਜਿਵੇਂ ਸੱਚੀ-ਮੁੱਚੀ ਅੰਬਰੋਂ ਉਤਰੀ ਹੋਵੇ। ਤੁਸੀਂ ਫੁਰਮਾਇਆ ਹੈ:-

'ਜ਼ਿੰਦਗੀ-ਧੜਕਣ ਧਰਤੀ ਦੀ,
ਮੌਤ-ਇੱਕ ਖਲਾਅ ਧਰਤੀ ਦੇ ਉਹਲੇ।
ਬਹਾਰ-ਤੋਹਫਾ ਪ੍ਰਕਿਰਤੀ ਦਾ।
ਪਰਵਾਸ-ਪਰਿੰਦਿਆਂ ਦੀ,
ਪ੍ਰਦੇਸੀ ਜਨੂਨੀਆਂ ਦੀ,
ਸੁਨਹਿਰੀ ਸੁਪਨਿਆਂ ਦੀ ਤਲਾਸ਼,
ਪੂਰਤੀ/ਅਪੂਰਤੀ, ਇੱਕ ਜੂਆ।'

ਜੇ ਕਰ ਮੇਰੇ ਪਾਸੋਂ ਸੱਚ ਪੁੱਛੋ ਤਾਂ
ਜ਼ਿੰਦਗੀ ਖ਼ਾਬ ਹੈ,
ਖ਼ਾਬ ਮੇਂ ਸੱਚ ਹੈ ਕਿਆ
ਔਰ ਭਲਾ ਝੂਠ ਹੈ ਕਿਆ, ਸਭ ਸੱਚ ਹੈ।
ਦਿਲ ਨੇ ਹਮ ਕੋ ਜੋ ਕਹਾ,
ਹਮ ਨੇ ਵੈਸਾ ਹੀ ਕੀਆ।
ਫਿਰ ਕਭੀ ਫੁਰਸਤ ਮੇਂ ਸੋਚੇਂਗੇ
ਬੁਰਾ ਯਾ ਭਲਾ ਕਿਆ।

ਵੈਸੇ ਸੱਚ ਮੰਨੋ ਤਾਂ ਤੁਹਾਡੀਆਂ ਰਚਨਾਵਾਂ ਪੜ੍ਹਨ ਵਾਸਤੇ, ਦਿਲ ਕਾ ਹਾਲ ਸੁਨੇ ਦਿਲ ਵਾਲਾ, ਸੀਧੀ ਸੀ ਬਾਤ ਨਾ ਮਿਰਚ ਮਸਾਲਾ, ਕਹਿ ਕੇ ਰਹੇਗਾ ਕਹਿਣੇ ਵਾਲਾ। ਤੁਸੀਂ ਪੰਨਾ 60 ਤੇ ਲਿਖਿਆ ਹੈ:-ਹਨੇਰਗਰਦੀ

ਹਨੇਰ ਨਗਰੀ ਚੌਪਟ ਰਾਜਾ,
ਰਪਟ ਕਰਨ ਕਿਸ ਸਾਸ਼ਕ ਕੋਲ।
ਸ਼ੀਂਹ ਸ਼ਿਕਾਰੀ ਝਪਟ ਪੈਣ ਕਦ,
ਧੁਤਕੂ ਕੁੱਲ ਸ਼ਿਕਾਰਾਂ ਨੂੰ।
ਘਰ ਦਾ ਖੁਫੀਆ ਤੇ ਸੱਪ ਘਾਹ ਦਾ,
ਖਤਰਨਾਕ ਹਨ ਦੋਵੇਂ,
ਸ਼ਹਿ ਮਾਰ ਕੇ ਵਾਰ ਨੇ ਕਰਦੇ,
ਲਾਉਂਦੇ ਸੰਨ੍ਹ ਇਤਬਾਰਾਂ ਨੂੰ।

ਤੁਹਾਡੇ ਵਿਚਾਰ, ਸੋਚ, ਪਰਵਾਜ਼, ਅੰਦਾਜ਼ੇ ਬਿਆਂ ਸਮੇਂ ਤੋਂ ਕੁਝ ਅਡਵਾਂਸ ਹੈ। ਜੋ ਤੁਸੀਂ ਅੱਜ ਕਹਿ ਰਹੇ ਹੋ, ਉਹੀ ਗੱਲ ਸ਼ਾਇਰ ਦੋ ਚਾਰ ਸਾਲ ਬਾਦ ਕਹਿਣਗੇ, ਲਿਖਣਗੇ, ਤੇ ਫਿਰ ਕਹਿ ਉਠਣਗੇ ਕਿ ''ਇਹ ਤਾਂ ਪੰਨੂ ਜੀ 2008 ਵਿਚ ਕਹਿ ਰਹੇ ਸੀ ਜੋ ਅਸੀਂ ਅੱਜ ਕਹਿ ਰਹੇ ਹਾਂ।''

'ਤੇਰੇ ਮੇਰੇ ਇਹ ਨਰਕ, ਬਖੇੜੇ, ਦਗੇ, ਘਿਰਣਾਂ, ਲੜਾਈਆਂ, ਤਲਖੀਆਂ, ਕਠੋਰਤਾ, ਝਗੜੇ ਝੇੜੇ, ਰੋਣੇ ਧੋਣੇ, ਕਿੱਲਤਾਂ, ਵਿਤਕਰਾ, ਸਾੜਾ, ਤੇਰੇ ਅੰਦਰ ਤੇਰੇ ਲਈ। ਦ੍ਰਿੜਤਾ, ਆਤਮ ਵਿਸ਼ਵਾਸ, ਸਵੈਮਾਣ, ਅਣਖ, ਭਰੋਸਾ, ਚੜ੍ਹਦੀ ਕਲਾ, ਰੌਸ਼ਨੀ, ਆਜ਼ਾਦੀ, ਉਜਾਲਾ, ਮਰਦਾਨਗੀ, ਦੀਵਾਨਗੀ, ਮੇਰੇ ਅੰਦਰ ਮੇਰੇ ਲਈ, ਮੇਰੇ ਨੇ ਸਭ ਮੇਰੇ ਨੇ।' ਇਹ ਗੱਲ ਪੰਨੂ ਹੀ ਕਹਿ ਸਕਦਾ ਹੈ। ਸ਼ਬਦਾਂ ਦੀ ਚੋਣ, ਵੋਕੈਬੂਲਰੀ ਪਤਾ ਨਹੀਂ ਲਗਦਾ ਇਹ ਸਭ ਕੁਝ ਕਹਾਂ ਸੇ ਆ ਗਿਆ।

ਪੰਨੂ ਜੀ ਅਣਜੰਮੀ ਆਵਾਜ਼ ਪੜ੍ਹ ਕੇ ਮੈਂ ਆਪ ਜਜ਼ਬਾਤੀ ਹੋ ਗਿਆ।

ਮਾਏਂ ਨੀ, ਤੈਨੂੰ ਕੀ ਹੋਇਆ?
ਮੂੰਹ ਤੇਰਾ ਕੁਝ ਰੋਇਆ ਰੋਇਆ।
ਦਾਦੀ ਮਾਂ ਦੀ ਨੀਯਤ ਮਾੜੀ,
ਗੈਸ ਉਤੇ ਉਸ ਤੌੜੀ ਚਾੜ੍ਹੀ।
ਬੁੱਕਲ ਵਿਚ ਛੁਪਾ ਲੈ ਮੈਨੂੰ,
ਬੁੱਚੜਾਂ ਕੋਲੋਂ ਬਚਾ ਲੈ ਮੈਨੂੰ...
ਨਰਸ ਭੈਣ ਵੀ ਆ ਜਾਊ ਛੇਤੀ,
ਰਹਿੰਦਾ ਕੰਮ ਮੁਕਾ ਜਾਊ ਛੇਤੀ।
ਸੁਣ ਲਿਆ ਮੈਂ ਆਪਣੀ ਕੰਨੀਂ,
ਅੰਮੀਏਂ ਇਹ ਹੁਕਮ ਨਾ ਮੰਨੀ।
ਪੰਨੂ ਦੀ ਇਹ ਪੁਕਾਰ ਨੀ ਅੰਮੀਏਂ,
ਮੈਨੂੰ ਕੁੱਖ ਦੇ ਵਿੱਚ ਨਾ ਮਾਰ ਨੀ ਅੰਮੀਏਂ।


ਪੰਨੂ ਜੀ ਇਹ ਜੋ ਕੁਝ ਤੁਹਾਨੂੰ ਪੜ੍ਹਨ ਨੂੰ ਮਿਲੇਗਾ, ਮੈਨੂੰ ਪਤਾ ਨਹੀਂ ਕੌਣ ਲਿਖ ਗਿਆ। ਇਹ ਪੱਤਰ ਧੁਰ ਦੀ ਆਵਾਜ਼ ਤੇ ਮੇਰੀ ਦੀਵਾਨਗੀ ਦਾ ਸਬੂਤ ਹੈ। ਹਾਂ, ਇਸ ਪੱਤਰ ਦਾ ਉਤਰ ਜ਼ਰੂਰ ਦੇਣਾ, ਭਾਵੇਂ ਵਾਪਿਸ ਜਾ ਕੇ ਕੈਲੀਫੋਰਨੀਆ ਸੈਨ ਜੋਸੇ ਤੋਂ। ਵੱਧ ਘੱਟ ਦੀ ਖਿਮਾ। ਸਤਿਕਾਰ ਤੇ ਧੰਨਵਾਦ ਸਹਿਤ, ਆਪ ਜੀ ਦਾ ਵਿਸ਼ਵਾਸ਼ ਪਾਤਰ, ਅਬਨਾਸ਼ੀ ਸਿੰਘ (ਪੰਜਾਬ ਰਤਨ)।'

ਜੁਆਬ ਲਿਖਣ ਦੀ ਸੋਚਦਾ ਹਾਂ ਕਿ ਖਬਰ ਮਿਲ ਜਾਂਦੀ ਹੈ ਕਿ ਅਬਨਾਸ਼ੀ ਸਿੰਘ ਇਸ ਜਹਾਨ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦਾ ਇਕ ਬੇਟਾ ਗੁਰਵਿੰਦਰ ਸਿੰਘ ਫਰੀਮਾਂਟ ਰਹਿੰਦਾ ਹੈ ਜਿਸ ਦਾ ਫੋਨ ਨੰਬਰ 408-930-7575 ਹੈ। ਮੇਰਾ ਇਕ ਹੋਰ ਦੋਸਤ ਇਕੋ ਸਮੇ ਚੋਟੀ ਦਾ ਸ਼ਾਇਰ, ਤੇ ਚਿਤਰਕਾਰ ਕੰਵਰ ਇਮਤਿਆਜ਼, ਜੋ ਹਰ ਸਮੇਂ ਸਾਹਿਤ ਸਮਾਗਮਾ ਵਿੱਚ ਫੁੱਲਾਂ ਵਾਂਗ ਖਿੜੇ ਮੱਥੇ ਮਿਲਦਾ ਤੇ ਉਸ ਦੀ ਮਿੱਠੇ ਸ਼ਬਦਾਂ ਦੀ ਚੋਣ ਮਾਹੌਲ ਵਿੱਚ ਖੂਬਸੂਰਤ ਖੁਸ਼ਬੂਆਂ ਖਿਡਾ ਦਿੰਦੀ ਸੀ, ਵੀ ਇਨ੍ਹੀ ਦਿਨੀਂ ਅਧੂਰੀ ਉਮਰੇ ਰੁਖਸਤ ਹੋ ਗਿਆ ਹੈ। ਇਨ੍ਹਾਂ ਦੋਹਾਂ ਹਸਤੀਆਂ ਨਾਲ ਪੰਜਾਬੀ ਸਾਹਿਤ ਨੂੰ ਨਾ ਪੂਰਨਯੋਗ ਘਾਟਾ ਪਿਆ ਹੈ।

-ਚਰਨਜੀਤ ਸਿੰਘ ਪੰਨੂ
e-mail:pannucs@yahoo.com

# ਛੋਟੇ ਪਿੰਡ ਬਨਾਮ ਬੜੇ ਪਿੰਡ

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

ਸਾਡਾ ਪਿੰਡ ਬੁੰਡਾਲਾ ਦੁਆਬੇ ਦੀ ਧੁੰਨੀ ਸਮਝੇ ਜਾਂਦੇ ਕਹਿੰਦੇ-ਕਹਾਉਂਦੇ ਇਲਾਕੇ ਮੰਜਕੀ ਵਿਚ ਸਥਿਤ ਹੈ। ਇਸ ਪਿੰਡ ਦੇ ਆਸ-ਪਾਸ ਦਰਜਨ ਭਰ ਹੋਰ ਬਹੁਤ ਵੱਡੇ ਪਿੰਡ ਵਸੇ ਹੋਏ ਹਨ। ਇਨ੍ਹਾਂ ਪਿੰਡਾਂ ਦੇ ਵਸਨੀਕਾਂ ਵਿਚ ਆਪਣੇ ਆਪ ਨੂੰ ਵੱਡੇ ਪਿੰਡ ਦੇ ਹੋਣ ਦਾ ਬਹੁਤ ਗੁਮਾਨ ਹੈ ਤੇ ਇਸ ਵਡੱਪਣ ਦੇ ਨਸ਼ੇ ਵਿਚ ਉਨ੍ਹਾਂ ਦੇ ਧਰਤੀ 'ਤੇ ਪੈਰ ਨਹੀਂ ਲਗਦੇ। ਇਕ ਪਿੰਡ ਨੇ ਤਾਂ ਫੂਕ 'ਚ ਆਏ ਨੇ ਆਪਣਾ ਨਾਂ ਹੀ 'ਬੜਾ ਪਿੰਡ' ਧਰਾ ਲਿਆ। ਇਹ ਇਲਾਕਾ ਪੰਜਾਬ ਦੀ ਸਿਆਸਤ, ਖਾਸ ਤੌਰ 'ਤੇ ਅਗਾਂਹਵਧੂ ਸਿਆਸਤ ਦਾ ਗੜ੍ਹ ਹੈ। ਇਸ ਧਰਤੀ 'ਤੇ ਜਨਮ ਧਾਰ ਕੇ ਮੇਰੇ ਵੀ ਪੈਰ ਚੱਕੇ ਗਏ ਹਨ। ਮਾਝੇ ਜਾਂ ਮਾਲਵੇ ਦੇ ਦੁਰਾਡੇ ਪਿੰਡਾਂ ਦੇ ਕਈ ਲੋਕ ਸਾਡੇ ਪਿੰਡਾਂ ਦੇ ਤਿਆਸਵੇਂ ਕੋਠੇ ਦੇਖ ਕੇ ਆਪਣੀ ਡਿਗਦੀ ਪੱਗ ਸੂਤ ਕਰਨ ਲੱਗ ਜਾਂਦੇ ਸਨ। ਸਾਡੀਆਂ ਪੱਕੀਆਂ ਗਲੀਆਂ, ਲੰਮੀਆਂ-ਲੰਮੀਆਂ ਬੀਹੀਆਂ, ਥਾਂ-ਥਾਂ 'ਤੇ ਹੱਟੀਆਂ ਤੇ ਚੁਸਤ-ਫੁਰਤ ਬੰਦੇ ਦੇਖ ਕੇ ਉਹ ਭੌਰ ਭੌਰ ਹੋਏ ਸੋਚੀਂ ਪੈ ਜਾਂਦੇ ਸਨ ਕਿ ਵਾਕਿਆ ਹੀ ਉਹ ਭਾਰਤ ਵਿਚ ਘੁੰਮ ਰਹੇ ਹਨ। ਪਰ ਉਨ੍ਹਾਂ ਨੂੰ ਕੀ ਪਤਾ ਊਂਚੀ ਦੁਕਾਨ...।

ਸਾਡੇ ਵੱਡੇ ਪਿੰਡਾਂ ਦੇ ਆਲੇ-ਦੁਆਲੇ ਕੁਕੜੀ ਦੇ ਚੂਚਿਆਂ ਵਰਗੇ ਬਹੁਤ ਸਾਰੇ ਛੋਟੇ ਪਿੰਡ ਖਿਲਰੇ ਪਏ ਹਨ ਜਿਨ੍ਹਾਂ ਦੇ ਰਹਿਣ ਵਾਲਿਆਂ ਨੂੰ ਵੱਡੇ ਪਿੰਡਾਂ ਵਾਲੇ ਟਿੱਚ ਸਮਝਦੇ ਸਨ। ਉਹ ਵੀ ਵਿਚਾਰੇ ਇਨ੍ਹਾਂ ਦੇ ਸਾਹਮਣੇ ਮਾਊਂ ਜਿਹੇ ਬਣੇ ਰਹਿੰਦੇ ਸਨ। ਇਕ ਬੋਟ ਜਿਹੇ ਪਿੰਡ ਨੇ ਤਾਂ ਇਸ ਧੌਂਸ ਦੇ ਡਰੋਂ ਆਪਣਾ ਨਿਮਾਣਾ ਜਿਹਾ ਨਾਂ ਰੱਖ ਲਿਆ 'ਪੰਡੋਰੀ' ਪਰ ਕਿਸੇ ਜ਼ਮਾਨੇ ਇਕ ਪਟਵਾਰੀ ਨੇ ਤਰਸ ਖਾ ਕੇ ਇਸ ਦੇ ਨਾਂ ਪਿਛੇ 'ਮੁਸ਼ਾਰਕਤੀ' ਦਾ ਛੱਜ ਲਟਕਾ ਦਿਤਾ ਤੇ ਨਾਂ ਬਣ ਗਿਆ 'ਪੰਡੋਰੀ ਮੁਸ਼ਾਰਕਤੀ'। ਸ਼ਹਿਰੀਆਂ ਨਾਲ ਮਿਲੀ-ਭੁਗਤ ਕਰਕੇ ਇਨ੍ਹਾਂ ਨੇ ਛੋਟੇ ਪਿੰਡਾਂ ਵਾਲਿਆਂ ਨੂੰ ਥੱਲੇ ਲਾਉਣ ਦੇ ਇਰਾਦੇ ਨਾਲ ਇਕ ਕਹਾਵਤ ਠੇਲ ਦਿੱਤੀ:

ਸ਼ਹਿਰੀਂ ਵਸਣ ਦੇਵਤੇ, ਵੱਡੇ ਪਿੰਡੀਂ ਮਨੁਖ।
ਛੋਟੇ ਪਿੰਡੀਂ ਭੂਤਨੇ, ਪੁੱਟ ਪੁੱਟ ਸੁੱਟਦੇ ਰੁਖ।

ਪਹਿਲਿਆਂ 'ਚ ਜੇ ਕਿਸੇ ਗਲੀ-ਗੁਆਂਢ ਵਹੁਟੀ-ਕੁੜੀ ਦੀ ਸਲਵਾਰ ਉਚੀ ਬੰਨ੍ਹੀ ਹੁੰਦੀ ਤਾਂ ਮੇਰੀ ਮਾਂ ਝੱਟ ਕਹਿ ਦਿਆ ਕਰਦੀ, "ਦੇਖ ਖਾਂ, ਸਲਵਾਰ ਕਿੱਦਾਂ ਛੋਟੇ ਪਿੰਡਾਂ ਆਲੀਆਂ ਵਾਂਗੂੰ ਬੰਨ੍ਹੀ ਹੋਈ ਹੈ। ਏਹਨੂੰ ਤਾਂ ਪਹਿਨਣ ਦਾ ਈ ਚੱਜ ਨਹੀਂ।" ਢੁਚੀ ਬੁੱਕਲ ਜਾਂ ਉਚੀ ਕੁੜਤੀ ਵੀ ਛੋਟੇ ਪਿੰਡਾਂ ਵਾਲੀਆਂ ਦੀ ਨਿਸ਼ਾਨੀ ਸਮਝੀ ਜਾਂਦੀ ਸੀ। ਛੋਟੇ ਪਿੰਡਾਂ ਵਾਲਿਆਂ ਦੀ ਹਰ ਹਰਕਤ, ਰਹਿਣੀ-ਬਹਿਣੀ ਵੱਡੇ ਪਿੰਡਾਂ ਦੀ ਨਜ਼ਰ ਵਿਚ ਸਭਿਅਤਾ ਤੋਂ ਹੀਣੀ ਹੁੰਦੀ ਸੀ। ਲੰਬੜਾਂ ਦੇ ਮੁੰਡੇ ਵਾਂਗ ਵੱਡੇ ਪਿੰਡ ਦਾ ਬੰਦਾ ਛੋਟੇ ਪਿੰਡ ਵਾਲੇ ਨੂੰ ਦੇਖ ਕੇ ਮੋਢੇ ਦੇ ਉਪਰ ਦੀ ਥੁੱਕ ਦਿੰਦਾ ਸੀ। ਵੱਡੇ ਪਿੰਡ ਦੇ ਹੋਣ ਦੇ ਅਹਿਸਾਸ ਕਾਰਨ ਉਨ੍ਹਾਂ ਦਾ ਹਰ ਐਬ ਢਕਿਆ ਰਹਿੰਦਾ ਸੀ। ਛੋਟੇ ਪਿੰਡਾਂ ਨੇ ਸਮੇਂ-ਸਮੇਂ ਸਿਰ ਵੱਡੇ ਪਿੰਡਾਂ ਦੇ ਇਸ ਫੋਕੇ ਟੌਹਰ ਪ੍ਰਤੀ ਰੋਸ ਤੇ ਵਿਦਰੋਹ ਦਾ ਝੰਡਾ ਵੀ ਚੁੱਕਿਆ ਹੈ।

ਮਾਲਵੇ ਤੋਂ ਵਿਆਹ ਕੇ ਲਿਆਂਦੀਆਂ ਔਰਤਾਂ ਪ੍ਰਤੀ ਵੀ ਇਨ੍ਹਾਂ ਵੱਡੇ ਡਮਾਕੀਆਂ ਦਾ ਏਹੋ ਜਿਹਾ ਹੀ ਵਿਹਾਰ ਸੀ। ਉਨ੍ਹਾਂ ਨੂੰ ਨੱਕ ਸਿਕੋੜ ਕੇ 'ਪਾਰ ਦੀਆਂ' ਕਹਿ ਕੇ ਛੁਟਿਆਇਆ ਜਾਂਦਾ ਸੀ ਜਿਵੇਂ ਕਿਧਰੇ ਉਹ ਕੁਦੇਸਣਾਂ ਹੁੰਦੀਆਂ ਹਨ। ਕਿਸੇ ਦੇਸ ਨੂੰ ਹੀ ਭੈੜਾ ਦੇਸ ਕਹਿ ਦੇਣਾ ਸਿਰੇ ਦਾ ਹੰਕਾਰ ਹੈ। ਕੁਦੇਸ ਸ਼ਬਦ ਹੀ ਬਾਹਰੋਂ ਵਿਆਹ ਕੇ ਲਿਆਂਦੀਆਂ ਔਰਤਾਂ ਦੇ ਪ੍ਰਸੰਗ ਵਿਚ ਵਰਤਿਆ ਜਾਂਦਾ ਸੀ। ਨੁਕਸ ਆਪਣੇ ਘਰ ਵਿਚ ਹੋਣਾ ਕਿ ਮੁੰਡਾ ਵਿਆਹ ਨਹੀਂ ਹੁੰਦਾ। ਵਿਡੰਬਨਾ ਇਹ ਕਿ ਸਾਡੇ ਘਰ ਵਿਚ ਮੇਰੀ ਵਹੁਟੀ ਤੇ ਵੱਡੀ ਭਰਜਾਈ ਪਾਰ ਤੋਂ ਆ ਗਈਆਂ ਤੇ ਮੇਰੀ ਛੋਟੀ ਭਰਜਾਈ ਲਾਗੇ ਜਿਹੇ ਦੇ ਇਕ ਛੋਟੇ ਪਿੰਡ ਤੋਂ। ਸੱਸਾਂ ਤਾਂ ਵੈਸੇ ਹੀ ਮਾਣ ਨਹੀਂ ਹੁੰਦੀਆਂ ਪਰ ਆਪਣੀਆਂ ਨੂੰਹਾਂ ਦੀ ਇਹ ਊਣਤਾਈ ਦੇਖ ਕੇ ਸਾਡੀ ਮਾਂ ਦੀ ਹੋਰ ਗੁੱਡੀ ਚੜ੍ਹ ਗਈ। ਮੌਕਾ ਲਗਦੇ ਉਹ ਕਿਸੇ ਛੋਟੇ ਪਿੰਡ ਜਾਂ ਪਾਰ ਦੀ ਵਿਆਹੀ ਔਰਤ ਦੀ ਅਟਪਟੀ ਹਰਕਤ ਦੇਖ ਕੇ ਨਿਹੋਰਾ ਮਾਰਨੋਂ ਨਾ ਰਹਿੰਦੀ ਪਰ ਨਾਲ ਹੀ ਆਪਣੀਆਂ ਨੂੰਹਾਂ ਨੂੰ ਵੀ ਕਹਿ ਦਿੰਦੀ, "ਓਦਾਂ ਤੁਸੀਂ ਤਾਂ ਨਹੀਂ ਏਦਾਂ ਦੀਆਂ।"

ਵੱਡੇ ਪਿੰਡਾਂ ਦੇ ਲੋਕ ਛੋਟੇ ਪਿੰਡਾਂ ਦੀ ਹਰ ਚੀਜ਼ ਨਿੰਦਦੇ ਸਨ। ਉਨ੍ਹਾਂ ਵਿਚ ਕੋਈ ਸ਼ਊਰ ਨਹੀਂ, ਉਨ੍ਹਾਂ ਦੇ ਆਦਮੀ ਘਰੀਂ ਹੁੱਕੇ ਪੀਂਦੇ ਹਨ, ਉਨ੍ਹਾਂ ਨੇ ਸਿਰ ਘੋਨ-ਮੋਨ ਕਰਾ ਕੇ ਰੱਖੇ ਹਨ, ਉਨ੍ਹਾਂ ਦੀਆਂ ਔਰਤਾਂ ਖੇਤਾਂ 'ਚ ਕੰਮ ਕਰਦੀਆਂ ਹਨ, ਨਾਲੇ ਗੋਹਾ-ਕੂੜਾ ਕਰਦੀਆਂ ਹਨ, ਉਨ੍ਹਾਂ ਦੇ ਨਹੁੰਆਂ ਵਿਚੋਂ ਛੇ-ਛੇ ਮਹੀਨੇ ਮੈਲ ਨਹੀਂ ਨਿਕਲਦੀ। ਸਾਡੀਆਂ ਵਹੁਟੀਆਂ-ਕੁੜੀਆਂ ਜੇ ਬਾਹਰ ਵੀ ਜਾਣਗੀਆਂ ਤਾਂ ਪਹਿਨ ਪਚਰ ਕੇ ਜਾਣਗੀਆਂ, ਬਾਹਰੋਂ ਜੇ ਬਾਲਣ ਲਿਆਉਣਾ ਹੋਵੇ ਤਾਂ ਪੂਰਾ ਸੁਆਰ ਕੇ ਲਿਆਉਣਗੀਆਂ ਪਰ ਇਹ ਛੋਟੇ ਪਿੰਡਾਂ ਵਾਲੀਆਂ ਝੱਲ-ਕੁਕੜੀਆਂ ਰਾਹਾਂ-ਗਲੀਆਂ ਵਿਚੀਂ ਛਾਪੇ ਘਤੀਸੀ ਲਿਆਉਣਗੀਆਂ। ਇਕ ਛੋਟੇ ਪਿੰਡ ਗੁੜਿਆਂ ਦੇ ਮੇਰੇ ਇਕ ਮਿੱਤਰ ਨੇ ਦੱਸਿਆ ਕਿ ਉਹ ਇਕ ਵਾਰੀ ਨਾਲ ਦੇ ਵੱਡੇ ਪਿੰਡ ਸਰੀਂਹ ਤੋਂ ਪੰਜਾਂ ਦਾ ਨੋਟ ਤੁੜਾਉਣ ਗਿਆ ਤਾਂ ਦੁਕਾਨਦਾਰ ਨੇ ਪੁਛਿਆ ਕਿ ਤੇਰਾ ਪਿੰਡ ਕਿਹੜਾ ਹੈ। ਉਸ ਦੇ ਦੱਸਣ 'ਤੇ ਦੁਕਾਨਦਾਰ ਨੇ ਅੱਗੋਂ ਪੁਛਿਆ, "ਉਥੇ ਕੋਈ ਬੱਸ ਜਾਂਦੀ ਹੈ?" ਮੇਰੇ ਮਿੱਤਰ ਵਲੋਂ 'ਨਹੀਂ'



ਦੇ ਉੱਤਰ ਵਿਚ ਉਸ ਨੇ ਹੋਰ ਸਵਾਲ ਕਰ ਦਿੱਤਾ, "ਰੇਲ ਜਾਂਦੀ ਹੈ?" ਫਿਰ 'ਨਹੀਂ' ਉੱਤਰ ਆਇਆ ਤਾਂ ਉਸ ਨੇ ਟਿੱਪਣੀ ਕੀਤੀ, "ਤਾਂ ਫਿਰ ਉਥੇ ਅਕਲ ਵੀ ਨਹੀਂ ਜਾਂਦੀ ਹੋਣੀ। ਮੇਰੇ ਕੋਲ ਆਇਆ ਕਰ, ਤੈਨੂੰ ਵੱਡੇ ਪਿੰਡਾਂ ਵਾਲੀ ਅਕਲ ਦੇ ਪਾਠ ਪੜ੍ਹਾਊਂਗਾ।"

ਇਹ ਗੱਲ ਆਮ ਆਖੀ ਜਾਂਦੀ ਸੀ ਕਿ ਵੱਡੇ ਪਿੰਡ ਦੇ ਕਿਸੇ ਘਰ ਜੇ ਕੋਈ ਪ੍ਰਾਹੁਣਾ ਆ ਜਾਵੇ ਤਾਂ ਘਰ ਵਾਲੇ ਆਦਰ ਵਜੋਂ ਉਸ ਨੂੰ ਨਵੀਂ ਨਕੋਰ ਦਰੀ, ਸਿਰਹਾਣਾ ਤੇ ਖੇਸ ਵਿਛਾ ਕੇ ਮੰਜੇ 'ਤੇ ਬਹਾਲਦੇ ਹਨ, ਰੋਟੀ ਪਾਣੀ ਦੀ ਖੂਬ ਸੇਵਾ ਕਰਦੇ ਹਨ ਪਰ ਛੋਟੇ ਪਿੰਡਾਂ ਦੇ ਲੋਕ ਪ੍ਰਾਹੁਣਿਆਂ ਨੂੰ ਅਲਾਣੇ ਮੰਜੇ 'ਤੇ ਬਿਠਾ ਦਿੰਦੇ ਹਨ, ਸੇਵਾ ਲਈ ਨਿਆਣਿਆਂ ਨੂੰ ਦਾਣੇ ਭੁੰਨਾਉਣ ਭੇਜ ਦਿੰਦੇ ਹਨ, ਇਥੋਂ ਤਕ ਕਿ ਆਏ ਜਵਾਈ ਨੂੰ ਖੇਤ ਲਿਜਾ ਕੇ ਪੱਠੇ ਵਢਣ ਲਾ ਦਿੰਦੇ ਹਨ। ਛੋਟੇ ਪਿੰਡ ਦਾ ਮੁੰਡਾ ਜੇ ਰੁੜਕੇ ਪਟਵਾਰੀ ਲੱਗ ਜਾਵੇ ਤਾਂ ਬੜੇ ਫ਼ਖ਼ਰ ਨਾਲ ਇਹ ਗੱਲ ਦੱਸਣਗੇ ਕਿ ਸਾਡਾ ਮੁੰਡਾ ਰੁੜਕੇ ਪਟਵਾਰੀ ਲੱਗਾ ਹੈ।

ਅਸਲ ਵਿਚ ਛੋਟੇ ਪਿੰਡ ਆਪਣੇ ਆਕਾਰ ਕਾਰਨ ਇਕ ਵੱਡੇ ਸਾਰੇ ਪਰਿਵਾਰ ਦੀ ਨਿਆਈਂ ਰਹਿੰਦੇ ਹਨ ਜਿਸ ਕਰਕੇ ਉਨ੍ਹਾਂ ਵਿਚ ਆਪਸੀ ਸਾਂਝ ਵੀ ਵਧ ਹੁੰਦੀ ਹੈ ਤੇ ਨਿਤਾਪ੍ਰਤੀ ਜੀਵਨ ਵਿਚ ਤੁਕੱਲਫ ਵੀ ਬਹੁਤ ਘਟ ਹੁੰਦਾ ਹੈ। ਉਹ ਸਾਰੇ ਪਿੰਡ ਨੂੰ ਘਰ ਜਿਹਾ ਹੀ ਸਮਝਦੇ ਹਨ। ਵੱਡੇ ਪਿੰਡਾਂ ਦੀ ਜ਼ਿਆਦਾ ਆਬਾਦੀ ਤੇ ਵੱਡੇ ਆਕਾਰ ਕਾਰਨ ਲੋਕ ਇਕ ਦੂਜੇ ਤੋਂ ਥੋੜਾ ਨਿਖੜੇ ਹੋਏ ਰਹਿੰਦੇ ਹਨ, ਪਿੰਡ 'ਚ ਵੜਨ ਲੱਗਿਆਂ ਉਨ੍ਹਾਂ ਨੂੰ ਲੰਮੀਆਂ ਗਲੀਆਂ ਵਿਚੀਂ ਲੰਘਣਾ ਪੈਂਦਾ ਹੈ ਇਸ ਲਈ ਉਨ੍ਹਾਂ ਦੇ ਜੀਵਨ ਵਿਚ ਵਿਖਾਵਾ ਤੇ ਉਚੇਚਾਪਣ ਵਧੇਰੇ ਆ ਜਾਂਦਾ ਹੈ।

ਵੱਡੇ ਪਿੰਡਾਂ ਦੇ ਲੋਕ ਇਕ ਹੋਰ ਚੁਸਤੀ ਕਰਦੇ ਹਨ ਜੋ ਕਿ ਸਾਡੇ ਮਰਦ ਪ੍ਰਧਾਨ ਸਮਾਜ ਦਾ ਆਮ ਵਰਤਾਰਾ ਹੈ। ਇਹ ਚੁਸਤੀ ਹੈ ਔਰਤ ਨੂੰ ਵਿਆਹੁਣ ਵਿਚ। ਆਪ ਤੋਂ ਨੀਵੇਂ ਸਮਝੇ ਜਾਂਦੇ ਛੋਟੇ ਪਿੰਡਾਂ ਦੀਆਂ ਕੁੜੀਆਂ ਵਿਆਹ ਲਿਆਓ ਪਰ ਆਪਣੀਆਂ ਕੁੜੀਆਂ ਉਨ੍ਹਾਂ ਨੂੰ ਨਾ ਦਿਓ। ਔਰਤ ਅਤੇ ਨੀਚਤਾ ਦੇ ਸਿਧੇ ਸਬੰਧ ਨੂੰ ਇਕ ਅਟੱਲ ਸੱਚਾਈ ਸਮਝਿਆ ਜਾਂਦਾ ਹੈ। ਸਾਡੇ ਪ੍ਰਾਚੀਨ ਧਰਮਾਚਾਰੀਆਂ ਨੇ ਇਸ ਵਤੀਰੇ ਨੂੰ ਪਕੇਰਾ ਹੀ ਕੀਤਾ ਹੈ। ਗੁਰੂ ਨਾਨਕ ਦੇਵ ਹਾਲਾਂਕਿ ਰਾਜਿਆਂ ਦੇ ਲੋਕ-ਵਿਰੋਧੀ ਕਿਰਦਾਰ ਦੀ ਖੁਲ੍ਹ ਕੇ ਨਿੰਦਿਆ ਕਰਦੇ ਸਨ ਪਰ ਔਰਤ ਦਾ ਦਰਜਾ ਉਚਾ ਚੁੱਕਣ ਦੇ ਇਰਾਦੇ ਨਾਲ ਉਨ੍ਹਾਂ ਕਿਹਾ, "ਸੋ ਕਿਓ ਮੰਦਾ ਆਖੀਐ, ਜਿਤੁ ਜੰਮੇ ਰਾਜਾਨ।"

ਛੋਟੇ ਪਿੰਡਾਂ ਦੇ ਲੋਕ ਵੱਡੇ ਪਿੰਡਾਂ ਦੇ ਇਸ ਵਤੀਰੇ ਦੀ ਅੰਦਰੋਂ-ਅੰਦਰੀ ਨਿਖੇਧੀ ਕਰਦੇ ਸਨ ਤੇ ਮੌਕਾ ਮਿਲਣ 'ਤੇ ਆਪਣਾ ਗੁਭ-ਗੁਲਾਟ ਕਢ ਲੈਂਦੇ ਸਨ। ਸਾਡੇ ਪਿੰਡਾਂ ਵਿਚ ਇਕ ਗੱਲ ਸੁਣਾਈ ਜਾਂਦੀ ਹੈ ਕਿ ਇਕ ਛੋਟੇ ਪਿੰਡ ਦੀ ਕੁੜੀ ਕਿਸੇ ਵੱਡੇ ਪਿੰਡ ਵਿਆਹੀ ਗਈ। ਇਕ ਦਿਨ ਉਸ ਦਾ ਬਾਪ ਆਪਣੀ ਕੁੜੀ ਨੂੰ ਦੇਖਣ ਉਸ ਦੇ ਸਹੁਰੇ ਘਰ ਗਿਆ। ਪਿਉ ਨੇ ਦੇਖਿਆ ਕਿ ਛੋਟੇ ਜਿਹੇ ਘਰ ਦੇ ਦਲਾਨ ਵਿਚ ਚਾਰੇ ਖੂੰਜਿਆਂ ਵਿਚ ਇਕ ਇਕ ਭੜੋਲਾ ਪਿਆ ਹੈ। ਉਹ ਖੁਸ਼ ਹੋ ਗਿਆ ਕਿ ਘਰ ਵਿਚ ਚੋਖਾ ਦਾਣਾ-ਫੱਕਾ ਹੈ, ਉਸ ਦੀ ਧੀ ਸੁਖੀ ਵਸੇਗੀ। ਪਰ ਫਿਰ ਵੀ ਉਸ ਨੇ ਜਗਿਆਸਾਵਸ ਆਪਣੀ ਕੁੜੀ ਤੋਂ ਪੁੱਛ ਲਿਆ ਕਿ ਇਨ੍ਹਾਂ ਭੜੋਲਿਆਂ ਵਿਚ ਕੀ ਹੈ? ਕੁੜੀ ਨੇ ਸੜੀ ਹੋਈ ਨੇ ਕਿਹਾ, "ਇਕ ਵਿਚ ਬੁੰਡਾਲਾ, ਇਕ ਵਿਚ ਜੰਡਿਆਲਾ, ਇਕ ਵਿਚ ਸਰੀਂਹ ਤੇ ਇਕ ਵਿਚ ਸ਼ੰਕਰ।" ਅਰਥਾਤ ਉਸ ਨੇ ਚਾਰ-ਚੁਫੇਰੇ ਦੇ ਵੱਡੇ ਪਿੰਡਾਂ ਦੇ ਨਾਂ ਗਿਣਾ ਦਿਤੇ। ਪਿਉ ਨੇ ਹੈਰਾਨ ਹੋਏ ਨੇ ਗੱਲ ਦਾ ਮਤਲਬ ਪੁਛਿਆ ਤਾਂ ਧੀ ਨੇ ਵਿਆਖਿਆ ਕੀਤੀ, "ਇਕ ਵਿਚ ਪਾਥੀਆਂ, ਇਕ ਵਿਚ ਗੁੱਲ, ਇਕ ਵਿਚ ਛਿਟੀਆਂ ਤੇ ਇਕ ਵਿਚ ਟੋਕ।"

ਵੱਡੇ ਪਿੰਡਾਂ ਦੇ ਜੱਟਾਂ ਨੂੰ ਵੱਡੇ-ਮੂੰਹੇਂ ਤੇ ਛੋਟੇ ਪਿੰਡਾਂ ਦੇ ਜੱਟਾਂ ਨੂੰ ਛੋਟੇ-ਮੂੰਹੇਂ ਕਿਹਾ ਜਾਂਦਾ ਸੀ। ਇਹ ਗੱਲ ਸੱਚ ਹੈ ਕਿ ਛੋਟੇ ਪਿੰਡਾਂ ਦੇ ਲੋਕ ਵੱਡੇ ਪਿੰਡਾਂ ਵਿਚ ਆਪਣੀਆਂ ਧੀਆਂ ਨੂੰ ਵਿਆਹੁਣ ਵਿਚ ਆਪਣੀ ਵਡਿਆਈ ਸਮਝਦੇ ਸਨ। ਇਸ ਦਾ ਨਤੀਜਾ ਇਹ ਹੁੰਦਾ ਸੀ ਕਿ ਵੱਡੇ ਪਿੰਡਾਂ ਦੇ ਰਹੇ-ਖਹੇ ਤੇ ਅਮਲੀ-ਠਮਲੀ ਵੀ ਵਿਆਹੇ ਜਾਂਦੇ ਸਨ। ਇਸ ਕਾਰਨ ਵੱਡੇ ਪਿੰਡਾਂ ਦੀ ਆਬਾਦੀ ਹੋਰ ਵੀ ਵਧਦੀ ਜਾਂਦੀ ਤੇ ਹਿੱਸੇ ਆਉਂਦੀ ਭੋਇੰ ਘਟਦੀ ਜਾਂਦੀ। ਵੱਡੇ ਪਿੰਡਾਂ ਦੀ 'ਊਂਚੀ ਦੁਕਾਨ' ਵਿਚ 'ਫੀਕਾ ਪਕਵਾਨ' ਪੱਕਣ ਲੱਗ ਜਾਂਦਾ। ਹੋਰ ਤਾਂ ਹੋਰ ਪਿੰਡ ਪੱਧਰ 'ਤੇ ਇਹ ਵਰਤਾਰਾ ਪਿੰਡ ਦੇ ਅੰਦਰਵਾਰ ਵੀ ਵਾਪਰਨ ਲਗਦਾ। ਪਿੰਡ ਦੀਆਂ ਵੱਡੀਆਂ ਛੋਟੀਆਂ ਪੱਤੀਆਂ ਵਿਚ ਵੀ ਇਹੋ ਕੁਝ ਹੋ ਰਿਹਾ ਹੁੰਦਾ। ਸਾਡੇ ਪਿੰਡ ਵਿਚ ਦੋ ਵੱਡੀਆਂ ਪੱਤੀਆਂ ਹਨ। ਖੁਸ਼ਕਿਸਮਤੀ ਨਾਲ ਮੈਂ ਵੱਡੀ ਪੱਤੀ ਤੋਂ ਹਾਂ ਤੇ ਮੇਰੇ ਸਿਰ ਵਿਚਲਾ ਦੂਹਰਾ ਗੁਰੂਰ ਮੇਰੇ ਪੈਰਾਂ ਨੂੰ ਧਰਤੀ 'ਤੇ ਨਹੀਂ ਲੱਗਣ ਦਿੰਦਾ। ਅਮਰੀਕਾ ਨੇ ਇਹ ਗੁਰੂਰ ਹੋਰ ਵਧਾ ਦਿਤਾ ਪਰ ਲੇ-ਆਫ਼ ਨੇ ਸਾਰੀ ਹਵਾ ਕੱਢ ਦਿਤੀ। ਮੈਂ ਤੇ ਮੇਰੇ ਚਾਚੇ ਦੇ ਪੁਤਰ ਮੱਖਣ ਸਿੰਘ ਨੇ ਜਦ ਇਕ ਛੋਟੀ ਪੱਤੀ ਵਾਲੇ ਦੋਸਤ ਦੇ ਘਰ ਜਾਣਾ ਤਾਂ ਉਸ ਦੀ ਮਾਂ ਨੇ ਸਾਡੇ ਟਸ਼ਨਾਂ ਵੱਲ ਰਸ਼ਕ ਭਰੀਆਂ ਨਜ਼ਰਾਂ ਨਾਲ ਦੇਖਦੇ ਹੋਏ ਕਹਿਣਾ, "ਦੇਖੋ ਨੀ, ਨੀਏਂ ਵਾਲ ਦੇ ਮੁੰਡੇ ਤਾਂ ਚੜ੍ਹ ਚੜ੍ਹਾਉਂਦੇ ਹਨ।" ਪਿੰਡ ਦੇ ਸਿਆਣੇ ਲੋਕ ਦੱਸਦੇ ਹਨ ਕਿ ਇਨ੍ਹਾਂ ਦੋਵਾਂ ਵੱਡੀਆਂ ਪੱਤੀਆਂ ਦੇ ਲੋਕਾਂ ਕੋਲ ਜ਼ਮੀਨਾਂ ਘੱਟ ਹਨ ਪਰ ਆਬਾਦੀ ਜ਼ਿਆਦਾ। ਦੂਜੇ ਪਾਸੇ ਪਿੰਡ ਦੀਆਂ ਤਿੰਨ ਛੋਟੀਆਂ ਪੱਤੀਆਂ ਦੇ ਲੋਕਾਂ ਕੋਲ ਜ਼ਮੀਨਾਂ ਵੱਧ ਹਨ ਪਰ ਛੜੇ ਵੀ ਵਧੇਰੇ। ਹੋਰ ਪਿੰਡਾਂ ਦੇ ਲੋਕ ਇਹ ਦੇਖ ਕੇ ਵੀ ਆਪਣੀ ਕੁੜੀ ਦਾ ਸਾਕ ਕਰਦੇ ਸਨ ਕਿ ਮੁੰਡਾ ਵੱਡੀ ਪੱਤੀ ਦਾ ਹੈ ਕਿ ਛੋਟੀ ਪੱਤੀ ਦਾ। ਅੰਦਰ ਕੀ ਭੰਗ ਭੁਜਦੀ ਹੈ? ਉਨ੍ਹਾਂ ਦੀ ਜਾਣੇ ਬਲਾਅ! ਏਹੋ ਹਾਲ ਸਾਡੇ ਨਾਲ ਦੇ ਪਿੰਡ ਜੰਡਿਆਲੇ ਦਾ ਹੈ। ਇਥੇ ਦੀਆਂ ਦੋ ਵੱਡੀਆਂ ਪੱਤੀਆਂ ਹਨ। ਜਿਵੇਂ ਕਹਿੰਦੇ ਹਨ ਵੱਡੇ ਘਰ ਦੀਆਂ ਵਡੀਆਂ ਮਿਰਚਾਂ, ਇਨ੍ਹਾਂ ਪੱਤੀਆਂ ਨੇ ਆਪਣੇ ਨਾਂ ਵੀ ਚੁਣ ਕੇ ਰਖਵਾਏ ਹਨ: 'ਵੱਡੀ ਪੱਤੀ' ਤੇ 'ਸਾਹਨ ਕੀ ਪੱਤੀ'। ਵਿਚਾਰੀਆਂ ਦੋ ਛੋਟੀਆਂ ਪੱਤੀਆਂ ਦੇ ਹਿੱਸੇ ਨਾਂ ਆਏ, 'ਰਾਮ ਕੀ ਪੱਤੀ' ਤੇ 'ਧੁੰਨੀ ਕੀ ਪੱਤੀ'। ਵੱਡੀਆਂ ਪੱਤੀਆਂ ਵਾਲਿਆਂ ਨੇ ਆਪਣੀ ਘਟ ਭੋਇੰ-ਮਾਲਕੀ ਤੋਂ ਪੈਦਾ ਹੋਏ ਕਮਤਰੀ ਦੇ ਅਹਿਸਾਸ ਨੂੰ ਇਹ ਧੁਮਾ ਕੇ ਲੁਕੋ ਲਿਆ ਹੈ:

ਖੇਹ ਧੁੰਨੀ, ਸੁਆਹ ਰਾਮਕੇ।
ਬੜੀ ਪੱਤੀ ਸਰਦਾਰਾਂ ਦੀ, ਨਾਲੇ ਸਾਹਨਕੇ।

ਵੱਡੇ ਪਿੰਡਾਂ ਦੀ ਆਪਸ ਵਿਚ ਪੁਸ਼ਤਾਂਬੱਧੀ ਲੜਾਈ ਹੁੰਦੀ ਰਹਿੰਦੀ ਸੀ। ਸਾਡੇ ਪਿੰਡ ਬੁੰਡਾਲੇ ਅਤੇ ਜੰਡਿਆਲੇ ਦੇ ਇਸ ਅਮੁੱਕ ਸੰਗਰਾਮ 'ਤੇ ਜੰਡਿਆਲੇ ਦੇ ਇਕ ਲੇਖਕ ਨੇ ਨਾਵਲ ਹੀ ਲਿਖ ਮਾਰਿਆ ਹੈ।

ਪੱਤੀਆਂ ਦੀ ਪੱਤੀਆਂ ਨਾਲ ਵੀ ਖਹਿਬਾਜ਼ੀ ਹੁੰਦੀ ਹੈ ਜਿਸ ਨੂੰ ਪਾਸਾਵਾਦ ਕਿਹਾ ਜਾਂਦਾ ਹੈ ਤੇ ਅਗਾਂਹ ਗੁਆਂਢ ਦੀ ਗੁਆਂਢ ਨਾਲ ਤੇ ਬੰਨੇ ਦੀ ਬੰਨੇ ਨਾਲ। ਆਮ ਤੌਰ 'ਤੇ ਵੱਡੀਆਂ ਪੱਤੀਆਂ ਆਪੋ ਵਿਚ ਪਿੰਡ ਦੀ ਸਰਦਾਰੀ ਲਈ ਇੱਕ ਦੂਜੇ ਨਾਲ ਖਹਿੰਦੀਆਂ ਹਨ। ਪਿੰਡ ਵਿਚ ਕੋਈ ਸਾਂਝਾ ਕੰਮ ਹੋਣਾ ਹੋਵੇ, ਹਸਪਤਾਲ ਖੁਲ੍ਹਣਾ ਹੋਵੇ, ਅਨਾਜ ਦੀ ਮੰਡੀ ਆਉਣੀ ਹੋਵੇ ਜਾਂ ਨਕਲਾਂ ਹੋਣੀਆਂ ਹੋਣ, ਪਾਸਾਵਾਦ ਸਿਰ ਚੁੱਕਣ ਲਗਦਾ ਹੈ। ਇਕ ਪੱਤੀ ਦੀਆਂ ਸੜਕਾਂ ਜਾਂ ਗਲੀਆਂ ਪੱਕੀਆ ਹੋ ਜਾਣ ਤਾਂ ਦੂਜੀ ਪੱਤੀ ਤੜਫਣ ਲਗਦੀ ਹੈ। ਪਿੰਡ ਦਾ ਸਰਪੰਚ ਆਪਣੀ ਪੱਤੀ ਦੇ ਘੜੇ ਸੁਆਰਦਾ ਰਹਿੰਦਾ ਹੈ।

ਵੱਡੇ ਪਿੰਡਾਂ ਤੇ ਵੱਡੀਆਂ ਪੱਤੀਆਂ ਦੀ ਵਧਦੀ ਆਬਾਦੀ ਤੇ ਘਟਦੀ ਜ਼ਮੀਨ ਕਰਕੇ ਇਨ੍ਹਾਂ ਦੇ ਜ਼ਿਆਦਾ ਲੋਕ ਪਹਿਲਾਂ ਪਿੰਡ ਛੱਡ ਕੇ ਦੇਸ਼ ਦੇ ਹੋਰ ਹਿਸਿਆਂ ਜਾਂ ਹੋਰ ਦੇਸਾਂ 'ਚ ਜਾ ਵਸੇ। ਬਾਹਰ ਜਾ ਕੇ ਉਨ੍ਹਾਂ ਦੀ ਅਮੀਰੀ ਨੇ ਇਸ ਫੋਕੀ ਸ਼ਾਨ ਨੂੰ ਹੋਰ ਤੁਲ ਦਿੱਤੀ। ਇਨ੍ਹਾਂ ਪਿੰਡਾਂ 'ਚ ਸਕੂਲ ਹੋਣ ਕਾਰਨ ਜਾਗ੍ਰਿਤੀ ਵੀ ਵਧੇਰੇ ਏਥੇ ਹੀ ਆਈ ਤੇ ਇਹ ਆਲੇ-ਦੁਆਲੇ ਦੇ ਇਲਾਕੇ ਦੇ ਲੀਡਰ ਬਣ ਗਏ। ਸਾਡਾ ਪਿਛਲਾ ਰੱਖਿਆ ਮੰਤਰੀ ਸਵਰਨ ਸਿੰਘ, ਦੇਸ਼ ਭਰ ਦੀ ਸਿਆਸਤ ਦਾ ਸਿਕੰਦਰ ਹਰਕਿਸ਼ਨ ਸਿੰਘ ਸੁਰਜੀਤ, ਪੰਜਾਬ ਦਾ ਪੁਰਾਣਾ ਮੁਖ ਮੰਤਰੀ ਦਰਬਾਰਾ ਸਿੰਘ, ਗਦਰੀ ਬਾਬਾ ਭਗਤ ਸਿੰਘ ਬਿਲਗਾ ਮੰਜਕੀ ਦੇ ਇਨ੍ਹਾਂ ਪਿੰਡਾਂ ਵਿਚੋਂ ਹੀ ਆਏ ਹਨ। ਗ਼ਦਰ ਲਹਿਰ ਤੇ ਬੱਬਰ ਅਕਾਲੀ ਲਹਿਰ ਵਿਚ ਇਨ੍ਹਾਂ ਪਿੰਡਾਂ ਦੇ ਲੋਕਾਂ ਦਾ ਆਗੂ ਰੋਲ ਹੈ। ਇਹ ਲੋਕ ਬੜੇ ਚਤੁਰ, ਲੀਚੜ ਤੇ ਬੇਇਤਬਾਰੇ ਸਮਝੇ ਜਾਂਦੇ ਹਨ, ਭੋਇੰ ਨਈਂ ਦਾ ਮਾਲਕ ਬਾਕੀ ਦਾ ਪੰਜਾਬ ਇਨ੍ਹਾਂ ਨੂੰ ਭੁਖੜ ਸਮਝਦਾ ਹੈ।

ਮਾਝੇ ਵਾਲੇ ਆਪਣੇ ਆਪ ਨੂੰ ਰਾਣੀ ਖਾਂ ਦੇ ਸਾਲੇ ਸਮਝਦੇ ਹੋਏ ਦੁਆਬੇ ਵਾਲਿਆਂ ਨੂੰ ਦੁੱਕੀ ਜਾਣਦੇ ਸਨ। ਦੁਆਬੇ ਦੇ ਲੇਖਕ ਗੁਲਜ਼ਾਰ ਸਿੰਘ ਸੰਧੂ ਦਾ ਕਿਸੇ ਤਰ੍ਹਾਂ ਮਾਝੇ ਦੇ ਕਹਿੰਦੇ-ਕਹਾਉਂਦੇ ਘਰ ਦੀ ਡਾਕਟਰ ਕੁੜੀ ਨਾਲ ਪੱਕਾ-ਠੱਕਾ ਹੋ ਗਿਆ ਤਾਂ ਉਸਨੂੰ ਆਪਣੇ ਦੁਆਬੀਆ ਹੋਣ ਦਾ ਪਾਲਾ ਮਾਰਨ ਲੱਗਾ। ਟੌਹਰ ਦਿਖਾਉਣ ਲਈ ਨਾਮੀ ਲੇਖਕ ਸੰਤ ਸਿੰਘ ਸੇਖੋਂ, ਕਵੀ ਮੋਹਨ ਸਿੰਘ, ਸਾਧੂ ਸਿੰਘ ਹਮਦਰਦ, ਸੋਹਣ ਸਿੰਘ ਮੀਸ਼ਾ, ਕੁਲਵੰਤ ਸਿੰਘ ਵਿਰਕ ਤੇ ਸ਼ਿਵ ਕੁਮਾਰ ਬਟਾਲਵੀ ਨੂੰ ਜਨੇਤੇ ਲਿਜਾਣ ਲਈ ਤਿਆਰ ਕਰਨਾ ਪਿਆ। ਲੇਖਕਾਂ ਨੂੰ ਇਕੱਠੇ ਕਰਦਾ ਸੰਧੂ ਸ਼ਾਮ ਢਲੀ 'ਤੇ ਪਿੰਡ ਪੁੱਜਾ। ਪ੍ਰੋ. ਮੋਹਨ ਸਿੰਘ ਤਾਂ ਆਪਣੀ ਸ਼ਤਰੰਜ ਦੀ ਖੇਡ ਵਿਚ ਹੀ ਰੁਝਿਆ ਰਿਹਾ ਸੀ। ਉਧਰੋਂ ਸੇਖੋਂ ਵੀ ਕਿਧਰੇ ਬੱਕਰੀਆਂ ਵਾਲੇ ਟਰੱਕ ਵਿਚੋਂ ਕੋਟ-ਪੈਂਟ ਝਾੜਦਾ ਉਤਰ ਆਇਆ। ਸੰਧੂ ਦਾ ਕੋਟ ਬੱਸ ਦੀ ਛੱਤ 'ਤੇ ਰਹਿ ਗਿਆ। ਮੰਗਵਾਂ ਕੋਟ ਲੈ ਕੇ ਉਸ ਨੂੰ ਆਪਣੇ ਵਿਆਹ ਵਿਚ ਭੰਗੜਾ ਪਾਉਣਾ ਪਿਆ। ਸੰਧੂ ਦਾ ਰੀਣ ਕੁ ਮੂੰਹ ਰੋਣਹਾਕਾ ਹੋਇਆ ਪਿਆ ਸੀ। ਦੁਆਬੀਆਂ ਦੀ ਖੂਬ ਮਿੱਟੀ ਪਲੀਤ ਹੋਈ। ਰਾਤ ਦੀ ਬੋਤਲ ਸ਼ਰਾਬ ਦੀ ਡੱਫੀ ਹੋਣ ਕਾਰਨ ਅਨੰਦ ਕਾਰਜ ਵੇਲੇ ਸ਼ਿਵ ਕੁਮਾਰ ਬਟਾਲਵੀ ਨੇ ਸੋਜ਼ ਭਰੀ ਆਵਾਜ਼ ਵਿਚ 'ਧੀਆਂ ਦੇ ਦੁਖ ਬੁਰੇ' ਵਾਲੇ ਗੀਤ ਗਾਏ ਤੇ ਸਭਨਾਂ ਦਾ ਰੁੱਗ ਭਰਿਆ ਗਿਆ। ਮਝੈਲਾਂ ਸਮਝਿਆ ਧੀਆਂ ਤੋਰਨ ਵਾਲਾ ਕੋਈ ਪੇਸ਼ਾਵਰ ਗਾਇਕ ਸੱਦਿਆ ਗਿਆ ਹੈ। ਆਖਰ ਦੁਆਬੇ ਦਾ ਮਾਝੇ 'ਤੇ ਰੁਹਬ ਪੈ ਗਿਆ।

ਦੁਆਬੇ ਵਾਲੇ ਮਾਲਵੇ ਵਾਲਿਆਂ ਨੂੰ ਨੱਕ ਥੱਲੇ ਨਹੀਂ ਸਨ ਰੱਖਦੇ ਕਿਉਂਕਿ ਉਨ੍ਹਾਂ ਦੀਆਂ ਜ਼ਮੀਨਾਂ ਮਾਰੂ ਸਨ। ਹਾਂ, ਗਰੇਵਾਲਾਂ, ਗਿੱਲਾਂ ਨਾਲ ਜ਼ਰੂਰ ਲੋੜ ਪੈਣ 'ਤੇ ਸਾਕ ਕਰ ਲਏ ਜਾਂਦੇ ਸਨ। ਮਾਝੇ ਵਾਲੇ ਦੁਆਬੇ ਵਾਲਿਆਂ ਨੂੰ ਕੁੜੀਆਂ ਨਹੀਂ ਸਨ ਦਿੰਦੇ। ਦੁਆਬੇ ਦੇ ਪਿੰਡ ਚੱਬੇਵਾਲ, ਫਰਾਲਾ, ਮਾਹਿਲਪੁਰ, ਕਾਲਾ ਸੰਘਿਆ ਆਦਿ ਦੇ ਲੋਕਾਂ ਦੀਆਂ ਕੁੜੀਆਂ ਦਾ ਸਾਕ ਮਾਝੇ ਵਾਲੇ ਲੈ ਲੈਂਦੇ ਸਨ ਕਿਉਂਕਿ ਉਨ੍ਹਾਂ ਨੂੰ ਉਚੇ ਸਮਝਿਆ ਜਾਂਦਾ ਸੀ। ਏਥੇ ਤਾਂ ਇਹ ਵੀ ਕਿਹਾ ਜਾਣ ਲੱਗ ਪਿਆ ਕਿ ਜਦ ਕੋਈ ਤੀਵੀਂ ਕੁੜੀ ਜੰਮਣ ਲਗਦੀ ਹੈ ਤਾਂ ਉਹ ਆਪਣਾ ਮੂੰਹ ਮਾਝੇ ਵੱਲ ਕਰ ਲੈਂਦੀ ਹੈ। ਚੱਬੇਵਾਲ ਦੇ ਰਹਿਣ ਵਾਲੇ ਇਕ ਫੌਜੀ ਅਫਸਰ ਨੇ ਆਪਣੀ ਕੁੜੀ ਦਾ ਵਿਆਹ ਮਾਝੇ 'ਚ ਕਰ ਦਿੱਤਾ। ਇਕ ਦਿਨ ਉਹ ਆਪਣੀ ਕੁੜੀ ਨੂੰ ਮਿਲਣ ਗਿਆ ਤਾਂ ਉਨ੍ਹਾਂ ਦੇ ਘਰ ਡੱਠੇ ਮੰਜੇ ਦੇ ਸਰਹਾਂਦੀ ਬੈਠ ਗਿਆ। ਕੁੜੀ ਦਾ ਖਰਦਿਮਾਗ ਸਹੁਰਾ ਉਸ ਦੀ ਇਸ ਮਜਾਲ 'ਤੇ ਸੜ-ਬਲ ਗਿਆ। ਉਸ ਅਨੁਸਾਰ ਕੁੜੀ ਵਾਲਿਆਂ ਨੂੰ ਪੁਆਂਦੀ ਬੈਠਣਾ ਚਾਹੀਦਾ ਸੀ, ਉਹ ਕੜਕਿਆ, "ਦੇਣੀਆਂ ਕੁੜੀਆਂ ਉ, ਤੇ ਬੈਠਣਾ ਸਿਰਹਾਣੇ ਉ!" ਅਫ਼ਸਰ ਸ਼ਰਮਸਾਰ ਹੋ ਗਿਆ ਪਰ ਅੰਦਰ ਕਿੜ ਰੱਖੀ। ਉਸ ਨੇ ਪਿੰਡ ਆ ਕੇ ਇਲਾਕੇ ਦੇ ਪਿੰਡਾਂ ਦੀ ਕਮੇਟੀ ਕੀਤੀ ਤੇ ਮਤਾ ਪਾਸ ਕਰਾਇਆ ਕਿ ਜਿਹੜਾ ਮਾਝੇ ਵਿਚ ਕੁੜੀ ਦੇਵੇਗਾ ਉਸ ਨਾਲ ਸਾਕ ਨਹੀਂ ਕਰਨਾ।

ਦੇਖਾ-ਦੇਖੀ ਛੋਟੇ ਪਿੰਡਾਂ ਵਾਲਿਆਂ ਨੇ ਵੀ ਹੌਲੀ ਹੌਲੀ ਹੌਸਲਾ ਫੜਿਆ। ਉਨ੍ਹਾਂ ਜਦ ਦੇਖਿਆ ਕਿ ਵੱਡੇ ਪਿੰਡਾਂ ਵਾਲੇ ਆਪਣੀਆਂ ਕੁੜੀਆਂ ਛੋਟੇ ਪਿੰਡੀਂ ਨਹੀਂ ਦਿੰਦੇ ਤਾਂ ਉਨ੍ਹਾਂ ਕਮੇਟੀਆਂ ਕਰਕੇ ਫੈਸਲਾ ਲੈ ਲਿਆ ਕਿ ਜਿਹੜਾ ਵੱਡੇ ਪਿੰਡਾਂ 'ਚ ਸਾਕ ਕਰੇਗਾ ਉਸ ਦਾ ਬਾਈਕਾਟ। ਵੱਡੇ ਪਿੰਡਾਂ ਵਾਲਿਆਂ ਦੀ ਧੌਣ ਵਿਚਲਾ ਕੀਲਾ ਆਪੇ ਬਾਹਰ ਆਉਣਾ ਸੀ। ਜਾਗ੍ਰਿਤੀ ਦੇ ਵਧਣ ਨਾਲ ਅਤੇ ਬਹੁਤੇ ਲੋਕਾਂ ਦੇ ਬਾਹਰ ਚਲੇ ਜਾਣ ਨਾਲ ਹੁਣ ਸਭ ਟੋਏ ਟਿਬੇ ਬਰਾਬਰ ਹੋ ਗਏ ਹਨ। ਹੁਣ ਤਾਂ ਜ਼ਮੀਨ-ਜਾਇਦਾਦ ਅਤੇ ਵੱਡੇ ਛੋਟੇ ਪਿੰਡ ਨਾਲੋਂ ਲਿਆਕਤ ਅਤੇ ਪੜ੍ਹਾਈ ਦੀ ਵੁਕਤ ਬਹੁਤੀ ਹੈ। ਪਰ ਕੋਈ ਵੇਲਾ ਸੀ ਛੋਟੇ ਪਿੰਡ ਛੋਟੀਆਂ ਜਾਤੀਆਂ ਵਾਂਗ ਹੀਣੇ ਸਮਝੇ ਜਾਂਦੇ ਸਨ। ਪਹਿਲਾਂ ਜ਼ਿਕਰ ਵਿਚ ਆਇਆ ਛੋਟਾ ਪਿੰਡ ਪੰਡੋਰੀ ਮੁਸ਼ਾਰਕਤੀ ਸਾਡੇ ਤੋਂ ਕੋਹ ਕੁ ਦੀ ਵਾਟ 'ਤੇ ਹੀ ਹੈ। ਚੰਗੇ ਕਰਮੀਂ ਇਸ ਦਾ ਨਾਂ ਤਾਂ ਵਡਾ ਹੋ ਗਿਆ ਪਰ ਰਿਹਾ ਇਹ ਸਾਡੇ ਪਿੰਡ ਦੀ ਇਕ ਛੋਟੀ ਪੱਤੀ ਜਿੱਡਾ ਹੀ। ਪੁਰਾਣੇ ਸਮਿਆਂ ਵਿਚ ਇਕ ਵਾਰੀ ਚੇਚਕ ਫੈਲ ਗਈ। ਪਿੰਡਾਂ-ਸ਼ਹਿਰਾਂ ਵਿਚ ਬਹੁਤ ਲੋਕਾਂ ਦੀਆਂ ਮੌਤਾਂ ਹੋਣ ਲੱਗੀਆਂ। ਉਦੋਂ ਕਿਹੜਾ ਕਿਸੇ ਬੀਮਾਰੀ ਦਾ ਇਲਾਜ ਹੁੰਦਾ ਸੀ। ਪੰਡੋਰੀ ਮੁਸ਼ਾਰਕਤੀ ਦੇ ਸਿਵਿਆਂ ਵਿਚ ਕੁਝ ਵਧੇਰੇ ਹੀ ਰੌਣਕ ਹੋ ਗਈ। ਉਧਰੋਂ ਸਾਡੇ ਪਿੰਡ ਦਾ ਇਕ ਬੰਦਾ ਲੰਘ ਰਿਹਾ ਸੀ। ਉਸ ਤੋਂ ਪੰਡੋਰੀ ਦੇ ਸਿਵਿਆਂ ਵਿਚ ਇਕ ਤੋਂ ਵਧੀਕ ਬਲਦੇ ਸਿਵੇ ਦੇਖਕੇ ਜਰੇ ਨਾ ਗਏ ਤੇ ਆਖਰ ਉਹ ਬੋਲ ਉਠਿਆ, "ਪੰਡੋਰੀਏ ਕਿੰਨਾ ਕੁ ਚਿਰ ਬੁੰਡਾਲੇ ਦੀ ਰੀਸ ਕਰੇਂਗੀ, ਆਹ ਚਾਲੇ ਫੜ ਲਏ ਤਾਂ ਤੂੰ ਮੁੱਕੀ ਕਿ ਮੁੱਕੀ।"

### ਪੰਥ ਵਾਰਿਆ ਜਿਨ੍ਹਾਂ ਪਰਿਵਾਰ ਉਤੋਂ

ਜਦੋਂ ਜ਼ਬਰ-ਜ਼ੁਲਮ ਦੀ ਹੱਦ ਹੋ ਜਾਏ,
ਲਹਿ ਜਾਂਦੀ ਮਿਆਨ ਤਲਵਾਰ ਉਤੋਂ।
ਟੁੱਕੜਬੋਚ ਗੱਦਾਰਾਂ ਪਿਛੇ ਫਿਰੇ ਲੱਗੀ,
ਭਰੋਸਾ ਕੌਮ ਦਾ ਉਠਿਆ ਕਰਤਾਰ ਉਤੋਂ।
ਹੱਸ ਹੱਸ ਕੇ ਵਾਰ ਗਏ ਕਈ ਜਾਨਾਂ,
ਖਾਤਰ ਕੌਮ ਦੀ ਖੰਡੇ ਦੀ ਧਾਰ ਉਤੋਂ।
ਜਿਨ੍ਹਾਂ ਈਨ ਨਾ ਮੰਨੀ ਲਾ ਗਏ ਜਾਨ ਆਪਣੀ,
ਖੱਟੀ ਖੱਟ ਗਏ ਫਾਨੀ ਸੰਸਾਰ ਉਤੋਂ।
ਮੂੰਹ ਕਾਲੇ ਤੇ ਨਰਕਾਂ ਦੇ ਬਣਨ ਭਾਗੀ,
ਪੰਥ ਵਾਰਿਆ ਜਿਨ੍ਹਾਂ ਪਰਿਵਾਰ ਉਤੋਂ।

-ਜਸਵੰਤ ਸਿੰਘ ਸ਼ਾਦ

## ਤੇ ਹੁਣ ਨਾਂਵਾਂ ਦੀ ਵੀ ਪਾਇਰੇਸੀ ਹੋਣ ਲੱਗੀ

# ਜਾਅਲੀ ਬਚਿੱਤਰ ਅਨਪੜ੍ਹ ਦੀ ਅਸਲੀਅਤ ਨੇ ਸਭਨਾਂ ਨੂੰ ਹੈਰਾਨ ਕਰ ਛੱਡਿਆ

**ਸਵਰਨ ਸਿੰਘ ਟਹਿਣਾ***



ਸਵਰਨ ਸਿੰਘ ਟਹਿਣਾ

ਜਨਾਬ ਜੀ, ਜਾਅਲਸਾਜ਼ਾਂ ਨੇ ਸਾਡੇ ਮੁਲਕ ਦਾ ਸੱਤਿਆਨਾਸ ਕਰ ਛੱਡਿਐ। ਭਾਵੇਂ ਖਾਣ-ਪੀਣ ਦਾ ਸਾਮਾਨ ਹੋਵੇ, ਪਹਿਨਣ-ਪੱਚਰਨ ਦਾ, ਦਵਾਈ ਬੂਟੀ ਦਾ ਜਾਂ ਕੋਈ ਹੋਰ, ਜਾਅਲੀ ਚੀਜ਼ਾਂ ਅਸਲੀ ਮੁੱਲ 'ਤੇ ਇਸ ਕਦਰ ਵਿਕ ਰਹੀਆਂ ਨੇ ਕਿ ਬੰਦੇ ਨੂੰ ਠੱਗੇ ਜਾਣ ਤੋਂ ਕੋਈ ਨਹੀਂ ਬਚਾ ਸਕਦਾ। ਸੰਗੀਤ ਕੰਪਨੀਆਂ ਨੂੰ ਪਿਛਲੇ ਲੰਮੇ ਤੋਂ ਇਸ ਗੱਲ ਦੀ ਚਿੰਤਾ ਵੱਢ-ਵੱਢ ਖਾ ਰਹੀ ਹੈ ਕਿ ਜਾਅਲੀ ਸੀਡੀਆਂ ਤੇ ਕੈਸਿਟਾਂ ਬਣਾਉਣ ਵਾਲਿਆਂ ਨੇ ਉਨ੍ਹਾਂ ਦੀ ਰੋਟੀ-ਰੋਜ਼ੀ 'ਚ ਲੱਤ ਮਾਰ ਦਿੱਤੀ ਹੈ ਤੇ ਕਈ ਸਟਾਰ ਕਲਾਕਾਰਾਂ ਨੂੰ ਇਸ ਗੱਲ ਦਾ ਫ਼ਿਕਰ ਸਤਾ ਰਿਹਾ ਹੈ ਕਿ ਗਿੱਧਾ-ਭੰਗੜਾ ਗਰੁੱਪਾਂ ਵਾਲੇ ਕਈ ਲੋਕ ਬਿਲਕੁਲ ਉਨ੍ਹਾਂ ਵਰਗੇ ਕੱਪੜੇ ਪਹਿਨ ਕੇ ਉਨ੍ਹਾਂ ਵਰਗੀਆਂ ਸੂਰਤਾਂ ਬਣਾ ਕੇ ਆਪਣੀਆਂ ਰੋਟੀਆਂ ਸੇਕੀ ਜਾਂਦੇ ਨੇ। ਸਟੇਜ 'ਤੇ ਪੋਚਵੀਂ ਪੱਗ ਬੰਨ੍ਹੀ ਨਕਲੀ ਨਿੱਕੂ ਨੱਚ ਰਿਹਾ ਹੁੰਦੈ, ਨਕਲੀ ਜੈਜ਼ੀ ਬੀ ਵਾਲ ਖੜ੍ਹੇ ਕਰਕੇ ਡਾਂਸ ਕਰ ਰਿਹਾ ਹੁੰਦੈ ਤੇ ਨਕਲੀ ਗੁਰਦਾਸ ਮਾਨ ਹੱਥ 'ਚ ਡਫ਼ਲੀ ਫੜੀ ਮੋਢੇ ਹਿਲਾ ਰਿਹਾ ਹੁੰਦੈ।

ਪਰ ਕੀ ਤੁਸੀਂ ਕਦੇ ਸੋਚਿਐ ਕਿ ਬੰਦਿਆਂ ਦੀ ਪਾਇਰੇਸੀ ਵੀ ਇਸ ਕਦਰ ਹੋਣ ਲੱਗੇ ਕਿ ਕਿਸੇ ਜਿਉਂਦੇ ਗੀਤਕਾਰ, ਗਾਇਕ ਜਾਂ ਸੰਗੀਤਕਾਰ ਦੇ ਨਾਂ ਨੂੰ ਕੋਈ ਹੋਰ ਪਰਦੇ ਨਾਲ ਵਰਤੀ ਜਾਂਦਾ ਹੋਵੇ ਤੇ ਕਹਿੰਦਾ ਹੋਵੇ ਕਿ ਮੈਂ ਹੀ ਹਾਂ ਉਹ ਕਲਾਕਾਰ ਸ਼ਖ਼ਸ, ਜਿਸ ਦੀ ਸਾਰੇ ਕਦਰ ਕਰਦੇ ਨਹੀਂ ਥੱਕਦੇ। ਹੁਣ ਤੱਕ ਅਸੀਂ ਨਿਰਜੀਵ ਵਸਤੂਆਂ ਦੀ ਪਾਇਰੇਸੀ ਹੁੰਦੀ ਤਾਂ ਸੁਣੀ ਸੀ, ਪਰ ਜਿਉਂਦੇ ਮਨੁੱਖ ਦੀ ਪਾਇਰੇਸੀ ਹੋਣ ਦੀ ਜਿਹੜੀ ਖ਼ਬਰ ਪਿਛਲੇ ਦਿਨੀਂ ਸਭਨਾਂ ਦੇ ਕੰਨਾਂ ਤੱਕ ਪਹੁੰਚੀ ਤੇ ਵੱਖ-ਵੱਖ ਅਖ਼ਬਾਰਾਂ 'ਚ ਅੱਖੀਂ ਦੇਖੀ-ਪੜ੍ਹੀ, ਉਹ ਇਸ ਗੱਲੋਂ ਹੈਰਾਨ ਨੇ ਕਿ ਇਹ ਤਾਂ ਕਮਾਲ ਦਾ ਸਕੈਂਡਲ ਐ। ਉਸ ਘਟਨਾ ਨੇ ਪੰਜਾਬ ਦੇ ਕਲਾਕਾਰਾਂ ਅੱਗੇ ਵੀ ਇਹ ਸਵਾਲ ਰੱਖ ਦਿੱਤੈ ਕਿ ਤੁਸੀਂ ਆਪਣੀਆਂ ਕੈਸਿਟਾਂ ਦੀ ਪਾਇਰੇਸੀ 'ਤੇ ਹੀ ਨਾ ਝੋਰਾ ਕਰੀ ਜਾਵੋ, ਹੋ ਸਕਦੈ ਤੁਹਾਡੇ ਨਾਂ ਦੀ ਵੀ ਪਾਇਰੇਸੀ ਹੋ ਰਹੀ ਹੋਵੇ ਤੇ ਤੁਹਾਨੂੰ ਇਸ ਗੱਲ ਦਾ ਇਲਮ ਤੱਕ ਨਾ ਹੋਵੇ।

ਤੁਸੀਂ ਕਹੋਗੇ ਕਿ ਇਹ ਸਾਰੀਆਂ ਬੁਝਾਰਤਾਂ ਕਿਉਂ ਪੈ ਰਹੀਆਂ ਨੇ, ਪਤੇ ਦੀ ਗੱਲ ਕਿਉਂ ਨਹੀਂ ਦੱਸੀ ਜਾ ਰਹੀ। ਤਾਂ ਸੁਣੋ ਫਿਰ, 17 ਜਨਵਰੀ ਨੂੰ ਪੰਜਾਬ ਦੇ ਪ੍ਰਸਿੱਧ ਗੀਤਕਾਰ ਬਚਿੱਤਰ ਸਿੰਘ ਅਨਪੜ੍ਹ ਆਸੀ ਵਾਲੇ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ। ਜਦੋਂ ਉਨ੍ਹਾਂ ਦੇ ਸਕੇ-ਸੰਬੰਧੀਆਂ ਨੇ ਅਖ਼ਬਾਰਾਂ ਵਿਚ ਉਨ੍ਹਾਂ ਦੇ ਭੋਗ ਦਾ ਇਸ਼ਤਿਹਾਰ ਪ੍ਰਕਾਸ਼ਿਤ ਕਰਵਾਇਆ ਤਾਂ ਇਕ ਅਜਿਹਾ ਮੁੱਦਾ ਸਾਹਮਣੇ ਆ ਗਿਆ, ਜਿਸ ਨੇ ਹਰ ਕਿਸੇ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਇੱਕ ਹੋਰ ਬਚਿੱਤਰ ਸਿੰਘ ਅਨਪੜ੍ਹ ਕਹਿਣ ਲੱਗਾ ਕਿ ਮੈਂ ਤਾਂ ਜਿਉਂਦਾ ਹਾਂ, ਚੰਗੇ-ਭਲੇ ਨਰੋਏ ਹੱਡ ਨੇ ਮੇਰੇ ਤੇ ਮੈਨੂੰ ਸਾਡੇ ਪਰਿਵਾਰਕ ਮੈਂਬਰਾਂ ਵੱਲੋਂ ਧੱਕੇ ਨਾਲ ਹੀ ਮਰਿਆ ਸਾਬਤ ਕੀਤਾ ਜਾ ਰਿਹੈ। ਇਤਰਾਜ਼ ਪ੍ਰਗਟ ਕਰਨ ਵਾਲਾ ਬਚਿੱਤਰ ਸਿੰਘ ਅਨਪੜ੍ਹ ਪਿਛਲੇ ਵੀਹ ਸਾਲਾਂ ਤੋਂ ਖੁਦ ਨੂੰ ਗੀਤਕਾਰੀ ਦੀਆਂ ਮੁਹਰਲੀਆਂ ਸਫ਼ਾਂ 'ਚ ਰਹਿਣ ਵਾਲਾ, ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਗੀਤ ਵਿਧਾ ਰਾਹੀਂ ਸਰੋਤਿਆਂ ਸਨਮੁੱਖ ਕਰਨ ਵਾਲਾ ਤੇ ਕਾਮਰੇਡ ਲਹਿਰ ਨੂੰ ਸੱਚੇ ਦਿਲੋਂ ਸਮਰਪਿਤ ਹੋਣ ਦੀਆਂ ਗੱਲਾਂ ਕਰਕੇ ਮੂਰਖ ਬਣਾਉਂਦਾ ਰਿਹਾ। ਜਾਅਲੀ ਬਚਿੱਤਰ ਸਿੰਘ ਨੇ ਇਹ ਵੀ ਗੱਲ ਫ਼ੈਲਾਈ ਕਿ ਮੇਰੇ ਭਤੀਜੇ ਮੇਰੀ ਜ਼ਮੀਨ-ਜਾਇਦਾਦ ਨੂੰ ਆਪਣੇ ਨਾਂ ਲਵਾਉਣਾ ਚਾਹੁੰਦੇ ਨੇ ਤੇ ਇਸੇ ਲਈ ਉਨ੍ਹਾਂ ਨੇ ਮੈਨੂੰ ਮਰਿਆ ਸਾਬਤ ਕਰ ਦਿਖਾਇਐ।

ਉਸ ਨਾਲ ਜੁੜੇ ਲੋਕਾਂ ਨੂੰ ਉਸ ਦੀਆਂ ਇਹ ਗੱਲਾਂ ਬਿਲਕੁਲ ਸੱਚੀਆਂ ਜਾਪੀਆਂ ਤੇ ਉਨ੍ਹਾਂ ਵੀ ਆਖਿਆ ਕਿ ਇਸ ਤਰ੍ਹਾਂ ਦੇ ਧੱਕੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਇਸ ਝੂਠ ਦਾ ਪਰਦਾਫਾਸ਼ ਕੀਤਾ ਜਾਵੇਗਾ, ਪਰ ਭੋਗ ਤੋਂ ਇੱਕ ਦਿਨ ਪਹਿਲਾਂ ਜਾਅਲੀ ਬਚਿੱਤਰ ਰਾਤ ਨੂੰ ਦੋ ਵਜੇ ਅਲੋਪ ਹੋ ਗਿਆ, ਜਿਸ ਤੋਂ ਕਈਆਂ ਨੂੰ ਸ਼ੱਕ ਪੈ ਗਿਆ ਕਿ ਇਹਨੇ ਤਾਂ ਕੱਲ੍ਹ ਨੂੰ ਭੋਗ ਵਾਲੀ ਥਾਂ ਪਹੁੰਚ ਕੇ ਸੱਚ-ਝੂਠ ਦਾ ਨਿਤਾਰਾ ਕਰਨਾ ਸੀ, ਇਹ ਅਚਾਨਕ ਕਿੱਧਰ ਗਾਇਬ ਹੋ ਗਿਆ। ਤੀਜੇ-ਚੌਥੇ ਦਿਨ ਜਦੋਂ ਉਹ ਮਿਲਿਆ ਤਾਂ ਉਸ ਨੇ ਹੋਰ ਬਹਾਨੇ ਘੜਨੇ ਸ਼ੁਰੂ ਕਰ ਦਿੱਤੇ ਤੇ ਇੱਕ ਦੋ ਗੱਲਾਂ ਅਜਿਹੀਆਂ ਕਰ ਦਿੱਤੀਆਂ, ਜਿਸ ਕਾਰਨ ਉਸ 'ਤੇ ਸ਼ੱਕ ਹੋਰ ਵਧ ਗਿਆ।

ਉਹ ਅਸਲੀ ਬਚਿੱਤਰ ਸਿੰਘ ਅਨਪੜ੍ਹ ਹੈ ਜਾਂ ਨਕਲੀ, ਇਸ ਗੱਲ ਦੀ ਡੂੰਘਾਈ ਤੱਕ ਜਾਣ ਲਈ ਬਠਿੰਡੇ ਦੇ ਪੱਤਰਕਾਰ ਭਾਈਚਾਰੇ ਨੇ ਕਾਫੀ ਮਿਹਨਤ ਕੀਤੀ। ਬਖਤੌਰ ਢਿੱਲੋਂ, ਬੀ. ਐਸ. ਭੁੱਲਰ ਤੇ ਜਗਦੀਪ ਗਿੱਲ ਦੀ ਤਿੰਨ ਮੈਂਬਰੀ ਤੱਥ ਖੋਜ ਕਮੇਟੀ ਨੇ ਹੌਲੀ-ਹੌਲੀ ਸਾਰਾ ਕੁੱਝ ਪਤਾ ਲਗਾ ਲਿਆ ਤੇ ਜਾਅਲੀ ਬਚਿੱਤਰ ਨੂੰ ਬਿਨਾ ਕੁੱਝ ਦੱਸਿਆਂ ਸਿੱਧਾ ਉਸ ਥਾਂ 'ਤੇ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੇ ਉਸ ਦਾ ਭਾਂਡਾ ਭੰਨਣ ਲਈ ਪਹਿਲਾਂ ਹੀ ਪ੍ਰੈਸ ਕਾਨਫਰੰਸ ਸੱਦੀ ਹੋਈ ਸੀ ਤੇ ਉਥੇ ਜਾਅਲੀ ਬਚਿੱਤਰ ਨੇ ਜੋ ਜੋ ਕੁੱਝ ਬਿਆਨ ਕੀਤਾ, ਉਸ ਨੇ ਸਭਨਾਂ ਨੂੰ ਸੁੰਨ ਜਿਹਾ ਕਰ ਛੱਡਿਆ।

ਪਹਿਲਾਂ ਤਾਂ ਜਾਅਲੀ ਬਚਿੱਤਰ ਸਿੰਘ ਉਰਫ਼ ਹਰਨੇਕ ਸਿੰਘ ਪੱਤਰਕਾਰਾਂ ਅੱਗੇ ਅੜਿਆ ਰਿਹਾ ਕਿ ਉਹ ਹੀ ਅਸਲੀ ਅਨਪੜ੍ਹ ਹੈ, ਪਰ ਜਦੋਂ ਉਸ ਨੂੰ ਸਵਾਲ ਦਰ ਸਵਾਲ ਕੀਤੇ ਗਏ ਤਾਂ ਉਹ ਹਾਰ ਗਿਆ ਤੇ ਉਸ ਨੇ ਸਭ ਕੁੱਝ ਸੱਚ-ਸੱਚ ਬਿਆਨ ਕਰਨਾ ਸ਼ੁਰੂ ਕਰ ਦਿੱਤਾ ਕਿ, "1987 ਵਿਚ ਮੈਂ ਕਿਸੇ ਅਤਿਵਾਦੀ ਦੀ ਭੈਣ ਨੂੰ, ਜਿਹੜੀ ਕਿ ਚਾਰ ਬੱਚਿਆਂ ਦੀ ਮਾਂ ਸੀ, ਨੂੰ ਲੈ ਕੇ ਫ਼ਰਾਰ ਹੋ ਗਿਆ ਸਾਂ। ਮੈਨੂੰ ਜਾਨ ਦਾ ਖ਼ਤਰਾ ਸੀ ਤੇ ਮੈਂ ਆਪਣਾ ਨਾਂ ਹਰਨੇਕ ਸਿੰਘ ਤੋਂ ਬਦਲ ਕੇ ਬਚਿੱਤਰ ਸਿੰਘ ਅਨਪੜ੍ਹ ਰੱਖ ਲਿਆ, ਤਾਂ ਜੁ ਲੋਕ ਮੈਨੂੰ ਸਿਰਫ਼ ਗੀਤਕਾਰ ਵਜੋਂ ਜਾਣਦੇ ਰਹਿਣ। ਮੈਨੂੰ ਪਹਿਲਾਂ ਹੀ ਪਤਾ ਸੀ ਕਿ ਅਸਲ ਬਚਿੱਤਰ ਸਿੰਘ ਅਨਪੜ੍ਹ



ਬਚਿੱਤਰ ਸਿੰਘ ਅਨਪੜ੍ਹ

ਸਿਰਫ਼ ਘਰ ਤੱਕ ਮਹਿਫ਼ੂਜ਼ ਹੋ ਕੇ ਰਹਿ ਗਿਆ ਹੈ। ਮੈਂ ਉਸ ਨਾਲ ਕਾਫੀ ਸਮਾਂ ਡਰਾਮਾ ਸਕੁਐਡ ਵਿਚ ਰਿਹਾ ਸਾਂ ਤੇ ਮੈਨੂੰ ਉਸ ਦੇ ਗੀਤਾਂ, ਰਹਿਣ-ਸਹਿਣ ਤੇ ਜਾਣ-ਪਛਾਣ ਦੇ ਦਾਇਰੇ ਬਾਰੇ ਚੰਗੀ ਜਾਣਕਾਰੀ ਸੀ। ਸੋ ਮੈਂ ਦੋ ਦਹਾਕਿਆਂ ਤੋਂ ਵੱਧ ਦਾ ਸਮਾਂ ਉਸ ਦਾ ਨਾਂ ਲੈ ਕੇ ਵਿਚਰਦਾ ਰਿਹਾ, ਲੋਕਾਂ ਨੇ ਮੈਨੂੰ ਅਸਲ ਅਨਪੜ੍ਹ ਸਮਝ ਕੇ ਖ਼ੂਬ ਪਿਆਰ ਦਿੱਤਾ। ਜਦੋਂ ਮੈਂ ਕਾਮਰੇਡਾਂ ਦੀਆਂ ਸਟੇਜਾਂ 'ਤੇ ਆਪਣੇ ਨਾਂ ਬਾਰੇ ਦੱਸਦਾ ਤਾਂ ਮੇਰਾ ਖ਼ੂਬ ਸਤਿਕਾਰ ਹੁੰਦਾ।"

ਦੇਖੋ ਕਿੰਨੀ ਵੱਡੀ ਧੋਖਾਦੇਹੀ ਹੈ ਇਹ। ਜਿਉਂਦੇ ਬੰਦੇ ਦੇ ਨਾਂ 'ਤੇ ਕੋਈ ਹੋਰ ਬੰਦਾ ਵਿਚਰਦਾ ਰਹੇ। ਲੋਕ ਉਸ ਨੂੰ ਇਸ ਕਰਕੇ ਸਤਿਕਾਰ ਦਿੰਦੇ ਰਹਿਣ ਕਿ ਇਹ ਬਹੁਤ ਕਲਾਵਾਨ ਸ਼ਖ਼ਸ ਹੈ। ਅਸਲ ਬਚਿੱਤਰ ਸਿੰਘ ਅਨਪੜ੍ਹ ਦਾ ਜੱਦੀ ਪਿੰਡ ਲੁਧਿਆਣੇ ਲਾਗਲਾ ਆਸੀ ਕਲਾਂ ਹੈ ਤੇ ਹਰਨੇਕ ਸਿੰਘ ਤੋਂ ਬਚਿੱਤਰ ਸਿੰਘ ਬਣਨ ਵਾਲੇ ਦਾ ਪਿੰਡ ਮਾਨਸਾ ਲਾਗੇ ਅਨੂਪਗੜ੍ਹ ਹੈ। ਹਰਨੇਕ ਸਿੰਘ ਨੇ ਆਪਣੇ ਜਾਣਕਾਰਾਂ ਨੂੰ ਬੇਵਕੂਫ਼ ਬਣਾਉਂਦਿਆਂ ਇਥੋਂ ਤੱਕ ਆਖ ਦਿੱਤਾ ਸੀ ਕਿ ਫਲਾਣੇ-ਫਲਾਣੇ ਗੀਤਕਾਰ ਤੇ ਸੱਭਿਆਚਾਰ ਦੇ ਸੇਵਕ ਮੇਰੇ ਖ਼ਿਲਾਫ਼ ਨੇ, ਇਸ ਕਰਕੇ ਉਹੀ ਮੈਨੂੰ ਮਰਿਆ ਸਾਬਤ ਕਰਾ ਰਹੇ ਨੇ। ਉਸ ਨੇ ਕਿਹਾ ਕਿ ਫਲਾਣੇ ਗੀਤਕਾਰ ਦੇ ਭਗਤ ਸਿੰਘ ਵਾਲੇ ਗੀਤ ਵਿਚ ਮੈਂ ਇੱਕ ਵਾਰ ਨੁਕਸ ਕੱਢੇ ਸਨ ਤੇ ਉਸੇ ਦਿਨ ਤੋਂ ਉਹ ਮੇਰੇ ਪਿੱਛੇ ਪਿਆ ਹੋਇਐ ਤੇ ਹੁਣ ਉਹ ਮੇਰੇ ਪਰਿਵਾਰ ਨਾਲ ਮਿਲ ਕੇ ਮੇਰਾ ਨੁਕਸਾਨ ਕਰਨਾ ਚਾਹੁੰਦੈ।

ਉਹਦੀਆਂ ਗੱਲਾਂ ਸਭਨਾਂ ਨੂੰ ਸੱਚੀਆਂ ਲੱਗਦੀਆਂ ਰਹੀਆਂ ਤੇ ਸਾਰੇ ਉਸ ਦੀ ਮਦਦ ਲਈ ਭੱਜ-ਨੱਠ ਕਰਦੇ ਰਹੇ, ਪਰ 'ਚੋਰ ਦੀ ਦਾੜ੍ਹੀ ਵਿਚਲਾ ਤਿਣਕਾ' ਉਸ ਨੂੰ ਮਰਵਾ ਜਾਂਦੈ। ਉਹੀ ਗੱਲ ਹਰਨੇਕ ਸਿੰਘ ਨਾਲ ਹੋਈ। ਅਸਲੀ 'ਅਨਪੜ੍ਹ' ਦੀਆਂ ਦੋਵੇਂ ਅੱਖਾਂ ਖ਼ਰਾਬ ਸਨ ਤੇ ਨਕਲੀ ਦੀ ਇੱਕ ਅੱਖ ਖ਼ਰਾਬ ਸੀ। ਇਹੀ ਮੁੱਖ ਸਬੂਤ ਉਸ ਨੂੰ ਝੂਠਾ ਸਾਬਤ ਕਰ ਗਿਆ।

ਜ਼ਰਾ ਸੋਚੋ, ਕਿੰਨੀ ਤਿਆਰੀ ਹੋਵੇਗੀ ਨਕਲੀ ਬਚਿੱਤਰ ਸਿੰਘ ਉਰਫ਼ ਹਰਨੇਕ ਸਿੰਘ ਦੀ, ਜਿਸ ਨੇ ਪਹਿਲਾਂ 'ਅਨਪੜ੍ਹ ਸਾਹਿਬ' ਦੇ ਸਾਰੇ ਗੀਤਾਂ ਬਾਰੇ ਜਾਣਕਾਰੀ ਹਾਸਲ ਕੀਤੀ, ਉਸ ਦੇ ਮਿਲਣ ਵਰਤਣ ਦੀ ਜਾਚ ਸਿੱਖੀ ਤੇ ਲੋਕਾਂ ਨੂੰ ਬੇਵਕੂਫ਼ ਬਣਾਉਣ ਲਈ ਪੂਰੀ ਟ੍ਰੇਨਿੰਗ ਹਾਸਲ ਕੀਤੀ। ਉਹ ਲੋਕਾਂ ਨੂੰ ਗੀਤਾਂ ਦੇ ਵੇਰਵੇ ਦੱਸਿਆ ਕਰੇ ਕਿ ਮੇਰੇ ਫਲਾਣੇ-ਫਲਾਣੇ ਗੀਤ ਕੁਲਦੀਪ ਮਾਣਕ, ਮੁਹੰਮਦ ਸਦੀਕ, ਕੁਲਦੀਪ ਪਾਰਸ, ਰਣਜੀਤ ਮਣੀ ਤੇ ਹੋਰ ਕਲਾਕਾਰਾਂ ਨੇ ਗਾਏ ਨੇ, ਰਵਿੰਦਰ ਗਰੇਵਾਲ ਨੇ 'ਫ਼ਾਂਸੀ' ਕੈਸਿਟ ਵਿਚ ਮੇਰੇ ਕਾਫੀ ਗੀਤ ਗਾਏ ਨੇ ਤੇ ਲੋਕ ਸੋਚਿਆ ਕਰਨ ਕਿ ਇਹ ਗੀਤਕਾਰ ਹੈ ਤਾਂ ਕਮਾਲ ਦਾ ਲਿਖਣ ਵਾਲਾ। ਪਰ ਕਿਸੇ ਨੂੰ ਕੀ ਪਤਾ ਸੀ ਕਿ ਇਹ ਗੀਤ ਲਿਖ ਕੇ ਕਮਾਲ ਕਰਨ ਵਾਲਾ ਨਹੀਂ, ਸਗੋਂ ਐਕਟਿੰਗ ਕਰਨ ਵਿਚ ਕਮਾਲ ਦਾ ਬੰਦਾ ਹੈ।

ਅਸਲ ਵਿਚ ਬਚਿੱਤਰ ਸਿੰਘ ਅਨਪੜ੍ਹ ਕਮਾਲ ਦਾ ਗੀਤਕਾਰ ਸੀ। ਉਸ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਕਮਿਊਨਿਸਟ ਸਟੇਜਾਂ ਦੇ ਲੇਖੇ ਲਾਇਆ। ਡਰਾਮਿਆਂ ਵਿਚ ਉਸ ਦੀ ਅਦਾਕਾਰੀ ਦੇਖਣ ਲਈ ਵੱਡੀ ਗਿਣਤੀ 'ਚ ਲੋਕ ਜੁੜ ਜਾਂਦੇ ਸਨ। ਜਦੋਂ ਉਸ ਨੇ ਗੀਤਕਾਰੀ ਵੱਲ ਪੈਰ ਧਰਿਆ ਤਾਂ ਉਸ ਦੀ ਅਜਿਹੀ ਬੱਲੇ-ਬੱਲੇ ਹੋਈ ਕਿ ਦਿਨਾਂ ਵਿਚ ਹੀ 'ਅਨਪੜ੍ਹ-ਅਨਪੜ੍ਹ' ਹੋਣ ਲੱਗ ਗਈ। ਉਹ ਸਾਧਾਰਨ ਜ਼ਿੰਦਗੀ ਨਾਲ ਜੁੜੇ ਗੀਤਾਂ ਦੀ ਬੁਣਤੀ ਕਰਦਾ। ਖੁਦ ਉਹ ਪੜ੍ਹਿਆ-ਲਿਖਿਆ ਨਹੀਂ ਸੀ। ਉਸ ਨੇ ਸਾਰੀ ਜ਼ਿੰਦਗੀ ਫੱਕਰਾਂ ਵਾਂਗ ਕੱਢੀ। ਦਾਰੂ ਦਾ ਉਹ ਥੋੜ੍ਹਾ ਕੁ ਸ਼ੌਕੀਨ ਰਿਹਾ। ਪੜ੍ਹਿਆ-ਲਿਖਿਆ ਨਾ ਹੋਣ ਕਰਕੇ ਉਸ ਨੇ ਆਪਣਾ ਤਖ਼ੱਲਸ 'ਅਨਪੜ੍ਹ' ਰੱਖ ਲਿਆ। ਅਨਪੜ੍ਹ ਨੇ ਖੁਦ ਵਿਆਹ ਨਾ ਕਰਾਇਆ, ਪਰ ਉਹ ਆਪਣੇ ਭਤੀਜਿਆਂ ਤੇ ਭਾਣਜੇ-ਭਾਣਜੀਆਂ ਨੂੰ ਬੜਾ ਪਿਆਰ ਕਰਦਾ ਸੀ। ਉਸ ਦੇ ਇੱਕ ਸ਼ੇਅਰ ਦਾ ਨਮੂਨਾ ਦੇਖੋ:

ਗੀਤ ਮੇਰੇ ਪੁੱਤਰ ਨੇ ਤੇ ਧੀਆਂ ਨੇ ਕਵਿਤਾਵਾਂ  
ਕਲਮ ਮੇਰੀ ਘਰਵਾਲੀ, ਜਿਸ ਨਾਲ ਚਿੱਤ ਪਰਚਾਵਾਂ।

ਸਨਮੁੱਖ ਸਿੰਘ ਆਜ਼ਾਦ ਤੇ ਇੰਦਰਜੀਤ ਹਸਨਪੁਰੀ ਤੋਂ ਥੋੜ੍ਹੇ ਕੁ ਸਮੇਂ ਬਾਅਦ ਹੀ ਬਚਿੱਤਰ ਸਿੰਘ ਅਨਪੜ੍ਹ ਦਾ ਵਿਛੋੜਾ ਪੈ ਗਿਆ, ਇਹ ਘਾਟਾ ਕਦੇ ਨਾ ਪੂਰਾ ਹੋਣ ਵਾਲਾ ਹੈ। ਪਰ ਅਨਪੜ੍ਹ ਦੀ ਮੌਤ ਨੇ ਜਿਹੜੇ ਸਕੈਂਡਲ ਦਾ ਪਰਦਾ ਫ਼ਾਸ਼ ਕੀਤਾ ਹੈ, ਉਹ ਵੀ ਸਭਨਾਂ ਦਾ ਧਿਆਨ ਖਿੱਚਦਾ ਹੈ।

ਨਾਂਵਾਂ ਦੀ ਪਾਇਰੇਸੀ ਹੋਣ ਦਾ ਇਹ ਸਿਲਸਿਲਾ ਭਾਵੇਂ ਨਵਾਂ ਹੈ, ਪਰ ਇਹ ਘਟਨਾ ਪਹਿਲੀ ਵਾਰ ਨਹੀਂ ਵਾਪਰੀ। ਕੁੱਝ ਸਾਲ ਪਹਿਲਾਂ ਅਸ਼ੋਕ ਗਿੱਲ ਨਾਂ ਦੇ ਇੱਕ ਕਲਾਕਾਰ ਦਾ ਗੀਤ ਵਾਹਵਾ ਮਕਬੂਲ ਹੋਇਆ ਸੀ, 'ਮੈਂ ਹੋ ਗਿਆ ਸ਼ਰਾਬੀ ਮੈਨੂੰ ਹੋਰ ਨਾ ਪਿਲਾਓ...।' ਉਹ ਗਾਇਕ ਵੀਡੀਓ ਵਿਚ ਖੁਦ ਨਹੀਂ ਸੀ ਆਇਆ ਤੇ ਮੋਗੇ ਵੱਲ ਦੇ ਇੱਕ ਕਲਾਕਾਰ ਨੇ ਖੁਦ ਨੂੰ ਅਸ਼ੋਕ ਗਿੱਲ ਕਹਿ ਕੇ ਕੰਪਨੀਆਂ ਵਾਲਿਆਂ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ ਸੀ। ਸਾਲ ਕੁ ਬਾਅਦ ਉਸ ਦਾ ਭਾਂਡਾ ਭੰਨਿਆ ਗਿਆ ਸੀ ਕਿ ਇਹ ਅਸਲ ਅਸ਼ੋਕ ਗਿੱਲ ਨਹੀਂ, ਸਗੋਂ ਜਾਅਲੀ ਅਸ਼ੋਕ ਐ।

ਸਾਨੂੰ ਇਸ ਗੱਲ ਦਾ ਡਾਢਾ ਦੁੱਖ ਹੈ ਕਿ ਲੋਕ ਖੁਦ ਕਲਾਵਾਨ ਬਣਨ ਦੀ ਥਾਂ ਦੂਜਿਆਂ ਦੇ ਨਾਂਵਾਂ ਨੂੰ ਹੜੱਪ ਕਰਨ ਦੀ ਨੀਤੀ 'ਤੇ ਤੁਰਨ ਲੱਗੇ ਨੇ। ਧੋਖਾਦੇਹੀ ਦਾ ਇਹ ਰੂਪ ਭਾਵੇਂ ਨਵਾਂ ਹੈ, ਪਰ ਇਸ ਦੇ ਨਤੀਜੇ ਨਵੇਂ ਨਹੀਂ ਹੋਣਗੇ। ਇਸ ਦੇ ਨਤੀਜੇ ਹੋਰ ਜਾਅਲੀ ਚੀਜ਼ਾਂ ਦੀਆਂ ਨਕਲਾਂ ਤਿਆਰ ਕਰਨ ਵਾਲਿਆਂ ਨਾਲ ਮਿਲਦੇ-ਜੁਲਦੇ ਹੀ ਨਿਕਲਣਗੇ।

*ਫੋਨ:98141-78883



ਸੀ ਪੀ ਆਈ ਦੇ ਸੈਕਟਰੀ ਜਗਦੀਪ ਗਿੱਲ (ਖੱਬੇ) ਬਠਿੰਡਾ ਵਿਚ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਨਕਲੀ ਬਚਿੱਤਰ ਸਿੰਘ ਅਨਪੜ੍ਹ (ਨਾਲ ਬੈਠੇ) ਬਾਰੇ ਦੱਸਦੇ ਹੋਏ

# ਪ੍ਰਸੰਗ ਪਟਿਆਲੇ ਵਾਲੇ ਦਰਵੇਸ਼ ਲਾਲੀ ਬਾਬੇ ਦੇ

(ਸਫਾ 30 ਦੀ ਬਾਕੀ)

ਮਨ ਹੌਲਾ ਕਰ ਲੈਣ ਦਿੱਤਾ। ਕੁੱਝ ਚਿਰ ਮਗਰੋਂ ਫੈਜ਼ ਦੇ ਇਨ੍ਹਾਂ ਸ਼ਬਦਾਂ ਨਾਲ ਮੈਨੂੰ ਤਸੱਲੀ ਦਿੱਤੀ:

ਜਿਸ ਧਜ ਸੇ ਕੋਈ ਮਕਤਲ ਮੇਂ ਗਿਆ  
ਵੋਹ ਸ਼ਾਨ ਸਲਾਮਤ ਰਹਿਤੀ ਹੈ  
ਇਸ ਜਾਂ ਕੀ ਤੋ ਬਾਤ ਨਹੀਂ  
ਯਹ ਜਾਨ ਤੋ ਆਨੀ ਜਾਨੀ ਹੈ।

ਇੱਕ ਵਾਰ ਮੈਂ ਤੇ ਲਾਲੀ ਸਾਹਿਬ ਨੇ ਕਿਸੇ ਸਰਕਾਰੀ ਸੰਸਥਾ ਵਲੋਂ ਆਯੋਜਿਤ ਇੱਕ ਨਾਟਕ ਵੇਖਣ ਦਾ ਫੈਸਲਾ ਕੀਤਾ। ਤੈਅ ਇਹ ਹੋਇਆ ਕਿ ਇਕੱਠਿਆਂ ਜਾਣ ਦੀ ਥਾਂ ਨਾਟਕ ਵਾਲੀ ਥਾਂ 'ਤੇ ਹੀ ਮਿਲਾਂਗੇ। ਮੈਂ ਕਾਰਡ ਵਿਚ ਛਪੇ ਸਮੇਂ ਤੋਂ ਵੀ ਦਸ ਮਿੰਟ ਪਹਿਲਾਂ ਪਹੁੰਚ ਗਿਆ ਤਾਂ ਕਿ ਭੀੜ ਤੋਂ ਬਚਾਅ ਦੇ ਨਾਲ-ਨਾਲ ਸਟੇਜ ਨੇੜਲੀਆਂ ਸੀਟਾਂ 'ਤੇ ਬੈਠ ਕੇ ਨਾਟਕ ਦਾ ਵਧੇਰੇ ਆਨੰਦ ਲੈ ਸਕਾਂ।

ਹਾਲ ਖਾਲੀ ਸੀ। ਮੈਂ ਫਿਰ ਵੀ ਕਾਹਲੀ ਨਾਲ ਸਭ ਤੋਂ ਮੂਹਰਲੀ ਲਾਈਨ ਵਿਚ ਬੈਠਦਿਆਂ ਨਾਲ ਦੀ ਸੀਟ 'ਤੇ ਰੁਮਾਲ ਰੱਖ ਦਿੱਤਾ। ਪੰਦਰਾਂ ਕੁ ਮਿਟ ਰਹਿ ਗਏ। ਮੈਂ ਬਾਬਿਆਂ ਨੂੰ ਉਡੀਕਦਿਆਂ ਚਾਰੇ ਪਾਸੇ ਵੇਖ ਰਿਹਾ ਸਾਂ। ਅਚਾਨਕ ਉਹ ਨਜ਼ਰ ਆਏ ਤੇ ਬਹੁਤ ਪਿਛਲੀਆਂ ਸੀਟਾਂ 'ਤੇ ਜਾ ਕੇ ਬੈਠ ਗਏ। ਮੈਂ ਉਨ੍ਹਾਂ ਨੂੰ ਅੱਗੇ ਆਉਣ ਦਾ ਇਸ਼ਾਰਾ ਕੀਤਾ ਤੇ ਉਨ੍ਹਾਂ ਮੈਨੂੰ ਪਿੱਛੇ ਆਉਣ ਦਾ, ਮੈਨੂੰ ਚੰਗਾ ਨਹੀਂ ਲੱਗਿਆ, ਫਿਰ ਵੀ ਮੈਂ ਅਣਮੰਨੇ ਮਨ ਨਾਲ ਉੱਠ ਕੇ ਪਿੱਛੇ ਚਲਾ ਗਿਆ ਤੇ ਆਪਣੇ ਵਲੋਂ ਉਨ੍ਹਾਂ ਨੂੰ ਅੱਗੇ ਬੈਠ ਕੇ ਨਾਟਕ ਵੇਖਣ ਦੇ ਆਨੰਦ ਬਾਰੇ ਸਮਝਾਇਆ (ਜਿਵੇਂ ਉਹ ਜਾਣਦੇ ਨਾ ਹੋਣ)। ਉਹ ਮੁਸਕਰਾਏ ਕਹਿਣ ਲੱਗੇ, 'ਇਹ ਸਰਕਾਰੀ ਫੰਕਸ਼ਨ ਹੈ।'

ਉਨ੍ਹਾਂ ਸਰਕਾਰੀ ਸ਼ਬਦ 'ਤੇ ਜ਼ੋਰ ਦਿੱਤਾ, ਸਰਕਾਰ ਕੋਈ ਵੀ ਹੋਵੇ ਉਸ ਕੋਲ ਸੋਚਣ, ਸਮਝਣ ਵਾਲੇ ਬੰਦੇ ਨੂੰ ਕਾਬੂ ਕਰਨ ਦੇ ਦੋ ਹੀ ਮੁੱਖ ਤਰੀਕੇ ਹੁੰਦੇ ਹਨ। ਇਕ ਇਨਾਮ ਦਾ ਦੂਜਾ ਸਨਮਾਨ ਦਾ। ਇਨਾਮ ਵਾਲਾ ਤਾਂ ਖ਼ੈਰ ਆਪਾਂ ਕੋਈ ਕੰਮ ਕੀਤਾ ਨਹੀਂ ਪਰ ਇਨ੍ਹਾਂ ਦਾ ਕੀ ਭਰੋਸਾ ਕਦੋਂ ਕਿਸੇ ਦੇ ਗਲ 'ਚ ਹਾਰ ਪਾ ਦੇਣ। ਧੌਣਾਂ ਕੇਵਲ ਤਲਵਾਰਾਂ ਨਾਲ ਹੀ ਨਹੀਂ ਮਾੜੀ ਨੀਅਤ ਵਾਲੇ ਬੰਦਿਆਂ ਹੱਥੋਂ ਪਏ ਫੁੱਲਾਂ ਦੇ ਹਾਰਾਂ ਨਾਲ ਵੀ ਵੱਢੀਆਂ ਜਾਂਦੀਆਂ ਹਨ।

ਤੇ ਹੁਣ ਇੱਕ ਲਤੀਫ਼ਾ ਜੋ ਅੱਧਾ ਸੱਚ ਹੈ ਅੱਧਾ ਅਸੀਂ ਯਾਰਾਂ ਮਿੱਤਰਾਂ ਨੇ ਆਪ ਜੋੜਿਆ ਹੈ।

ਇਕ ਵਾਰ ਬਾਬਿਆਂ ਨੂੰ ਘਰੋਂ ਝੋਲਾ ਦੇ ਕੇ ਬਾਜ਼ਾਰ ਸਬਜ਼ੀ ਖਰੀਦਣ ਲਈ ਭੇਜਿਆ ਗਿਆ। ਫੁਹਾਰੇ ਚੌਕ ਕੋਲ ਜਾਂਦਿਆਂ ਅਚਾਨਕ ਇੱਕ ਕਾਰ ਉਨ੍ਹਾਂ ਕੋਲ ਆ ਕੇ ਰੁਕੀ। ਪਹਿਲਾਂ ਤਾਂ ਕੋਈ ਕਾਰ ਦੇ ਅੰਦਰੋਂ ਉਨ੍ਹਾਂ ਨੂੰ ਬੁਲਾਉਂਦਾ ਰਿਹਾ, ਫਿਰ ਉਹ ਦਰਵਾਜ਼ਾ ਖੋਲ੍ਹ ਕੇ ਬਾਹਰ ਆਇਆ। ਬਾਬਿਆਂ ਨੇ ਪਛਾਣ ਲਿਆ। ਉਨ੍ਹਾਂ ਦਾ ਪੁਰਾਣਾ ਮਿੱਤਰ ਪ੍ਰੋ. ਸੋਮ ਰੰਚਨ ਸੀ, ਜੋ ਸ਼ਿਮਲੇ ਯੂਨੀਵਰਸਿਟੀ ਵਿਚ ਅੰਗਰੇਜ਼ੀ ਪੜ੍ਹਾਉਂਦਾ ਸੀ। ਦੋਵੇਂ ਗਲੇ ਮਿਲੇ, ਸੁੱਖ-ਸਾਂਦ ਪੁੱਛੀ ਤੇ ਲਾਲੀ ਸਾਹਿਬ ਉਸ ਨੂੰ ਨੇੜਲੀ ਚਾਹ ਦੀ ਦੁਕਾਨ 'ਤੇ ਲੈ ਗਏ। ਗੱਲਾਂ ਕਰਦਿਆਂ ਕੋਈ ਦੋ ਘੰਟੇ ਬੀਤ ਗਏ। ਸੋਮ ਨੇ ਬਹੁਤ ਪਿਆਰ ਨਾਲ ਕਿਹਾ, "ਲਾਲੀ ਨਾਂਹ ਨਾ ਕਰੀਂ। ਤੇਰੇ ਨਾਲ ਗੱਲਾਂ ਕਰਦਿਆਂ ਹਾਲੀ ਮੇਰਾ ਮਨ ਨਹੀਂ ਭਰਿਆ। ਮੇਰੇ ਨਾਲ ਸ਼ਿਮਲੇ ਚੱਲ। ਉਥੋਂ ਦੀ ਯੂਨੀਵਰਸਿਟੀ ਵਿਚ ਅੰਗਰੇਜ਼ੀ ਸਾਹਿਤ ਦੀਆਂ ਕੁੱਝ ਦੁਰਲੱਭ ਪੁਸਤਕਾਂ ਨਵੀਆਂ-ਨਵੀਆਂ ਹੀ ਆਈਆਂ ਹਨ, ਮੇਰਾ ਜੀਅ ਕਰਦਾ ਹੈ ਕਿ ਤੂੰ ਉਨ੍ਹਾਂ ਨੂੰ ਵੇਖੇਂ, ਪੜ੍ਹੇਂ। ਇਕ ਬਹੁਤ ਵੱਡੇ ਆਰਟਿਸਟ ਦੀਆਂ ਪੇਂਟਿੰਗਾਂ ਦੀ ਪਰਦਰਸ਼ਨੀ ਵੀ ਅੱਜ ਕੱਲ੍ਹ ਸ਼ਿਮਲੇ ਚੱਲ ਰਹੀ ਹੈ ਤੇ ਸੱਚੀ ਗੱਲ ਤਾਂ ਇਹ ਹੈ ਕਿ ਮੈਂ ਅੰਗਰੇਜ਼ੀ ਵਿਚ ਇਕ ਨਾਵਲ ਲਿਖਿਆ ਹੈ। ਮੇਰਾ ਲਾਲਚ ਹੈ ਕਿ ਉਸਦਾ ਖਰੜਾ ਤੂੰ ਤੇ ਕੇਵਲ ਤੂੰ ਸੁਣੇਂ।

ਮਿੱਤਰ ਮੋਹ ਨਾਲ ਬਾਬਿਆਂ ਦਾ ਮਨ ਪਸੀਜ ਗਿਆ। ਸਬਜ਼ੀ ਵਾਲੇ ਝੋਲੇ ਸਣੇ ਉਹ ਸ਼ਿਮਲੇ ਜਾ ਰਹੀ ਕਾਰ ਵਿਚ ਸਵਾਰ ਹੋ ਗਏ।

ਮੈਡਮ ਲਾਲੀ ਸੱਤ ਦਿਨ ਤੱਕ ਸਬਜ਼ੀ ਉਡੀਕਦੇ ਰਹੇ। ਬਾਬਿਆਂ ਦੇ ਦਰਵੇਸ਼ੀ, ਘੁਮੱਕੜ ਤੇ ਮਲੰਗੀ ਸੁਭਾਅ ਤੋਂ ਵਾਕਫ਼ ਹੋਣ ਕਰਕੇ ਉਨ੍ਹਾਂ ਲਈ ਇਹ ਕੋਈ ਨਵੀਂ ਗੱਲ ਨਹੀਂ ਸੀ, ਪਰ ਹਫ਼ਤੇ ਕੁ ਬਾਅਦ ਉਨ੍ਹਾਂ ਦਾ ਧੀਰਜ ਟੁੱਟਣ ਲੱਗ ਪਿਆ। ਉਸ ਵੇਲੇ ਪਟਿਆਲੇ ਬਾਬਿਆਂ ਦਾ ਹੀ ਇੱਕ ਵਿਦਿਆਰਥੀ, ਨਵਾਂ-ਨਵਾਂ ਐਸ. ਐਸ. ਪੀ. ਲੱਗਿਆ ਸੀ।

ਮੈਡਮ ਲਾਲੀ ਨੇ ਉਸ ਨਾਲ ਫੋਨ 'ਤੇ ਗੱਲ ਕੀਤੀ ਕਿ ਹਫਤਾ ਕੁ ਪਹਿਲਾਂ ਉਹ ਬਾਜ਼ਾਰ ਗੋਭੀ ਲੈਣ ਗਏ ਸਨ, ਹਾਲੀ ਤੱਕ ਘਰ ਨਹੀਂ ਆਏ। ਐਸ. ਐਸ. ਪੀ. ਹੱਸ ਪਿਆ। ਕਹਿਣ ਲੱਗਿਆ, ਤੁਸੀਂ ਫਿਕਰ ਨਾ ਕਰੋ, ਕੋਈ ਹੋਰ ਸਬਜ਼ੀ ਧਰ ਲਵੋ। ਲਾਲੀ ਬਾਬੇ ਦੀ ਜ਼ਿੰਦਗੀ ਦਰਵੇਸ਼ਾਂ ਦੀ ਤੋਰ ਤੁਰ ਰਹੀ ਹੈ, ਆਪਣੀ ਪੁਰਾਣੀ ਪਟਿਆਲਵੀ ਸਹਿਜ ਚਾਲ।

# ਚੱਕਰ ਵਾਂਗ ਘੁੰਮ ਰਿਹਾ ਫਿਲਮੀ ਸਮੇਂ ਦਾ ਗੇੜ

ਹਰਸ਼ ਮੰਦਰ

ਪਿਛਲੇ ਸਾਲ ਬੱਦਲਾਂ ਨਾਲ ਆਕਾਸ਼ ਵਿਚ ਕੁਝ ਉਮੀਦਾਂ ਵੀ ਚਮਕਦੀਆਂ ਨਜ਼ਰ ਆਈਆਂ। ਇਹ ਲੋਕਪ੍ਰਿਅ ਸਿਨਮਾ ਦੇ ਮਾਨਸ ਵਿਚ ਵੀ ਪ੍ਰਤੀਬਿੰਬਤ ਹੋਇਆ, ਜਿਸ ਵਿਚ ਕਈ ਸਾਲਾਂ ਬਾਅਦ ਆਦਰਸ਼ਵਾਦ ਅਤੇ ਵਿਹਾਰਿਕ ਦੋਵਾਂ ਪ੍ਰਕਾਰ ਦੇ ਲੋਕਾਂ ਨੇ ਮਹੱਤਵਪੂਰਣ ਵਾਪਸੀ ਕੀਤੀ।

ਇਸ ਗੱਲ ਦਾ ਪ੍ਰਮਾਣ ਇਸ ਸਾਲ ਦੀ ਸਭ ਤੋਂ ਸਫਲ ਫਿਲਮ '3 ਇਡੀਅਟਸ' ਤੋਂ ਚੰਗਾ ਹੋਰ ਕੋਈ ਨਹੀਂ ਦੇ ਸਕਦਾ। ਦੋਸਤੀ ਦੇ ਸ਼ਾਨਦਾਰ ਉਤਸਵ, ਲੀਕ ਤੋਂ ਹਟ ਕੇ ਅਤੇ ਰਚਨਾਤਮਕਤਾ ਨਾਲ ਭਰੀ ਇਸ ਫਿਲਮ ਨੇ ਜਲਦੀ ਹੀ ਪੂਰੇ ਦੇਸ਼ ਦਾ ਦਿਲ ਜਿੱਤ ਲਿਆ। ਲੇਖਕ ਰਾਜੂ ਹਿਰਾਨੀ ਅਤੇ ਅਭਿਜਾਤ ਜੋਸ਼ੀ ਅਦਭੁੱਤ ਰਚਨਾਤਮਕ ਵਿਅਕਤੀ ਹਨ। ਜਿਵੇਂ ਕਿ ਉਨ੍ਹਾਂ ਨੇ ਮੁੰਨਾਭਾਈ ਦੀਆਂ ਫਿਲਮਾਂ ਵਿਚ ਕੀਤਾ। ਉਹ ਆਪਣੇ ਦਰਸ਼ਕਾਂ ਨਾਲ ਜ਼ਿੰਦਗੀ ਦੇ ਸਬਕਾਂ ਦੀ ਗੱਲ ਕਰਦੇ ਹਨ, ਲਹਿਰਾਂ ਦੇ ਖਿਲਾਫ ਤੈਰਨ ਦੀ ਹਿੰਮਤ ਦੀ ਗੱਲ ਕਰਦੇ ਹਨ, ਉਹ ਉਨ੍ਹਾਂ ਕਈ ਗੱਲਾਂ ਬਾਰੇ ਕਹਿੰਦੇ ਹਨ ਜੋ ਪੈਸੇ ਤੋਂ ਵੀ ਜ਼ਿਆਦਾ ਮਹੱਤਵਪੂਰਣ ਹਨ। ਉਹ ਗਿਆਨ ਪ੍ਰਾਪਤੀ ਅਤੇ ਪ੍ਰੀਖਿਆ ਵਿਚ ਸਫਲਤਾ ਦੇ ਦਰਮਿਆਨ ਅੰਤਰ ਦੀ ਗੱਲ ਕਰਦੇ ਹਨ, ਉਹ ਨਿਸਵਾਰਥ ਤਿਆਗ ਅਤੇ ਕਠੋਰਤਾ ਨਾਲ ਕੀਤੇ ਗਏ ਲਾਲਨ-ਪਾਲਨ ਦੀ ਗੱਲ ਕਰਦੇ ਹਨ, ਸ਼ਾਂਤੀ ਨਾਲ ਕਠਿਨ ਹਾਲਾਤ ਦਾ ਵੀ ਸਾਹਮਣਾ ਕਰਨ ਦੀ ਗੱਲ ਕਰਦੇ ਹਨ, ਉਹ ਪਿਆਰ ਦੀ, ਹਾਸੇ-ਮਜ਼ਾਕ ਦੀ ਗੱਲ ਕਰਦੇ ਹਨ। ਉਹ ਇਹ ਸਾਰੀਆਂ ਗੱਲਾਂ ਬੁੱਧੀ, ਕੋਮਲਤਾ ਅਤੇ ਅੰਤਰ ਧਿਆਨ ਨਾਲ ਕਰਦੇ ਹਨ। ਉਹ ਲੋਕਪ੍ਰਿਅ ਸਿਨਮਾ ਦੇ ਵਿਆਕਰਣ ਅਤੇ ਮੁਹਾਵਰੇ ਦਾ ਇਸਤੇਮਾਲ ਕਰਦੇ ਹਨ, ਪਰ ਸ਼ਰਾਰਤ ਦੇ ਨਾਲ। ਇੰਝਾਂ ਕਰਦੇ ਹੋਏ ਉਹ ਇਕ ਮੌਲਿਕ ਅਤੇ ਵਿਚਾਰਮਾਨ ਸਿਨੇਮਾ ਦਾ ਨਿਰਮਾਣ ਕਰਦੇ ਹਨ, ਪਰ ਉਹ ਉਪਦੇਸ਼ੀ ਨਹੀਂ ਹਨ, ਉਹ ਮਨੋਰੰਜਨ ਪ੍ਰਧਾਨ ਹਨ, ਪਰ ਬੇਤੁਕੇ ਨਹੀਂ ਹਨ।

ਇਸੇ ਤਰ੍ਹਾਂ ਦੀ ਇਕ ਹੋਰ ਫਿਲਮ ਹੈ ਸ਼ਿਮਿਤ ਅਮੀਨ ਦੀ 'ਰਾਕਟ ਸਿੰਘ'। ਇਸ ਫ਼ਿਲਮ ਵਿਚ ਸਾਡਾ ਸਾਹਮਣਾ ਇਕ ਇਹੋ ਜਿਹੇ ਮੱਧਵਰਗੀ ਸਿੱਖ ਨੌਜਵਾਨ ਨਾਲ ਹੁੰਦਾ ਹੈ ਜੋ ਕਾਲਜ ਤੋਂ ਹਾਲੇ ਨਿਕਲਿਆ ਹੈ। ਉਸਦੇ ਬਹੁਤ ਚੰਗੇ ਨੰਬਰ ਨਹੀਂ ਹਨ, ਪਰ ਉਹ ਇਕ ਸਫਲ ਉੱਦਮੀ ਬਣਨ ਨੂੰ ਤਿਆਰ ਹੈ। ਜਦੋਂ ਉਸਨੂੰ ਆਪਣੀ ਪਹਿਲੀ ਨੌਕਰੀ ਮਿਲਦੀ ਹੈ ਤਾਂ ਉਸਦਾ ਸਾਹਮਣਾ ਭ੍ਰਿਸ਼ਟਾਚਾਰ ਅਤੇ ਉੱਚ ਅਧਿਕਾਰੀਆਂ ਦੇ ਅਪਮਾਨਜਨਕ ਰਵਈਏ ਨਾਲ ਹੁੰਦਾ ਹੈ। ਉਹ ਇਹ ਸਾਬਤ ਕਰਦਾ ਹੈ ਕਿ ਲਗਾਤਾਰ ਇਮਾਨਦਾਰ ਬਣੇ ਰਹਿ ਕੇ, ਆਪਣੇ ਗ੍ਰਾਹਕਾਂ ਨੂੰ ਚੰਗੀ ਸੇਵਾ ਦੇ ਕੇ ਅਤੇ ਆਪਣੇ ਸਹਿਕਰਮੀਆਂ ਤੋਂ ਸਨਮਾਨਪੂਰਵਕ ਰਵੱਈਏ ਕਾਰਨ ਵੀ ਸਫਲਤਾ ਮਿਲ ਸਕਦੀ ਹੈ। ਕਦੇ-ਕਦਾਈਂ ਫਿਲਮ ਦੀ ਗਤੀ ਹੌਲੀ ਨਜ਼ਰ ਆਉਂਦੀ ਹੈ, ਪਰ ਫਿਲਮ ਉਸ ਨੌਜਵਾਨ ਸਿੱਖ ਦੇ ਵਿਸ਼ਵਾਸ ਦੇ ਨਾਲ ਸਮਝੌਤਾ ਕੀਤੇ ਬਿਨਾਂ ਆਪਣੇ ਉਬੜ-ਖਾਬੜ ਰਸਤੇ ਤੋਂ ਅੱਗੇ ਵਧਦੀ ਜਾਂਦੀ ਹੈ।

'ਰਾਕਟ ਸਿੰਘ' ਫਿਲਮ ਨਾਲ ਮੈਨੂੰ ਹਿੰਦੀ ਸਿਨੇਮਾ ਦੀ ਇਕ ਬਿਲਕੁਲ ਹੀ ਅਲੱਗ ਤਰ੍ਹਾਂ ਦੀ ਪੁਰਾਣੀ ਫਿਲਮ ਰਿਸ਼ੀਕੇਸ਼ ਮੁਖਰਜੀ ਦੀ 'ਸਤਿਅਕਾਮ' ਦੀ ਯਾਦ ਆਈ ਹੈ, ਜੋ ਇਹੀ ਸਵਾਲ ਉਠਾਉਂਦੀ ਹੈ, ਪਰ ਬਿਲਕੁਲ ਹੀ ਅਲਗ ਨਤੀਜੇ 'ਤੇ ਪਹੁੰਚਦੀ ਹੈ। ਫਿਲਮ ਦਾ ਨਾਇਕ ਇਕ ਇਮਾਨਦਾਰ ਸਰਕਾਰੀ ਇੰਜੀਨੀਅਰ ਹੈ, ਪਰ ਉਸ ਦੀ ਹਠਪੂਰਣ ਇਮਾਨਦਾਰੀ ਦੀ ਵਜ੍ਹਾ ਨਾਲ ਉਸਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਸ ਦਾ ਪਰਿਵਾਰ ਦਾਣੇ-ਦਾਣੇ ਦੇ ਲਈ ਮੁਥਾਜ ਹੋ ਜਾਂਦਾ ਹੈ। ਪਰ ਇਸ ਦੇ ਉਲਟ ਅੱਜ ਦਾ ਰਾਕਟ ਸਿੰਘ ਅੰਤ ਲਾਭ ਕਮਾਉਣ ਵਾਲੀ ਕੰਪਨੀ ਖੜੀ ਕਰਨ ਵਿਚ ਸਫਲ ਰਹਿੰਦਾ ਹੈ। ਰਿਸ਼ੀਕੇਸ਼ ਮੁਖਰਜੀ ਦੀ ਫਿਲਮ ਕਲਾਸਿਕ ਦਾਰਸ਼ਨਿਕ ਰੂਪ ਨਾਲ ਚੁਣੌਤੀ ਭਰੀ ਹੈ, ਪਰ ਰਾਕਟ ਸਿੰਘ ਦੇ ਆਸ਼ਾਵਾਦ ਨੂੰ ਮੈਂ ਕਾਫੀ ਸਾਹਸਿਕ ਮਨਦਾ ਹਾਂ। ਨੌਜਵਾਨ ਦਰਸ਼ਕਾਂ ਨੂੰ ਫਿਲਮ ਦਾ ਇਹ ਯਕੀਨ ਕਿ ਆਧੁਨਿਕ ਜੀਵਨ ਦੇ ਨਾਲ ਲੜਾਈ ਨੂੰ ਜੀਣਾ ਬੇਤੁਕਾ ਨਹੀਂ ਹੈ, ਕਾਫੀ ਸਰਲ ਤਾਂ ਹੈ, ਪਰ ਇਕਤਰਫਾ ਨਹੀਂ ਹੈ।



ਹਲਕੀ-ਫੁਲਕੀ ਕਹਾਣੀ ਦੇ ਸਾਂਚੇ ਵਿਚ ਬਣਾਈ ਗਈ ਇਕ ਹੋਰ ਫਿਲਮ ਹੈ ਪ੍ਰਿਯਾਦਰਸ਼ਨ ਦੀ 'ਬਿੱਲੂ'। ਇਹ ਪਿੰਡ ਦੇ ਇਕ ਅਸਫਲ ਬਾਰਬਰ (ਨਾਈ) ਦੀ ਕਹਾਣੀ ਹੈ, ਪਰ ਪਿੰਡ ਵਿਚ ਉਸ ਦੀ ਕੀਮਤ ਉਦੋਂ ਅਚਾਨਕ ਵਧ ਜਾਂਦੀ ਹੈ, ਜਦ ਇਹ ਅਫਵਾਹ ਫੈਲ ਜਾਂਦੀ ਹੈ ਕਿ ਉਹ ਸੁਪਰਸਟਾਰ ਸ਼ਾਹਰੁਖ ਖਾਨ ਦੇ ਬਚਪਨ ਦਾ ਦੋਸਤ ਹੈ।

ਉਹ ਪਿੰਡ ਦਾ ਹੀਰੋ ਬਣ ਜਾਂਦਾ ਹੈ, ਇਥੋਂ ਤੱਕ ਕਿ ਉਸ ਦੇ ਬੱਚੇ ਵੀ ਉਸ 'ਤੇ ਮਾਣ ਕਰਨ ਲਗਦੇ ਹਨ। ਪਰ ਇਸ ਅਚਾਨਕ ਬਦਲੀ ਕਿਸਮਤ ਨਾਲ ਸਿਰਫ ਬਾਰਬਰ (ਜਿਸਦਾ ਚੰਗਾ ਅਭਿਨੈ ਇਰਫਾਨ ਖਾਨ ਨੇ ਕੀਤਾ ਹੈ) ਹੀ ਅਪ੍ਰਭਾਵਿਤ ਹੈ, ਕਿਉਂਕਿ ਉਹ ਜਾਣਦਾ ਹੈ ਕਿ ਇਹ ਵਕਤ ਜਲਦੀ ਹੀ ਲੰਘ ਜਾਵੇਗਾ।

ਇਹ ਛੋਟੀ, ਪਰ ਦਿਲ ਨੂੰ ਛੂਹਣ ਵਾਲੀ ਫਿਲਮ ਹੈ, ਜੋ ਇਕ ਮਨੁੱਖ ਦੀ ਅਸਲੀ ਕੀਮਤ ਅਤੇ ਦੁਨੀਆਂ ਉਸਨੂੰ ਕਿਸ ਤਰ੍ਹਾਂ ਦੇਖਦੀ ਹੈ, ਵਿਚ ਵਿਰੋਧਾਭਾਸ ਨੂੰ ਪ੍ਰਗਟ ਕਰਦੀ ਹੈ। ਇਹ ਅੰਤ ਵਿਚ ਵਰਗ ਭੇਦ ਤੋਂ ਉਪਰ ਸਮਤਾਵਾਦੀ ਦੋਸਤੀ ਦੀ ਸੰਭਾਵਨਾ ਨੂੰ ਵੀ ਪੁਸ਼ਟ ਕਰਦੀ ਹੈ। ਇਹ ਇਕ ਤਰ੍ਹਾਂ ਨਾਲ ਕ੍ਰਿਸ਼ਨ ਤੇ ਸੁਦਾਮਾ ਦਾ ਆਧੁਨਿਕ ਸੰਸਕਰਣ ਹੈ।

ਜਿਸ ਫਿਲਮ ਨੇ ਦਰਸ਼ਕਾਂ ਦਾ ਧਿਆਨ ਆਪਣੇ ਵਲ ਖਿਚਿਆ, ਉਹ ਬਾਲਕੀ ਦੀ ਫਿਲਮ 'ਪਾ' ਹੈ। ਦਰਸ਼ਕ ਅਮਿਤਾਭ ਬੱਚਨ ਦੁਆਰਾ 12 ਸਾਲ ਦੇ ਇਕ ਬੱਚੇ ਦੇ ਕਿਰਦਾਰ ਨੂੰ ਇਨੀ ਚੰਗੀ ਤਰ੍ਹਾਂ ਨਾਲ ਨਿਭਾਅ ਪਾਉਣ ਦੀ ਵਜ੍ਹਾ ਨਾਲ ਆਕ੍ਰਿਸ਼ਤ ਹੋਏ ਹੋਣਗੇ। ਇਹ ਇਕ ਇਹੋ ਜਿਹੇ ਬੱਚੇ ਦੀ ਕਹਾਣੀ ਹੈ ਜਿਸਦਾ ਸ਼ਰੀਰ ਬਹੁਤ ਤੇਜ਼ੀ ਨਾਲ ਬੁੱਢਾ ਹੁੰਦਾ ਜਾ ਰਿਹਾ ਹੈ। ਪਰ ਮੇਰੇ ਲਈ ਬੱਚੇ ਦੇ ਬਿਲਕੁਲ ਅਲਗ ਹੋਣ ਦੇ ਬਾਅਦ ਵੀ ਉਸ ਦੀ ਸਮਾਜ ਵਿਚ ਅਹਿਮ ਗੱਲ ਹੈ। ਉਹ ਅਪੰਗ ਬੱਚਾ ਜੋ ਇਕ ਬੁੱਢੇ ਦੀ ਤਰ੍ਹਾਂ ਦਿਖਾਈ ਦਿੰਦਾ ਹੈ, ਨੂੰ ਉਸ ਦੀ ਮਾਂ, ਨਾਨੀ ਸਵੀਕਾਰਦੀ ਹੈ, ਇਸੇ ਤਰ੍ਹਾਂ ਉਹ ਆਪਣੀ ਕਲਾਸ ਦੇ ਹੋਰ ਬੱਚਿਆਂ ਤੇ ਸਿਖਿਅਕਾਂ ਲਈ ਵੀ ਸਵੀਕ੍ਰਿਆ ਹੈ। ਕੋਈ ਵੀ ਉਸ 'ਤੇ ਮਿਹਰਬਾਨੀ ਨਹੀਂ ਕਰ ਰਿਹਾ ਹੈ, ਸਾਰੇ ਉਸ ਨੂੰ ਇਕ ਸਕੂਲੀ ਬੱਚੇ ਦੀ ਤਰ੍ਹਾਂ ਹੀ ਸਮਝਦੇ ਹਨ। ਇਥੋਂ ਤੱਕ ਕਿ 'ਵਿਸ਼ੇਸ਼ ਬੱਚਾ' ਦੀ ਪਦਵੀ ਵੀ ਅਪ੍ਰਸੰਗਿਕ ਹੋ ਜਾਂਦੀ ਹੈ, ਕਿਉਂਕਿ ਜੇਕਰ ਉਹ ਵਿਸ਼ੇਸ਼ ਹੈ ਤਾਂ ਇਸ ਲਈ ਵਿਸ਼ੇਸ਼ ਨਹੀਂ ਹੈ ਕਿ ਉਹ ਵਿਕਲਾਂਗ ਹੈ, ਬਲਕਿ ਉਹ ਅਸਲ ਵਿਚ ਵਿਸ਼ੇਸ਼ ਹੈ। ਜਿਸ ਸਕੂਲ ਵਿਚ ਉਹ ਪੜ੍ਹਦਾ ਹੈ, ਸਾਨੂੰ ਉਮੀਦ ਕਰਨੀ ਚਾਹੀਦੀ ਕਿ ਦੇਸ਼ ਦਾ ਹਰ ਸਿਖਿਅਕ ਕੇਂਦਰ ਉਸ ਤਰ੍ਹਾਂ ਦਾ ਹੀ ਬਣੇਗਾ।

ਮੇਰੇ ਲਈ ਜੋ ਫਿਲਮ ਸਾਲ ਦੀ ਸਰਵੋਤਮ ਫਿਲਮ ਹੈ, ਦੁਰਭਾਗ ਨਾਲ ਉਹ ਦਰਸ਼ਕਾਂ ਦਾ ਬਹੁਤਾ ਧਿਆਨ ਨਹੀਂ ਖਿੱਚ ਸਕੀ ਕਿਉਂਕਿ ਉਸ ਦੀ ਬਹੁਤ ਚੰਗੀ ਤਰ੍ਹਾਂ ਨਾਲ ਮਾਰਕਿਟਿੰਗ ਨਹੀਂ ਹੋ ਸਕੀ। ਹੀਰੋਇਨ, ਕਾਰਜਕਰਤਾ ਅਤੇ ਨਿਰਦੇਸ਼ਕ ਨੰਦਿਤਾ ਦਾਸ ਦੁਆਰਾ ਰਚਿਤ ਇਹ ਫਿਲਮ ਮੇਰੇ ਖਿਆਲ ਨਾਲ ਸੰਪ੍ਰਦਾਇਕ ਹਿੰਸਾ ਤੇ ਐਮ ਐਸ ਸੱਥੂ ਦੁਆਰਾ ਬਣਾਈ ਗਈ ਫਿਲਮ 'ਗਰਮ ਹਵਾ' ਦੇ ਬਾਅਦ ਸਭ ਤੋਂ ਮਹੱਤਵਪੂਰਣ ਸਿਨੇਮਾ ਟਿੱਪਣੀ ਹੈ।

ਦਾਸ ਦੀ ਫਿਲਮ 2002 ਦੇ ਗੁਜਰਾਤ ਦੰਗਿਆਂ 'ਤੇ ਕੇਂਦਰਿਤ ਪੰਜ ਇਕ-ਦੂਜੇ ਨਾਲ ਬੱਝੀਆਂ ਹੋਈਆਂ ਕਹਾਣੀਆਂ ਦੇ ਆਲੇ-ਦੁਆਲੇ ਘੁੰਮਦੀ ਹੈ। ਇਨ੍ਹਾਂ ਕਹਾਣੀਆਂ ਰਾਹੀਂ ਉਹ ਗੁੱਸੇ, ਡਰ, ਦੁੱਖ, ਬਦਲਾ, ਨਫਰਤ, ਧੋਖਾ, ਹਾਰ ਦੀ ਗੱਲ ਕਰਦੀ ਹੈ ਅਤੇ ਇਹ ਵੀ ਦੱਸਦੀ ਹੈ ਕਿ ਇਨਸਾਨੀਅਤ ਹਾਲੇ ਹੀ ਜ਼ਿੰਦਾ ਹੈ। ਦੋਵੇਂ ਹੀ ਫਿਲਮਾਂ ਹਿੰਸਾ ਦੇ ਸ਼ਿਕਾਰ ਲੋਕਾਂ ਦੇ ਦੁੱਖ ਅਤੇ ਨਿਰਾਸ਼ਾ ਦੀਆਂ ਗੱਲਾਂ ਕਰਦੀਆਂ ਹਨ, ਪਰ ਦੋਵੇਂ ਹੀ ਉਨ੍ਹਾਂ ਲੋਕਾਂ ਦੀਆਂ ਉਮੀਦਾਂ ਦੇ ਨਾਲ ਖਤਮ ਹੁੰਦੀਆਂ ਹਨ ਜੋ ਬਚ ਗਏ ਹਨ।

ਇਸ ਤਰ੍ਹਾਂ ਅਸਲੀ ਲੋਕ ਸਾਡੇ ਸਿਨਮਾ ਵਲ ਪਰਤੇ ਹਨ। ਗਰੀਬੀ, ਪੀੜਤਾਂ ਅਤੇ ਕਿਸਾਨਾਂ ਦੀ ਨਿਰਾਸ਼ਾ, ਭੁੱਖ ਅਤੇ ਸਰਕਾਰੀ ਦਮਨ ਹੁਣ ਵੀ ਲੋਕਪ੍ਰਿਅ ਹਿੰਦੀ ਸਿਨੇਮਾ ਦੇ ਫੋਕਸ ਤੋਂ ਦੂਰ ਹਨ, ਪਰ ਸਾਲ 2009 ਵਿਚ ਸਾਨੂੰ ਜੋ ਮੌਲਿਕ, ਮਾਨਵੀ ਅਤੇ ਯਥਾਰਥਵਾਦੀ ਆਵਾਜ਼ਾਂ ਸੁਣਨ ਨੂੰ ਮਿਲੀਆਂ ਹਨ, ਉਸ ਨਾਲ ਉਮੀਦ ਬੱਝਦੀ ਹੈ ਕਿ ਆਉਣ ਵਾਲੇ ਸਾਲਾਂ ਵਿਚ ਵੀ ਇਹੋ ਜਿਹੀਆਂ ਆਵਾਜ਼ਾਂ ਇਕ ਨਵੇਂ, ਨਿਸ਼ਕਾਮ ਅਤੇ ਉਦਾਰ ਸੰਸਾਰ ਵਿਚ ਸਾਫ-ਸਾਫ ਸੁਣਾਈ ਦੇਵੇਗੀ।


# ਛੋਟੀ ਉਮਰ 'ਚ ਰਾਸ਼ਟਰੀ ਪੁਰਸਕਾਰ ਜਿੱਤਣ ਵਾਲੀ-ਪ੍ਰਿਯੰਕਾ ਚੋਪੜਾ



ਮਧੁਰ ਭੰਡਾਰਕਰ ਦੀ ਫਿਲਮ 'ਫੈਸ਼ਨ' ਵਿਚ ਬੇਹਤਰੀਨ ਅਦਾਕਾਰਾ ਵਜੋਂ ਸਭ ਤੋਂ ਛੋਟੀ ਉਮਰ ਵਿਚ ਰਾਸ਼ਟਰੀ ਪੁਰਸਕਾਰ ਹਾਸਲ ਕਰਕੇ ਪ੍ਰਿਯੰਕਾ ਚੋਪੜਾ ਬਾਲੀਵੁੱਡ ਦੇ ਸਿਤਾਰਿਆਂ ਭਰੇ ਆਸਮਾਨ ਦੀ ਇਕ ਨਵੀਂ ਆਕਾਸ਼ਗੰਗਾ ਹੋ ਨਿਬੜੀ ਹੈ। ਉਹ ਅੱਜ ਕਲ੍ਹ ਸਾਜਿਦ ਨਾਡੀਆਡਵਾਲਾ ਦੀ 'ਅਨਜਾਨਾ ਅਨਜਾਨੀ' ਦੀ ਫਿਲਮ ਲਈ ਰਣਬੀਰ ਕਪੂਰ ਨਾਲ ਨਿਊ ਯਾਰਕ ਵਿਚ ਸ਼ੂਟਿੰਗ ਕਰ ਰਹੀ ਹੈ।

ਰਾਸ਼ਟਰੀ ਪੁਰਸਕਾਰ ਜਿੱਤਣ ਦੀ ਖੁਸ਼ਖਬਰੀ ਉਸਨੂੰ ਸਭ ਤੋਂ ਪਹਿਲਾਂ ਮਧੁਰ ਭੰਡਾਰਕਰ ਨੇ ਫੋਨ ਕਰਕੇ ਦਿੱਤੀ। ਖ਼ਬਰ ਸੁਣਨ ਪਿੱਛੋਂ ਦੋਵੇਂ ਕਾਫੀ ਦੇਰ ਫੋਨ ਉਪਰ ਖੁਸ਼ੀ ਨਾਲ ਚਿੱਲਾਉਂਦੇ ਰਹੇ। ਪ੍ਰਿਯੰਕਾ ਤੋਂ ਜਦੋਂ ਪੁੱਛਿਆ ਗਿਆ ਕਿ ਰਾਸ਼ਟਰੀ ਪੁਰਸਕਾਰ ਜਿੱਤਣ ਪਿੱਛੋਂ ਉਸ ਦੇ ਮਾਤਾ-ਪਿਤਾ ਅਤੇ ਭਰਾ ਨੇ ਕੀ ਮਹਿਸੂਸ ਕੀਤਾ ਤਾਂ ਉਸ ਨੇ ਖੁਸ਼ੀ ਨਾਲ ਖਿੜਖਿੜਾਉਂਦੀ ਹੋਈ ਨੇ ਦੱਸਿਆ ਕਿ ਇਸ ਪਿੱਛੋਂ ਪਰਿਵਾਰ ਅਤੇ ਦੋਸਤਾਂ ਵਲੋਂ ਫੋਨ ਕਾਲਾਂ ਦਾ ਇਕ ਤਰ੍ਹਾਂ ਮੀਂਹ ਹੀ ਵਰ੍ਹਨ ਲੱਗ ਪਿਆ।

ਸਾਰੇ ਪਰਿਵਾਰਕ ਜੀਅ ਅਤੇ ਦੋਸਤ ਖੁਸ਼ੀ ਨਾਲ ਭਾਵੁਕ ਹੋ ਰਹੇ ਸਨ। ਮੈਂ ਖੁਦ ਵੀ ਬਹੁਤ ਖੁਸ਼ ਹਾਂ ਕਿ ਮੈਂ ਉਨ੍ਹਾਂ ਨੂੰ ਏਨਾ ਮਾਣ ਦਿਵਾਉਣ ਦੇ ਯੋਗ ਹੋਈ ਹਾਂ। ਪ੍ਰਿਯੰਕਾ ਚੋਪੜਾ ਤੋਂ ਪੁੱਛਿਆ ਗਿਆ ਕਿ ਇਹ ਪੁਰਸਕਾਰ ਜਿੱਤਣ ਦਾ ਸਿਹਰਾ ਉਹ ਕਿਸ ਨੂੰ ਦਿੰਦੀ ਹੈ ਤਾਂ ਉਸ ਦਾ ਉੱਤਰ ਸੀ ਮਧੁਰ ਅਤੇ ਰੋਨੀ ਜਿਨ੍ਹਾਂ ਉਸ 'ਤੇ ਭਰੋਸਾ ਕੀਤਾ ਅਤੇ ਜਿੰਨਾ ਚਿਰ ਉਸ ਨੇ ਹਾਂ ਨਹੀਂ ਕੀਤੀ, ਓਨਾ ਚਿਰ ਉਸਦਾ ਪਿੱਛਾ ਨਹੀਂ ਛੱਡਿਆ। ਉਨ੍ਹਾਂ ਤੋਂ ਬਾਅਦ ਇਹ ਮਾਣ 'ਫੈਸ਼ਨ' ਦੀ ਟੀਮ ਨੂੰ ਜਾਂਦਾ ਹੈ, ਜਿਨ੍ਹਾਂ ਦੀ ਅਗਵਾਈ, ਮਿਹਨਤ ਅਤੇ ਸਹਿਯੋਗ ਤੋਂ ਬਿਨਾ ਮੈਂ ਇਹ ਸਨਮਾਨ ਹਾਸਲ ਕਰਨ ਦਾ ਸੁਪਨਾ ਵੀ ਨਹੀਂ ਲੈ ਸਕਦੀ ਸੀ।



# ਤਿੰਨੋਂ ਖਾਨਾਂ ਬਾਰੇ ਵੱਖ-ਵੱਖ ਵਿਚਾਰ ਰੱਖਦੀ ਹੈ ਅਸਿਨ

ਅਦਾਕਾਰਾ ਅਸਿਨ ਥੋਤੁਮਕਲ ਨੇ ਬਾਲੀਵੁੱਡ ਦੇ ਦੋ ਖਾਨ ਅਭਿਨੇਤਾਵਾਂ ਨਾਲ ਕੰਮ ਕੀਤਾ ਹੈ ਅਤੇ ਤੀਸਰੇ ਖਾਨ ਨਾਲ ਕੰਮ ਕਰਨਾ ਚਾਹੁੰਦੀ ਹੈ ਪਰ ਉਹ ਤਿੰਨਾਂ ਨੂੰ ਲੈ ਕੇ ਕੁਝ ਨਾ ਕੁਝ ਵਿਚਾਰ ਰੱਖਦੀ ਹੈ। ਸਾਲ 2008 ਵਿਚ ਆਮਿਰ ਖਾਨ ਦੀ 'ਗਜ਼ਨੀ' ਤੋਂ ਹਿੰਦੀ ਫਿਲਮਾਂ ਵਿਚ ਕੈਰੀਅਰ ਦੀ ਸ਼ੁਰੂਆਤ ਕਰਨ ਵਾਲੀ ਦੱਖਣੀ ਭਾਰਤੀ ਅਦਾਕਾਰਾ ਅਸਿਨ ਨੇ ਪਿਛਲੇ ਸਾਲ 'ਲੰਡਨ ਡ੍ਰੀਮਸ' ਵਿਚ ਸਲਮਾਨ ਖਾਨ ਨਾਲ ਕੰਮ ਕੀਤਾ। ਤਿੰਨੇ ਖਾਨ ਅਭਿਨੇਤਾਵਾਂ ਬਾਰੇ ਇਕ ਸਵਾਲ 'ਤੇ ਅਸਿਨ ਨੇ ਕਿਹਾ ਕਿ ਆਮਿਰ ਆਪਣੇ ਕੰਮ 'ਤੇ ਬਹੁਤ ਧਿਆਨ ਦਿੰਦੇ ਹਨ, ਸਲਮਾਨ ਮਸਤ ਮਿਜਾਜ਼ ਹਨ ਅਤੇ ਸ਼ਾਹਰੁਖ ਕੁਝ ਆਕਰਸ਼ਕ ਹਨ।

ਅਸਿਨ 55ਵੇਂ ਫਿਲਮ ਫੇਅਰ ਪੁਰਸਕਾਰਾਂ ਦੇ ਐਲਾਨ ਲਈ ਰਾਜਧਾਨੀ ਆਈ ਸੀ। ਅਸਿਨ ਪਹਿਲਾਂ ਹੀ ਤਿੰਨ ਫਿਲਮਫੇਅਰ ਪੁਰਸਕਾਰ ਆਪਣੀ ਝੋਲੀ ਵਿਚ ਪੁਆ ਚੁੱਕੀ ਹੈ। ਅਸਿਨ ਨੇ ਕਿਹਾ ਕਿ ਮੈਂ ਇਸ ਸਾਲ ਵੀ ਨਾਮਜ਼ਦਗੀ ਦੀ ਆਸ ਰੱਖਦੀ ਹਾਂ ਪਰ ਇਸ ਸਾਲ ਦੇ ਪੁਰਸਕਾਰ ਲਈ ਮੇਰੀ ਪਸੰਦੀਦਾ ਫਿਲਮ '3 ਇਡੀਅਟਸ' ਹੋਵੇਗੀ।

# ਮੰਨ ਗਏ ਮੰਮੀ ਜੀ -ਰਾਣੀ



ਰਾਣੀ ਮੁਖਰਜੀ ਅਤੇ ਆਦਿਤਯ ਚੋਪੜਾ ਵਿਚਕਾਰ ਕਾਫੀ ਸਮੇਂ ਤੋਂ ਰੋਮਾਂਸ ਦੀਆਂ ਖ਼ਬਰਾਂ ਚੱਲ ਰਹੀਆਂ ਹਨ ਅਤੇ ਤਾਜ਼ਾ ਖਬਰ ਹੈ ਕਿ ਪ੍ਰੇਮ ਵਿਆਹਾਂ 'ਚ ਆਉਣ ਵਾਲੀ ਸਭ ਤੋਂ ਵੱਡੀ ਰੁਕਾਵਟ ਭਾਵ ਮਾਤਾ-ਪਿਤਾ ਦੀ ਰਜ਼ਾਮੰਦੀ ਨੂੰ ਰਾਣੀ ਨੇ ਆਖਰ ਸਫਲਤਾਪੂਰਵਕ ਪਾਰ ਕਰ ਹੀ ਲਿਆ ਹੈ। ਅੱਜ ਕਲ੍ਹ ਉਹ ਦੋਵੇਂ ਖੁਸ਼ ਹਨ ਕਿ ਆਦਿਤਯ ਦੇ ਮਾਪੇ ਭਾਵ ਯਸ਼ ਚੋਪੜਾ ਅਤੇ ਪਾਮੇਲਾ ਚੋਪੜਾ ਨੇ ਰਾਣੀ ਨੂੰ ਸਵੀਕਾਰ ਕਰ ਲਿਆ ਹੈ। ਜਿਥੇ ਯਸ਼ ਚੋਪੜਾ ਤਾਂ ਕਾਫੀ ਸਮੇਂ ਤੋਂ ਆਪਣੇ ਬੇਟੇ ਦੇ ਰਾਣੀ ਨਾਲ ਰਿਸ਼ਤੇ ਨਾਲ ਸਹਿਮਤ ਦੱਸੇ ਜਾਂਦੇ ਸਨ ਉਥੇ ਆਦਿਤਯ ਦੀ ਮੰਮੀ ਪਾਮੇਲਾ ਚੋਪੜਾ ਇਸ ਨੂੰ ਲੈ ਕੇ ਬਹੁਤੀ ਖੁਸ਼ ਨਹੀਂ ਸੀ ਅਤੇ ਰਾਣੀ ਤੋਂ ਉਨ੍ਹਾਂ ਨੇ ਦੂਰੀ ਬਣਾਈ ਹੋਈ ਸੀ। ਚੋਪੜਾ ਪਰਿਵਾਰ ਦੇ ਇਕ ਨੇੜਲੇ ਸੂਤਰ ਦਾ ਕਹਿਣਾ ਹੈ, "ਕਦੋਂ ਤਕ ਅਜਿਹਾ ਚੱਲਦਾ? ਆਖਰ ਬੇਟਾ ਹੈ ਉਨ੍ਹਾਂ ਦਾ।"

ਹੁਣੇ ਜਿਹੇ ਇਕ ਐਵਾਰਡ ਸੈਰੇਮਨੀ 'ਚ ਸਟੇਜ 'ਤੇ ਆਪਣੀ ਪੇਸ਼ਕਾਰੀ ਦੇ ਕੇ ਰਾਣੀ ਜਦੋਂ ਯਸ਼ ਅਤੇ ਪਾਮੇਲਾ ਚੋਪੜਾ ਤੋਂ ਆਸ਼ੀਰਵਾਦ ਲੈਣ ਲਈ ਝੁਕੀ ਤਾਂ ਉਨ੍ਹਾਂ ਦੋਹਾਂ ਨੇ ਖੁਸ਼ੀ ਖੁਸ਼ੀ ਉਸ ਨੂੰ ਗਲੇ ਲਗਾ ਲਿਆ, ਜਿਸ ਤੋਂ ਪਤਾ ਲੱਗਦਾ ਹੈ ਕਿ ਹੁਣ ਤਾਂ ਪਾਮੇਲਾ ਨੂੰ ਵੀ ਰਾਣੀ ਨਾਲ ਕੋਈ ਸ਼ਿਕਾਇਤ ਨਹੀਂ ਹੈ।

# ਚਿਨਾਬ ਗਾਂਧੀ:ਵਿੱਦਿਆ ਦੀ ਥਾਂ ਅਸਿਨ ਨੂੰ

ਉਡ ਰਹੀਆਂ ਖ਼ਬਰਾਂ 'ਤੇ ਯਕੀਨ ਕਰੀਏ ਤਾਂ ਸੰਜੇ ਲੀਲਾ ਭੰਸਾਲੀ ਦੀ ਫਿਲਮ 'ਚਿਨਾਬ ਗਾਂਧੀ' ਵਿਚ ਵਿੱਦਿਆ ਬਾਲਨ ਦੀ ਜਗ੍ਹਾ ਅਸਿਨ ਨਜ਼ਰ ਆ ਸਕਦੀ ਹੈ। ਸੂਤਰਾਂ ਮੁਤਾਬਕ ਪਿਛਲੇ ਸਾਲ 'ਚਿਨਾਬ ਗਾਂਧੀ' ਵਿਚ ਭੂਮਿਕਾ ਨਿਭਾਉਣ ਲਈ ਵਿੱਦਿਆ ਨੇ ਵਾਅਦਾ ਕੀਤਾ ਸੀ। ਇਸ ਫ਼ਿਲਮ ਵਿਚ ਉਸ ਨੇ ਇਕ ਅਹਿਮ ਰੋਲ ਨਿਭਾਉਣਾ ਸੀ।



ਜ਼ਿਕਰਯੋਗ ਹੈ ਕਿ ਇਸ ਫਿਲਮ 'ਚ ਅਮਿਤਾਭ ਬੱਚਨ ਵੀ ਅਦਾਕਾਰੀ ਕਰਨ ਵਾਲੇ ਹਨ ਪਰ ਕਿਉਂਕਿ ਹੁਣ ਤਕ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਨਹੀਂ ਹੋ ਸਕੀ ਤਾਂ ਵਿੱਦਿਆ ਆਪਣਾ ਸਮਾਂ ਵਿਹਲੇ ਬੈਠ ਕੇ ਬਰਬਾਦ ਨਹੀਂ ਕਰਨਾ ਚਾਹੁੰਦੀ। ਚਰਚਾ ਹੈ ਕਿ ਵਿੱਦਿਆ ਇਸ ਦੌਰਾਨ ਦੂਜੀ ਫਿਲਮ ਲਈ ਹਾਮੀ ਭਰ ਚੁੱਕੀ ਹੈ, ਜਿਸ 'ਚ ਉਹ ਜੈਸਿਕਾ ਲਾਲ ਦੀ ਭੈਣ ਸਬਰੀਨਾ ਲਾਲ ਦਾ ਕਿਰਦਾਰ ਨਿਭਾਉਣ ਵਾਲੀ ਹੈ। ਇਹ ਫਿਲਮ ਜੈਸਿਕਾ ਲਾਲ ਕਤਲ ਕਾਂਡ ਦੀ ਸੱਚੀ ਘਟਨਾ 'ਤੇ ਆਧਾਰਤ ਹੈ। ਵਿੱਦਿਆ ਦੇ ਦੂਜੀ ਫ਼ਿਲਮ 'ਚ ਬਿਜ਼ੀ ਹੋਣ ਪਿੱਛੋਂ ਹੁਣ ਖ਼ਬਰ ਹੈ ਕਿ 'ਚਿਨਾਬ ਗਾਂਧੀ' ਦੇ ਨਿਰਮਾਤਾਵਾਂ ਨੇ ਅਸਿਨ ਨਾਲ ਸੰਪਰਕ ਕੀਤਾ ਹੈ। ਉਂਜ ਸੂਤਰਾਂ ਦਾ ਕਹਿਣਾ ਹੈ ਕਿ ਅਜੇ ਤਕ ਅਸਿਨ ਨੇ ਇਸ ਫ਼ਿਲਮ ਲਈ ਹਾਮੀ ਨਹੀਂ ਭਰੀ।


VALERO
BIG B'S
VALERO
TRAVEL CENTER
EARLIMART
MOTEL
Cable / TV / Refrigerator / Microwave / AC
Special Rates for Truckers
PORT OF SUBS
Sliced Fresh Sandwiches!
We Accept
COM Check • T Check • EFS • Fleet 1
CFN
Clean Shower & Bathroom
ATM
FLAT SCREEN TV
INTERSTATE 99
PORT OF SUBS
MEXICAN FOOD
ELECTRONICS
TRUCK PARTS
CAR WASH
COMMING SOON
CERTIFIED SCALES
CAT SCALE
DO NOT ENTER
DIESEL
ਟਰੱਕ ਪਾਰਟਸ ਅਤੇ ਇਲੈਕਟਰੌਨਿਕਸ
ਸਸਤੇ ਰੇਟਾਂ ਤੇ ਮਿਲਦਾ ਹੈ
ਪਰੋਪੇਨ ਗੈਸ
PROPANE GAS
Amrik Singh Bhandal
Owner
Mandeep Singh Bhandal
Free Coffee or Refill Soda with fillup Diesel
EXIT 65 ON
INTERSTATE 99
OPEN 24 HOURS
1164 N. Front Road, Earlimart CA 93219
Tel:661.849.2222
Fax:661.849.3755
ਇਥੋਂ ਤੁਸੀਂ ਹਰ ਸਮੇਂ ਪੰਜਾਬ ਟਾਈਮਜ਼ ਅਖਬਾਰ ਲੈ ਸਕਦੇ ਹੋ
DESIGNED BY